ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 15 | 16 April 2021 to 22 April 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਦੇਸ਼ਾਂ-ਵਿਦੇਸ਼ਾਂ ਵਿਚ ਮਨਾਇਆ ਵਿਸਾਖੀ ਤੇ ਖ਼ਾਲਸਾ ਸਾਜਨਾ ਦਿਵਸ

## ✪ ਕਿਸਾਨਾਂ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਮਨਾਈ ਵਿਸਾਖੀ ✪ ਮਈ 'ਚ ਦੇਸ਼ ਦੀਆਂ 571 ਕਿਸਾਨ ਜਥੇਬੰਦੀਆਂ ਦੀ ਹੋਵੇਗੀ ਕਾਨਫ਼ਰੰਸ ✪ ਮਾੜੀਆਂ ਨੀਤੀਆਂ ਨੇ ਸਿੱਖਾਂ ਨੂੰ ਆਰਥਿਕ ਪੱਖੋਂ ਲਾਈ ਢਾਹ : ਜਥੇਦਾਰ





● ਸਿੰਘੂ ਸਰਹੱਦ ਵਿਖੇ ਆਗੂਆਂ ਦੀਆਂ ਤਕਰੀਰਾਂ ਸੁਣਦੇ ਹੋਏ ਵੱਡੀ ਗਿਣਤੀ 'ਚ ਇਕੱਤਰ ਅੰਦੋਲਨਕਾਰੀ ਕਿਸਾਨ। (ਸੱਜੇ) ਕਿਸਾਨਾਂ ਨੂੰ ਸੰਬੋਧਨ ਕਰਦਾ ਹੋਇਆ ਗਾਇਕ ਜੱਸ ਬਾਜਵਾ। ਤਸਵੀਰ: ਸ਼ਿਆਮ ਸੁੰਦਰ

**ਤਲਵੰਡੀ ਸਾਬੋ/ਏ.ਟੀ.ਨਿਊਜ਼ :** ਖ਼ਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ ਸਿੱਖ ਕੌਮ ਦੇ ਚੌਥੇ ਤਖ਼ਤ, ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਚੱਲ ਰਹੇ ਚਾਰ ਰੋਜ਼ਾ ਜੋੜ ਮੇਲੇ ਦੇ ਤੀਜੇ ਦਿਨ ਮੁੱਖ ਸਮਾਗਮ ਹੋਏ। ਇਸ ਮੌਕੇ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਹੋਰਨਾਂ ਗੁਰਦੁਆਰਾ ਸਾਹਿਬਾਨ 'ਚ ਨਤਮਸਤਕ ਹੋਈਆਂ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਦਮਦਮਾ ਸਾਹਿਬ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਬਾਅਦ 'ਚ ਕੌਮ ਦੇ ਨਾਂ ਜਾਰੀ ਸੰਦੇਸ਼ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਨੂੰ ਖ਼ਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਵਲੋਂ ਭਾਈ ਡੱਲ ਸਿੰਘ ਦੀਵਾਨ ਹਾਲ ਵਿਚ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਸ੍ਰੀ ਦਰਬਾਰ ਸਾਹਿਬ ਤੇ ਤਖ਼ਤ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉੱਧਰ ਗੁਰਦੁਆਰਾ ਬੁੰਗਾ ਮਸਤੂਆਣਾ ਸਾਹਿਬ ਵਿਖੇ ਬਾਬਾ ਛੋਟਾ ਸਿੰਘ ਤੇ ਬਾਬਾ ਕਾਕਾ ਸਿੰਘ ਦੇ ਪ੍ਰਬੰਧ ਹੇਠ ਢਾਡੀ ਦਰਬਾਰ ਸਜਾਇਆ ਗਿਆ। ਨਿਹੰਗ ਸਿੰਘਾਂ ਦੀ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ (96 ਕਰੋੜੀ) ਦੇ ਮੁੱਖ ਅਸਥਾਨ ਗੁ. ਬੇਰ ਸਾਹਿਬ ਦੇਗਸਰ ਵਿਖੇ ਬਾਬਾ ਬਲਬੀਰ ਸਿੰਘ ਦੀ ਅਗਵਾਈ 'ਚ ਕਵੀਸ਼ਰੀ ਦਰਬਾਰ ਦੇ ਨਾਲ-ਨਾਲ ਧਾਰਮਿਕ ਦੀਵਾਨ ਸਜਾਏ ਗਏ। ਬੁੱਢਾ ਦਲ ਵਲੋਂ ਮਾਰਸ਼ਲ ਖੇਡ ਗਤਕੇ ਦੇ ਮੁਕਾਬਲੇ ਵੀ ਕਰਵਾਏ ਗਏ।

ਕਿਸਾਨਾਂ ਨੇ ਵਿਸਾਖੀ ਦਿੱਲੀ ਦੀਆਂ ਸਰਹੱਦਾਂ 'ਤੇ ਮਨਾਈ

ਕਿਸਾਨਾਂ ਨੇ ਵਿਸਾਖੀ ਦਾ ਤਿਉਹਾਰ ਵੀ ਰਾਜਧਾਨੀ ਵੱਲ ਆਉਂਦੇ ਰਸਤਿਆਂ 'ਤੇ ਲਾਏ ਧਰਨਿਆਂ ਵਾਲੀਆਂ ਥਾਵਾਂ 'ਤੇ ਮਨਾਇਆ। ਵਿਸਾਖੀ ਮੌਕੇ ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਵਧਾਈ ਸੰਦੇਸ਼ ਵਿਚ ਮਿਹਨਤਕਸ਼ ਕਿਸਾਨਾਂ ਦਾ ਉਚੇਚਾ ਜ਼ਿਕਰ ਕੀਤਾ, ਉੱਥੇ ਸਿੰਘੂ ਬਾਰਡਰ ਦੀ ਸਟੇਜ ਤੋਂ ਆਗੂਆਂ ਨੇ ਕਿਸਾਨਾਂ 'ਚ ਜੋਸ਼ ਭਰਦਿਆਂ ਡਟੇ ਰਹਿਣ ਦਾ ਮੰਤਰ ਦਿੱਤਾ। ਫ਼ਸਲਾਂ ਦੀ ਵਾਢੀ ਦੇ ਸਮੇਂ ਵਾਰੀਆਂ ਬੰਨ ਕੇ ਖੇਤੀ ਅਤੇ ਧਰਨੇ ਦੋਵਾਂ ਦਾ ਕੰਮ ਸਾਰ ਰਹੇ ਕਿਸਾਨਾਂ ਦੀ ਹਮਾਇਤ ਵਿਚ ਬੀਬੀਆਂ ਅਤੇ ਬੱਚੇ ਵੀ ਵੱਡੀ ਗਿਣਤੀ ਵਿਚ ਨਜ਼ਰ ਆ ਰਹੇ ਸੀ। ਸਟੇਜ 'ਤੇ ਬੁਲਾਰਿਆਂ ਵਲੋਂ ਲੱਖਾ ਸਿਧਾਣਾ ਦੇ ਹੱਕ 'ਚ ਭਰਵਾਂ ਹੁੰਗਾਰਾ ਦਿੱਤਾ ਗਿਆ ਤੇ ਦਿੱਲੀ ਪੁਲਿਸ ਵਲੋਂ ਉਸ ਦੇ ਚਚੇਰੇ ਭਰਾ ਗੁਰਦੀਪ ਸਿੰਘ ਨੂੰ ਪੁੱਛਗਿੱਛ ਕਰਨ ਦੇ ਬਹਾਨੇ ਗ੍ਰਿਫ਼ਤਾਰ ਕਰਨ ਅਤੇ ਉਸ 'ਤੇ ਤਸ਼ੱਦਦ ਕਰਨ ਦੀ ਸਖ਼ਤ ਨਿਖੇਧੀ ਕੀਤੀ ਗਈ, ਨਾਲ ਹੀ ਸਰਕਾਰ ਵਲੋਂ ਅੰਦੋਲਨ ਨੂੰ ਤਾਰਪੀਡੋ ਕਰਨ ਦੇ ਵੱਖ-ਵੱਖ ਢੰਗ-ਤਰੀਕਿਆਂ ਦੀ ਨੁਕਤਾਚੀਨੀ ਕਰਦਿਆਂ ਵਾਰ-ਵਾਰ ਸਰਕਾਰ ਨੂੰ ਇਹ ਸੰਦੇਸ਼ ਵੀ ਦਿੱਤਾ ਗਿਆ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਉਹ ਕਾਮਯਾਬ ਨਹੀਂ ਹੋਣ ਦੇਣਗੇ।

**ਵਾਜ਼ਬ ਕੀਮਤ ਮਿਲਣ 'ਤੇ ਖ਼ੁਸ਼ਹਾਲ ਹੋਣਗੇ ਕਿਸਾਨ**

ਵੱਖ-ਵੱਖ ਬਾਰਡਰਾਂ 'ਤੇ ਦਿਨ ਭਰ ਚੱਲੇ ਪ੍ਰੋਗਰਾਮਾਂ ਵਿਚ ਬੁਲਾਰਿਆਂ ਨੇ ਅੱਜ ਦੇ ਦੌਰ 'ਚ

ਬਾਕੀ ਸਫ਼ਾ 35 'ਤੇ

### ਅੰਮ੍ਰਿਤਸਰ ਵਿਚ ਵਿਸਾਖੀ



ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਮੌਕੇ ਵੱਡੀ ਗਿਣਤੀ ਸੰਗਤ ਇੱਥੇ ਦਰਬਾਰ ਸਾਹਿਬ ਨਤਮਸਤਕ ਹੋਈ। ਇਸ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਗਤ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸੰਸਾਰ ਭਰ ਵਿਚ ਵਸਦੇ ਸਿੱਖਾਂ ਅਤੇ ਨਾਨਕ ਨਾਮਲੇਵਾ ਸੰਗਤ ਨੂੰ ਇਸ ਦਿਹਾੜੇ ਦੀ ਵਧਾਈ ਦਿੱਤੀ। ਇਸ ਦੌਰਾਨ ਉਨਾਂ ਦੋਸ਼ ਲਾਇਆ ਕਿ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਸਿੱਖਾਂ ਦੇ ਆਰਥਿਕ ਵਸੀਲੇ ਖਤਮ ਹੋ ਰਹੇ ਹਨ ਜਾਂ ਕਮਜ਼ੋਰ ਹੋ ਰਹੇ ਹਨ। ਦਿਹਾੜੀਦਾਰ ਕਿਰਤੀਆਂ ਲਈ ਰੁਜ਼ਗਾਰ ਖ਼ਤਮ ਹੋ ਰਿਹਾ ਹੈ। ਉਨਾਂ ਸਮੁੱਚੀ ਸਿੱਖ ਕੌਮ ਨੂੰ ਇਸ ਮਸਲੇ ਦੇ ਹੱਲ ਲਈ ਇੱਕਜੁਟ ਹੋਣ ਦਾ ਸੱਦਾ ਦਿੱਤਾ। ਉਨਾਂ ਕਿਹਾ ਕਿ ਸਮੁੱਚੀ ਸਿੱਖ ਕੌਮ ਆਰਥਿਕ ਤੇ ਧਾਰਮਿਕ ਪੱਖੋਂ ਮਜ਼ਬੂਤ ਬਣਨ ਲਈ ਯਤਨ ਕਰੇ ਅਤੇ ਸਿੱਖ ਬਾਣੀ ਤੇ ਬਾਣੇ ਦੀ ਧਾਰਨੀ ਬਣੇ। ਇਸ ਮੌਕੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਦੀਵਾਨ ਸਜਾਏ ਗਏ। ਰਾਤ ਨੂੰ ਦੀਪਮਾਲਾ ਅਤੇ ਆਤਿਸ਼ਬਾਜ਼ੀ ਕੀਤੀ ਗਈ।

# ਕੋਰੋਨਾ ਵਾਇਰਸ ਦੇ ਨਾਮ 'ਤੇ ਕਿਸਾਨ ਅੰਦੋਲਨ ਨੂੰ ਕੁਚਲਣ ਦੀਆਂ ਤਿਆਰੀਆਂ

### ✪ ਅੰਦੋਲਨਕਾਰੀ ਨਹੀਂ ਹਟੇ ਤਾਂ ਚੱਲੇਗਾ ਅਪ੍ਰੇਸ਼ਨ ਕਲੀਨ
### ✪ ਕੋਰੋਨਾ ਦਾ ਫੈਲਾਅ ਰੋਕਣ ਲਈ ਸਰਕਾਰ ਚੁੱਕ ਸਕਦੀ ਹੈ ਸਖ਼ਤ ਕਦਮ

**ਚੰਡੀਗੜ/ਏ.ਟੀ.ਨਿਊਜ਼ :** ਰਾਸ਼ਟਰੀ ਰਾਜਧਾਨੀ ਦਿੱਲੀ ਦੀਆਂ ਹੱਦਾਂ 'ਤੇ ਬੈਠੇ ਕਿਸਾਨਾਂ ਨੂੰ ਕੋਰੋਨਾ ਇਨਫੈਕਸ਼ਨ ਦੇ ਫੈਲਾਅ ਦਾ ਕਾਰਨ ਨਹੀਂ ਬਣਨ ਦਿੱਤਾ ਜਾਵੇਗਾ। ਸਿੰਘੂ ਤੇ ਟਿਕਰੀ ਬਾਰਡਰ 'ਤੇ ਬੈਠੇ ਇਨਾਂ ਕਿਸਾਨਾਂ ਨੂੰ ਸਰਕਾਰ ਪਹਿਲਾਂ ਸਮਝਾਏਗੀ। ਜੇਕਰ ਇਹ ਜ਼ਿੱਦ 'ਤੇ ਅੜੇ ਰਹੇ ਤੇ ਅੰਦੋਲਨ ਵਾਲੀ ਥਾਂ ਤੋਂ ਨਹੀਂ ਹਟੇ ਤਾਂ ਉਨਾਂ ਨੂੰ ਨੀਮ ਫ਼ੌਜੀ ਦਸਤਿਆਂ ਤੇ ਪੁਲਿਸ ਦੀ ਮਦਦ ਨਾਲ ਹਟਾਇਆ ਜਾਵੇਗਾ। ਗ੍ਰਹਿ ਮੰਤਰਾਲੇ ਨੇ ਇਸਦੇ ਲਈ ਰੂਪ-ਰੇਖਾ ਤਿਆਰ ਕਰ ਲਈ ਹੈ ਤੇ ਹਰਿਆਣਾ ਸਰਕਾਰ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ।

ਦੇਸ਼ ਭਰ 'ਚ ਕੋਰੋਨਾ ਦੀ ਦੂਜੀ ਲਹਿਰ ਤੇਜ਼ੀ ਨਾਲ ਫੈਲ ਰਹੀ ਹੈ। ਕੇਂਦਰ ਤੇ ਸੂਬਾ ਸਰਕਾਰ ਦੀ ਪਹਿਲ ਹੈ ਕਿ ਪਿਛਲੇ ਸਾਢੇ ਤਿੰਨ ਮਹੀਨਿਆਂ ਤੋਂ ਧਰਨੇ 'ਤੇ ਬੈਠੇ ਇਹ ਕਿਸਾਨ ਕੋਰੋਨਾ ਇਨਫੈਕਸ਼ਨ ਦਾ ਸ਼ਿਕਾਰ ਨਾ ਹੋ ਜਾਣ। ਜੇਕਰ ਉਹ ਇਨਫੈਕਟਿਡ ਹੁੰਦੇ ਹਨ ਤਾਂ ਦੂਜੇ ਲੋਕਾਂ 'ਚ ਵੀ ਇਨਫੈਕਸ਼ਨ ਤੇਜ਼ੀ ਨਾਲ ਫੈਲਣ ਦਾ ਖ਼ਤਰਾ ਬਣਿਆ ਰਹੇਗਾ। ਇਸ ਲਈ ਸਰਕਾਰ ਚਾਹੁੰਦੀ ਹੈ ਕਿ ਇਨਾਂ ਨੂੰ ਸਮਝਾ ਕੇ ਅੰਦੋਲਨ ਵਾਲੀ ਥਾਂ ਤੋਂ ਉਠਾਇਆ ਜਾਵੇ। ਜੇਕਰ ਉਹ ਬਾਅਦ 'ਚ ਅੰਦੋਲਨ ਕਰਨਾ ਚਾਹੁਣ ਤਾਂ ਉਨਾਂ ਨੂੰ ਕੋਈ ਇਕ ਥਾਂ ਦਿੱਤੀ ਜਾ ਸਕਦੀ ਹੈ।

ਜਾਣਕਾਰ ਦੱਸਦੇ ਹਨ ਕਿ ਗ੍ਰਹਿ ਮੰਤਰਾਲਾ ਟਿਕਰੀ ਤੇ ਸਿੰਘੂ ਬਾਰਡਰ ਦਾ ਹਵਾਈ ਸਰਵੇਖਣ ਕਰਾ ਚੁੱਕਾ ਹੈ। ਸੀਆਈਡੀ ਤੇ ਹੋਰ ਖ਼ੁਫ਼ੀਆ ਏਜੰਸੀਆਂ ਨੇ ਵੀ ਇਨਾਂ ਦੀ ਸਹੀ ਗਿਣਤੀ ਬਾਰੇ ਰਿਪੋਰਟ ਦੇ ਦਿੱਤੀ ਹੈ। ਸਰਕਾਰ ਦੀ ਰਣਨੀਤੀ ਹੈ ਕਿ ਘੱਟੋ ਘੱਟ ਦੋ ਵਾਰੀ ਇਨਾਂ ਅੰਦੋਲਨਕਾਰੀਆਂ ਨੂੰ ਸਮਝਾ ਬੁਝਾ ਕੇ ਅੰਦੋਲਨ ਵਾਲੀ ਥਾਂ ਤੋਂ ਖ਼ੁਦ ਹੀ ਹੱਟ ਜਾਣ ਲਈ ਮਨਾਇਆ ਜਾਵੇਗਾ। ਪਹਿਲੇ ਪੜਾਅ 'ਚ ਬਾਰਡਰ ਦੇ ਨਾਲ ਲੱਗਦੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ ਇਨਾਂ ਕਿਸਾਨਾਂ ਨਾਲ ਗੱਲ ਕਰਨਗੇ। ਫਿਰ ਸਰਕਾਰ ਖ਼ੁਦ ਆਪਣੇ ਨੁਮਾਇੰਦਿਆਂ ਜ਼ਰੀਏ ਗੱਲਬਾਤ ਕਰੇਗੀ। ਇਸ ਤੋਂ ਬਾਅਦ ਵੀ ਨਹੀਂ ਮੰਨੇ ਤਾਂ ਪੁਲਿਸ ਤੇ ਨੀਮ ਫ਼ੌਜੀ ਦਸਤਿਆਂ ਦੇ ਜ਼ਰੀਏ ਹਟਾ ਦਿੱਤਾ ਜਾਵੇਗਾ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਤੇ ਗ੍ਰਹਿ ਮੰਤਰੀ ਅਨਿਲ ਵਿੱਜ ਵਾਰ-ਵਾਰ ਕਿਸਾਨ ਅੰਦੋਲਨਕਾਰੀਆਂ ਨੂੰ ਅਪੀਲ ਕਰ ਰਹੇ ਹਨ ਕਿ ਕੋਰੋਨਾ ਦਾ ਫੈਲਾਅ ਹੋ ਰਿਹਾ ਹੈ ਤੇ ਅੰਦੋਲਨਕਾਰੀਆਂ ਨੂੰ ਫ਼ਿਲਹਾਲ ਆਪਣਾ ਅੰਦੋਲਨ ਮੁਲਤਵੀ ਕਰ ਦੇਣਾ ਚਾਹੀਦਾ ਹੈ। ਹਾਲੇ ਅੰਦੋਲਨਕਾਰੀ ਸਰਕਾਰ ਦੀ ਇਸ ਅਪੀਲ ਨੂੰ ਖਾਸ ਗੰਭੀਰਤਾ ਨਾਲ ਨਹੀਂ ਲੈ ਰਹੇ, ਪਰ ਅਗਲੇ ਇਕ ਹਫ਼ਤੇ 'ਚ ਕੇਂਦਰ ਤੇ ਸੂਬਾ ਸਰਕਾਰ ਮਿਲ ਕੇ ਅਪ੍ਰੇਸ਼ਨ ਕਲੀਨ ਨੂੰ ਅੰਜਾਮ ਦੇਣ ਵਾਲੇ ਹਨ। ਇਸ ਬਾਰੇ ਗ੍ਰਹਿ ਮੰਤਰਾਲੇ ਤੇ ਹਰਿਆਣਾ ਸਰਕਾਰ ਵਿਚਾਲੇ ਰਣਨੀਤੀ 'ਤੇ ਚਰਚਾ ਕੀਤੀ ਜਾ ਚੁੱਕੀ ਹੈ।

# ਬਹਿਬਲ ਗੋਲੀ ਕਾਂਡ ਮਾਮਲੇ ਵਿਚ ਕੈਪਟਨ ਸਰਕਾਰ ਘਿਰੀ ਧਰਮ ਸੰਕਟ ਵਿਚ।

**ਅੰਮ੍ਰਿਤਸਰ ਟਾਈਮਜ ਬਿਊਰੋ**

ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਰਿਪੋਰਟ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਰੱਦ ਕੀਤੇ ਜਾਣ ਤੋਂ ਬਾਅਦ ਸੁਆਲਾਂ ਦੇ ਘੇਰੇ ਵਿੱਚ ਆਈ ਜਾਂਚ ਟੀਮ ਅਤੇ ਪੰਜਾਬ ਸਰਕਾਰ ਲਈ 20 ਅਪ੍ਰੈਲ ਨੂੰ ਫਿਰ ਪਰਖ ਦੀ ਘੜੀ ਹੈ। ਕੈਪਟਨ ਸਰਕਾਰ ਇਸ ਮਾਮਲੇ ਵਿਚ ਧਰਮ ਸੰਕਟ ਵਿਚ ਫਸੀ ਹੋਈ ਹੈ। ਪੰਜਾਬ ਦੇ ਬਹੁਚਰਚਿਤ ਪੁਪਲਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਜਾਣਕਾਰੀ ਮੁਤਾਬਕ ਆਈਜੀ ਰੈਂਕ ਦੇ ਇਸ ਪੁਲੀਸ ਅਧਿਕਾਰੀ ਵੱਲੋਂ ਆਪਣਾ ਅਸਤੀਫਾ ਮੁੱਖ ਸਕੱਤਰ ਨੂੰ ਸੰਬੋਧਨ ਹੁੰਦਿਆਂ ਦਿੱਤਾ ਗਿਆ ਹੈ ਤੇ ਇਸ ਦੀ ਕਾਪੀ ਸੂਬੇ ਦੇ ਵਧੀਕ ਮੁੱਖ ਸਕੱਤਰ (ਗ੍ਰਹਿ) ਅਤੇ ਡੀਜੀਪੀ ਨੂੰ ਭੇਜੀ ਗਈ ਹੈ। ਪੰਜਾਬ ਕਾਡਰ ਨਾਲ ਸਬੰਧਤ 1998 ਬੈਚ ਦਾ ਇਹ ਪੁਲਿਸ ਅਧਿਕਾਰੀ ਅਕਸਰ ਸੁਰਖੀਆਂ ਵਿੱਚ ਰਿਹਾ ਹੈ। ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਦਿੱਤੇ ਅਸਤੀਫੇ ਤੋਂ ਬਾਅਦ ਪ੍ਰਸ਼ਾਸਕੀ ਤੇ ਰਾਜਸੀ ਹਲਕਿਆਂ ਅੰਦਰ ਭਾਰੀ ਹਲਚਲ ਪਾਈ ਜਾ ਰਹੀ ਹੈ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਇਸ ਪੁਲਿਸ ਅਧਿਕਾਰੀ ਨੇ ਕੁਝ ਦਿਨ ਪਹਿਲਾਂ ਹੀ ਰਾਜ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਸੀ, ਜਿਸ ਦੌਰਾਨ ਬੇਅਦਬੀ ਕਾਂਡ ਦੇ ਮਾਮਲੇ 'ਤੇ ਚਰਚਾ ਵੀ ਹੋਈ ਸੀ। ਗ੍ਰਹਿ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਕੋਟਕਪੂਰਾ ਕਾਂਡ ਦੇ ਮਾਮਲੇ ਵਿੱਚ ਸਰਕਾਰੀ ਧਿਰ ਦੇ ਵਕੀਲਾਂ ਵੱਲੋਂ ਕਾਨੂੰਨੀ ਲੜਾਈ ਠੋਸ ਤਰੀਕੇ ਨਾਲ ਨਾ ਲੜੇ ਜਾਣ ਤੋਂ ਨਿਰਾਸ਼ ਸੀ। ਸਿਆਸੀ ਹਲਕਿਆਂ ਅੰਦਰ ਇਹ ਵੀ ਚਰਚਾ ਹੈ ਕਿ ਇਹ ਪੁਲਿਸ ਅਧਿਕਾਰੀ ਅਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਅੰਮ੍ਰਿਤਸਰ ਸ਼ਹਿਰ ਦੇ ਕਿਸੇ ਵਿਧਾਨ ਸਭਾ ਹਲਕੇ ਤੋਂ ਚੋਣ ਲੜ ਸਕਦਾ ਹੈ।







- ✪ ਹਾਈ ਕੋਰਟ ਵਿੱਚ ਸੁਣਵਾਈ 20 ਨੂੰ ✪ ਦੋਸ਼ੀਆਂ ਵੱਲੋਂ ਪੜਤਾਲ ਰੱਦ ਕਰਨ ਦੀ ਮੰਗ
- ✪ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ
- ✪ ਸਿੱਖ ਜਥੇਬੰਦੀਆਂ 19 ਅਪ੍ਰੈਲ ਨੂੰ ਹਾਈ ਕੋਰਟ ਦੇ ਬਾਹਰ ਰੋਸ ਵਿਖਾਵੇ ਕਰਨਗੀਆਂ
- ✪ ਕੈਪਟਨ ਨੇ ਕੁੰਵਰ ਵਿਜੈ ਪ੍ਰਤਾਪ ਦੀ ਪਿੱਠ ਥਾਪੜ ਕੇ ਅਦਾਲਤੀ ਮਾਣਹਾਨੀ ਕੀਤੀ : ਚੀਮਾ
- ✪ ਐੱਸਆਈਟੀ ਭੰਗ ਕਰਨ ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਜਾਵੇ ਸੂਬਾ ਸਰਕਾਰ: ਖਹਿਰਾ

ਪੰਜਾਬ ਅੰਦਰ ਇਨਾਂ ਦਿਨਾਂ ਦੌਰਾਨ ਬੇਅਦਬੀ ਕਾਂਡ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਮੁੱਦੇ 'ਤੇ ਰਾਜਨੀਤੀ ਗਰਮਾਈ ਹੋਈ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਆਈਪੀਐਸ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਅਸਤੀਫ਼ਾ ਪੱਤਰ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਨ ਦੇ ਬਾਵਜੂਦ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਅਸਤੀਫਾ ਦੇ ਦਿੱਤਾ ਹੈ।

ਬਾਕੀ ਸਫ਼ਾ 35 'ਤੇ

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਖਾਲਸਾ ਸਾਜਨਾ ਦਿਵਸ ਨੂੰ ਕਾਂਗਰੇਸਨਲ ਰਿਕਾਰਡ 'ਚ ਕਰਵਾਇਆ ਗਿਆ ਦਰਜ, ਸਿੱਖ ਕੌਮ ਲਈ ਵੱਡੇ ਮਾਣ ਵਾਲੀ ਗੱਲ

**ਵਾਸ਼ਿੰਗਟਨ, ਡੀ. ਸੀ. (ਰਾਜ ਗੋਗਨਾ):** 117ਵੇਂ ਕਾਂਗਰਸ ਦੇ ਪਹਿਲੇ ਸੈਸ਼ਨ 'ਚ ਅੱਜ ਫਾਈਨਾਂਸ ਕਮੇਟੀ ਦੇ ਕਾਂਗਰਸਮੈਨ ਚੇਅਰਮੈਨ ਰਿਚਰਡ ਈ. ਨੀਲ ਨੇ ਖਾਲਸਾ ਸਾਜਨਾ ਦਿਵਸ ਨੂੰ ਕਾਂਗਰੇਸ਼ਨਲ ਰਿਕਾਰਡ 'ਚ ਦਰਜ ਕਰਵਾਇਆ। 'ਖਾਲਸਾ ਸਾਜਨਾ ਦਿਵਸ' ਪੂਰੇ ਸੰਸਾਰ 'ਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ । 13 ਅਪ੍ਰੈਲ 1699 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਇੱਕ ਵੱਖਰਾ ਨਿਆਰਾ ਪੰਥ ਬਣਾਇਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਭੇਦਭਾਵ, ਜਾਤ-ਪਾਤ ਸਭ ਦਾ ਖਾਤਮਾ ਕਰ ਕੇ ਪੰਜਾਂ ਸਿੰਘਾਂ ਨੂੰ ਇੱਕ ਬਾਟੇ 'ਚ ਅੰਮ੍ਰਿਤ ਛਕਾ ਕੇ ਸਮੁੱਚੀ ਕੌਮ ਨੂੰ ਜਬਰ-ਜ਼ੁਲਮ ਖ਼ਿਲਾਫ਼ ਮਜ਼ਲੂਮਾਂ ਦੇ ਹੱਕ 'ਚ ਡਟਣ ਵਾਲੇ ਸੰਤ ਅਤੇ ਸਿਪਾਹੀ ਬਣਾ ਦਿੱਤਾ ਸੀ। ਕੌਮ ਲਈ ਅੱਜ ਬਹੁਤ ਮਾਣ ਵਾਲੀ ਗੱਲ ਹੈ ਕਿ ਖਾਲਸੇ ਦੇ ਨਿਆਰੇਪਣ ਨੂੰ ਦੁਨੀਆ ਪਛਾਣ ਰਹੀ ਹੈ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. 'ਚ ਕਾਂਗਰੇਸ਼ਨਲ ਰਿਕਾਰਡ 'ਚ ਖਾਲਸੇ ਦੇ ਸਾਜਨਾ ਦਿਵਸ ਦੇ ਮਹੱਤਵ ਨੂੰ ਸਮਝਣਾ ਇੱਕ ਕੌਮ ਦੇ ਭਵਿੱਖ ਲਈ ਬਹੁਤ ਵੱਡੀ ਗੱਲ ਹੈ, ਉਹ ਵੀ ਉਸ ਸਮੇਂ, ਜਦੋਂ ਭਾਰਤ ਵਰਗੇ ਮੁਲਕ 'ਚ ਸਮੁੱਚਾ ਪੰਥ ਬਿਪਰਵਾਦੀ ਤਾਕਤਾਂ ਨਾਲ ਮੱਥਾ ਲਾ ਰਿਹਾ ਹੈ। ਇਹ ਯਤਨ ਵਰਲਡ ਸਿੱਖ ਪਾਰਲੀਮੈਂਟ ਦੇ ਕੋ-ਆਰਡੀਨੇਟਰ ਭਾਈ ਹਿੰਮਤ ਸਿੰਘ ਅਤੇ ਮੈਸਾਚੂਸੈਟ ਸਟੇਟ ਤੋਂ ਭਾਈ ਗੁਰਨਿੰਦਰ ਸਿੰਘ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਅਮਰੀਕਾ ਦੇ ਕਾਂਗਰਸ ਨੁਮਾਇੰਦਿਆਂ ਨਾਲ ਕੀਤੀਆਂ ਮੀਟਿੰਗਾਂ ਸਦਕਾ ਸੰਭਵ ਹੋਏ ਹਨ। ਰਿਚਰਡ ਈ. ਨੀਲ ਚੇਅਰਮੈਨ ਕਮੇਟੀ ਆਨ ਵੇਜ ਐਂਡ ਮੀਨਜ਼ ਨਾਲ ਹੋਈ ਮੀਟਿੰਗ 'ਚ ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਵਲੋਂ ਵਿਸਾਖੀ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ, ਇਸ ਉੱਦਮ ਲਈ ਰਿਚਰਡ ਈ. ਨੀਲ ਦਾ ਧੰਨਵਾਦ ਵੀ ਕੀਤਾ ਗਿਆ।





Congressional Record
U.S. House of Representatives

117th Congress, First Session — April 10, 2021

Honoring the Sikh American community's celebration of Vaisakhi.

**Whereas** Sikhism is a religion founded in the Punjab region of South Asia over 5 centuries ago and introduced to the United States in the 19th century;

**Whereas** Sikhism is the fifth largest world religion with approximately 25,000,000 adherents from diverse backgrounds throughout the world, including 500,000 adherents in the United States;

**Whereas** Sikhs in the United States pursue diverse professions and walks of life, making rich contributions to the economic vibrancy of the United States as farmers, engineers, doctors, scientists, and business owners;

**Whereas** Sikh Americans continue to make strides toward securing religious liberty as patriotic members of the United States Armed Forces;

**Whereas** Vaisakhi is one of the most religiously significant days in Sikh history, commemorating the creation of the Khalsa, a fellowship of devout Sikhs, by Guru Gobind Singh in 1699;

**Whereas** the Sikh religion is based on a belief in one God and the equality of all human beings: Now, therefore, be it

***Resolved***, That the I wish the Sikh American community of western Massachusetts a joyous Vaisakhi.

Richard E. Neal
Chairman
Committee on Ways & Means

## ਸਾਬਕਾ ਉਪ ਰਾਸ਼ਟਰਪਤੀ ਪ੍ਰਿੰਸ ਦੇ ਦਿਲ ਦੀ ਸਫਲ ਸਰਜਰੀ

ਸੈਕਰਾਮੈਂਟੋ/(ਹੁਸਨ ਲੜੋਆ ਬੰਗਾ) ਸਾਬਕਾ ਰਾਸ਼ਟਰਪਤੀ ਮਾਈਕ ਪ੍ਰਿੰਸ ਦੇ ਦਿਲ ਦੀ ਗਤੀ ਮੱਧਮ ਹੋ ਜਾਣ ਉਪਰੰਤ ਉਨਾਂ ਦੀ ਸਰਜਰੀ ਕਰਨੀ ਪਈ ਹੈ ਜਿਸ ਤੋਂ ਬਾਅਦ ਉਹ ਠੀਕ ਹੋ ਰਹੇ ਹਨ। ਇਹ ਜਾਣਕਾਰੀ ਸਾਬਕਾ ਉੱਪ ਰਾਸ਼ਟਰਪਤੀ ਦੇ ਦਫਤਰ ਨੇ ਦਿੱਤੀ ਹੈ। ਦਫਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਪਿਛਲੇ ਦੋ ਹਫਤਿਆਂ ਦੌਰਾਨ ਪ੍ਰਿੰਸ ਨੂੰ ਅਜਿਹੇ ਲੱਛਣਾਂ ਦਾ ਅਹਿਸਾਸ ਹੋਇਆ ਜਿਨਾਂ ਤੋਂ ਪਤਾ ਲੱਗਦਾ ਸੀ ਕਿ ਉਨਾਂ ਦੇ ਦਿਲ ਦੀ ਧੜਕਣ ਮੱਧਮ ਹੋ ਗਈ ਹੈ ਜੋ ਖਤਰਨਾਕ ਸਾਬਤ ਹੋ ਸਕਦੀ ਹੈ। ਡਾਕਟਰਾਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਇਨੋਵਾ ਫੇਅਰਫੈਕਸ ਮੈਡੀਕਲ ਕੈਂਪਸ ਵਿਖੇ ਉਨਾਂ ਦੇ ਦਿਲ ਦਾ ਅਪਰੇਸ਼ਨ ਕਰਕੇ ਪੇਸ ਮੇਕਰ ਲਾ ਦਿੱਤਾ ਗਿਆ। ਉਨਾਂ ਦੀ ਸਰਜਰੀ ਪੂਰੀ ਤਰਾਂ ਸਫਲ ਰਹੀ ਹੈ ਤੇ ਉਹ ਅਗਲੇ ਕੁਝ ਦਿਨਾਂ ਦੌਰਾਨ ਆਮ ਵਾਂਗ ਕੰਮ ਕਰ ਸਕਣਗੇ। ਪ੍ਰਿੰਸ ਨੇ ਜਾਰੀ ਇਕ ਬਿਆਨ ਵਿਚ ਡਾਕਟਰਾਂ, ਨਰਸਾਂ ਤੇ ਹੋਰ ਸਟਾਫ ਦਾ ਧੰਨਵਾਦ ਕੀਤਾ ਹੈ।

# ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨਡੀਪੀ ਨੇ ਮਤਾ ਪਾਸ ਕਰ ਕੇ ਖੇਤੀ ਕਾਨੂੰਨਾਂ ਦੀ ਕੀਤੀ ਨਿੰਦਾ

**ਟੋਰਾਂਟੋ/ਏ.ਟੀ.ਨਿਊਜ਼ :** ਜਗਮੀਤ ਸਿੰਘ ਦੀ ਅਗਵਾਈ ਵਾਲੀ ਕੈਨੇਡੀਅਨ ਨਿਊ ਡੈਮੋਕ੍ਰੈਟਿਕ ਪਾਰਟੀ ਨੇ ਭਾਰਤ ਸਰਕਾਰ ਵੱਲੋਂ ਪਿਛਲੇ ਵਰ੍ਹੇ ਪਾਸ ਕੀਤੇ ਤਿੰਨ ਨਵੇਂ ਖੇਤੀ ਕਾਨੂੰਨਾਂ ਦੀ ਨਿਖੇਧੀ ਕਰਦਿਆਂ ਉਨ੍ਹਾਂ ਵਿਰੁੱਧ ਮਤਾ ਪਾਸ ਕਰ ਦਿੱਤਾ ਹੈ। ਦਰਅਸਲ, 'ਭਾਰਤੀ ਕਿਸਾਨਾਂ ਨਾਲ ਅੰਤਰਰਾਸ਼ਟਰੀ ਇਕਜੁੱਟਤਾ ਲਈ ਮਤੇ ਨੂੰ ਏਜੰਡੇ ਵਿਚ ਤਰਜੀਹ ਦਿੱਤੀ ਗਈ ਸੀ। ਇਸ ਦੇ ਇਲਾਵਾ ਵਿਸ਼ਵ ਵਿਚ ਕੈਨੇਡਾ ਦੇ ਸਥਾਨ ਨੂੰ ਮੁੜ ਪਰਿਭਾਸ਼ਿਤ ਕਰਨਾ ਪਾਰਟੀ ਦੀ ਵਿਦੇਸ਼ ਨੀਤੀ ਦਾ ਟੀਚਾ ਸੀ।

'ਭਾਰਤੀ ਕਿਸਾਨਾਂ ਨਾਲ ਅੰਤਰਰਾਸ਼ਟਰੀ ਇਕਜੁੱਟਤਾ' ਲਈ ਮਤਾ ਬਰੈਂਪਟਨ ਈਸਟ ਤੋਂ ਪਾਰਟੀ ਦੇ ਮੈਂਬਰਾਂ ਵੱਲੋਂ ਲਿਆਂਦਾ ਗਿਆ ਸੀ। ਮਤੇ ਵਿਚ ਕਿਹਾ ਗਿਆ ਹੈ ਕਿ 'ਸੰਘੀ ਸਰਕਾਰ ਭਾਰਤ ਦੀਆਂ ਕਾਰਵਾਈਆਂ ਦੀ ਨਿੰਦਾ ਕਰੇ ਤੇ ਕਿਸਾਨਾਂ 'ਤੇ ਭਾਰਤ ਸਰਕਾਰ ਦੁਆਰਾ ਕੀਤੇ ਜਾ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਖੜੇ ਹੋਣ ਲਈ ਦ੍ਰਿੜ ਰੁਖ ਕਰੇ।' ਮੰਗ ਕੀਤੀ ਗਈ ਹੈ ਕਿ 'ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰਨ ਵਾਲੇ ਕਿਸਾਨਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਕੌਮਾਂਤਰੀ ਜਵਾਬਦੇਹੀ ਸਖਤ ਕੀਤੀ ਜਾਵੇ। ਮਤੇ ਨੂੰ 88 ਵੋਟਾਂ ਨਾਲ ਪਾਸ ਕੀਤਾ ਗਿਆ ਜਦਕਿ 12 ਵੋਟਾਂ ਵਿਰੋਧ ਵਿਚ ਪਈਆਂ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਦਸੰਬਰ 2013 ਵਿਚ ਜਗਮੀਤ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।



# ਕਿਸਾਨੀ ਸੰਘਰਸ਼ 'ਚ ਪਾਏ ਯੋਗਦਾਨ ਲਈ ਮਨਜਿੰਦਰ ਸਿਰਸਾ ਤੇ ਰਣਜੀਤ ਨਵਾਂਸ਼ਹਿਰ ਦਾ ਗੋਲਡ ਮੈਡਲ ਨਾਲ ਹੋਵੇਗਾ ਸਨਮਾਨ

## ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈੱਲਫੇਅਰ ਸੁਸਾਇਟੀ ਸਿਨਸਿਨਾਟੀ ਓਹਾਇਓ ਯੂ.ਐੱਸ.ਏ. ਵਲੋਂ ਕੀਤਾ ਗਿਆ ਐਲਾਨ

**ਕੈਲੀਫੋਰਨੀਆ/(ਰਾਜ ਗੋਗਨਾ):** ਮਿਡਵੈਸਟ ਅਮਰੀਕਾ ਦੇ ਸਭ ਤੋਂ ਵੱਡੇ ਕਲੱਬ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈਲਫੇਅਰ ਸੁਸਾਇਟੀ ਸਿਨਸਿਨਾਟੀ ਓਹਾਇਓ (ਯੂ.ਐੱਸ.ਏ.) ਦੇ ਸਮੂਹ ਆਗੂਆਂ ਦੀ ਭਰਵੀਂ ਮੀਟਿੰਗ ਸਿਨਸਿਨਾਟੀ ਵਿਖੇ ਹੋਈ। ਇਸ ਮੀਟਿੰਗ ਵਿੱਚ ਸਮੂਹ ਮੈਂਬਰਾਂ ਵਲੋਂ ਇਹ ਫੈਸਲਾ ਕੀਤਾ ਗਿਆ ਕਿ ਇਹ ਕਲੱਬ ਕਿਸਾਨੀ ਸੰਘਰਸ਼ ਅਤੇ ਕਿਸਾਨੀ ਮੰਗਾਂ ਨਾਲ ਡੱਟ ਕੇ ਖੜਾ ਹੈ ਅਤੇ ਭਵਿੱਖ ਵਿਚ ਵੀ ਖੜਾ ਰਹੇਗਾ। ਕਲੱਬ ਵਲੋਂ ਕਿਸਾਨੀ ਸੰਘਰਸ਼ 'ਚ ਯੋਗਦਾਨ ਪਾਉਣ ਲਈ ਸ. ਮਨਜਿੰਦਰ ਸਿੰਘ ਸਿਰਸਾ ਤੇ ਸ. ਰਣਜੀਤ ਸਿੰਘ ਦਾ ਗੋਲਡ ਮੈਡਲ ਨਾਲ ਸਨਮਾਨ ਕਰਨ ਦਾ ਵੀ ਐਲਾਨ ਕੀਤਾ ਗਿਆ। ਇਸ ਸਬੰਧੀ ਕਲੱਬ ਦੇ ਸੀਨੀਅਰ ਪ੍ਰਬੰਧਕ ਸ. ਸੁਰਜੀਤ ਸਿੰਘ ਮਾਵੀ ਅਤੇ ਕਲੱਬ ਦੇ ਲੀਗਲ ਐਡਵਾਇਜ਼ਰ ਉਘੇ ਇੰਮੀਗ੍ਰੇਸ਼ਨ ਦੇ ਵਕੀਲ ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਕਿਸਾਨੀ ਸੰਘਰਸ਼ 'ਚ ਫੜੇ ਵੱਖ-ਵੱਖ ਕਿਸਾਨਾਂ ਨੂੰ ਭਾਰਤ ਦੀਆਂ ਜੇਲਾਂ 'ਚੋਂ ਛਡਵਾਉਣ ਅਤੇ ਉਨ੍ਹਾਂ ਦੀ ਹਰ ਤਰਾਂ ਦੀ ਮਦਦ ਕਰ ਰਹੇ ਸ: ਮਨਜਿੰਦਰ ਸਿੰਘ ਸਿਰਸਾ ਦੀਆਂ ਸੇਵਾਵਾਂ ਨੂੰ ਅੱਜ ਪੂਰਾ ਵਿਸ਼ਵ ਸਲਾਹ ਰਿਹਾ ਹੈ। ਉਨ੍ਹਾਂ ਵਲੋਂ ਕਿਸਾਨੀ ਸੰਘਰਸ਼ 'ਚ ਤਨਦੇਹੀ ਨਾਲ ਪਾਏ ਯੋਗਦਾਨ ਲਈ ਕਲੱਬ ਨੇ ਸ. ਸਿਰਸਾ ਤੇ ਭਾਈ ਰਣਜੀਤ ਸਿੰਘ ਨਵਾਂਸ਼ਹਿਰ ਦਾ ਗੋਲਡ ਮੈਡਲ ਨਾਲ ਸਨਮਾਨ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਲੋਕ ਸ. ਸਿਰਸਾ ਤੇ ਸ. ਰਣਜੀਤ ਸਿੰਘ ਦੇ ਪਾਏ ਜਾ ਰਹੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਣਗੇ। ਉਨ੍ਹਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਸ: ਮਨਜਿੰਦਰ ਸਿੰਘ ਸਿਰਸਾ ਨੂੰ ਭਾਰੀ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਐਗਜ਼ੈਕਟਿਵ ਮੈਂਬਰ ਅਮਰਜੀਤ ਸਿੰਘ ਤੱਖਰ, ਸੁਰਜੀਤ ਸਿੰਘ ਮਾਵੀ, ਪਵਨਦੀਪ, ਚਰਨਜੀਤ ਸਿੰਘ ਬਰਾੜ, ਅਮਰੀਕ ਸਿੰਘ ਟਿਵਾਣਾ, ਅਮਰਜੀਤ ਅਗਰਵਾਲ, ਪਰਮਿੰਦਰ ਸਿੰਘ ਤੱਖਰ, ਬੌਬੀ ਸਿੰਘ ਸਿੱਧੂ, ਗੁਰਮਿੰਦਰ ਸਿੰਘ ਕਲੇਰ, ਜਗਤਾਰ ਸਿੰਘ ਫਾਟੂੰ, ਪ੍ਰੀਤਮਪਾਲ ਸਿੰਘ, ਐਡਵਾਇਜ਼ਰੀ ਕਮੇਟੀ ਮੈਂਬਰ ਸ. ਹਰਿੰਦਰ ਸਿੰਘ ਕੰਗ ਅਤੇ ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

# ਯੂ.ਐੱਸ. ਕਾਂਗਰਸ ਨੇ ਭਾਰਤੀ ਹਕੂਮਤ ਦੁਆਰਾ ਕਿਸਾਨਾਂ ਤੇ ਅਪਣਾਈ ਹਿੰਸਕ ਨੀਤੀ ਦੀ ਕੀਤੀ ਨਿਖੇਧੀ

**ਕਨੈਕਟੀਕਟ/ਏ.ਟੀ.ਨਿਊਜ਼ :** ਯੂ.ਐੱਸ ਦੇ ਕਾਂਗਰਸ ਮੈਂਬਰ ਜੋਅ ਕੋਰਟਨੀ ਨੇ ਭਾਰਤ ਵਿਚ ਚੱਲ ਰਹੇ ਕਿਸਾਨਾਂ ਦੇ ਅੰਦੋਲਨ ਦੇ ਮੁੱਦੇ 'ਤੇ ਸਿੱਖ ਆਰਟ ਗੈਲਰੀ ਦੇ ਡਾਇਰੈਕਟਰ ਸਵਰਨਜੀਤ ਸਿੰਘ ਖਾਲਸਾ ਨੂੰ ਆਪਣਾ ਜਵਾਬ ਭੇਜਿਆ। ਇਸ ਸਬੰਧੀ ਸਵਰਨਜੀਤ ਸਿੰਘ ਖਾਲਸਾ ਨੇ ਦੱਸਿਆ ਕਿ, 'ਮੈਨੂੰ ਖੁਸ਼ੀ ਹੈ ਕਿ ਸਾਡੀ ਕਾਂਗਰਸ ਭਾਰਤੀ ਸਰਕਾਰ ਦੀ ਨਿੰਦਾ ਹੀ ਨਹੀਂ ਕਰਦੀ ਸਗੋਂ ਇਹ ਵੀ ਆਖਦੇ ਹਨ ਕਿ ਭਾਰਤ ਦਮਨ ਕਰੋ ਦੀ ਨੀਤੀ ਵੀ ਅਪਣਾਉਂਦਾ ਹੈ। ਇਹ ਸਮਝੋ ਕਿ ਭਾਰਤ ਕੋਲ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਖਿਲਾਫ ਵਾਰ-ਵਾਰ ਵਧੇਰੇ ਸ਼ਕਤੀ ਦੀ ਵਰਤੋਂ ਕਰਨ ਦਾ ਇਤਿਹਾਸ ਹੈ। ਉਨਾਂ ਕਿਹਾ, 'ਸਾਨੂੰ ਚੌਕਸ ਰਹਿਣਾ ਚਾਹੀਦਾ ਹੈ ਕਿਉਂਕਿ ਭਾਰਤ ਵਿਚ ਮਤਭੇਦ ਦੀ ਅਵਾਜ਼ ਨੂੰ ਦਬਾਉਣ ਲਈ ਨਸਲਕੁਸ਼ੀ ਕਰਨ ਦੀ ਤਾਕਤ ਹੈ।'

ਸਵਰਨਜੀਤ ਸਿੰਘ ਖਾਲਸਾ ਨੇ ਇਤਿਹਾਸਕ ਪਿਛੋਕੜ ਦਾ ਹਵਾਲਾ ਦਿੰਦਿਆਂ ਕਿਹਾ ਕਿ 'ਭਾਰਤ ਨੂੰ ਲੋਕਾਂ ਦੀ ਅਵਾਜ ਦਬਾਉਣ ਲਈ ਜਾਣਿਆ ਜਾਂਦਾ ਹੈ। ਉਨਾਂ ਕਿਹਾ ਕਿ ਬਰਾਬਰ ਅਧਿਕਾਰਾਂ ਅਤੇ ਪੰਜਾਬ ਦੇ ਰਾਜ ਅਧਿਕਾਰਾਂ ਲਈ ਜੋ ਉਨਾਂ ਨਾਲ 1947 ਵਿਚ ਅਜ਼ਾਦ ਹੋਣ 'ਤੇ ਵਾਅਦੇ ਕੀਤੇ ਗਏ ਸਨ ਤੋਂ ਮੁਨਕਰ ਹੋ ਕੇ ਭਾਰਤੀ ਹਕੂਮਤ ਨੇ ਮੁਢ ਤੋਂ ਹੀ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ ਜਿਸ ਦਾ ਪ੍ਰਣਾਮ ਸਾਨੂੰ ਮੌਜੂਦਾ ਕਿਸਾਨੀ ਸੰਘਰਸ਼ ਦੌਰਾਨ ਖੇਤੀ ਕਾਨੂੰਨ ਰੱਦ ਨਾ ਕਰਨ ਅਤੇ ਸਿਆਸੀ ਤਾਣੇ ਬਾਣੇ ਵਿਚ ਬਣੇ ਅਖੌਤੀ ਲੋਕਤੰਤਰ ਦੇ ਰੂਪ ਵਿਚ ਦਿਖ ਰਿਹਾ ਹੈ। ਉਨਾਂ ਭਾਰਤੀ ਹਕੂਮਤ ਵਲੋਂ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਕੀਤੇ ਅਤਿਆਚਾਰਾਂ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।



# ਅਮਰੀਕੀ ਫੌਜ ਦੇ ਪਹਿਲੇ ਸਿੱਖ ਕਰਨਲ ਡਾ. ਅਰਜਿੰਦਰਪਾਲ ਸਿੰਘ ਸੇਖੋਂ ਦਾ ਦਿਹਾਂਤ

**ਨਿਊਯਾਰਕ (ਰਾਜ ਗੋਗਨਾ):** ਬੀਤੇ ਦਿਨ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ 'ਚ ਰਹਿੰਦੇ ਅਮਰੀਕੀ ਫ਼ੌਜ ਚ' ਰਹੇ ਪਹਿਲੇ ਸਿੱਖ ਕਰਨਲ ਡਾ. ਅਰਜਿੰਦਰਪਾਲ ਸਿੰਘ ਸੇਖੋਂ ਇਕ ਲੰਮੀ ਬਿਮਾਰੀ ਨਾਲ ਜੂਝਣ ਤੋਂ ਬਾਅਦ 11 ਅਪ੍ਰੈਲ 2021 ਨੂੰ ਅਮਰੀਕਾ 'ਚ ਅਕਾਲ ਚਲਾਣਾ ਕਰ ਗਏ। 20 ਜਨਵਰੀ 1949 'ਚ ਜ਼ਿਲਾ ਅੰਮ੍ਰਿਤਸਰ ਦੇ ਰਈਆ ਨੇੜੇ ਪਿੰਡ ਵਡਾਲਾ ਕਲਾਂ 'ਚ ਜਨਮੇ ਡਾ. ਅਰਜਿੰਦਰਪਾਲ ਸਿੰਘ ਸੇਖੋਂ ਦੇ ਅਕਾਲ ਚਲਾਣੇ ਬਾਰੇ ਇਹ ਜਾਣਕਾਰੀ ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਡੀਟਰੋਅਟ ਸ਼ਹਿਰ ਦੇ ਵਸਨੀਕ ਉਨਾਂ ਦੀ ਪਤਨੀ ਦੇ ਭਰਾ ਸ. ਗੁਰਮੀਤ ਸਿੰਘ ਸੰਧੂ ਨੇ ਸਾਂਝੀ ਕੀਤੀ। ਕਰਨਲ ਡਾ. ਅਰਜਿੰਦਰਪਾਲ ਸਿੰਘ ਸੇਖੋਂ 1973 ਵਿਚ ਆਪਣੀ ਪੜਾਈ ਪੂਰੀ ਕਰਕੇ ਅਮਰੀਕਾ ਆ ਗਏ ਸਨ। ਡਾ. ਸੇਖੋਂ ਨੇ ਅਮਰੀਕਾ 'ਚ ਉਚੇਰੀ ਪੜਾਈ ਕਰਕੇ ਇੰਟਰਨਲ ਮੈਡੀਸਨ ਪਲਮੋਨਰੀ ਦਾ ਸਪੈਸ਼ਲਿਸਟ (ਫੇਫੜਿਆ ਦੇ ਮਾਹਿਰ) ਡਾਕਟਰ ਦਾ ਮਾਣ ਪ੍ਰਾਪਤ ਕੀਤਾ ਅਤੇ ਸੇਖੋਂ ਦੀ ਯੋਗਤਾ ਦੇਖਦੇ ਹੋਏ ਉਨਾਂ ਨੂੰ ਅਮੇਰਿਕਨ ਕਾਲਜ ਆਫ ਫਿਜੀਸੀਅਨਜ਼ , ਅਮੇਰਿਕਨ ਕਾਲਜ ਆਫ ਚੈਸਟ ਫਿਜੀਸੀਅਨਜ਼ ਅਤੇ ਅਮੇਰਿਕਨ ਕਾਲਜ ਆਫ ਐਨਜੀਓਲੋਜੀ ਦੀ ਅਮਰੀਕਾ ਨੇ ਫੈਲੋਸ਼ਿਪ ਵੀ ਦਿੱਤੀ ਸੀ।



ਬਾਕੀ ਸਫ਼ਾ 31 'ਤੇ

# ਨਿਊਯਾਰਕ ਤੇ ਨਿਊਜਰਸੀ ਵਿਚ ਏਸ਼ੀਅਨਾ ‘ਤੇ ਹੋਏ ਹਮਲਿਆਂ ਵਿਰੁੱਧ ਵਿਸ਼ਾਲ ਰੈਲੀਆਂ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਨਿਊਯਾਰਕ ਤੇ ਨਿਊਜਰਸੀ ਵਿਚ ‘ਸਟਾਪ ਏਸ਼ੀਅਨ ਹੇਟ’ ਰੈਲੀਆਂ ਕੱਢੀਆਂ ਗਈਆਂ ਜਿਨਾਂ ਵਿਚ ਹਜਾਰਾਂ ਲੋਕਾਂ ਨੇ ਸ਼ਿਰਕਤ ਕੀਤੀ। ਨਿਊਯਾਰਕ ਵਿਚ 10000 ਤੋਂ ਵਧ ਏਸ਼ੀਅਨ ਮੂਲ ਦੇ ਅਮਰੀਕੀ ਲੋਕ ਇਕੱਠੇ ਹੋਏ ਜਿਨਾਂ ਵਿਚ ਸਥਾਨਕ ਅਧਿਕਾਰੀ, ਨਫਰਤੀ ਹਿੰਸਾ ਦੇ ਪੀੜਤਾਂ ਤੋਂ ਇਲਾਵਾ ਵੱਖ-ਵੱਖ ਭਾਈਚਾਰਿਆਂ ਨਾਲ ਸਬੰਧਤ ਲੋਕ ਵੀ ਸ਼ਾਮਿਲ ਸਨ। ਪ੍ਰਦਰਸ਼ਨਕਾਰੀ ਲੋਅਰ ਮੈਨਹਟਨ ਵਿਚ ਫੋਲੇ ਸਕੁਏਅਰ ਵਿਖੇ ਇਕੱਠੇ ਹੋਏ ਤੇ ਸਿਟੀ ਹਾਲ ਪਾਰਕ ਵੱਲ ਮਾਰਚ ਕੀਤਾ। ਮਾਰਚ ਬਰੁਕਲਿਨ ਪੁਲ ਉਪਰ ਦੀ ਹੁੰਦਾ ਹੋਇਆ ਕੈਡਮੈਨ ਪਲਾਜ਼ਾ ਵਿਖੇ ਸਮਾਪਤ ਹੋਇਆ। ਕੋਲੀਸ਼ਨ ਆਫ ਏਸ਼ੀਅਨ-ਅਮੈਰੀਕਨਜ ਫਾਰ ਸਿਵਲ ਰਾਈਟਸ ਦੇ ਕਨਵੀਨਰ ਤੇ ਏਸ਼ੀਅਨ ਅਮੈਰੀਕਨ ਕਮਿਊਨਿਟੀ ਐਮਪਾਵਰਮੈਂਟ ਦੇ ਚੇਅਰਮੈਨ ਜੌਹਨ ਚਾਨ ਨੇ ਨਿਊਯਾਰਕ ਵਿਚ ਏਸ਼ੀਅਨਾਂ ਵਿਰੁੱਧ ਵਧ ਰਹੇ ਨਫਰਤੀ ਅਪਰਾਧਾਂ ਦੇ ਬਾਵਜੂਦ ਕੋਈ ਕਾਰਵਾਈ ਨਾ ਕਰਨ ਲਈ ਸਰਕਾਰ ਦੀ ਕਰੜੀ ਨਿੰਦਾ ਕੀਤੀ। ਏਸ਼ੀਅਨਾਂ ਵਿਰੁੱਧ ਵਧ ਰਹੇ ਅਪਰਾਧਾਂ ’ਤੇ ਧਾਰੀ ਚੁੱਪੀ ਦੀ ਨਿੰਦਾ ਕਰਦਿਆਂ ਚਾਨ ਨੇ ਏਸ਼ੀਅਨ ਮੂਲ ਦੇ ਅਮਰੀਕੀਆਂ ਨੂੰ ਆਪਣੀਆਂ ਵੋਟਾਂ ਬਣਾਉਣ ਤੇ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ। ਉਨਾਂ ਕਿਹਾ ਕਿ ਅਸੀਂ ਆਪਣੇ ਸਨਮਾਨ ਦੀ ਕੋਈ ਭੀਖ ਨਹੀਂ ਮੰਗ ਰਹੇ। ਸਾਨੂੰ ਇਕ ਜੁੱਟ ਹੋਣਾ ਪਵੇਗਾ ਤੇ ਆਪਣੇ ਤੌਰ ‘ਤੇ ਨਿਰਨੇ ਲੈਣੇ ਪੈਣਗੇ। ਉਨਾਂ ਕਿਹਾ ਕਿ ਬਹੁਤ ਸਾਰੇ ਲੋਕ ਹੁੰਦੇ ਨਫਰਤੀ ਹਮਲਿਆਂ ਕਾਰਨ ਘਰਾਂ ਤੋਂ ਬਾਹਰ ਨਿਕਲਣ ਤੋਂ ਡਰਦੇ ਹਨ। ਰੈਲੀ ਦੇ ਪ੍ਰਬੰਧਕਾਂ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ ਨਫਰਤੀ ਹਮਲਿਆਂ ਦੀ ਤਰਜੀਹ ਦੇ ਆਧਾਰ ’ਤੇ ਜਾਂਚ ਪੜਤਾਲ ਕਰਵਾਏ। ਐਟਲਾਂਟਾ, ਜਾਰਜੀਆ ਵਿਚ 16 ਮਾਰਚ ਦੀ ਗੋਲੀਬਾਰੀ ਦੀ ਘਟਨਾ ਜਿਸ ਵਿਚ ਏਸ਼ੀਅਨ ਮੂਲ ਦੇ 6 ਲੋਕ ਮਾਰੇ ਗਏ ਸਨ, ਤੋਂ ਬਾਅਦ ਨਿਊਯਾਰਕ ਵਿਚ 10 ਤੋਂ ਵੱਧ ਰੈਲੀਆਂ ਹੋ ਚੁੱਕੀਆਂ ਹਨ। ਨਿਊਜਰਸੀ ਵਿਚ ਲੋਕ ਸਿਟੀ ਹਾਲ ਵਿਚ ਇਕੱਠੇ ਹੋਏ ਜਿਨਾਂ ਨੂੰ ਰਾਜ ਦੇ ਆਗੂਆਂ ਨੇ ਸੰਬੋਧਨ ਕੀਤਾ। ਨਿਊਜਰਸੀ ਦੇ ਅਟਾਰਨੀ ਜਨਰਲ ਗੁਰਬੀਰ ਗਰੇਵਾਲ ਨੇ ਰੈਲੀ ਦੀ ਇਤਿਹਾਸਕ ਮਹੱਤਤਾ ਦਾ ਜਿਕਰ ਕਰਦਿਆਂ ਕਿਹਾ ਕਿ ਮੈਨੂੰ ਯਾਦ ਹੈ ਮੇਰੇ ਬਚਪਨ ਵਿਚ ਗਲਤ ਅਨਸਰਾਂ ਨੇ ਨਵਰੋਜ ਮੋਦੀ ਦੀ ਹੱਤਿਆ ਕਰ ਦਿੱਤੀ ਸੀ, ਹੋਰ ਏਸ਼ੀਅਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਤੇ ਲੋਕ ਡਰ ਦੇ ਮਾਰੇ ਆਪਣੇ ਘਰ ਬਾਰ ਛੱਡ ਕੇ ਮੰਦਰਾਂ ਵਿਚ ਚਲੇ ਗਏ ਸਨ ਪ੍ਰੰਤੂ ਹੁਣ ਅਜਿਹਾ ਨਹੀਂ ਹੈ। ਹੁਣ ਲੋਕ ਹਿੰਸਾ ਦਾ ਜਵਾਬ ਦੇ ਰਹੇ ਹਨ। ਉਹ ਇਕਜੁੱਟ ਹੋ ਰਹੇ ਹਨ। ਰੈਲੀ ਨੂੰ ਅਮੋਲ ਸਿਨਹਾ, ਹੋਬੋਕਨ ਮੇਅਰ ਰਵੀ ਭੱਲਾ ਤੇ ਵਿਧਾਨ ਸਭਾ ਮੈਂਬਰ ਰਾਜ ਮੁਖਰਜੀ ਨੇ ਵੀ ਸੰਬੋਧਨ ਕੀਤਾ। ਰਾਜ ਮੁਖਰਜੀ ਨੇ ਕਿਹਾ ਕਿ ਏਸ਼ੀਅਨ ਮੂਲ ਦੇ ਅਮਰੀਕੀ ਭਾਈਚਾਰੇ ਨੂੰ ਪਿਛਲੇ ਸਾਲ ਦੌਰਾਨ ਦੋ ਮਹਾਂਮਾਰੀਆਂ ਕੋਵਿਡ-19 ਤੇ ਨਫਰਤ ਦਾ ਸਾਹਮਣਾ ਕਰਨਾ ਪਿਆ ਹੈ।

ਬਾਕੀ ਸ.ਫ਼ਾ 31 ’ਤੇ

# ਸੈਕਰਾਮੈਂਟੋ ਵਿੱਚ ਤਿੰਨ ਪੰਜਾਬੀ ਡਰੱਗ ਕਾਰੋਬਾਰ ਵਿੱਚ ਗ੍ਰਿਫ਼ਤਾਰ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਕੈਲੇਫੋਰਨੀਆ ਤੋਂ ਖਬਰਾਂ ਹਨ ਕਿ ਤਿੰਨ ਪੰਜਾਬੀ ਡਰੱਗ ਤਸਕਰੀ ਦੇ ਮਾਮਲੇ ‘ਚ ਅਮਰੀਕਨ ਡੀ ਈ ਏ (ਡਰੱਗ ਐਨਫੋਰਸਮੈਂਟ ਏਜੰਸੀ) ਨੇ ਦਾੜ੍ਹ ਹੇਠ ਲਏ ਹਨ। ਡੀ ਈ ਏ ਵਲੋਂ ਪੇਸ਼ ਕੀਤੇ ਦਸਤਾਵੇਜਾਂ ‘ਚ ਇਨ੍ਹਾਂ ਦੇ ਨਾਮ ਪਰਮਪ੍ਰੀਤ ਸਿੰਘ (55), ਰਣਵੀਰ ਸਿੰਘ (38) ਅਤੇ ਅਮਨਦੀਪ ਮੁਲਤਾਨੀ (33) ਉੱਤੇ ਅਪਰਾਧਕ ਦੋਸ਼ ਲਗਾਏ ਗਏ ਹਨ।


UNITED STATES DISTRICT COURT
for the
Eastern District of California

FILED
Apr 07, 2021
CLERK, U.S. DISTRICT COURT
EASTERN DISTRICT OF CALIFORNIA

United States of America
v.
Parampreet SINGH, Ranvir SINGH and Amandeep MULTANI
Defendant(s)

Case No. 2:21-mj-0056 CKD

SEALED

CRIMINAL COMPLAINT

I, the complainant in this case, state that the following is true to the best of my knowledge and belief.

On or about the date(s) of August 25, 2020 through the present date in the county of Sacramento in the

ਅਮਰੀਕਨ ਐਨਫੋਰਸਮੈਂਟ ਏਜੰਸੀ ਦੇ ਵਿਸ਼ੇਸ਼ ਏਜੰਟਾਂ ਦੁਆਰਾ ਅਦਾਲਤ ਵਿੱਚ ਦਾਇਰ ਹਲਫਨਾਮੇ ਅਨੁਸਾਰ ਤਿੰਨ ਵਿਅਕਤੀਆਂ ਨੂੰ ਇੱਕੋ ਸਮੇਂ ਸੈਂਕੜੇ ਕਿਲੋਗ੍ਰਾਮ ਕੋਕੀਨ ਹੀਰੋਇਨ ਅਫੀਮ ਅਤੇ ਕੋਟਾਮਿਨ ਸਪਲਾਈ ਕਰਨ ਦੀ ਪੇਸ਼ਕਸ਼ ਕੀਤੀ ਹੈ । ਅਦਾਲਤ ਅਨੁਸਾਰ ਓਟਾਵਾ ਵਿਚ ਰਹਿਣ ਵਾਲੇ ਅਮਰੀਕੀ ਡੀ ਡੀ ਏ ਏਜੰਟਾਂ ਨੇ ਜੂਨ 2020ਵਿੱਚ ਇਸ ਕਾਰਵਾਈ ਦੀ ਜਾਂਚ ਸੁਰੂ ਕੀਤੀ ਸੀ ਅਤੇ ਅਕਤੂਬਰ ਵਿੱਚ ਸੈਕਰਾਮੈਂਟੋ ਖੇਤਰ ਵਿਚ ਏਜੰਟਾਂ ਨਾਲ ਸੰਪਰਕ ਕੀਤਾ । ਅਦਾਲਤ ਦੇ ਅਨੁਸਾਰ ਜਾਂਚ ਦੇ ਅਖੀਰ ਵਿਚ ਕੈਨੇਡਾ ਅਤੇ ਅਮਰੀਕਾ ਵਿੱਚ ਨਸ਼ਿਆਂ ਦੀ ਖਰੀਦ ਹੋਈ ।ਜਿਥੋਂ ਇਕ ਗੁਪਤ ਏਜੰਟ ਨੇ ਰਣਜੀਤ ਸਿੰਘ ਅਤੇ ਮੁਲਤਾਨੀ ਕੋਲੋਂ ਕੋਕੀਨ ਵਾਲਾ ਇੱਕ ਹਰਾ ਪਲਾਸਟਿਕ ਬੈਗ ਆਰਡਨ ਵੇਅ ਦੀ ਚੀਸਕੇਕ ਫੈਕਟਰੀ ਦੀ ਪਾਰਕਿੰਗ ਵਿੱਚੋਂ ਲਿਆ ਸੀ । ਜਿਸ ਤੋਂ ਬਾਅਦ ਹੀ ਏਜੰਟਾਂ ਨੇ ਇਨ੍ਹਾਂ ਦੇ ਖ਼ਿਲਾਫ਼ ਸਰਚ ਵਾਰੰਟ ਲਏ ਸਨ ਅਤੇ ਇਹ ਸਰਚ ਵਾਰੰਟ ਲੈਣ ਤੋਂ ਬਾਅਦ ਹੀ ਇਨ੍ਹਾਂ ਦੀਆਂ ਜਾਇਦਾਦ ਅਤੇ ਗੱਡੀਆਂ ਦੀ ਸਰਚ ਲਈ ਵੀ ਕਾਰਵਾਈ ਕੀਤੀ । ਇਨ੍ਹਾਂ ਤਿੰਨਾਂ ‘ਤੇ ਡਰੱਗ ਤਸਕਰੀ ਦੇ ਦੋਸ਼ ਲਾਏ ਗਏ ਹਨ ਅਤੇ ਕਾਫੀ ਸਬੂਤ ਵੀ ਨਾਲ ਨੱਥੀ ਕੀਤੇ ਗਏ ਹਨ। ਇੱਕ ਅੰਡਰਕਵਰ ਪੁਲਿਸ ਅਧਿਕਾਰੀ ਇਨ੍ਹਾਂ ਨਾਲ ਡਰੱਗ ਡੀਲ ਕਰਦਾ ਰਿਹਾ ਤੇ ਸਬੂਤ ਤਿਆਰ ਕਰਦਾ ਰਿਹਾ। ਅਮਰੀਕਾ ਅਤੇ ਕੈਨੇਡਾ ਤੋਂ ਇਲਾਵਾ ਮੈਕਸੀਕੋ ਭਾਰਤ ਪਾਕਿਸਤਾਨ ਅਫਗਾਨਿਸਤਾਨ ਜਰਮਨੀ ਨਾਲ ਵੀ ਨਸ਼ਾ ਤਸਕਰੀ ਦੇ ਸਬੰਧ ਹਨ ।

ਪੁਲਿਸ ਵਲੋਂ ਪੇਸ਼ ਕੀਤੇ ਸ਼ਿਕਾਇਤਨਾਮੇ ‘ਚ ਪੂਰਾ ਵੇਰਵਾ ਹੈ ਕਿ ਅੰਡਰਕਵਰ ਪੁਲਿਸ ਅਧਿਕਾਰੀ ਕਿੱਦਾਂ ਇਨ੍ਹਾਂ ਨਾਲ ਕਿਹੜੇ-ਕਿਹੜੇ ਫੋਨ ਤੋਂ ਗੱਲ ਕਰਦਾ ਰਿਹਾ, ਮਿਲਦਾ ਰਿਹਾ, ਟਰਾਂਟੋ ਤੇ ਹੋਰ ਥਾਵਾਂ ਤੋਂ ਅਫ਼ੀਮ, ਕੋਕੇਨ, ਹੈਰੋਇਨ ਚੁੱਕ ਹੁੰਦੀ ਰਹੀ, ਪੈਸਿਆਂ ਦਾ ਭੁਗਤਾਨ ਹੁੰਦਾ ਰਿਹਾ, ਲੈਣ-ਦੇਣ ‘ਚ ਕਿਹੜੀ-ਕਿਹੜੀ ਗੱਡੀ ਤੇ ਕਿਹੜਾ ਕਿਹੜਾ-ਕਿਹੜਾ ਘਰ ਸ਼ਾਮਲ ਸੀ। ਗ੍ਰਿਫਤਾਰੀ ਤੋਂ ਬਾਅਦ ਹੁਣ ਮੁਕੱਦਮਾ ਚੱਲੇਗਾ।

ਇਸੇ ਤਰਾਂ ਟਰਾਂਟੋ ਪੁਲਿਸ ਨੇ 5 ਕਥਿਤ ਡਰੱਗ ਤਸਕਰ ਫੜਨ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ‘ਚੋਂ 4 ਪੰਜਾਬੀ ਹਨ। ਓਂਟਾਰੀਓ ਦੀ ਹਾਲਟਨ ਰੀਜਨਲ ਪੁਲਿਸ ਵੱਲੋ 1.13 ਮਿਲੀਅਨ ਡਾਲਰ ਨਕਦ, 17 ਕਿਲੋ ਕੋਕੀਨ, 3 ਕਿਲੋ ਫੈਂਟਾਨਿਲ, 1 ਕਿਲੋ ਐਮਡੀਐਮਏ, ਇੱਕ ਲੋਡਡ .357 ਮੈਗਨਮ ਹੈਂਡਗਨ ਜਬਤ ਕੀਤੀਆਂ ਹਨ।

ਗ੍ਰਿਫਤਾਰ ਹੋਣ ਵਾਲਿਆ ਵਿੱਚ ਮਿਸੀਸਾਗਾ ਦਾ ਪਰਮਿੰਦਰ ਗਰੇਵਾਲ (44), ਮਿਸੀਸਾਗਾ ਦਾ ਅਜਮੇਰ ਸਿੰਘ (44), ਕੈਲੇਡਨ ਦਾ ਸਵਰਾਜ ਸਿੰਘ (31), ਕੈਲੇਡਨ ਦਾ ਕਰਨ ਦੇਵ (32) ਅਤੇ ਟੋਰਾਂਟੋ ਦਾ ਕਲਿੰਟਨ ਵੈਲਨਟਾਈਨ (47) ਸਾਮਲ ਹਨ।

# ਅਮਰੀਕਾ ਦੀ ਸਮੁੰਦਰੀ ਫੌਜ ਦੇ 40% ਸੈਨਿਕਾਂ ਨੇ ਕੋਵਿਡ-19 ਟੀਕਾ ਲਵਾਉਣ ਤੋਂ ਕੀਤੀ ਨਾਂਹ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਮਰੀਕੀ ਦੀ ਸਮੁੰਦਰੀ ਫੌਜ ਦੇ ਤਕਰੀਬਨ 40% ਸੈਨਿਕਾਂ ਨੇ ਕੋਵਿਡ-19 ਵੈਕਸੀਨ ਲਗਵਾਉਣ ਤੋਂ ਨਾਂਹ ਕਰ ਦਿੱਤੀ ਹੈ। ਲੰਘੇ ਦਿਨ 75500 ਸੈਨਿਕਾਂ ਦੇ ਕੋਰੋਨਾ ਤੋਂ ਬਚਾਅ ਲਈ ਟੀਕੇ ਲਾਏ ਗਏ। ਇਨਾਂ ਵਿਚ ਉਹ ਸੈਨਿਕ ਵੀ ਸ਼ਾਮਿਲ ਹਨ ਜਿਨਾਂ ਨੂੰ ਮੁਕੰਮਲ ਵੈਕਸੀਨ ਲਾਈ ਜਾ ਚੁੱਕੀ ਹੈ। ਤਕਰੀਬਨ 48000 ਨੌ-ਸੈਨਿਕਾਂ ਨੇ ਟੀਕਾ ਲਗਵਾਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਤੋਂ ਇਲਾਵਾ 102000 ਹੋਰ ਵੀ ਸਮੁੰਦਰੀ ਸੈਨਿਕ ਹਨ ਜਿਨਾਂ ਨੂੰ ਅਜੇ ਟੀਕਾ ਲਾਇਆ ਜਾਣਾ ਹੈ।

# ਉਟਾਹ ਜੇਲ ਦੇ ਬਾਹਰ ਦੋ ਪੁਲਿਸ ਅਧਿਕਾਰੀਆਂ ਨੂੰ ਮਾਰੀ ਗਈ ਗੋਲੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ) :** ਉਟਾਹ ਵਿਚ ਸਾਲਟ ਲੇਕ ਕਾਊਂਟੀ ਮੈਟਰੋ ਜੇਲ ਦੇ ਬਾਹਰਵਾਰ ਹੋਏ ਬੋਲ ਕਬੋਲ ਉਪਰੰਤ ਇਕ ਵਿਅਕਤੀ ਵੱਲੋਂ ਚਲਾਈਆਂ ਗੋਲੀਆਂ ਵਿੱਚ 2 ਸ਼ੈਰਿਫ ਡਿਪਟੀ ਜ਼ਖਮੀ ਹੋ ਗਏ। ਗੋਲੀ ਚਲਾਉਣ ਵਾਲਾ ਵਿਅਕਤੀ ਵੀ ਪੁਲਿਸ ਦੀ ਕਾਰਵਾਈ ਵਿਚ ਮਾਰਿਆ ਗਿਆ ਜਿਸ ਦਾ ਨਾਂ ਜਨਤਕ ਨਹੀਂ ਕੀਤਾ ਗਿਆ ਹੈ। ਸਾਲਟ ਲੇਕ ਕਾਊਂਟੀ ਦੇ ਸ਼ੈਰਿਫ ਰੋਸੀ ਰਿਵਰਾ ਨੇ ਕਿਹਾ ਹੈ ਕਿ ਦੋਨਾਂ ਡਿਪਟੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ ਇਕ ਦੇ ਚਿਹਰੇ ਉਪਰ ਗੋਲੀ ਲੱਗੀ ਹੈ ਪਰ ਉਸ ਦੀ ਹਾਲਤ ਸਥਿਰ ਹੈ ਜਦ ਕਿ ਦੂਸਰੇ ਡਿਪਟੀ ਦੀ ਅੱਖ ਵਿਚ ਗੋਲੀ ਵੱਜੀ ਹੈ, ਉਸ ਦੀ ਹਾਲਤ ਗੰਭੀਰ ਹੈ। ਉਨਾਂ ਦਸਿਆ ਕਿ ਝਗੜਾ ਕਿਸ ਗੱਲ ਨੂੰ ਲੈ ਕੇ ਹੋਇਆ ਇਸ ਬਾਰੇ ਕੁੱਝ ਸਪੱਸ਼ਟ ਨਹੀਂ ਹੋ ਸਕਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਜਾਰਜੀਆ ਵਿਚ ਬਦਮਾਸ਼ਾਂ ਵੱਲੋਂ ਚਲਾਈ ਗਈ ਗੋਲੀ ।ਵਿੱਚ 3 ਪੁਲਿਸ ਅਧਿਕਾਰੀ ਜ਼ਖਮੀ

## ਇਕ ਸ਼ੱਕੀ ਵੀ ਮਾਰਿਆ ਗਿਆ



**ਐਟਲਾਂਟਾ, (ਜਾਰਜੀਆ) (ਹੁਸਨ ਲੜੋਆ ਬੰਗਾ):** ਸ਼ੱਕੀ ਵਿਅਕਤੀਆਂ ਦੀ ਕਾਰ ਦਾ ਪਿੱਛਾ ਕਰ ਰਹੀ ਪੁਲਿਸ ਉਪਰ ਚਲਾਈਆਂ ਗੋਲੀਆਂ ਵਿੱਚ 3 ਪੁਲਿਸ ਅਧਿਕਾਰੀ ਜ਼ਖਮੀ ਹੋ ਗਏ ਤੇ ਜਵਾਬੀ ਕਾਰਵਾਈ ਵਿਚ ਇਕ ਸ਼ੱਕੀ ਵੀ ਮਾਰਿਆ ਗਿਆ ਜਦ ਕਿ ਦੂਸਰੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕੈਪਟਨ ਬਰਾਂਡਨ ਡਾਅਸਨ ਨੇ ਦਸਿਆ ਕਿ ਬਰੇਮੈਨ ਨੇੜੇ ਇੰਟਰਸਟੇਟ 20 ਵਿਖੇ 111 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਜਾ ਰਹੀ ਕਾਰ ਨੂੰ ਰੁਕਣ ਲਈ ਕਿਹਾ ਗਿਆ। ਇਕ ਵਾਰ ਕਾਰ ਰੁਕ ਗਈ ਪਰ ਬਾਅਦ ਵਿਚ ਸ਼ੱਕੀ ਵਿਅਕਤੀਆਂ ਨੇ ਕਾਰ ਭਜਾਉਣ ਦਾ ਯਤਨ ਕੀਤਾ। ਕਾਰ ਦਾ ਪਿੱਛਾ ਕਰ ਰਹੀ ਪੁਲਿਸ ਦੀ ਗੱਡੀ ਉਪਰ ਚਲਾਈਆਂ ਗੋਲੀਆਂ ਨਾਲ 3 ਪੁਲਿਸ ਅਧਿਕਾਰੀ ਜਖਮੀ ਹੋ ਗਏ ਜਿਨਾਂ ਨੂੰ ਐਟਲਾਂਟੇ ਦੇ ਵੱਖ-ਵੱਖ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਡਰੱਗ ਤਸਕਰੀ ਬਾਰੇ ਕਨੈਡਾ ਤੇ ਅਮਰੀਕਾ ਦੀ ਪੁਲਿਸ ਹੋਈ ਚੌਕਸ।

**ਟੋਰਾਂਟੋ/ਏ.ਟੀ.ਨਿਊਜ਼:** ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਕੈਨੇਡਾ ਭਰ ਤੋਂ ਸਰਹੱਦਾਂ ਅਤੇ ਸਮੁੰਦਰਾਂ ਰਾਹੀਂ ਨਸ਼ਿਆਂ ਦੀ ਤਸਕਰੀ ਵੱਧ ਜਾਣ ਦੀਆਂ ਖ਼ਬਰਾਂ ਲਗਾਤਾਰ ਆ ਰਹੀਆਂ ਹਨ । ਮਾਰੂ ਨਸ਼ਿਆਂ ‘ਚ ਭੰਗ, ਅਫ਼ੀਮ ਅਤੇ ਕੋਕੀਨ ਪ੍ਰਮੁੱਖਤਾ ਨਾਲ਼ ਸ਼ਾਮਿਲ ਹੁੰਦੇ ਹਨ । ਕੈਨੇਡਾ ‘ਚ ਉਂਟਾਰੀਓ ਪ੍ਰਾਂਤ ‘ਚ ਵੀ ਬੀਤੇ ਕੁਝ ਮਹੀਨਿਆਂ ਦੌਰਾਨ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ‘ਚ ਸ਼ਾਮਿਲ ਗੈਂਗ ਪੁਲਿਸ ਨੇ ਬੇਨਕਾਬ ਕੀਤੇ ਹਨ ਜਿਨਾਂ ‘ਚ ਪੰਜਾਬੀ ਵੀ ਸ਼ਾਮਿਲ ਸਨ ਬੀਤੇ ਦਿਨੀਂ ਟੋਰਾਂਟੋ ਏਰੀਆ ‘ਚ ਹਾਲਟਨ ਪੁਲਿਸ ਨੇ ਛਾਪੇਮਾਰੀ ਕਰਕੇ ਨਸ਼ੀਲੇ ਪਦਾਰਥਾਂ ਦੇ ਧੰਦੇ ਦਾ ਗਿਰੋਹ ਬੇਨਕਾਬ ਕਰਨ ਦਾ ਦਾਅਵਾ ਕੀਤਾ ਸੀ । ਉਸ ਦੌਰਾਨ ਨਸ਼ੇ, ਨਕਦੀ, ਮਹਿੰਗੀਆਂ ਕਾਰਾਂ ਤੇ ਘੜੀਆਂ ਵਗ਼ੈਰਾ ਬਰਾਮਦ ਕੀਤੀਆਂ ਗਈਆਂ ਸਨ। ਦੋਸ਼ੀਆਂ ‘ਚ ਮਿਸੀਸਾਗਾ ਵਾਸੀ ਅਜਮੇਰ ਸਿੰਘ (੪੪), ਪਰਮਿੰਦਰ ਗਰੇਵਾਲ (੪੪), ਕੈਲੇਡਨ ਸਵਰਾਜ ਸਿੰਘ (੩੧) ਕਰਨ ਦੇਵ (੩੨) ਸ਼ਾਮਿਲ ਹਨ । ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਦੱਖਣੀ ਉਂਟਾਰੀਓ ‘ਚ ਗੈਰਸਮਾਜੀ ਅਨਸਰਾਂ ਵਲੋਂ ਨਸ਼ੇ ਦਾ ਫੈਲਾਅ ਵਧਾਇਆ ਜਾ ਰਿਹਾ ਹੈ ਅਤੇ ਕੋਰੋਨਾ ਵਾਇਰਸ ਦੀ ਤਾਲਾਬੰਦੀ ਦੌਰਾਨ ਇਹ ਧੰਦੇ ਤੇਜੀ ਨਾਲ਼ ਵਧਾਏ ਗਏ ਹਨ । ਇਹ ਵੀ ਕਿ ਤਸਕਰਾਂ ਦੀ ਅਜਿਹੀ ਸਰਗਰਮੀ ਨੂਮ ਦੇਖਦਿਆਂ ਪ੍ਰਾਂਤ ਭਰ ਵਿੱਚ ਪੁਲਿਸ ਦੀ ਚੌਕਸੀ ਵਧਾਈ ਜਾ ਰਹੀ ਹੈ । ਮਿਲੀ ਜਾਣਕਾਰੀ ਅਨੁਸਾਰ ਕੈਨੇਡਾ ਦੇ ਅਮਰੀਕਾ ਨਾਲ਼ ਲੱਗਦੇ ਸਰਹੱਦੀ ਲਾਂਘਿਆਂ ਤੋਂ (ਗੈਰਜਰੂਰੀ ਆਵਾਜਾਈ ਬੰਦ ਹੋਣ ਦੇ ਬਾਵਜੂਦ) ਵੀ ਬੀਤੇ ਸਾਲ ਤੋਂ (ਤਾਲਾਬੰਦੀ ਮਗਰੋਂ) ਨਸ਼ੀਲੇ ਪਦਾਰਥਾਂ ਦੀ ਫੜੋਫੜਾਈ ਵਧੀ ਹੋਈ ਜਿਸ ਕਰਕੇ ਸਰਹੱਦ ਉਪਰ ਦੋਵਾਂ ਦੇਸ਼ਾਂ ਦੇ ਕਸਟਮਜ਼ ਅਧਿਕਾਰੀਆਂ ਦੀ ਹਾਜ਼ਰੀ ਵਧਾਈ ਜਾ ਰਹੀ ਹੈ ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਪ੍ਰਤਾਪ ਸਿੰਘ ਕੈਰੋਂ ਤੇ ਵਿਰਸਾ ਸਿੰਘ ਵਲਟੋਹਾ ਦੀ ਆਪਸ ਵਿਚ ਖੜਕੀ, ਬਾਦਲ ਦਲ ਲਈ ਪੈਦਾ ਹੋਇਆ ਨਵਾਂ ਸੰਕਟ

**ਅੰਮ੍ਰਿਤਸਰ/ਏ.ਟੀ.ਨਿਊਜ਼:** ਪੰਜਾਬ ਵਿਧਾਨ ਸਭਾ ਦੇ ਖੇਮਕਰਨ ਹਲਕੇ 'ਚ ਸ਼੍ਰੋਮਣੀ ਅਕਾਲੀ ਦਲ 'ਚ ਵੱਡੇ ਪੱਧਰ ਉੱਤੇ ਫੁੱਟ ਪੈਂਦੀ ਵਿਖਾਈ ਦੇ ਰਹੀ ਹੈ। ਇਸ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੂੰ ਅਗਲੇ ਵਰੇ ੨੦੨੨ ਦੀਆਂ ਅਸੈਂਬਲੀ ਚੋਣਾਂ ਲਈ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ ਪਰ ਅਕਾਲੀ ਆਗੂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਸਮਰਥਕ ਇਸ ਹਲਕੇ 'ਚ ਹਾਲੇ ਵੀ ਲਗਾਤਾਰ ਮੀਟਿੰਗਾਂ ਕਰ ਰਹੇ ਹਨ। ਦਰਅਸਲ, ਪ੍ਰਤਾਪ ਸਿੰਘ ਕੈਰੋਂ ਦੇ ਬਹੁਤ ਨਜ਼ਦੀਕੀ ਸਮਝੇ ਜਾਂਦੇ ਗੁਰਮੁਖ ਸਿੰਘ ਘੁੱਲਾ ਪਿੰਡਾਂ ਵਿੱਚ ਲਗਾਤਾਰ ਮੀਟਿੰਗਾਂ ਕਰਕੇ ਇਹ ਦਾਅਵਾ ਪੇਸ਼ ਕਰ ਰਹੇ ਹਨ ਕਿ ਕੈਰੋਂ ਹੁਰਾਂ ਦੀ ਪਤਨੀ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਧੀ ਪਰਨੀਤ ਕੌਰ ਕੈਰੋਂ ਖੇਮਕਰਨ ਤੋਂ ਪਾਰਟੀ ਦੀ ਟਿਕਟ 'ਤੇ ਚੋਣ ਲੜਨਗੇ। ਦੱਸ ਦੇਈਏ ਕਿ ਖੇਮਕਰਨ, ਵਿਰਸਾ ਸਿੰਘ ਵਲਟੋਹਾ ਦਾ ਆਪਣਾ ਜੱਦੀ ਹਲਕਾ ਹੈ। ਸਨਿੱਚਰਵਾਰ ਤੇ ਐਤਵਾਰ ਨੂੰ ਘੁੱਲਾ ਨੇ ਵਲਟੋਹਾ 'ਚ ਭੈਣੀ ਮੱਸਾ ਸਿੰਘ ਤੇ ਰਸੂਲਪੁਰ ਜਿਹੇ ਪਿੰਡਾਂ ਦਾ ਦੌਰਾ ਕੀਤਾ। ਗੁਰਮੁਖ ਸਿੰਘ ਘੁੱਲਾ ਨੇ ਕਿਹਾ ਹੈ ਕਿ ਅਗਲੇ ਕੁਝ ਦਿਨਾਂ 'ਚ ਪ੍ਰਤਾਪ ਸਿੰਘ ਕੈਰੋਂ ਆਪ ਵੀ ਖੇਮਕਰਨ ਹਲਕੇ 'ਚ ਜਨਤਕ ਮੀਟਿੰਗਾਂ ਤੇ ਰੈਲੀਆਂ ਕਰਨਗੇ। ਘੁੱਲਾ ਨੇ ਦਾਅਵਾ ਕੀਤਾ ਕਿ ਕੈਰੋਂ ਹੁਰਾਂ ਜੋ ਵੀ ਆਖ ਦਿੱਤਾ ਹੈ, ਉਹ ਅੰਤਿਮ ਫ਼ੈਸਲਾ ਹੋਵੇ, ਹੁਣ ਅੱਗੇ ਜੋ ਮਰਜ਼ੀ ਹੋਵੇ, ਹਰੇਕ ਸਥਿਤੀ ਦਾ ਸਾਹਮਣਾ ਕੀਤਾ ਜਾਵੇਗਾ। 'ਬੀਬੀ ਪਰਨੀਤ ਕੌਰ ਕੈਰੋਂ ਹੀ ਖੇਮਕਰਨ ਹਲਕੇ ਤੋਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਚੋਣ ਲੜਨਗੇ।' ਪ੍ਰਤਾਪ ਸਿੰਘ ਕੈਰੋਂ ਪੱਟੀ ਹਲਕੇ ਤੋਂ ਸਾਬਕਾ ਵਿਧਾਇਕ ਹਨ ਅਤੇ ਪਿਛਲੇ ਮਹੀਨੇ ਉਨਾਂ ਦੋ ਦਿਨ ਖੇਮਕਰਨ ਹਲਕੇ ਦੇ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਸਨ।

ਇੱਥੇ ਇਹ ਵੀ ਦੱਸ ਦੇਈਏ ਕਿ ਲੰਘੀ ੧੫ ਮਾਰਚ ਨੂੰ ਪਿੰਡ ਅਮਰਕੋਟ 'ਚ ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ਦੌਰਾਨ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਤਾਪ ਸਿੰਘ ਕੈਰੋਂ ਦੀਆਂ ਗਤੀਵਿਧੀਆਂ ਨੂੰ ਪੂਰੀ ਤਰਾਂ ਅੱਖੋਂ ਪ੍ਰੋਖੇ ਕਰਦਿਆਂ ੨੦੨੨ ਦੀਆਂ ਵਿਧਾਨ ਸਭਾ ਚੋਣਾਂ ਲਈ ਵਿਰਸਾ ਸਿੰਘ ਵਲਟੋਹਾ ਨੂੰ ਖੇਮਕਰਨ ਹਲਕੇ ਤੋਂ ਉਮੀਦਵਾਰ ਬਣਾਉਣ ਦਾ ਐਲਾਨ ਕਰ ਦਿੱਤਾ ਸੀ।

# ਨਾਮਵਰ ਲਿਖਾਰੀ ਪ੍ਰਿੰਸੀਪਲ ਸਰਵਣ ਸਿੰਘ ਔਜਲਾ ਦੇ ਦਿਹਾਂਤ ਤੇ ਦੁੱਖ ਦਾ ਪ੍ਰਗਟਾਵਾ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਮਹਿਲ ਕਲਾਂ (ਬਰਨਾਲਾ) ਦੇ ਜੰਮਪਲ ਅਮਰੀਕਾ ਨਿਵਾਸੀ ਪ੍ਰਸਿੱਧ ਲਿਖਾਰੀ ਪ੍ਰਿੰਸੀਪਲ ਸਰਵਣ ਸਿੰਘ ਔਜਲਾ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਸਾਹਿਤਕ ਪ੍ਰੇਮੀਆਂ, ਲਿਖਾਰੀਆਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਾਬਕਾ ਪ੍ਰਧਾਨ ਹਰਦਿਆਲ ਸਿੰਘ ਚੀਮਾ ਨੇ ਦੱਸਿਆ ਕਿ ਪ੍ਰਿੰਸੀਪਲ ਸਰਵਣ ਸਿੰਘ ਔਜਲਾ ਨੇ 'ਹਨੇਰਾ ਰਾਹ ਅਤੇ ਪੰਥ', 'ਕੌੜ ਕਸੈਲੀ ਮਿਠਾਸ', ਗਦਰੀ ਸ਼ਹੀਦ ਰਹਿਮਤ ਅਲੀ ਵਸੀਦ ਕੇ' ਆਲੇ ਦੁਆਲੇ ਆਦਿ ਕਿਤਾਬਾਂ ਲਿਖ ਕੇ ਸਾਹਿਤਕਾਰਾਂ ਦੀ ਝੋਲੀ ਵਿਚ ਪਾਈਆਂ। ਸਰਵਣ ਸਿੰਘ ਔਜਲਾ ਸੁਧਾਰ ਕਾਲਜ ਵਿਚੋਂ ਪੰਜਾਬੀ ਦੀ ਐਮ.ਏ. ਕਰਦੇ ਸਮੇਂ ਸੁਧਾਰ ਕਾਲਜ ਦੇ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਬਣਨ ਤੋਂ ਬਾਅਦ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ 1959 ਵਿਚ ਪ੍ਰਧਾਨ ਬਣੇ, ਔਜਲਾ ਨੂੰ ਗੁਰਬਾਣੀ ਦਾ ਚੰਗਾ ਅਭਿਆਸ ਸੀ। ਸਰਵਣ ਸਿੰਘ ਔਜਲਾ ਨੇ ਬਲਿਊ ਸਟਾਰ ਸਬੰਧੀ ਅਕਾਲ ਤਖਤ ਦੀ ਬਰਬਾਦੀ, ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਦਰਾ ਗਾਂਧੀ ਦਾ ਕਤਲ, ਦਿੱਲੀ ਦੇ ਦੰਗੇ ਅਤੇ ਸੰਤ ਲੌਂਗੋਵਾਲ ਦੇ ਕਤਲ ਬਾਰੇ ਵਿਸਥਾਰ ਸਹਿਤ ਲਿਖ ਕੇ ਕਈ ਭੇਦਾਂ ਦਾ ਪਰਦਾਫਾਸ਼ ਕੀਤਾ। ਗੁਰਿੰਦਰ ਸਿੰਘ ਜੀ, ਬਲਦੇਵ ਸਿੰਘ ਰਾਜੂ ਅਤੇ ਸਤਪਾਲ ਸਿੰਘ ਢਿੱਲੋਂ ਸਮੇਤ ਦੇਸ਼ ਵਿਦੇਸ਼ ਦੀਆਂ ਮਾਣਮੱਤੀਆਂ ਸ਼ਖਸੀਅਤਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਪ੍ਰਿੰਸੀਪਲ ਸਰਵਣ ਸਿੰਘ ਔਜਲਾ ਨੇ ਜਿਆਦਾ ਸਮਾਂ ਆਪਣੀ ਲੜਕੀ ਪਾਸ ਸਰੀ (ਕੈਨੇਡਾ) ਅਤੇ ਨਿਊਜਰਸੀ ਲੜਕੇ ਪਾਸ ਅਤੇ ਸ਼ਿਕਾਗੋ ਲੜਕੀ ਪਾਸ ਰਹੇ।

# ਸੁਖਬੀਰ ਬਾਦਲ ਦਾ ਐਲਾਨ, ਅਕਾਲੀ ਦਲ ਦੀ ਸਰਕਾਰ 'ਚ ਹੋਵੇਗਾ ਦਲਿਤ ਉੱਪ ਮੁੱਖ ਮੰਤਰੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਚੰਡੀਗੜ: ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਵੱਡਾ ਐਲਾਨ ਕੀਤਾ ਹੈ। ਉਨਾਂ ਕਿਹਾ ਕਿ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਦਲਿਤ ਉੱਪ ਮੁੱਖ ਮੰਤਰੀ ਬਣਾਇਆ ਜਾਵੇਗਾ। ਉਨਾਂ ਕਿਹਾ ਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਦੇ ਆਦਰਸ਼ਾਂ 'ਤੇ ਚੱਲਣ ਵਿੱਚ ਸ਼੍ਰੋਮਣੀ ਅਕਾਲੀ ਦਲ ਮਾਣ ਮਹਿਸੂਸ ਕਰਦਾ ਹੈ। ਕਮਜ਼ੋਰ ਵਰਗਾਂ ਤੇ ਦੱਬੇ-ਕੁਚਲੇ ਲੋਕਾਂ ਦੀ



ਬਿਹਤਰੀ ਲਈ ਕੰਮ ਕਰਨ ਵਾਸਤੇ ਅਸੀਂ ਵਚਨਬੱਧ ਹਾਂ। ਸੁਖਬੀਰ ਬਾਦਲ ਨੇ ਕਿਹਾ ਹੈ ਕਿ ਜੇਕਰ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਆਉਂਦੀ ਹੈ ਤਾਂ ਡਿਪਟੀ ਸੀਐਮ ਦਲਿਤ ਹੋਵੇਗਾ।ਉਨਾਂ ਕਿਹਾ ਕਿ ਬਾਬਾ ਸਾਹਿਬ ਦੇ ੧੩੦ਵੇਂ ਜਨਮ ਦਿਵਸ ਮੌਕੇ ਮੈਂ ਵਾਅਦਾ ਕਰਦਾ ਹਾਂ ਕਿ ੨੦੨੨ ਵਿੱਚ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸੂਬੇ ਦਾ ਉਪ-ਮੁੱਖ ਮੰਤਰੀ ਦਲਿਤ ਭਾਈਚਾਰੇ ਤੋਂ ਹੋਵੇਗਾ। ਦੁਆਬੇ ਵਿੱਚ ਅਸੀਂ ਬਾਬਾ ਸਾਹਿਬ ਦੇ ਨਾਂ 'ਤੇ ਇੱਕ ਯੂਨੀਵਰਸਿਟੀ ਵੀ ਸਥਾਪਤ ਕਰਾਂਗੇ।

# ਦੀਪ ਸਿੱਧੂ ਦੇ ਸੰਯੁਕਤ ਕਿਸਾਨ ਮੋਰਚੇ ਵਿੱਚ ਜਾਣ ਉਪਰ ਲੱਗੀ ਪਾਬੰਦੀ

**ਗੁਰਦਾਸਪੁਰ/ਏ.ਟੀ.ਨਿਊਜ਼:** ਗੁਰਦਾਸਪੁਰ ਦੀ ਦਾਣਾ ਮੰਡੀ ਵਿੱਚ ਸਰਬ ਸਾਂਝੀ ਮਹਾ ਰੈਲੀ ਕਰਵਾਈ ਗਈ ਇਹ ਰੈਲੀ ਸੰਯੁਕਤ ਮਰਚੇ ਦੇ ਬੈਨਰ ਹੇਠ ਕਰਵਾਈ ਗਈ ਸੀ। ਇਸ ਵਿਚ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਰੁਲਦੂ ਸਿੰਘ, ਗੁਰਨਾਮ ਸਿੰਘ ਚੜੂਨੀ ਤੋਂ ਇਲਾਵਾ ਸੋਨੀਆ ਮਾਨ ਵੀ ਸ਼ਾਮਲ ਸੀ। ਕਿਸਾਨ ਆਗੂ ਨੇ ਦਿੱਲੀ ਮੋਰਚੇ ਨੂੰ ਹੋਰ ਮਜ਼ਬੂਤ ਕਰਨ ਲਈ ਲੋਕਾਂ ਨੂੰ ਅਪੀਲ ਕੀਤੀ ਨਾਲ ਹੀ ਇਹ ਵੀ ਕਿਹਾ ਕਿ 17 ਤਾਰੀਖ ਨੂੰ ਸੰਸਦ ਦੇ ਬਾਹਰ ਮਾਰਚ ਕਰਨ ਲਈ ਮੀਟਿੰਗ ਕੀਤੀ ਜਾਏਗੀ। ਕਿਸਾਨ ਆਗੂਆਂ ਨੇ ਕਿਹਾ ਕਿ ਜੋ ਲੱਖੇ ਸਿਧਾਣੇ ਦੇ ਭਰਾ ਨਾਲ ਹੋਇਆ, ਉਹ ਗ਼ਲਤ ਹੈ ਅਸੀਂ ਉਸ ਦੀ ਨਿੰਦਾ ਕਰਦੇ ਹਾਂ। ਲੱਖਾ ਸਿਧਾਣਾ ਸੰਯੁਕਤ ਕਿਸਾਨ ਮੋਰਚੇ ਦੀਆਂ ਸਟੇਜਾਂ ਤੋਂ ਬੋਲੇਗਾ ਪਰ ਦੀਪ ਸਿੱਧੂ ਦੀ ਵਾਪਸੀ ਸੰਯੁਕਤ ਕਿਸਾਨ ਮੋਰਚੇ ਵਿੱਚ ਸੰਭਵ ਨਹੀਂ ਹੈ।ਜੋ ਕੇਂਦਰੀ ਮੰਤਰੀ ਮੀਟਿੰਗ ਦਾ ਸੱਦਾ ਦੇ ਰਹੇ ਹਨ, ਉਹ ਮਹਿਜ ਇੱਕ ਦਿਖਾਵਾ ਹੈ।ਜੇ ਕੇਂਦਰ ਸਰਕਾਰ ਸਾਡੇ ਨਾਲ ਮੀਟਿੰਗ ਕਰਨਾ ਚਾਹੰਦੀ ਹੈ ਤੇ ਸਾਨੂੰ ਲਿਖਤੀ ਸੱਦਾ ਭੇਜੇ। ਕਿਸਾਨ ਆਗੂਆਂ ਨੇ ਇਹ ਵੀ ਕਿਹਾ ਕਿ ਅਸੀਂ 17 ਅਪ੍ਰੈਲ ਨੂੰ ਮੀਟਿੰਗ ਕਰਕੇ ਐਲਾਨ ਕਰਾਂਗੇ ਕਿ ਸੰਸਦ ਦਾ ਮਾਰਚ ਕਿੰਨੀ ਤਾਰੀਖ ਨੂੰ ਹੋਵੇਗਾ।

# ਮਾਈਕ੍ਰੋਚਿੱਪ ਕੋਰੋਨਾ ਵਾਇਰਸ ਦਾ 'ਖਾਤਮਾ' ਕਰੇਗੀ ਮਿੰਟਾਂ 'ਚ

**ਨਿਊਯਾਰਕ ਟਾਈਮਜ਼ ਦੀ ਰਿਪੋਰਟ:** ਵਾਸ਼ਿੰਗਟਨ-ਭਾਰਤ-ਅਮਰੀਕਾ ਸਮੇਤ ਤਮਾਮ ਦੇਸ਼ ਕੋਰੋਨਾ ਵਾਇਰਸ ਦੇ ਨਵੇਂ ਵੈਰੀਐਂਟ ਦੇ ਕਹਿਰ ਨਾਲ ਜੂਝ ਰਹੇ ਹਨ। ਕੋਰੋਨਾ ਨੂੰ ਫੈਲਣ ਤੋਂ ਰੋਕਣ ਲਈ ਤਮਾਮ ਦੇਸ਼ਾਂ 'ਚ ਵੈਕਸੀਨੇਸ਼ਨ ਦਾ ਕੰਮ ਜ਼ੋਰਾਂ 'ਤੇ ਹੈ। ਇਸ ਦਰਮਿਆਨ ਅਮਰੀਕੀ ਰੱਖੀਆ ਵਿਭਾਗ ਦੇ ਮੁੱਖ ਦਫਤਰ ਪੈਂਟਾਗਨ ਦੇ ਵਿਗਿਆਨੀਆਂ ਨੇ ਇਕ ਅਜਿਹੀ ਮਾਈਕ੍ਰੋਚਿੱਪ ਬਣਾਈ ਹੈ ਅਤੇ ਅਜਿਹੀ ਤਕਨਾਲੋਜੀ ਡਿਵੈੱਲਪ ਕੀਤੀ ਹੈ ਜੋ ਸਰੀਰ 'ਚ ਹੀ ਕੋਰੋਨਾ ਵਾਇਰਸ ਨੂੰ ਡਿਟੈਕਟ ਕਰ ਲਵੇਗੀ। ਇਸ ਮਾਈਕ੍ਰੋਚਿੱਪ ਨੂੰ ਲਾਉਂਦੇ ਹੀ ਇਹ ਤੁਹਾਡੇ ਸਰੀਰ 'ਚ ਕੋਰੋਨਾ ਵਾਇਰਸ ਦੇ ਲੱਛਣ ਨੂੰ ਬੇਹਦ ਆਸਾਨੀ ਨਾਲ ਪਛਾਣ ਲਵੇਗੀ ਅਤੇ ਬਾਅਦ 'ਚ ਵਾਇਰਸ ਨੂੰ ਫਿਲਟਰ ਰਾਹੀਂ ਖ਼ੂਨ ਤੋਂ ਕੱਢ ਦਿੱਤਾ ਜਾਵੇਗਾ। ਨਿਊਯਾਰਕ ਟਾਈਮਜ਼ ਦੀ ਇਕ ਰਿਪੋਰਟ ਮੁਤਾਬਕ ਇਸ ਨਵੀਂ ਤਕਨਾਲੋਜੀ ਨੂੰ ਡਿਫੈਂਸ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ (ਡੀ.ਏ. ਆਰ.ਪੀ.ਏ.) ਨੇ ਵਿਕਸਿਤ ਕੀਤਾ ਹੈ। ਇਸ ਟੀਮ ਨੂੰ ਲੀਡ ਕਰਨ ਵਾਲੇ ਪੈਂਡੇਮਿਕ ਐਕਸਪਰਟ ਰਿਟਾਇਰਡ ਕਰਨਲ ਡਾਂ. ਮੈਟ ਹੈਪਬਰਨ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਕੋਵਿਡ-੧੯ ਅੰਤਿਮ ਮਹਾਮਾਰੀ ਹੋਵੇਗੀ।

**ਕਿਵੇਂ ਕੰਮ ਕਰੇਗੀ ਮਾਈਕ੍ਰੋਚਿੱਪ ?**

ਡਾਂ. ਹੈਪਬਰਨ ਮੁਤਾਬਕ, 'ਚਿੱਪ 'ਚ ਇਕ ਜੈੱਲ ਪਾਈ ਗਈ ਹੈ ਜੋ ਕਿ ਕੁਝ ਹੱਦ ਤੱਕ ਟਿਸ਼ੂ ਵਰਗੀ ਦਿਖਾਈ ਦਿੰਦੀ ਹੈ। ਇਸ ਨੂੰ ਇਸ ਤਰਾਂ ਬਣਾਇਆ ਗਿਆ ਹੈ ਕਿ ਇਹ ਖ਼ੂਨ ਦੀ ਲਗਾਤਾਰ ਜਾਂਚ ਕਰ ਰਿਪੋਰਟ ਦੇਵੇਗੀ। ਇਸ ਦਾ ਰਿਜ਼ਲਟ ਵੀ ੩ ਤੋਂ ੫ ਮਿੰਟ ਦੇ ਅੰਦਰ ਤੁਹਾਨੂੰ ਮਿਲ ਜਾਵੇਗਾ। ਅਸੀਂ ਇਸ ਦੇ ਲਈ ਪੈਂਟਾਗਨ ਦੀ ਹੀ ਇਕ ਸਹਿਯੋਗੀ ਪੈਥੋਲਾਜੀ ਸੰਸਥਾ ਦੇ ਸਹਿਯੋਗ ਨਾਲ ਖ਼ੂਨ ਦੀ ਜਾਂਚ ਲਈ ਡਾਇਲਿਸਿਸ ਦੀ ਤਰਾਂ ਇਕ ਮਸ਼ੀਨ ਵਿਕਸਿਤ ਕੀਤੀ ਹੈ।

# ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਅੰਤਿਮ ਬਹਿਸ ਸੋਮਵਾਰ ਨੂੰ

## ਦੋਸ਼ੀ ਡੈਰਕ ਸ਼ੌਵਿਨ ਨੇ ਆਪਣੇ ਬਚਾਅ ਲਈ ਕੁਝ ਕਹਿਣ ਤੋਂ ਕੀਤੀ ਨਾਂਹ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਵਿਸ਼ਵ ਵਿਆਪੀ ਚਰਚਾ ਦਾ ਵਿਸ਼ਾ ਬਣੇ ਬਹੁਤ ਹੀ ਅਹਿਮ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਅੰਤਿਮ ਬਹਿਸ ਸੋਮਵਾਰ ਨੂੰ ਹੋਵੇਗੀ। ਇਸ ਤੋਂ ਪਹਿਲਾਂ ਇਸ ਮਾਮਲੇ ਵਿਚ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਮਿਨੀਪੋਲਿਸ ਦੇ ਸਾਬਕਾ ਪੁਲਿਸ ਅਫਸਰ ਡੈਰਕ ਸ਼ੌਵਿਨ ਨੇ ਅਦਾਲਤ ਵਿਚ ਆਪਣੇ ਬਚਾਅ ਲਈ ਕੋਈ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਸੁਣਵਾਈ ਦੌਰਾਨ ਬਚਾਅ ਪੱਖ ਨੇ ਜਾਰਜ ਫਲਾਈਡ ਦੀ ਮੌਤ ਦਾ ਕਾਰਨ ਉਸ ਦੇ ਦਿਲ ਦੀ ਬਿਮਾਰੀ ਤੇ ਡਰੱਗ ਦੀ ਵਰਤੋਂ ਦਸਿਆ। ਦੂਸਰੇ ਪਾਸੇ ਇਸਤਗਾਸਾ ਧਿਰ ਨੇ ਕਿਹਾ ਕਿ ਫਲਾਈਡ ਦੀ ਮੌਤ ਉਸ ਦਾ ਸਾਹ ਬੰਦ ਹੋਣ ਕਾਰਨ ਹੋਈ। ਡੈਰਕ ਸ਼ੌਵਿਨ ਨੇ ਫਲਾਈਡ ਦੀ ਧੌਣ ਨੂੰ 9 ਮਿੰਟ ਤੋਂ ਵੱਧ ਸਮਾਂ ਦਬਾਇਆ ਜਿਸ ਦੌਰਾਨ ਸਾਹ ਰੁਕਣ ਕਾਰਨ ਦਿਲ 'ਤੇ ਦਬਾਅ ਵਧ ਗਿਆ ਤੇ ਉਸ ਦੀ ਮੌਤ ਹੋ ਗਈ। ਇਸ ਮਾਮਲੇ ਦੀ ਪਿਛਲੇ 11 ਦਿਨ ਹੋਈ ਸੁਣਵਾਈ ਦੌਰਾਨ 38 ਗਵਾਹੀਆਂ ਭੁਗਤੀਆਂ ਜਿਨਾਂ ਵਿਚ ਘਟਨਾ ਸਮੇਂ ਨੇੜਿਉਂ ਲੰਘ ਰਹੇ ਲੋਕ ਵੀ ਸ਼ਾਮਿਲ ਸਨ।

# ਥਾਣਾ ਮੁਖੀ ਭੁਲੱਥ ਖਿਲਾਫ ਪੈਸੇ ਲੈਣ ਤੇ ਨਾਬਾਲਗ ਬੱਚਿਆਂ ਨੂੰ ਨਜਾਇਜ਼ ਹਿਰਾਸਤ ਵਿੱਚ ਰੱਖਣ ਦੇ ਦੋਸ਼

## ਪੀੜਤ ਬੱਚਿਆਂ ਨੇ ਦੋਸ਼ਾਂ ਸਬੰਧੀ ਹਲਫ਼ੀਆ ਬਿਆਨ ਤੇ ਵੀਡੀਉ ਰਿਕਾਰਡਿੰਗ ਰਾਹੀਂ ਪ੍ਰੈੱਸ ਕਾਨਫਰੰਸ ਕਰਕੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕੀਤੀ

**ਭੁਲੱਥ/(ਅਜੈ ਗੋਗਨਾ):** ਜ਼ਿਲਾ ਕਪੂਰਥਲਾ ਦੇ ਥਾਣਾ ਭੁਲੱਥ ਦੇ ਪਿੰਡ ਖੱਸਣ ਦੇ ਦੋ ਨਾਬਾਲਗ ਬੱਚਿਆਂ ਵਲੋਂ ਪ੍ਰੈੱਸ ਕਾਨਫਰੰਸ ਦੌਰਾਨ ਥਾਣਾ ਮੁਖੀ ਭੁਲੱਥ ਅਮਨਪ੍ਰੀਤ ਕੌਰ ਤੇ ਨਜਾਇਜ਼ ਪੈਸੇ ਵਸੂਲਣ ਅਤੇ ਉਨਾਂ ਨੂੰ ਨਜਾਇਜ਼ ਹਿਰਾਸਤ ਵਿਚ ਰੱਖਣ ਤੇ ਉਨਾਂ ਨੂੰ ਨਜਾਇਜ਼ ਕੇਸਾਂ ਵਿੱਚ ਫਸਾਉਣ ਦੇ ਇਲਜਾਮ ਲਗਾਉਂਦੇ ਹੋਏ ਉਚ ਅਧਿਕਾਰੀਆਂ ਕੋਲੋਂ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨਾਂ ਪੱਤਰਕਾਰਾਂ ਨੂੰ ਇਨਾਂ ਦੋਸ਼ਾਂ ਸਬੰਧੀ ਹਲਫ਼ੀਆ ਬਿਆਨ ਤੇ ਵੀਡੀਓ ਰਿਕਾਰਡਿੰਗ ਰਾਹੀਂ ਜਾਣਕਾਰੀ ਦਿੰਦਿਆਂ ਲੜਕੀ ਗੁਰਬਿੰਦਰ ਕੌਰ ਤੇ ਉਸ ਦੇ ਭਰਾ ਲੜਕੇ ਅਨਮੋਲ ਸਿੰਘ ਨੇ ਦੱਸਿਆ ਕਿ ਉਨਾਂ ਦੇ ਘਰ ਮਿਤੀ 25 ਮਾਰਚ ਨੂੰ ਉਕਤ ਥਾਣਾ ਮੁਖੀ ਭੁਲੱਥ ਅਮਨਪ੍ਰੀਤ ਕੌਰ ਨੇ ਪੁਲਿਸ ਪਾਰਟੀ ਸਮੇਤ ਬਿਨਾਂ ਕਿਸੇ ਵਾਰੰਟ ਤੋਂ, ਬਿਨਾਂ ਪਿੰਡ ਖੱਸਣ ਦੇ ਕਿਸੇ ਵੀ ਮੋਹਤਬਰ ਵਿਅਕਤੀ ਤੋਂ ਸਾਡੇ ਘਰ ਵਿੱਚ ਦਾਖਲ ਹੋ ਕੇ ਸਾਡੇ ਘਰ ਦੀ ਤਲਾਸ਼ੀ ਲਈ। ਉਨਾਂ ਕਿਹਾ ਕਿ ਇਸ ਤਲਾਸ਼ੀ ਦੌਰਾਨ ਉਨਾਂ ਦੇ ਘਰ ਪੇਟੀ ਵਿੱਚ ਰੱਖੇ 80000 ਹਜ਼ਾਰ ਰੁਪਏ ਥਾਣਾ ਮੁਖੀ ਭੁਲੱਥ ਨੇ ਕੱਢ ਲਏ ਤੇ ਇਸ ਤੋਂ ਇਲਾਵਾ ਇਨਾਂ ਨਾਲ ਸ਼ਾਮਲ ਇਕ ਹੋਰ ਮੁਲਾਜ਼ਮ ਵਲੋਂ ਛੇ ਹਜ਼ਾਰ ਰੁਪਏ ਉਨਾਂ ਕੋਲੋਂ ਇਹ ਕਹਿ ਕੇ ਲੈ ਲਏ ਕਿ ਜਾਣ ਲੱਗੇ ਤੁਹਾਨੂੰ ਵਾਪਸ ਕਰ ਦਿੱਤੇ ਜਾਣਗੇ। ਉਨਾਂ ਕਿਹਾ ਉਨਾਂ ਕੋਲੋਂ ਕੋਈ ਬਰਾਮਦਗੀ ਨਹੀਂ ਹੋਈ ਪ੍ਰੰਤੂ ਉਨਾਂ ਦੇ ਪਿਤਾ ਜੋ ਪਿਛਲੇ ਸਮੇਂ ਤੋਂ ਚੱਲ ਫਿਰ ਨਹੀਂ ਸਕਦੇ, ਨੂੰ ਲੈ ਚਲੇ ਤਾਂ ਉਨਾਂ ਥਾਣਾ ਮੁਖੀ ਭੁਲੱਥ ਨੂੰ ਕਾਰਨ ਪੁਛਿਆ। ਇਸ ਉਤੇ ਥਾਣਾ ਮੁਖੀ ਭੁਲੱਥ ਅਮਨਪ੍ਰੀਤ ਕੌਰ ਨੇ ਉਨਾਂ ਦੇ ਪਿਤਾ ਨੂੰ ਛੱਡਣ ਲਈ ਦੋ ਲੱਖ ਰੁਪਏ ਦੀ ਮੰਗ ਕੀਤੀ ਗਈ। ਇਸ ਉਪਰੰਤ ਉਨਾਂ ਦੇ ਪਿਤਾ ਨੇ ਇਕ ਲੱਖ ਰੁਪਏ ਦੀ ਰਕਮ ਘਰੋਂ ਚੁੱਕਣ ਸਬੰਧੀ ਕਹਿਣ ਤੇ ਥਾਣਾ ਮੁਖੀ ਵਲੋਂ ਇੱਕ ਲੱਖ ਰੁਪਏ ਹੋਰ ਦੀ ਮੰਗ ਕੀਤੀ ਤੇ ਮੇਰੇ ਪਿਤਾ ਕੋਲੋਂ



ਸਹਿਕਾਰੀ ਬੈਂਕ ਪਿੰਡ ਖੱਸਣ ਦਾ ਚੈਕ ਥਾਣਾ ਮੁਖੀ ਵਲੋਂ ਭਰਵਾਇਆ ਗਿਆ ਤੇ ਜਲਦ ਤੋਂ ਜਲਦ ਪੈਸੇ ਲਿਆਉਣ ਲਈ ਹਦਾਇਤ ਕੀਤੀ। ਬੱਚਿਆਂ ਨੇ ਕਿਹਾ ਉਨਾਂ ਵੱਲੋਂ ਬੈਂਕ ਵਿਚੋਂ ਪੈਸੇ ਕੱਢਵਾ ਕੇ ਥਾਣਾ ਮੁਖੀ ਭੁਲੱਥ ਅਮਨਪ੍ਰੀਤ ਨੂੰ ਭੁਲੱਥ ਖੱਸਣ ਰੋਡ ਤੇ ਬਾਜਵਾ ਸੀਮੈਂਟ ਸਟੋਰ ਅਤੇ ਉੱਥੇ ਲੱਗੇ ਇਕ ਆਰੇ ਦੇ ਵਿਚਕਾਰ ਦਿੱਤੇ ਗਏ। ਉਨਾਂ ਦੱਸਿਆ ਕਿ ਤੁਸੀਂ ਥਾਣੇ ਆ ਜਾਓ ਤੇ ਆਪਣੇ ਪਿਤਾ ਨੂੰ ਨਾਲ ਲੈ ਕੇ ਚਲੇ ਜਾਣਾ। ਰਾਤ ਨੂੰ 11 ਵਜੇ ਤੱਕ ਉਨਾਂ ਥਾਣੇ ਵਿੱਚ ਨਜਾਇਜ਼ ਹਿਰਾਸਤ ਵਿਚ ਰੱਖਣ ਦਾ ਦਾਅਵਾ ਬੱਚਿਆਂ ਵਲੋਂ ਕੀਤਾ ਗਿਆ ਤੇ ਉਨਾਂ ਨੂੰ ਨਜਾਇਜ਼ ਪ੍ਰੇਸ਼ਾਨ ਵੀ ਕੀਤਾ ਗਿਆ। ਗੁਰਬਿੰਦਰ ਕੌਰ ਅਤੇ ਅਨਮੋਲ ਸਿੰਘ ਨੇ ਦੱਸਿਆ ਕਿ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਉਨਾਂ ਦੇ ਪਿਤਾ ਦਾ ਨਸ਼ੀਲੇ ਟੀਕੇ ਪਾ ਕੇ ਚਲਾਨ ਕੱਟਿਆ ਗਿਆ ਤੇ ਜਦੋਂ ਉਨਾਂ ਤੋਂ ਪੈਸਿਆਂ ਦੀ ਮੰਗ ਕੀਤੀ ਗਈ ਤਾਂ ਥਾਣਾ ਮੁਖੀ ਭੁਲੱਥ ਅਮਨਪ੍ਰੀਤ ਕੌਰ ਨੇ ਉਸਦੇ ਨਾਬਾਲਗ ਭਰਾ ਅਨਮੋਲ ਤੇ ਪਰਚਾ ਦਰਜ ਕਰਨ ਦੀ ਧਮਕੀ ਦਿੱਤੀ। ਨਬਾਲਗ ਦੋਵਾਂ ਬੱਚਿਆਂ ਜਿਨਾਂ ਦੀ ਮਾਂ ਦੀ ਕੁਝ ਸਮੇਂ ਪਹਿਲੇ ਮੌਤ ਹੋ ਚੁੱਕੀ ਹੈ ਤੇ ਪਿਤਾ ਜੋ ਪਿਛਲੇ ਸਮੇਂ ਤੋਂ ਚੱਲਣ ਫਿਰਨ ਤੋਂ ਅਸਮਰੱਥ ਹੈ ਤੇ ਬਿਨਾਂ ਪਿੰਡ ਦੇ ਮੋਹਤਬਰ ਵਿਅਕਤੀਆਂ ਦੀ ਹਾਜ਼ਰੀ ਤੋਂ ਪਰਚਾ ਦਰਜ ਕਰ ਦੇਣਾ

**ਬਾਕੀ ਸਫ਼ਾ 31 'ਤੇ**

# ਮਿਨੀਪੋਲਿਸ ਵਿਚ ਕਾਲੇ ਵਿਅਕਤੀ ਦੀ ਪੁਲਿਸ ਗੋਲੀ ਨਾਲ ਹੋਈ ਮੌਤ ਉਪਰੰਤ ਪ੍ਰਦਰਸ਼ਨ

## 40 ਗ੍ਰਿਫ਼ਤਾਰ, ✪ ਗੋਲੀ ਮਾਰਨ ਵਾਲੇ ਪੁਲਿਸ ਅਧਿਕਾਰੀ ਤੇ ਪੁਲਿਸ ਮੁੱਖੀ ਵੱਲੋਂ ਅਸਤੀਫ਼ਾ ✪ ਪ੍ਰਦਰਸ਼ਨ ਗੈਰ ਕਾਨੂੰਨੀ ਕਰਾਰ

**ਬਰੁਕਲਿਨ ਸੈਂਟਰ, ਮਿਨੀਪੋਲਿਸ (ਹੁਸਨ ਲੜੋਆ ਬੰਗਾ):** ਮਿਨੀਪੋਲਿਸ ਵਿਚ ਪੁਲਿਸ ਵੱਲੋਂ ਚਲਾਈ ਗੋਲੀ ਨਾਲ ੨੦ ਸਾਲਾ ਕਾਲੇ ਵਿਅਕਤੀ ਡੌਂਟ ਰਾਈਟ ਦੀ ਹੋਈ ਮੌਤ ਉਪਰੰਤ ਲੋਕਾਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ ਤੇ ਇਨਸਾਫ ਦੀ ਮੰਗ ਕੀਤੀ ਗਈ। ਪ੍ਰਦਰਸ਼ਨ ਦੌਰਾਨ ਪੁਲਿਸ ਨੇ ੪੦ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ।

**ਪ੍ਰਦਰਸ਼ਨਕਾਰੀਆਂ ਨਾਲ ਟਕਰਾਅ ਦੌਰਾਨ**

ਬਰੁੱਕਲਿਨ ਸੈਂਟਰ ਪੁਲਿਸ ਸਟੇਸ਼ਨ ਵਿਖੇ ਪ੍ਰਦਰਸ਼ਨ ਕਾਰੀ ਇਕੱਠੇ ਹੋਏ ਜਿਨਾਂ ਨੂੰ ਕਾਬੂ ਕਰਨ ਲਈ ਪੁਲਿਸ ਵੱਲੋਂ ਉਨਾਂ ਉਪਰ ਮਿਰਚਾਂ ਦੀ ਸਪਰੇਅ ਕੀਤੀ ਗਏ ਤੇ ਫਲੈਸ਼ ਬੰਬ ਸੁੱਟੇ ਗਏ। ਲੋਕ ਉਸ ਸਥਾਨ 'ਤੇ ਇਕੱਠੇ ਹੋਏ ਜਿਥੇ ਡੌਂਟ ਰਾਈਟ ਨੂੰ ਗੋਲੀ ਮਾਰੀ ਗਈ ਸੀ। ਉਥੇ ਸਥਾਪਿਤ ਕੀਤੇ ਡੌਂਟ ਰਾਈਟ ਦੇ ਬੁੱਤ ਉਪਰ ਫੁੱਲਾਂ ਨਾਲ ਸ਼ਰਧਾਂਜਲੀ ਦਿੱਤੀ ਗਈ। ਮੋਮਬੱਤੀਆਂ ਜਗਾਈਆਂ ਗਈਆਂ। ਲੋਕਾਂ ਨੇ ਵੱਖ ਵੱਖ ਸੁਨੇਹਿਆਂ ਨਾਲ ਰਾਈਟ ਨੂੰ ਯਾਦ ਕੀਤਾ। ਰਾਈਟ ਦੀ ਮਾਂ ਕੇਟੀ ਰਾਈਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨਾਂ ਦਾ ਸਭ ਕੁੱਝ ਖੋਹ ਲਿਆ ਗਿਆ ਹੈ। ਉਹ ਬਹੁਤ ਹੀ ਪਿਆਰਾ ਤੇ ਹਮੇਸ਼ਾਂ ਖੁਸ਼ ਰਹਿਣ ਵਾਲਾ ਮਨੁੱਖ ਸੀ।






ਮਿਨੀਪੋਲਿਸ ਵਿਚ ਪੁਲਿਸ ਨੇ ਪ੍ਰਦਰਸ਼ਨਾਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਹੈ । ਅਮਰੀਕਾ ਦੇ ਹੋਰ ਸ਼ਹਿਰਾਂ ਵਿਚ ਵੀ ਇਨਸਾਫ ਨੂੰ ਲੈ ਕੇ ਪ੍ਰਦਰਸ਼ਨਾਂ ਦਾ ਸਿਲਸਲਾ ਸ਼ੁਰੂ ਹੋ ਗਿਆ ਹੈ। ਪਿਛਲੇ ਸਾਲ ਮਈ ਵਿਚ ਇਸੇ ਸ਼ਹਿਰ ਵਿਚ ਹੀ ਪੁਲਿਸ ਹੱਥੋਂ ਜਾਰਜ ਫਲਾਇਡ ਨਾਮੀ ਕਾਲਾ ਵਿਅਕਤੀ ਮਾਰਿਆ ਗਿਆ ਸੀ ਜਿਸ ਤੋਂ ਬਾਅਦ ਨਸਲੀ ਨਿਆਂ ਤੇ ਪੁਲਿਸ ਦੇ ਅਤਿਆਚਾਰਾਂ ਵਿਰੁੱਧ ਵਿਆਪਕ ਪ੍ਰਦਰਸ਼ਨ ਹੋਏ ਸਨ। 'ਬਲੈਕ ਲਿਵਜ਼ ਮੈਟਰ' ਦੇ ਬੈਨਰ ਹੇਠ ਜਗਾ-ਜਗਾ ਲੋਕਾਂ ਨੇ ਕਾਲਿਆਂ ਨਾਲ ਹੁੰਦੇ ਭੇਦਭਾਵ ਤੇ ਹੁੰਦੀਆਂ ਵਧੀਕੀਆਂ ਨੂੰ ਲੈ ਕੇ ਇਨਸਾਫ ਦੀ ਮੰਗ ਨੂੰ ਲੈ ਕੇ ਵਿਖਾਵੇ ਕੀਤੇ ਸਨ। ਇਸ ਅੰਦੋਲਨ ਨੇ ਅਮਰੀਕੀਆਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਰਖ ਦਿੱਤਾ ਸੀ।

**ਪੁਲਿਸ ਅਧਿਕਾਰੀ ਵੱਲੋਂ ਅਸਤੀਫਾ**

੨੬ ਸਾਲਾ ਪੁਲਿਸ ਅਧਿਕਾਰੀ ਕਿਮ ਪੌਟਰ ਜਿਸ ਵੱਲੋਂ ਮਿਨੀਪੋਲਿਸ ਨੀਮ ਸ਼ਹਿਰੀ ਖੇਤਰ ਵਿਚ ਇਕ ਪੁਲਿਸ ਨਾਕਾਬੰਦੀ 'ਤੇ ਡੌਂਟ ਰਾਈਟ ਨਾਮੀ ਕਾਲੇ ਵਿਅਕਤੀ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ, ਨੇ ਅਸਤੀਫਾ ਦੇ ਦਿੱਤਾ ਹੈ। ਇਹ ਐਲਾਨ ਮੇਅਰ ਮਾਈਕ ਇਲੀਓਟ ਨੇ ਕੀਤਾ ਹੈ।

ਮੇਅਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨਾਂ ਨੇ ਪੁਲਿਸ ਅਧਿਕਾਰੀ ਨੂੰ ਅਸਤੀਫਾ ਦੇਣ ਲਈ ਨਹੀਂ ਕਿਹਾ ਸੀ ਪਰ ਉਹ ਖੁਦ ਹੀ ਅਸਤੀਫਾ ਦੇ ਗਈ ਹੈ। ਪੌਟਰ ਨੇ ਆਪਣੇ ਅਸਤੀਫੇ ਵਿਚ ਲਿਖਿਆ ਹੈ 'ਮੈ ਇਕ ਪੁਲਿਸ ਅਧਿਕਾਰੀ ਵਜੋਂ ਹਰ ਪਲ ਨੂੰ ਪਿਆਰ ਕੀਤਾ ਹੈ ਤੇ ਆਪਣੀ ਪੂਰੀ ਸਮਰੱਥਾ ਨਾਲ ਭਾਈਚਾਰੇ ਦੀ ਸੇਵਾ ਕੀਤੀ ਹੈ ਪਰੰਤੂ ਮੈ ਵਿਸ਼ਵਾਸ਼ ਕਰਦੀ ਹਾਂ ਕਿ ਮੇਰੇ ਵੱਲੋਂ ਤੁਰੰਤ ਅਸਤੀਫਾ ਦੇਣਾ ਭਾਈਚਾਰੇ, ਵਿਭਾਗ ਤੇ ਮੇਰੇ ਸਾਥੀ ਅਫਸਰਾਂ ਦੇ ਹਿੱਤ ਵਿਚ ਰਹੇਗਾ। ਉਸ ਤੋਂ ਬਾਅਦ ਸ਼ਹਿਰ ਦੇ ਪੁਲਿਸ ਮੁੱਖੀ ਟਿਮ ਗੈਨਨ ਵੀ ਅਸਤੀਫ਼ਾ ਦੇ ਗਏ।

## ਨਸ਼ਾ ਸਮਗਲਰ ਵਿਰੁੱਧ ਪਿੰਡਾਂ ਦੀਆਂ ਪੰਚਾਇਤਾਂ ਸਖ਼ਤ, ਪੁਲਿਸ ਦੇਵੇਗੀ ਸਾਥ

**ਬਰਨਾਲਾ/ਏ.ਟੀ.ਨਿਊਜ਼ :** ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਬਰਨਾਲਾ ਜ਼ਿਲੇ ਵਿੱਚ ਵੱਡਾ ਹੁੰਗਾਰਾ ਮਿਲ ਰਿਹਾ ਹੈ। ਜ਼ਿਲੇ ਦੇ ਮਹਿਲ ਕਲਾਂ ਅਤੇ ਸ਼ਹਿਣਾ ਬਲਾਕ ਦੀਆਂ 20 ਪੰਚਾਇਤਾਂ ਵੱਲੋਂ ਨਸ਼ਿਆਂ ਵਿਰੁੱਧ ਬਰਨਾਲਾ ਪੁਲਿਸ ਦਾ ਸਾਥ ਦੇਣ ਦਾ ਐਲਾਨ ਕੀਤਾ ਗਿਆ ਹੈ। ਜਿਸ ਤਹਿਤ ਪੰਚਾਇਤਾਂ ਵੱਲੋਂ ਨਸ਼ਿਆਂ ਵਿਰੁੱਧ ਮਤੇ ਪਾਸ ਕਰਕੇ ਐਸਐਸਪੀ ਬਰਨਾਲਾ ਸੰਦੀਪ ਗੋਇਲ ਨੂੰ ਸੌਂਪੇ ਗਏ ਹਨ।

ਪੰਚਾਇਤਾਂ ਵੱਲੋਂ ਪਾਏ ਗਏ ਮਤਿਆਂ ਅਨੁਸਾਰ ਜੇਕਰ ਪਿੰਡਾਂ ਵਿੱਚੋਂ ਕੋਈ ਵੀ ਵਿਅਕਤੀ ਨਸ਼ਾ ਤਸਕਰੀ ਕਰਦਾ ਫੜਿਆ ਜਾਂਦਾ ਹੈ ਤਾਂ ਕੋਈ ਵੀ ਪੰਚਾਇਤੀ ਨੁਮਾਇੰਦਾ ਉਸ ਪਿੱਛੇ ਨਹੀਂ ਜਾਵੇਗਾ। ਇਸ ਤੋਂ ਇਲਾਵਾ ਪਿੰਡ ਦਾ ਕੋਈ ਵਿਅਕਤੀ ਨਸ਼ਾ ਤਸਕਰ ਦੀ ਜ਼ਮਾਨਤ ਨਹੀਂ ਦੇਵੇਗਾ ਅਤੇ ਨਾ ਹੀ ਉਸਦੇ ਹੱਕ ਵਿੱਚ ਗਵਾਹੀ ਦੇਵੇਗਾ।

ਇਸਤੋਂ ਇਲਾਵਾ ਨਸ਼ਾ ਵੇਚਣ ਵਾਲੇ ਵਿਅਕਤੀਆਂ ਦੀ ਵੀ ਸੂਚਨਾ ਪੰਚਾਇਤਾਂ ਪੁਲਿਸ ਨੂੰ ਦੇਣਗੀਆਂ। ਨਸ਼ਿਆਂ ਵਿਰੁੱਧ ਮਤੇ ਪਾਸ ਕਰਨ ਵਾਲੀਆਂ ਵਿੱਚ ਪਿੰਡ ਟੱਲੇਵਾਲ, ਰਾਮਗੜ, ਮੱਝੂਕੇ, ਬੀਹਲਾ ਖ਼ੁਰਦ, ਚੰਨਣਵਾਲ, ਗਹਿਲਾਂ, ਦੀਵਾਨਾ, ਸੱਦੋਵਾਲ, ਤਲਵੰਡੀ, ਪੱਤੀ ਦੀਪ ਸਿੰਘ ਵਾਲਾ, ਵਿਧਾਤਾ, ਭੋਤਨਾ, ਚੂੰਘਾਂ, ਮੱਲੀਆਂ, ਪੱਖੋਕੇ, ਕੈਰੇ, ਉਗੋਕੇ, ਜੋਧਪੁਰ, ਜਵੰਧਾ ਕੋਠੇ ਅਤੇ ਜੰਗੀਆਣਾ ਪਿੰਡਾਂ ਦੀਆਂ ਪੰਚਾਇਤਾਂ ਸ਼ਾਮਲ ਹਨ।

ਬਰਨਾਲਾ ਦੇ ਐਸਐਸਪੀ ਸੰਦੀਪ ਗੋਇਲ ਨੇ ਪੰਚਾਇਤਾਂ ਦੇ ਇਸ ਫ਼ੈਸਲੇ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਜ਼ਿਲੇ ਵਿੱਚੋਂ ਨਸ਼ਾ ਖ਼ਤਮ ਕਰਨ ਵਿੱਚ ਪੰਚਾਇਤਾਂ ਦਾ ਇਹ ਕਦਮ ਸਹਾਈ ਹੋਵੇਗਾ। ਇਸ ਮੌਕੇ ਟੱਲੇਵਾਲ ਦੇ ਸਰਪੰਚ ਹਰਸ਼ਰਨ ਸਿੰਘ ਧਾਲੀਵਾਲ, ਰਾਮਗੜ ਦੇ ਸਰਪੰਚ ਰਾਜਵਿੰਦਰ ਸਿੰਘ ਰਾਜਾ ਅਤੇ ਗਹਿਲ ਦੇ ਸਰਪੰਚ ਸਾਉਣ ਸਿੰਘ ਨੇ ਦੱਸਿਆ ਕਿ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਦਾ ਵੱਡਾ ਨੁਕਸਾਨ ਕੀਤਾ ਹੈ। ਜਿਸ ਕਰਕੇ ਪੰਚਾਇਤਾਂ ਨੇ ਮਿਲ ਕੇ ਨਸ਼ਿਆਂ ਵਿਰੁੱਧ ਸਖ਼ਤ ਕਦਮ ਚੁੱਕਦਿਆਂ ਮਤੇ ਪਾਸ ਕੀਤੇ ਹਨ।

ਇਨਾਂ ਮਤਿਆਂ ਵਿੱਚ ਸਪੱਸ਼ਟ ਲਿਖਿਆ ਗਿਆ ਹੈ ਕਿ ਜੇਕਰ ਪਿੰਡਾਂ ਵਿੱਚੋਂ ਕੋਈ ਵਿਅਕਤੀ ਨਸ਼ਾ ਵੇਚਦਾ ਫ਼ੜਿਆ ਜਾਂਦਾ ਹੈ ਤਾਂ ਕੋਈ ਪੰਚਾਇਤੀ ਨੁਮਾਇੰਦਾ ਉਨਾਂ ਦੇ ਪਿੱਛੇ ਨਹੀਂ ਜਾਵੇਗਾ। ਪਿੰਡ ਦਾ ਕੋਈ ਵਿਅਕਤੀ ਨਸ਼ਾ ਤਸਕਰ ਦੀ ਜ਼ਮਾਨਤ ਨਹੀਂ ਕਰਵਾਏਗਾ ਅਤੇ ਨਾ ਹੀ ਗਵਾਹੀ ਦੇਵੇਗਾ।

ਬਾਕੀ ਸਫ਼ਾ 31 'ਤੇ

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਊਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਕੋਟਕਪੂਰਾ ਗੋਲੀ ਕਾਂਡ ,ਪੰਥਕ ਤੇ ਸਿਆਸੀ ਧਿਰਾਂ ਵੱਲੋਂ ਧਰਨਾ














## ਅੰਮ੍ਰਿਤਸਰ ਟਾਈਮਜ਼ ਬਿਊਰੋ

***ਬਰਗਾੜੀ ਮੋਰਚੇ ਦੇ ਆਗੂ ਰਹੇ ਗ਼ੈਰ-ਹਾਜ਼ਰ***

*ਬੇਅਦਬੀ ਮਾਮਲੇ 'ਚ ਸਿੱਧੂ ਕੈਪਟਨ ਤੋਂ ਔਖੇ ,ਕਿਹਾ ਕਿ ਜੋ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕਦਾ, ਉਹ ਹੋਰ ਕੀ ਪੰਜਾਬ ਦਾ ਸਵਾਰ ਦੇਵੇਗਾ

ਫ਼ਰੀਦਕੋਟ, ਕੋਟਕਪੂਰਾ ਗੋਲੀ ਕਾਂਡ ਵਿੱਚ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਰਿਪੋਰਟ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਰੱਦ ਕੀਤੇ ਜਾਣ ਤੋਂ ਬਾਅਦ ਨਿਰਾਸ਼ ਹੋਈਆਂ ਸਿੱਖ ਜਥੇਬੰਦੀਆਂ ਅਤੇ ਕੁਝ ਸਿਆਸੀ ਧਿਰਾਂ ਨੇ ਫ਼ਰੀਦਕੋਟ ਕੋਟਕਪੂਰਾ ਰੋਡ ਤੇ ਬੱਤੀਆਂ ਵਾਲੇ ਚੌਕ ਵਿਚ ਰੋਸ ਧਰਨਾ ਦਿੱਤਾ।

ਇਹ ਉਹੀ ਚੌਕ ਹੈ ਜਿੱਥੇ ੧੪ ਅਕਤੂਬਰ ੨੦੧੫ ਨੂੰ ਗੋਲੀ ਕਾਂਡ ਵਾਪਰਿਆ ਸੀ। ਹਾਲਾਂਕਿ ਇਸ ਰੋਸ ਧਰਨੇ ਵਿੱਚ ਬਰਗਾੜੀ ਮੋਰਚੇ ਦੀ ਅਗਵਾਈ ਕਰਨ ਵਾਲੇ ਪੰਥਕ ਆਗੂ ਸ਼ਾਮਲ ਨਹੀਂ ਹੋਏ। ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਪੰਥਕ ਆਗੂ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਕਿਹਾ ਕਿ ਗਿਣੀ ਮਿੱਥੀ ਸਾਜਿਸ਼ ਤਹਿਤ ਪੜਤਾਲ ਰਿਪੋਰਟ ਰੱਦ ਕੀਤੀ ਗਈ ਹੈ। ਉਨਾਂ ਕਿਹਾ ਕਿ ਕੋਟਕਪੂਰਾ ਗੋਲ਼ੀ ਕਾਂਡ ਵਿੱਚ ਵੱਡੇ ਲੋਕ ਸ਼ਾਮਲ ਹਨ ਅਤੇ ਉਹ ਨਿਆਂ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਰਹੇ ਹਨ।

ਪੰਥਕ ਆਗੂ ਸੁਰਜੀਤ ਸਿੰਘ ਅਰਾਈਆਂਵਾਲਾ ਅਤੇ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਛੇ ਸਾਲ ਬਾਅਦ ਵੀ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ। ਬਾਸਕਟਬਾਲ ਦੇ ਕੌਮੀ ਖਿਡਾਰੀ ਗੁਰਦਿੱਤ ਸਿੰਘ ਸੇਖੋਂ ਅਤੇ ਗੁਰਸੇਵਕ ਸਿੰਘ ਭਾਣਾ ਨੇ ਕਿਹਾ ਕਿ ਇਨਸਾਫ਼ ਅਤੇ ਨਿਰਪੱਖ ਜਾਂਚ ਦੇ ਨਾਂ 'ਤੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਇਸ ਤੋਂ ਪਹਿਲਾਂ ਜਸਟਿਸ ਜ਼ੋਰਾ ਸਿੰਘ ਕਮਿਸ਼ਨ, ਜਸਟਿਸ ਰਣਜੀਤ ਸਿੰਘ ਕਮਿਸ਼ਨ ਸਮੇਤ ਚਾਰ ਜਾਂਚ ਏਜੰਸੀਆਂ ਕੋਟਕਪੂਰਾ ਗੋਲ਼ੀ ਕਾਂਡ ਦੀ ਪੜਤਾਲ ਕਰ ਚੁੱਕੀਆਂ ਹਨ ਪ੍ਰੰਤੂ ਅੱਜ ਤੱਕ ਕਿਸੇ ਵੀ ਪੜਤਾਲ ਰਿਪੋਰਟ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸ ਤੋਂ ਸਰਕਾਰ ਦੇ ਮਨਸ਼ੇ ਜੱਗ ਜ਼ਾਹਿਰ ਹੁੰਦੇ ਹਨ।

ਪੀੜਤ ਪਰਿਵਾਰ ਦੇ ਮੈਂਬਰ ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਸਰਕਾਰ ਜਾਣ ਬੁੱਝ ਕੇ ਕਸੂਰਵਾਰਾਂ ਨੂੰ ਬਚਾ ਰਹੀ ਹੈ। ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਇਸ ਮਾਮਲੇ ਵਿੱਚ ਕਸੂਰਵਾਰਾਂ ਨੂੰ ਕਾਨੂੰਨ ਮੁਤਾਬਕ ਸਜ਼ਾ ਨਹੀਂ ਮਿਲਦੀ ਤਾਂ ਸਿੱਖ ਸੰਗਤਾਂ ਦੇਸ਼ ਭਰ ਵਿੱਚ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ। ਇਸ ਰੋਸ ਧਰਨੇ ਨੂੰ ਕੋਟਕਪੂਰੇ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਫਰੀਦਕੋਟ ਦੇ ਸਾਬਕਾ ਸਾਂਸਦ ਪ੍ਰੋ. ਸਾਧੂ ਸਿੰਘ, ਮਾਸਟਰ ਬਲਦੇਵ ਸਿੰਘ, ਅਵਤਾਰ ਸਿੰਘ ਸਹੋਤਾ ਅਤੇ ਜਸਪਾਲ ਸਿੰਘ ਸਾਦਿਕ ਨੇ ਵੀ ਸੰਬੋਧਨ ਕੀਤਾ।

**ਸਿੱਧੂ ਕੈਪਟਨ ਉਪਰ ਵਰੇ**

ਸਾਬਕਾ ਸੰਸਦ ਮੈਂਬਰ ਤੇ ਪੰਜਾਬ ਦੇ ਸਾਬਕਾ ਮੰਤਰੀ ਤੇ ਵਿਧਾਇਕ ਨਵਜੋਤ ਸਿੰਘ ਸਿੱਧੂ ਫ਼ਰੀਦਕੋਟ ਜ਼ਿਲੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਨਤਮਸਤਕ ਹੋਏ । ਇਸ ਮੌਕੇ ਉਨਾਂ ਨੇ ਬਹੁਚਰਚਿਤ ਕੋਟਕਪੂਰਾ ਗੋਲੀਕਾਂਡ ਦੇ ਤਾਜਾ ਘਟਨਾਕ੍ਰਮ ਨੂੰ ਲੈ ਕੇ ਆਪਣੀ ਹੀ ਕੈਪਟਨ ਸਰਕਾਰ ਨੂੰ ਘੇਰਦਿਆਂ ਕਈ ਤਰਾਂ ਦੇ ਸਵਾਲ ਕੀਤੇ ਅਤੇ ਮੰਗ ਕੀਤੀ ਕਿ ਜਿਸ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਜਾਂਚ ਲਈ ਬਣੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੰਜਾਬ ਵਿਧਾਨ ਸਭਾ 'ਚ ਰੱਖਣ ਉਪਰੰਤ ਜਨਤਕ ਕੀਤੀ ਗਈ ਸੀ । ਉਸੇ ਤਰਾਂ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਜਾਂਚ ਰਿਪੋਰਟ ਵੀ ਜਨਤਕ ਕੀਤੀ ਜਾਵੇ । ਇਸ ਤੋਂ ਇਲਾਵਾ ਡਰੱਗਜ਼ ਮਾਮਲੇ 'ਚ ਹਰਪ੍ਰੀਤ ਸਿੰਘ ਸਿੱਧੂ ਦੀ ਰਿਪੋਰਟ ਵੀ ਜਨਤਕ ਕਰ ਕੇ ਸਾਰੀ ਸਚਾਈ ਲੋਕਾਂ ਦੇ ਸਾਹਮਣੇ ਲਿਆਂਦੀ ਜਾਵੇ । ਆਪਣੇ ਅੰਦਾਜ਼ 'ਚ ਗੱਲ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਅੱਜ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਉਸ ਪਵਿੱਤਰ ਸਥਾਨ 'ਤੇ ਆਏ ਹਨ, ਜਿੱਥੇ ਗੁਰੂ ਸਾਹਿਬਾਨ ਦੇ ਪਾਵਨ ਚਰਨ ਪਏ ਹਨ । ਉਨਾਂ ਕਿਹਾ ਕਿ ਜਿਹੜਾ ਵਿਅਕਤੀ ਬੇਅਦਬੀ ਮਾਮਲੇ 'ਚ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕਦਾ, ਉਹ ਹੋਰ ਕੀ ਪੰਜਾਬ ਦਾ ਸਵਾਰ ਦੇਵੇਗਾ । ਉਨਾਂ ਕਿਹਾ ਕਿ ਇਨਸਾਫ਼ ਦੇਣ ਵਾਲਿਆਂ ਨੇ ਇਸ ਨੂੰ ਸ਼ਤਰੰਜ ਦੀ ਖੇਡ ਬਣਾ ਦਿੱਤਾ ਹੈ । ਇਸ ਮਾਮਲੇ 'ਚ ਗੋਲੀ ਦਾ ਹੁਕਮ ਦੇਣ ਵਾਲੇ ਹੁਕਮਰਾਨਾਂ ਦੀ ਘੇਰਾਬੰਦੀ ਕਰ ਕੇ ਉਨਾਂ ਨੂੰ ਸੁਰੱਖਿਅਤ ਕੀਤਾ ਗਿਆ ਤੇ ਨਿਸ਼ਾਨਾ ਪਿਆਦਿਆਂ ਨੂੰ ਬਣਾਇਆ ਗਿਆ ਹੈ ਤੇ ਕਟਹਿਰੇ 'ਚ ਖੜਾ ਕੀਤਾ ਗਿਆ ਹੈ । ਜਦੋਂ ਕਿ ਹੁਕਮ ਦੇਣ ਵਾਲਿਆਂ ਨੂੰ ਬਚਾਇਆ ਜਾ ਰਿਹਾ ਹੈ । ਉਨਾਂ ਕਿਹਾ ਕਿ ਕਾਨੂੰਨ ਤੱਥਾਂ ਦੇ ਆਧਾਰ 'ਤੇ ਫ਼ੈਸਲਾ ਕਰਦਾ ਹੈ, ਜਦੋਂ ਤੱਥ ਹੀ ਕਮਜ਼ੋਰ ਹੋਣ ਜਾਂ ਫਿਰ ਤੱਥ ਪੇਸ਼ ਕਰਨ ਵਾਲੇ ਕਮਜ਼ੋਰ ਹੋਣ ਤਾਂ ਫਿਰ ਇਨਸਾਫ਼ ਦੀ ਉਮੀਦ ਕਿੱਥੋਂ ਕੀਤੀ ਜਾ ਸਕਦੀ ਹੈ । ਉਨਾਂ ਮਿਸਾਲ ਦਿੰਦਿਆਂ ਕਿਹਾ ਕਿ ੧੩ ਅਪ੍ਰੈਲ ੧੯੧੯ ਜਲਿਆਂ ਵਾਲੇ ਬਾਗ਼ ਦੇ ਸਾਕੇ ਦੇ ਦੁੱਖ ਨਾਲ ਪੂਰੇ ਭਾਰਤ ਦੇ ਹਿਰਦੇ ਵਲੂੰਧਰੇ ਗਏ ਸਨ । ਇਸ ਮਾਮਲੇ 'ਤੇ ਸਾਰੇ ਲੋਕ ਇਕੱਠੇ ਹੋ ਗਏ ਸਨ ਤੇ ਦੇਸ਼ ਆਪਸੀ ਏਕਤਾ ਦਾ ਧੁਰਾ ਬਣ ਗਿਆ ਸੀ । ਸ਼ਹੀਦ ਊਧਮ ਸਿੰਘ ਨੇ ਇਸ ਦੁਖਾਂਤ ਦਾ ਬਦਲਾ ਲਿਆ ਸੀ, ਗੋਲੀ ਦਾ ਹੁਕਮ ਦੇਣ ਵਾਲੇ ਨੂੰ ਮਾਰ ਕੇ, ਉਨਾਂ ਕਿਹਾ ਕਿ ਇਹ ਇਨਸਾਫ਼ ਹੁੰਦਾ ਹੈ । ਉਹ ਇੱਥੇ ਮੰਗ ਕਰਦੇ ਹਨ ਕਿ ਇਸ ਮਾਮਲੇ ਦੀ ਪੂਰੀ ਜਾਂਚ ਜਨਤਕ ਕੀਤੀ ਜਾਵੇ । ਉਨਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋਇਆਂ ਨੂੰ ਪੂਰੇ ਛੇ ਵਰੇ ਹੋ ਚੁੱਕੇ ਹਨ । ਉਸ ਵਕਤ ਤੋਂ ਪੰਜਾਬ ਦੇ ਲੋਕ ਇਸ ਮਾਮਲੇ ਦੀ ਇਨਸਾਫ਼ ਲਈ ਮੰਗ ਕਰ ਰਹੇ ਹਨ । ਜਦੋਂ ਕਿ ਬੇਅਦਬੀ ਮਾਮਲੇ ਦੇ ਇਨਸਾਫ਼ ਲਈ ਚੱਲ ਰਹੇ ਸੰਘਰਸ਼ ਵਿਚ ਦੋ ਸਿੰਘਾਂ ਨੇ ਆਪਣੀ ਸ਼ਹਾਦਤ ਦਿੱਤੀ ਹੈ ।


When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co. website: capitalservices.us

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# *ਸ਼ਿਵਇੰਦਰਜੀਤ ਸਿੰਘ ਜੀ ਦੀ ਅਮਰੀਕਾ ਵਿਚ ਯੋਜਨਾ ਕਮਿਸ਼ਨਰ ਵਜੋਂ ਨਿਯੁਕਤੀ *

**ਸਰਬਜੀਤ ਕੌਰ *ਸਰਬ***

ਸਿੱਖਾਂ ਦਾ ਇਤਿਹਾਸ ਅਤੇ ਵਰਤਮਾ▾ ੧ ਉਨਾਂ ਦੁਆਰਾ ਕੀਤੇ ਗਏ ਨੇਕ ਕੰਮਾਂ ਉੱਤੇ ਹੀ ਆਧਾਰਿਤ ਹੈ । ਦੁਨੀਆ ਭਰ ਵਿਚ ਆਪਣੀ ਵੱਖਰੀ ਪਹਿਚਾਣ ਕਾਇਮ ਕਰਨ ਵਾਲੀ ਸਿੱਖ ਕੌਮ ਸਦਾ ਹੀ ਗੁਰੂ ਸ਼ਬਦ ਦਾ ਓਟ ਆਸਰਾ ਲੈ ਕੇ ਸੱਚ ਦੀ ਕਿਰਤ ਕਰਦੀ ਹੈ ਅਤੇ ਉਹ ਕਿਰਤ ਹੀ ਇਕ ਦਿਨ ਉਸ ਨੂੰ ਬਾਦਸ਼ਾਹੀ ਪ੍ਰਦਾਨ ਕਰ ਦਿੰਦੀ ਹੈ । ਅਜਿਹੀ ਹੀ ਸੱਚੀ ਅਤੇ ਨੇਕ ਕਿਰਤ ਸ਼ਿਵਇੰਦਰਜੀਤ ਸਿੰਘ ਨੇ ਬੇਗਾਨੀ ਧਰਤੀ ਉੱਤੇ ਕਰ ਕੇ ਆਪਣੀ ਸਿੱਖ ਕੌਮ ਦਾ ਨਾਮ ਪੂਰੀ ਦੁਨੀਆਂ ਵਿਚ ਰੁਸ਼ਨਾਇਆ ਹੈ । ਪੰਜਾਬੀਆਂ ਲਈ ਖ਼ਾਸ ਕਰ ਕੇ ਸਿੱਖ ਭਾਈਚਾਰੇ ਲਈ ਇਹ ਇੱਕ ਫ਼ਖਰ ਵਾਲੀ ਗੱਲ ਹੈ ਕਿ ਸ਼ਿਵਇੰਦਰਜੀਤ ਸਿੰਘ ਨੇ ਦੱਖਣੀ ਕੈਲੇਫੋਰਨੀਆ ਦੇ ਸ਼ਹਿਰ ਯੋਰਬਾ ਲਿੰਡਾ ਦੇ ਨਵੇਂ ਯੋਜਨਾ ਕਮਿਸ਼ਨਰ ਵਜੋਂ ਸਹੁੰ ਚੁੱਕੀ ।

ਦੱਸਣਯੋਗ ਹੈ ਕਿ ਸ਼ਿਵਇੰਦਰਜੀਤ ਸਿੰਘ ਨੂੰ ਨਵੇਂ ਯੋਜਨਾ ਕਮਿਸ਼ਨਰ ਵਜੋਂ ਕੌਂਸਲ ਦੇ ੧੭ ਫ਼ਰਵਰੀ ੨੦੨੧ ਨੂੰ ਹੋਈ ਵਿਸ਼ੇਸ਼ ਮੀਟਿੰਗ ਵਿਚ ਨਿਯੁਕਤ ਕੀਤਾ ਗਿਆ ਸੀ । ਅੰਮ੍ਰਿਤਸਰ ਟਾਈਮਜ਼ ਨਾਲ ਹੋਈ ਇੰਟਰਵਿਊ ਵਿੱਚ ਸ਼ਿਵਇੰਦਰਜੀਤ ਸਿੰਘ ਨੇ ਦੱਸਿਆ ਕਿ ਉਨਾਂ ਦਾ ਬਚਪਨ ਪੰਜਾਬ ਦੀ ਧਰਤੀ ਉੱਤੇ ਹੀ ਬੀਤਿਆ ਸੀ । ਪੰਜਾਬ ਦੀਆਂ ਹਵਾਵਾਂ ਦਾ ਨਿੱਘ ਮਾਣਦੇ ਹੋਏ ਉਨਾਂ ਦੇ ਜੀਵਨ ਦੀ ਸ਼ੁਰੂਆਤ ਚੰਗੇ ਪਰਿਵਾਰ ਵਿਚ ਹੋਈ । ਉਨਾਂ ਦਾ ਜਨਮ ਹਿਮਾਚਲ ਪ੍ਰਦੇਸ਼ ਦੇ ਸੁੰਦਰ ਨਗਰ ਸ਼ਹਿਰ ਵਿੱਚ ਹੋਇਆ ਪਰ ਉਨਾਂ ਦੇ ਨਾਨਕੇ ਹੁਸ਼ਿਆਰਪੁਰ ਵਿਚ ਹਨ, ਇਹ ਉਹ ਇਲਾਕਾ ਹੈ ਜੋ ਹਿਮਾਚਲ ਦੇ ਨਾਲ ਹੀ ਲੱਗਦਾ ਹੈ । ਸ਼ਿਵਇੰਦਰਜੀਤ ਸਿੰਘ ਨੇ ਅੱਗੇ ਦੱਸਿਆ ਕਿ ਉਹਨਾ ਦੀ ਮੁਢਲੀ ਪੜਾਈ ਸੁੰਦਰ ਨਗਰ ਮਾਡਲ ਸਕੂਲ ਤੇ ਚਮਨ ਲਾਲ ਡੀ.ਏ.ਵੀ. ਸਕੂਲ ਪੰਚਕੂਲਾ ਵਿਚ ਹੋਈ ਤੇ ਉਨਾਂ ਨੇ (੧੧ ਵੀਂ ਅਤੇ ੧੨ ਵੀਂ) ਦੀ ਪੜਾਈ ਚੰਡੀਗੜ ਡੀ.ਏ.ਵੀ. ਕਾਲਜ ਤੋਂ (੧੯੮੬-੮੮) ਵਿੱਚ ਪੂਰੀ ਕੀਤੀ ਸੀ ।

ਉਨਾਂ ਨੇ ਅੱਗੇ ਦੱਸਿਆ ਕਿ ਉਹ ੧੯੯੨ ਵਿਚ ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ ਤੋਂ ਇਲੈਕਟ੍ਰਾਨਿਕ ਇੰਜੀਨੀਅਰਿੰਗ ਕਰਕੇ ੧੯੯੨ ਅਗਸਤ ਵਿਚ ਲਾਸ ਏਂਜਲਸ, ਅਮਰੀਕਾ ਆ ਗਏ ਸਨ । ਜਿੱਥੇ ਆ ਕੇ ਉਨਾਂ ਨੇ ਆਪਣੇ ਜੀਵਨ ਦੀ ਇੱਕ ਨਵੀਂ ਸ਼ੁਰੂਆਤ ਕੀਤੀ ਪਰ ਦੱਸਣਯੋਗ ਹੈ ਕਿ ਇਹ ਸ਼ੁਰੂਆਤ ਇੱਕ ਨੇਕ ਕਿਰਤ ਕਮਾਈ ਦੀ ਸੀ ਜੋ ਕਿ ਇਕ ਸਿੱਖੀ ਸਰੂਪ ਵਿੱਚ ਰਹਿੰਦੇ ਹੋਏ ਉਨਾਂ ਨੇ ਸ਼ੁਰੂ ਕੀਤੀ ।ਸ਼ਿਵਇੰਦਰਜੀਤ ਸਿੰਘ ਨੇ ਇਲੈਕਟ੍ਰੋਨਿਕਾਲ ਤੇ ਕੰਪਿਊਟਰ ਇੰਜੀਨੀਅਰਿੰਗ ਵਿਚ ਮਾਸਟਰ ਡਿਗਰੀ ਲਾਸ ਏਂਜਲਸ ਤੋਂ ਕੀਤੀ ।




ਸ਼ਿਵਇੰਦਰਜੀਤ ਸਿੰਘ ਜੀ ਵੱਲੋਂ ਅੰਮ੍ਰਿਤਸਰ ਟਾਈਮਜ਼ ਨਾਲ ਸਾਂਝਾ ਕੀਤਾ ਆਪਣਾ ਨਿਯੁਕਤੀ ਪੱਤਰ ਜਿਸ ਵਿਚ ਉਨਾਂ ਦੇ ਕੰਮਾਂ ਨੂੰ ਬਹੁਤ ਹੀ ਸ਼ਾਨ ਓ ਸ਼ੌਕਤ ਵਜੋਂ ਪੇਸ਼ ਕੀਤਾ ਗਿਆ ਸੀ । ਜਿਸ ਵਿੱਚ ਦੱਸਿਆ ਗਿਆ ਸੀ ਕਿ ਟ੍ਰੈਫਿਕ ਕਮਿਸ਼ਨਰ ਵਜੋਂ ਆਪਣੇ ਕਾਰਜਕਾਲ ਦੌਰਾਨ, ਸਿੰਘ ਨੇ ਮੁੱਖ ਭੂਮਿਕਾ ਨਿਭਾਈ ਸੀ। ਸ਼ਹਿਰ ਲਈ ਕਈ ਮਹੱਤਵਪੂਰਨ ਪ੍ਰਾਜੈਕਟ, ਜਿਵੇਂ ਕਿ: ਓ ਸੀ ਲੂਪ ਸੇਗਮੈਂਟ ਐਚ / ਫੇਅਰਮੋਂਟ ਕਨੈਕਟਰ ਬਾਈਕਵੇਅ, ਮੁਸਟਾਂਗ ਫੀਲਡਜ਼ ਵਿਖੇ ਫੇਅਰਮੋਂਟ ਬੁਲੇਵਾਰਡ ਨੌਰਥ ਬਾਊਂਡ ਖੱਬਾ ਮੋੜ, ਮੇਨ ਸਟ੍ਰੀਟ ਅਤੇ ਐਰੋਯੋ ਵੇਅ ਇੰਪਰੂਵਮੈਂਟ ਪ੍ਰੋਜੈਕਟ, ਨਵੀਂ ਲਾਇਬ੍ਰੇਰੀ ਅਤੇ ਆਰਟਸ ਕਮਿਊਨਿਟੀ ਸੈਂਟਰ ਟਰੈਫਿਕ ਪ੍ਰਭਾਵ ਦਾ ਵਿਸ਼ਲੇਸ਼ਣ ਆਦਿ ।

ਸਮੀਖਿਆ, ਅਤੇ ਸਾਵੀ ਰੈਂਚ ਗਤੀਸ਼ੀਲਤਾ ਸੰਭਾਵਨਾ ਅਧਿਐਨ ਵਿਚ ਸ਼ਿਵਇੰਦਰਜੀਤ ਸਿੰਘ ਦੀ ਸਰਗਰਮ ਭੂਮਿਕਾ ਕਾਰਨ ਬਹੁਤ ਸਾਰੀਆਂ ਮਹੱਤਵਪੂਰਨ ਚੀਜ਼ਾਂ ਨੂੰ ਮਨਜ਼ੂਰੀ ਲਈ ਵਿਚਾਰਿਆ ਗਿਆ । ਅਤੇ ਉਨਾਂ ਦੀ ਸਿਫ਼ਾਰਸ਼ ਕੀਤੀ ਗਈ ਟ੍ਰੈਫਿਕ ਕਮਿਸ਼ਨ ਦੀ ਨੀਤੀ ਨੰਬਰ ੩੭ ਇਨਹਾਂਸਡ ਸਟਾਪ ਚਿੰਨ, ਸੈਨੇਟ ਬਿੱਲ (ਐਸਬੀ) ੭੪੩ ਲਾਗੂ ਕਰਨ ਅਤੇ ਯੋਰਬਾ ਲਿੰਡਾ ਟ੍ਰੈਫਿਕ ਪ੍ਰਭਾਵ ਦਿਸ਼ਾ ਨਿਰਦੇਸ਼, ਸਿਟੀਵਾਇਡ ਇੰਜੀਨੀਅਰਿੰਗ ਅਤੇ ਟ੍ਰੈਫਿਕ ਸਰਵੇਖਣ, ਸ਼ਾਰਟ ਸਟ੍ਰੀਟ ਟ੍ਰੈਫਿਕ ਮੁੱਖ ਰੂਪ ਵਿੱਚ ਸ਼ਾਮਲ ਹਨ। ਇਸੇ ਲਈ ਅਜਿਹੀਆਂ ਸੇਵਾਵਾਂ ਵਿਚ ਭੂਮਿਕਾ ਨਿਭਾਉਣ ਵਾਲੇ ਕਮਿਸ਼ਨਰ ਸਿੰਘ ਨੂੰ ਸਰਬਸੰਮਤੀ ਨਾਲ ਟ੍ਰੈਫਿਕ ਕਮਿਸ਼ਨ ਦੇ ਚੇਅਰਮੈਨ ਵਜੋਂ ਸੇਵਾ ਕਰਨ ਲਈ ਚੁਣਿਆ ਗਿਆ ਸੀ ਅਤੇ ਸਿਟੀਜ਼ਨ ਆਫ ਦਿ ਈਅਰ ਕਮੇਟੀ ਵਿੱਚ ਟ੍ਰੈਫਿਕ ਕਮਿਸ਼ਨਰਾਂ ਦੀ ਨੁਮਾਇੰਦਗੀ ਕੀਤੀ ਗਈ ਸੀ। ਉਹ ਨਵੀਂ ਯੋਰਬਾ ਲਿੰਡਾ ਪਬਲਿਕ ਲਾਇਬ੍ਰੇਰੀ ਦੇ ਉਦਘਾਟਨ ਸਮਾਰੋਹਾਂ ਦਾ ਵੀ ਹਿੱਸਾ ਸੀ।

ਯੋਰਬਾ ਲਿੰਡਾ ਦੇ ਮੇਅਰ, ਪੇਗੀ ਹੁਆਂਗ ਨੇ ਕਮਿਸ਼ਨਰ ਸਿੰਘ ਦੀ ਕਮਿਊਨਿਟੀ ਪ੍ਰਤੀ ਕੀਤੀ ਗਈ ਸੇਵਾ ਅਤੇ ਵਿਚਲੇ ਨੇਤਾਵਾਂ ਵਿਚੋਂ ਇਕ ਹੋਣ ਲਈ ਪ੍ਰਸ਼ੰਸਾ ਕੀਤੀ ਜਿਨਾਂ ਨੂੰ ਟ੍ਰੈਫਿਕ ਕਮਿਸ਼ਨਰ ਵਜੋਂ ਆਪਣੀਆਂ ਪ੍ਰਾਪਤੀਆਂ ਲਈ ਉਸ ਦੇ ਹਾਣੀਆਂ ਦੁਆਰਾ ਵੀ ਸਵੀਕਾਰ ਅਤੇ ਸਤਿਕਾਰਿਆ ਗਿਆ । ਮੇਅਰ ਪੇਗੀ ਹੁਆਂਗ ਨੇ ਸਿਟੀ ਕੌਂਸਲ ਦੇ ਮੈਂਬਰਾਂ, ਮੇਅਰ ਪ੍ਰੋ ਟੇਮ ਕਾਰਲੋਸ ਰੌਡਰਿਗਜ਼, ਕੌਂਸਲਮੈਂਬਰ ਤਾਰਾ ਕੈਂਪਬੈਲ, ਕੌਂਸਲਮੈਂਬਰ ਬੈਥ ਹੈਨੀ ਅਤੇ ਕੌਂਸਲਮੈਨ ਜੀਨ ਹਰਨਾਡੇਜ਼ ਨੇ ਕਮਿਸ਼ਨਰ ਟ੍ਰੈਫਿਕ ਕਮਿਸ਼ਨ ਦੀ ਅਸਾਧਾਰਣ ਸੇਵਾ ਅਤੇ ਸਮੁੱਚੇ ਭਾਈਚਾਰੇ ਵਿੱਚ ਉਨਾਂ ਦੇ ਸਥਾਈ ਪ੍ਰਭਾਵ ਲਈ ਮਾਨਤਾ ਦਿੱਤੀ । ਉਨਾਂ ਨੇ ਉਸ ਨੂੰ ਨਵੇਂ ਯੋਜਨਾ ਕਮਿਸ਼ਨਰ ਵਜੋਂ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਣ ਲਈ ਸ਼ੁਭ ਇਛਾਂਵਾ ਦੀ ਕਾਮਨਾ ਵੀ ਕੀਤੀ, ਤਾਂ ਜੋ ਭਵਿੱਖ ਵਿੱਚ ਵੀ ਸ਼ਿਵਇੰਦਰਜੀਤ ਸਿੰਘ ਦਾ ਅਜਿਹਾ ਹੀ ਯੋਗਦਾਨ ਕਮਿਊਨਿਟੀ ਪ੍ਰਤੀ ਰਹੇ ।

ਦੱਸਣਯੋਗ ਹੈ ਕਿ ਸ਼ਿਵ ਇੰਦਰਜੀਤ ਸਿੰਘ ਕੈਲੀਫੋਰਨੀਆ ਰਾਜ ਵਿੱਚ ਲਾਇਸੰਸਸ਼ੁਦਾ ਪੇਸ਼ੇਵਰ ਇਲੈਕਟ੍ਰੀਕਲ ਇੰਜੀਨੀਅਰ ਦੇ ਨਾਲ ਨਾਲ ਲਾਇਸੰਸਸ਼ੁਦਾ ਕੈਲੀਫੋਰਨੀਆ ਮੋਰਟਗੇਜ ਅਤੇ ਰੀਅਲ ਅਸਟੇਟ ਬ੍ਰੋਕਰ ਵੀ ਹਨ। ਸ਼ਿਵਇੰਦਰਜੀਤ ਸਿੰਘ ਆਪਣੇ ਪੂਰੇ ਕੈਰੀਅਰ ਦੌਰਾਨ ਸਰਵਜਨਕ ਸੇਵਾ ਵਿੱਚ ਰਹੇ ਹਨ। ੨੦੧੨-੨੦੧੬ ਵਿਚ ਉਹ ਸਿਟੀ ਓਫ ਬਰਿਆ ਦੇ ਟ੍ਰੈਫਿਕ ਕਮਿਸ਼ਨਰ ਦੀ ਸੇਵਾ ਨਿਭਾ ਚੁਕੇ ਹਨ ਤੇ ੨੦੧੭-੨੦੨੧ ਵਿਚ ਯੋਰਬਾ ਲਿੰਡਾ ਦੇ ਟ੍ਰੈਫਿਕ ਕੰਮਿਸਨਰ ਵੀ ਰਹੇ ਹਨ । ਇਸ ਸਮੇਂ ਕੈਲੀਫੋਰਨੀਆ ਰਾਜ ਦੇ ਓਰੈਂਜ ਕਾਉਂਟੀ ਵਿੱਚ ਟਰਾਂਸਪੋਰਟੇਸ਼ਨ ਮੈਨੇਜਮੈਂਟ ਸਿਸਟਮਸ ਮੇਨਟੇਨੈਂਸ ਇੰਜੀਨੀਅਰਿੰਗ ਡਿਵੀਜ਼ਨ ਦੇ ਚੀਫ਼ ਇੰਜੀਨੀਅਰ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ। ਓਹ ਆਪਣੀ ੨੩+ ਸਾਲਾਂ ਦੀ ਵਿਲੱਖਣ ਸਟੇਟ ਸੇਵਾ ਦੇ ਦੌਰਾਨ, ਉਨਾਂ ਨੇ ਦੱਖਣੀ ਕੈਲੀਫੋਰਨੀਆ ਦੇ ਸਾਰੇ ਰਾਜਮਾਰਗਾਂ ਅਤੇ ਸੈਨ ਬਰਨਾਰਡੀਨੋ, ਰਿਵਰਸਾਈਡ, ਲਾਸ ਏਂਜਲਸ ਅਤੇ ਓਰੇਂਜ ਕਾਉਂਟੀਜ਼ ਸਮੇਤ ਸੜਕਾਂ 'ਤੇ ਖੁਫੀਆ ਟ੍ਰਾਂਸਪੋਰਟੇਸ਼ਨ ਪ੍ਰਣਾਲੀਆਂ ਦੀ ਨਵੀਂ ਤਕਨਾਲੋਜੀ, ਡਿਜ਼ਾਈਨ, ਨਿਰਮਾਣ ਅਤੇ ਦੇਖਭਾਲ ਵਿੱਚ ਬਹੁਮੁੱਲਾ ਯੋਗਦਾਨ ਪਾਇਆ। ਉਹ ਡ੍ਰੀਮਵਰਕਸ ਰੀਅਲ ਅਸਟੇਟ ਅਤੇ ਈਗਲ ਯੂਐਸ ਮੋਰਟਗੇਜ ਦੇ ਚਿਐਫ ਫਾਇਨੈਨਸ਼ੀਅਲ ਅਫਸਰ ਵੀ ਹਨ, ਅਤੇ ਹਜ਼ਾਰਾਂ ਵਸਨੀਕਾਂ ਨੂੰ ਉਨਾਂ ਦੀ ਕੰਪਨੀ ਦੇ ਨਵੀਨਤਮ ਰਿਵਾਜ ਅਨੁਸਾਰ ਬਣਾਏ ਵਿੱਤੀ ਪ੍ਰੋਗਰਾਮਾਂ ਦੁਆਰਾ ਘਰ ਖਰੀਦਣ ਦੇ ਉਨਾਂ ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਵੀ ਸਹਾਇਤਾ ਕੀਤੀ ਹੈ।

ਸ਼ਿਵਇੰਦਰਜੀਤ ਸਿੰਘ ਖਾਲੀ ਸਮੇਂ ਵਿਚ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਤੀਤ ਕਰਨਾ ਪਸੰਦ ਕਰਦੇ ਹਨ । ਸ਼ਿਵਇੰਦਰਜੀਤ ਸਿੰਘ ਨੇ ਆਪਣੀ ਪਤਨੀ, ਡਾ. ਹਰਪ੍ਰੀਤ (ਗਿੰਨੀ) ਕੌਰ ਦਾ ਆਪਣੇ ਸਾਰੇ ਕੈਰੀਅਰ ਦੌਰਾਨ ਨਿਰਧਾਰਤ ਸਹਾਇਤਾ ਲਈ ਬਹੁਤ ਧੰਨਵਾਦ ਕੀਤਾ। ਡਾ. ਗਿੰਨੀ ਕੌਰ ਖ਼ੁਦ ਦੱਖਣੀ ਕੈਲੀਫੋਰਨੀਆ ਵਿਚ ਇਕ ਪ੍ਰੇਰਣਾਦਾਇਕ ਕਮਿਊਨਿਟੀ ਦੀ ਕਾਰਜਕਰਤਾ ਹਨ । ਉਹਨਾਂ ਨੇ ਬਹੁਤ ਸਾਰੀਆਂ ਗੈਰ-ਲਾਭਕਾਰੀ ਇੰਟਰਫੇਥ ਸੰਸਥਾਵਾਂ ਦੇ ਬੋਰਡਸ 'ਤੇ ਸੇਵਾਵਾਂ ਨਿਭਾਈਆਂ ਹਨ , ਅਤੇ ਇਸ ਵੇਲੇ ਪੰਥਕ ਡਿਜੀਟਲ ਆਵਾਜ਼ ਪ੍ਰੋਗਰਾਮ ਦੇ ਅੰਤਰਰਾਸ਼ਟਰੀ ਕਨਵੀਨਰ ਵਜੋਂ ਸ਼੍ਰੀ ਹੇਮਕੁੰਟ ਫਾਉਂਡੇਸ਼ਨ ਦੇ ਬੋਰਡ ਮੈਂਬਰ ਵਜੋਂ ਸੇਵਾ ਨਿਭਾ ਰਹੇ ਹਨ । ਇਹ ਉਹ ਪ੍ਰੋਗਰਾਮ ਹਨ ਜੋ ਨੌਜਵਾਨਾਂ ਨੂੰ ਡਿਜੀਟਲ ਫਿਲਮਾਂ ਬਣਾਉਣ ਦੁਆਰਾ ਆਪਣੀਆਂ ਕਹਾਣੀਆਂ ਸੁਣਾਉਣ

ਬਾਕੀ ਸਫ਼ਾ 31 'ਤੇ


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਅਮਰੀਕਾ, ਕੈਨੇਡਾ, ਯੂ.ਕੇ., ਆਸਟ੍ਰੇਲੀਆ, ਨਿਊਜ਼ੀਲੈਂਡ ਸਮੇਤ 15 ਮੁਲਕਾਂ 'ਚ 200 ਤੋਂ ਜ਼ਿਆਦਾ ਪ੍ਰਵਾਸੀ ਭਾਰਤੀ ਉੱਚ ਅਹੁਦਿਆਂ 'ਤੇ ਕਾਬਜ਼



- ਗੁਰਮੀਤ ਸਿੰਘ ਪਲਾਹੀ
9815802070

ਭਾਰਤੀ ਵਿਦੇਸ਼ ਮੰਤਰਾਲੇ ਅਨੁਸਾਰ ਭਾਰਤੀ ਮੂਲ ਦੇ ਤਿੰਨ ਕਰੋੜ ਵੀਹ ਲੱਖ ਤੋਂ ਜ਼ਿਆਦਾ ਲੋਕ ਵੱਖੋ-ਵੱਖ ਦੇਸ਼ਾਂ 'ਚ ਵੱਸਦੇ ਹਨ। ਪਰਵਾਸ ਹੰਢਾ ਰਹੇ ਭਾਰਤੀਆਂ ਦੀ ਵਿਸ਼ਵ ਭਰ ਵਿਚ ਇਹ ਸਭ ਤੋਂ ਵੱਡੀ ਆਬਾਦੀ ਹੈ। ਅਮਰੀਕਾ, ਕੈਨੇਡਾ, ਬਰਤਾਨੀਆ, ਆਸਟ੍ਰੇਲੀਆ, ਨਿਊਜ਼ੀਲੈਂਡ ਸਮੇਤ 15 ਮੁਲਕਾਂ 'ਚ 200 ਤੋਂ ਜ਼ਿਆਦਾ ਭਾਰਤੀ ਮੂਲ ਦੇ ਵਿਅਕਤੀ ਉੱਚ ਅਹੁਦਿਆਂ 'ਤੇ ਕਾਬਜ਼ ਹਨ। ਇਹ ਰਿਪੋਰਟ ਭਾਰਤੀ ਭਾਈਚਾਰੇ ਦਰਮਿਆਨ ਕੰਮ ਕਰ ਰਹੇ ਅਮਰੀਕੀ ਸੰਗਠਨ ਵੱਲੋਂ ਪਹਿਲੀ ਵਾਰ ਛਾਪੀ ਗਈ ਹੈ। ਇਨਾਂ 100 ਪ੍ਰਭਾਵਸ਼ਾਲੀ ਸ਼ਖ਼ਸੀਅਤਾਂ 'ਚੋਂ 60 ਵਿਅਕਤੀ ਕੈਬਨਿਟ ਰੈਂਕ ਦੇ ਅਹੁਦਿਆਂ 'ਤੇ ਬਿਰਾਜਮਾਨ ਹਨ। ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ ਅਮਰੀਕਾ ਦੇ ਉਪ ਰਾਸ਼ਟਰਪਤੀ ਦੇ ਰੂਪ 'ਚ ਕਮਲਾ ਹੈਰਿਸ ਦੀ ਚੋਣ ਸਭ ਭਾਰਤੀਆਂ ਲਈ ਵੱਡੇ ਮਾਣ ਵਾਲੀ ਗੱਲ ਹੈ।

ਕੀ ਇਹ ਵੀ ਕੋਈ ਘੱਟ ਮਾਣ ਵਾਲੀ ਗੱਲ ਹੈ ਕਿ ਬਰਤਾਨੀਆ ਜਿਹੜਾ ਕਦੇ ਭਾਰਤ ਤੇ ਭਾਰਤੀਆਂ 'ਤੇ ਰਾਜ ਕਰਦਾ ਸੀ, ਉਸ ਦੀ ਕੈਬਨਿਟ ਵਿਚ ਵਿੱਤ ਮੰਤਰੀ ਵਜੋਂ ਇਕ ਭਾਰਤੀ ਰਿਸ਼ੀ ਸੁਨਕ ਜ਼ਿੰਮੇਵਾਰੀ ਨਿਭਾ ਰਿਹਾ ਹੈ ਜਿਸ ਨੂੰ ਟਾਈਮ ਰਸਾਲੇ ਨੇ ਜਾਰੀ ਕੀਤੀ 100 ਉੱਭਰਦੇ ਸ਼ਕਤੀਸ਼ਾਲੀ ਨੇਤਾਵਾਂ ਦੀ ਸੂਚੀ 'ਚ ਸ਼ਾਮਲ ਕੀਤਾ ਹੈ। ਅੱਜ ਜਦੋਂ ਪੂਰਾ ਵਿਸ਼ਵ ਇਕ ਪਿੰਡ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ, ਭਾਰਤੀ ਪ੍ਰਭਾਵਸ਼ਾਲੀ ਲੋਕ ਇਸ ਪਿੰਡ ਵਿਚ ਅਹਿਮ ਭੂਮਿਕਾ ਨਿਭਾਉਣ ਲਈ ਅੱਗੇ ਆ ਰਹੇ ਹਨ। ਦੁਨੀਆ ਦੇ ਕੋਨੇ-ਕੋਨੇ 'ਚ ਵਸੀਆਂ ਇਹ ਭਾਰਤੀ ਸ਼ਖ਼ਸੀਅਤਾਂ ਕਰੜੀ ਮਿਹਨਤ, ਹਿੰਮਤ ਸਦਕਾ ਆਪਣਾ ਨਾਂ ਹੀ ਨਹੀਂ ਚਮਕਾ ਰਹੀਆਂ, ਦੁਨੀਆ ਦੇ ਭਲੇ ਲਈ ਵੀ ਕਾਰਜਸ਼ੀਲ ਹਨ। ਕੈਨੇਡਾ ਦੀ ਸਿਆਸਤ 'ਤੇ ਭਾਰਤੀ ਭਾਰੂ ਹਨ ਅਤੇ ਲਗਪਗ ਅੱਧੀ ਦਰਜਨ ਪੰਜਾਬੀ ਭਾਰਤੀ ਕੈਨੇਡਾ ਦੀ ਕੈਬਨਿਟ 'ਚ ਜਗਾ ਬਣਾਈ ਬੈਠੇ ਹਨ। ਇਥੋਂ ਤਕ ਕਿ ਕੈਨੇਡਾ ਦਾ ਰੱਖਿਆ ਮੰਤਰੀ ਪੰਜਾਬੀ (ਭਾਰਤੀ) ਮੂਲ ਦਾ ਹਰਜੀਤ ਸਿੰਘ ਸੱਜਣ ਹੈ। ਇੱਥੇ ਹੀ ਬਸ ਨਹੀਂ, ਟਾਈਮ ਰਸਾਲੇ ਨੇ ਦੁਨੀਆ ਦੇ 100 ਉੱਭਰਦੇ ਨੇਤਾਵਾਂ ਦੀ ਜੋ ਸੂਚੀ ਜਾਰੀ ਕੀਤੀ ਹੈ, ਉਸ ਵਿਚ ਵਿਦੇਸ਼ੀਂ ਵੱਸਦੇ ਭਾਰਤੀ ਮੂਲ ਦੇ ਪੰਜ ਨੇਤਾਵਾਂ/ਸ਼ਖ਼ਸੀਅਤਾਂ ਜਿਨਾਂ ਵਿਚ ਬ੍ਰਿਟੇਨ ਦੇ ਵਿੱਤ ਮੰਤਰੀ ਰਿਸ਼ੀ ਸੂਨਾਕ, ਇੰਸਟਾਕਾਰਟ ਦੀ ਸੀਈਓ ਅਪੂਰਵਾ ਮਹਿਤਾ, ਗੈੱਟਅਸ ਪੀਪੀਈ ਦੀ ਡਾਕਟਰ ਸ਼ਿਖਾ ਗੁਪਤਾ, ਗੈਰ ਲਾਭਕਾਰੀ ਸੰਗਠਨ ਅਪਸੋਲਵ ਦਾ ਸੰਸਥਾਪਕ ਚੌਹਾਨ ਪਵੁਲਰੀ ਅਤੇ ਟਵਿੱਟਰ ਦੀ ਵਕੀਲ ਵਿਜਯਾ ਗੱਡੇ ਸ਼ਾਮਲ ਹਨ।

**ਜੰਗੀ ਪੱਧਰ 'ਤੇ ਟੀਕਾਕਰਨ**

ਭਾਰਤੀ ਮੂਲ ਦੀ ਪ੍ਰਸਿੱਧ ਸ਼ਖ਼ਸੀਅਤ ਕਾਰੋਬਾਰੀ ਸਵਰਗੀ ਨਰਿੰਦਰ ਸਿੰਘ ਕੰਪਾਨੀ ਨੂੰ ਕੌਣ ਨਹੀਂ ਜਾਣਦਾ, ਉਸ ਨੇ ਅਮਰੀਕਾ ਦੀ ਧਰਤੀ 'ਤੇ ਰਹਿੰਦਿਆਂ ਭਾਰਤ ਦਾ ਨਾਮ ਰੌਸ਼ਨ



ਕੀਤਾ। ਉਸ ਨੇ ਫਾਈਵਰ ਔਪਟਿਕਸ 'ਤੇ ਖੋਜ ਕੀਤੀ। ਉਸ ਨੂੰ ਭਾਰਤ ਸਰਕਾਰ ਨੇ 2021 'ਚ ਪਦਮ ਵਿਭੂਸ਼ਨ ਦਾ ਖਿਤਾਬ ਦਿੱਤਾ। ਇਹ ਕਿਹਾ ਜਾਂਦਾ ਹੈ ਕਿ 1899 ਤੋਂ 1920 ਈਸਵੀ ਤੱਕ 7348 ਏਸ਼ੀਅਨ, ਭਾਰਤੀ, ਅਮਰੀਕਾ ਤੇ ਕੈਨੇਡਾ ਦੀ ਧਰਤੀ 'ਤੇ ਪੁੱਜੇ ਸਨ। ਇਨਾਂ 'ਚੋਂ ਵੱਡੀ ਗਿਣਤੀ ਕਿਸਾਨਾਂ ਦੀ ਸੀ। ਕੁਝ ਕੁ ਨੇ ਰੋਜ਼ੀ-ਰੋਟੀ ਲਈ ਕੈਨੇਡਾ ਦੀਆਂ 'ਆਰਾ ਮਿੱਲਾਂ' ਵਿਚ ਕੰਮ ਕਰਨਾ ਸ਼ੁਰੂ ਕੀਤਾ ਪਰ ਬਹੁਤਿਆਂ ਨੇ ਖੇਤੀ ਨੂੰ ਆਪਣੇ ਰੁਜ਼ਗਾਰ ਦਾ ਸਾਧਨ ਬਣਾਇਆ। ਇਸ ਕਿੱਤੇ 'ਚ ਮੁਹਾਰਤ ਹਾਸਲ ਹੋਣ ਕਾਰਨ ਇਨਾਂ 'ਚੋਂ ਕੁਝ ਇਕ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਅਤੇ ਅੱਜ ਖੇਤੀ ਜਾਂ ਖੇਤੀ ਨਾਲ ਸਬੰਧਤ ਕਿੱਤਿਆਂ 'ਚ ਸਿਖ਼ਰ ਛੂਹ ਰਹੇ ਹਨ। ਇਨਾਂ 'ਚ ਆੜੂਆਂ ਦਾ ਬਾਦਸ਼ਾਹ ਦੀਦਾਰ ਸਿੰਘ ਬੈਂਸ, ਸੌਗੀ ਦਾ ਬਾਦਸ਼ਾਹ ਚਰਨਜੀਤ ਸਿੰਘ ਬਾਠ, ਬਦਾਮਾਂ ਦੇ ਬਾਦਸ਼ਾਹ ਟੁੱਟ ਬ੍ਰਦਰਜ਼, ਟਰੱਕਿੰਗ ਕਿੰਗ ਭੰਡਾਲ ਬ੍ਰਦਰਜ਼ ਸ਼ਾਮਲ ਹਨ ਜਿਨਾਂ ਨੇ ਖੇਤੀ ਦੇ ਨਾਲ-ਨਾਲ ਟਰੱਕਿੰਗ ਕਿੱਤੇ ਨੂੰ ਅਪਨਾਇਆ ਅਤੇ ਹਜ਼ਾਰਾਂ ਏਕੜ ਜ਼ਮੀਨ ਅਮਰੀਕਾ ਵਿਚ ਖ਼ਰੀਦ ਕੇ ਆਪੋ-ਆਪਣੀਆਂ ਉਗਾਈਆਂ ਫ਼ਸਲਾਂ ਦੇ ਬਾਦਸ਼ਾਹ ਕਹਾਏ। ਸੰਨ 1990 ਤੱਕ 66 ਲੱਖ ਭਾਰਤੀ ਵੱਖ-ਵੱਖ ਦੇਸ਼ਾਂ ਵਿਚ ਪਰਵਾਸ ਕਰਦੇ ਸਨ। ਇਹ ਗਿਣਤੀ 2019 ਤੱਕ 175 ਲੱਖ ਤੱਕ ਪੁੱਜ ਚੁੱਕੀ ਹੈ। ਵਿਸ਼ਵ ਪੱਧਰੀ ਪਰਵਾਸ ਵਿਚ ਲਗਾਤਾਰ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਜਿੱਥੇ ਸਾਲ 2000 ਵਿਚ ਇਸ ਦੀ ਦਰ 2.8 ਫ਼ੀਸਦੀ ਸੀ, ਉੱਥੇ ਹੀ ਉਹ 2019 'ਚ 3.5 ਫ਼ੀਸਦੀ ਹੋ ਗਈ। ਵਿਸ਼ਵ ਵਿਚ ਪਰਵਾਸ ਕਰਨ ਵਾਲੇ 'ਚੋਂ 3 ਲੋਕ 20 ਤੋਂ 64 ਸਾਲ ਦੀ ਉਮਰ ਵਾਲੇ ਹਨ ਅਤੇ ਉਨਾਂ ਦਾ ਮੰਤਵ ਕੰਮ ਦੀ ਭਾਲ ਅਤੇ ਚੰਗੇਰੀ ਜ਼ਿੰਦਗੀ ਦੀ ਚਾਹਤ ਸਮਝਿਆ ਜਾਂਦਾ ਹੈ।

ਭਾਰਤੀ ਖ਼ਾਸ ਤੌਰ 'ਤੇ ਪੰਜਾਬੀਆਂ ਬਾਰੇ ਮੁੱਖ ਤੌਰ 'ਤੇ ਕਿਹਾ ਜਾਂਦਾ ਹੈ ਕਿ ਉਹ ਕਮਾਈ ਲਈ ਵਤਨੋਂ ਦੂਰ ਪਰਵਾਸ ਕਰਦੇ ਰਹੇ ਹਨ। ਪੰਜਾਬੀਆਂ ਨੇ ਪਿਛਲੇ ਸਾਲਾਂ 'ਚ ਇਹ ਮਿੱਥ ਬਦਲੀ ਹੈ ਕਿ ਉਹ ਸਿਰਫ਼ ਪੈਸੇ ਲਈ ਜਾਂ ਆਪਣੇ ਪਰਿਵਾਰ ਲਈ ਹੀ ਕੰਮ ਕਰਨ ਵਾਲੇ ਲੋਕ ਹਨ ਸਗੋਂ ਉਨਾਂ ਦਾ ਮੰਤਵ ਮਨੁੱਖਤਾ ਦੀ ਸੇਵਾ ਹੈ। ਪੰਜਾਬੀਆਂ ਦੀ ਕੈਨੇਡਾ ਵਿਚ ਧਾਂਕ ਜਮਾਉਣ ਵਾਲਾ ਮਨਮੋਹਨ ਸਿੰਘ ਸਹੋਤਾ, ਪੰਜਾਬ ਦਾ ਸਟ੍ਰਾਬੇਰੀ ਕਿੰਗ ਨਵਜੋਤ ਸਿੰਘ ਸ਼ੇਰਗਿੱਲ, ਮੇਵਿਆਂ ਦਾ ਬਾਦਸ਼ਾਹ ਬਲਜੀਤ ਸਿੰਘ ਚੱਢਾ ਕੁਝ ਇਹੋ

**ਪ੍ਰਵਾਸੀ ਪੰਜਾਬ**

ਜਿਹੇ ਕਾਰੋਬਾਰੀ ਹਨ ਜਿਨਾਂ ਨੇ ਵੱਡਾ ਨਾਮਣਾ ਖੱਟਿਆ ਹੈ। ਇਨਾਂ ਕਾਰੋਬਾਰਾਂ ਤੋਂ ਬਿਨਾਂ ਰੈਸਟੋਰੈਂਟ, ਹੋਟਲ ਚਲਾਉਣਾ ਇਕ ਇਹੋ ਜਿਹਾ ਕਾਰੋਬਾਰ ਹੈ, ਜਿਸ 'ਚ ਇੰਗਲੈਂਡ, ਕੈਨੇਡਾ, ਅਮਰੀਕਾ, ਦੁਬਈ, ਜਰਮਨ ਰਹਿੰਦੇ ਪਰਵਾਸੀ ਪੰਜਾਬੀਆਂ ਨੇ ਵਿਸ਼ੇਸ਼ ਮੱਲਾਂ ਮਾਰੀਆਂ ਹਨ। ਸੰਤ ਸਿੰਘ ਛੱਤਵਾਲ (ਅਮਰੀਕਾ), ਜੋਗਿੰਦਰ ਸਾਂਗਰ, ਸੁਰਿੰਦਰ ਅਰੋੜਾ, ਜਸਮਿੰਦਰ ਸਿੰਘ, ਸੁਖਦੇਵ ਤੂਰ ਇਹੋ ਜਿਹੇ ਪਰਵਾਸੀ ਭਾਰਤੀਆਂ ਵਜੋਂ ਉੱਭਰੇ ਹਨ ਜਿਨਾਂ ਨੇ ਹੋਟਲ ਕਾਰੋਬਾਰ 'ਚ ਆਪਣੀ ਵੱਖਰੀ ਪਛਾਣ ਬਣਾਈ ਹੈ। ਪੰਜਾਬੀ ਮਾਪਿਆਂ ਦਾ ਪੁੱਤਰ ਬਰਤਾਨੀਆ ਦਾ ਵਿੱਤ ਮੰਤਰੀ ਰਿਸ਼ੀ ਸੂਨਾਕ, ਇੱਕੋ ਵੇਲੇ ਪੱਤਰਕਾਰ, ਇੰਜੀਨੀਅਰ ਤੇ ਸਿਆਸਤਦਾਨ ਲਾਰਡ ਇੰਦਰਜੀਤ ਸਿੰਘ, ਈਕੋ ਸਿੱਖ ਦਾ ਪ੍ਰਧਾਨ ਬਹੁ-ਚਰਚਿਤ ਵਾਤਾਵਰਨ ਪ੍ਰੇਮੀ ਡਾ. ਰਾਜਵੰਤ ਸਿੰਘ (ਅਮਰੀਕਾ), ਬਰਤਾਨੀਆ ਦੀ ਜੰਮਪਲ ਪਹਿਲੀ ਸਿੱਖ ਐੱਮਪੀ ਪ੍ਰੀਤ ਕੌਰ ਗਿੱਲ, ਕੈਨੇਡਾ ਦਾ ਕੈਬਨਿਟ ਮੰਤਰੀ ਨਵਦੀਪ ਬੈਂਸ, ਪੰਜਾਬ ਦੀ ਧਰਤੀ ਦੇ ਹਰਮਨ ਪਿਆਰੇ ਸਿਆਸਤਦਾਨ ਟੱਬਰ ਦਾ ਪੁੱਤਰ ਵਰਿੰਦਰ ਸ਼ਰਮਾ ਐੱਮਪੀ (ਬਰਤਾਨੀਆ), ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਪ੍ਰਧਾਨ, ਪ੍ਰਸਿੱਧ ਲੇਖਕ ਪ੍ਰੋ: ਰਣਜੀਤ ਧੀਰ, ਪੰਜਾਬ ਦੀ ਆਵਾਜ਼ ਵਜੋਂ ਜਾਣੀ ਜਾਂਦੀ ਆਸ਼ਾ ਸ਼ਰਮਾ (ਅਮਰੀਕਾ), ਇਕ ਵਿਦਵਾਨ-ਇਕ ਵਕਤਾ ਵਜੋਂ ਪ੍ਰਸਿੱਧ ਗੁਰਮੁੱਖ ਸਿੰਘ ਬਰਤਾਨੀਆ, ਕੈਨੇਡਾ ਦਾ ਪਹਿਲਾ ਸਿੱਖ ਗੁਰਬਖ਼ਸ਼ ਸਿੰਘ ਮੱਲੀ, ਇਕ ਸਫ਼ਲ ਕਾਰੋਬਾਰੀ-ਇਕ ਸਮਾਜ ਸੇਵਕ ਨਵਨੀਤ ਸਿੰਘ ਨਰੂਲਾ, ਛੋਟੀ ਉਮਰੇ ਵੱਡੀਆਂ ਪ੍ਰਾਪਤੀਆਂ ਕਰਨ ਵਾਲਾ ਐੱਮਪੀ ਕਮਲ ਖਹਿਰਾ, ਸੰਘਰਸ਼ਸ਼ੀਲ ਜੀਊੜਾ-ਸਵਰਗੀ ਅਜੀਤ ਸਿੰਘ ਰਾਏ (ਯੂਕੇ), ਇਕ ਵਿਲੱਖਣ ਪੰਜਾਬੀ ਜਿਸ ਦਾ ਕੋਈ ਸਾਨੀ ਨਹੀਂ ਡਾ. ਰਘਬੀਰ ਸਿੰਘ ਬੈਂਸ (ਕੈਨੇਡਾ), ਵਕਾਲਤ 'ਚ ਨਵੀਆਂ ਪੈੜਾਂ ਪਾਉਣ ਵਾਲਾ ਪਰਵਾਸੀ ਪੰਜਾਬੀ ਸੰਤੋਖ ਸਿੰਘ ਛੋਕਰ (ਯੂਕੇ), ਸਿਆਸੀ-ਸਮਾਜੀ ਖੇਤਰ 'ਚ ਬੁਲੰਦੀਆਂ ਛੂੰਹਦਾ ਪੰਜਾਬੀ-ਦਲਜੀਤ ਸਹੋਤਾ (ਯੂ.ਕੇ.), ਦੇਸ਼ 'ਚ ਪੜ ਕੇ ਵਿਦੇਸ਼ਾਂ 'ਚ ਨਾਮਣਾ ਖੱਟਣ ਵਾਲਾ ਅਜੈਪਾਲ ਸਿੰਘ ਬੰਗਾ (ਅਮਰੀਕਾ) ਤੇ 2000 ਤੋਂ 2001 ਤੱਕ ਸੂਬੇ ਬੀਸੀ ਦਾ ਪ੍ਰੀਮੀਅਮ (ਮੁੱਖ ਮੰਤਰੀ) ਬਣਿਆ ਉੱਜਲ ਸਿੰਘ ਦੁਸਾਂਝ, ਪ੍ਰਸਿੱਧ ਸਿਆਸਤਦਾਨ ਬੌਬੀ ਜਿੰਦਲ ਅਮਰੀਕਾ ਤੇ ਹਰਬ ਧਾਲੀਵਾਲ ਕੈਨੇਡਾ, ਪਰਮਿੰਦਰ ਸਿੰਘ ਮਰਵਾਹਾ ਯੂਗਾਂਡਾ, ਇਹੋ ਜਿਹੀਆਂ ਜਗਤ ਪ੍ਰਸਿੱਧ ਭਾਰਤੀ ਸ਼ਖ਼ਸੀਅਤਾਂ ਹਨ ਜਿਨਾਂ ਨੇ ਦਿਨ-ਰਾਤ ਇਕ ਕਰ ਕੇ ਆਪਣੀ ਵੱਖਰੀ ਪਛਾਣ ਹੀ ਨਹੀਂ ਬਣਾਈ ਸਗੋਂ ਪਰਵਾਸੀਆਂ ਲਈ ਮਾਰਗ ਦਰਸ਼ਕ ਵੀ ਬਣੀਆਂ। ਪਰਵਾਸੀ ਪੰਜਾਬੀ ਮਾਹਿਰ ਡਾਕਟਰਾਂ ਦਾ ਵਿਦੇਸ਼ਾਂ 'ਚ ਵੱਡਾ ਨਾਂ ਹੈ ਖ਼ਾਸ ਤੌਰ 'ਤੇ ਉੱਤਰੀ ਅਮਰੀਕਾ 'ਚ। ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਡਾ. ਅਮਰਜੀਤ ਸਿੰਘ ਮਰਵਾਹਾ, ਅਨਮੋਲ ਸਿੰਘ ਮਾਹਲ, ਹਰਵਿੰਦਰ ਸਿੰਘ ਸਹੋਤਾ, ਡਾ: ਹਰਕੀਰਤ ਸਿੰਘ ਢਿੱਲੋਂ ਦੀਆਂ ਡਾਕਟਰੀ ਖਿੱਤੇ 'ਚ ਪ੍ਰਾਪਤੀਆਂ ਤੋਂ ਕੌਣ ਜਾਣੂ ਨਹੀਂ ਹੈ।

ਪਹਿਲੀ ਪੀੜੀ ਦੇ ਪਰਵਾਸੀ ਪੰਜਾਬੀਆਂ ਦੀ ਮਿਹਨਤ ਨੂੰ ਉਸ ਵੇਲੇ ਵੀ ਬੂਰ ਪਿਆ ਜਦੋਂ ਉਨਾਂ ਦੀ ਸੰਤਾਨ ਪੜ-ਲਿਖ ਕੇ ਵਿਦੇਸ਼ਾਂ 'ਚ ਉੱਚੇ ਅਹੁਦਿਆਂ 'ਤੇ ਜਾ ਪੁੱਜੀ। ਉਨਾਂ 'ਚੋਂ ਕਈ ਡਾਕਟਰ ਬਣੇ, ਕਈ ਇੰਜੀਨੀਅਰ, ਕਈ ਪ੍ਰੋਫੈਸਰ ਤੇ ਕਈ ਵਕੀਲ ਤੇ ਫਿਰ ਉੱਥੋਂ ਦੀਆਂ ਅਦਾਲਤਾਂ ਦੇ ਜੱਜ। ਇਸ ਲੜੀ 'ਚ ਸਰ ਮੋਤਾ ਸਿੰਘ ਕੁਈਨਜ਼ ਕੌਂਸਲ, ਨਵਜੋਤ ਸਿੱਧੂ ਕੁਈਨਜ਼ ਕੌਂਸਲ, ਗੁਰਪਾਲ ਉੱਪਲ, ਹੈਰੀ ਮਾਨ, ਅਨੂਪ ਸਿੰਘ ਚੌਧਰੀ ਦੇ ਨਾਮ ਸਿਤਾਰਿਆਂ ਵਾਂਗ ਚਮਕਦੇ ਹਨ। ਬਰਤਾਨੀਆ, ਕੈਨੇਡਾ ਵਿਚ ਤਾਂ ਪੰਜਾਬੀ ਭਾਸ਼ਾ ਨੂੰ ਯੋਗ ਸਥਾਨ ਵੀ ਮਿਲਿਆ ਹੈ। ਮਨੁੱਖ ਭਾਵੇਂ ਅੰਬਰੀਂ ਉਡਾਰੀ ਮਾਰ ਆਵੇ, ਸਮੁੰਦਰਾਂ 'ਚ ਡੂੰਘੇ ਗੋਤੇ ਲਾ ਆਵੇ, ਵੱਡਾ ਬਣ ਜਾਵੇ, ਵੱਡੀਆਂ ਪ੍ਰਾਪਤੀਆਂ ਕਰ ਲਵੇ ਪਰ ਉਹ ਆਪਣੀ ਜਨਮ ਭੂਮੀ ਦਾ ਰਿਣ ਚੁਕਾਉਣ ਲਈ ਸਦਾ ਤਤਪਰ ਦਿਖਦਾ ਹੈ। ਪਰਵਾਸੀ ਪੰਜਾਬੀ, ਦੁਨੀਆ ਦੇ ਕਿਸੇ ਖਿੱਤੇ 'ਚ ਵੀ ਗਏ, ਆਪਣੀ ਧਰਤੀ ਦਾ ਮੋਹ ਨਹੀਂ ਤਿਆਗ ਸਕੇ। ਉਸ ਲਈ ਕੁਝ ਕਰਨ ਦੀ ਤਤਪਰਤਾ ਸਦਾ ਹੀ ਉਨਾਂ ਦੇ ਸੀਨੇ 'ਚ ਰਹੀ। ਲਾਰਡ ਸਵਰਾਜ ਪਾਲ, ਦਰਸ਼ਨ ਸਿੰਘ ਧਾਲੀਵਾਲ, ਦੇਵ ਬਾਠ, ਜਗਪਾਲ ਸਿੰਘ ਖੰਗੂੜਾ, ਬੌਬ ਸਿੰਘ ਢਿੱਲੋਂ ਕੁਝ ਇਹੋ ਜਿਹੇ ਨਾਮ ਹਨ ਜਿਨਾਂ ਨੇ ਖੱਟੀ ਵਿਦੇਸ਼ਾਂ ਵਿਚ ਕੀਤੀ ਪਰ ਆਪਣੀ ਜਨਮ ਭੂਮੀ ਵਿਚ ਆਪਣੇ ਕਾਰੋਬਾਰ ਲਿਆ ਕੇ ਲੋਕਾਂ ਨੂੰ ਰੁਜ਼ਗਾਰ ਦਿੱਤਾ।

# ਪੰਜਾਬੀ ਭਾਈਚਾਰੇ ਨੇ ਨਿਊਜ਼ੀਲੈਂਡ ਦੀ ਸੰਸਦ 'ਚ ਪੰਜਾਬੀ ਭਾਸ਼ਾ ਦੇ ਹੱਕ ਵਿਚ ਕੀਤੀ ਆਵਾਜ਼ ਬੁਲੰਦ

**ਆਕਲੈਂਡ/ਏ.ਟੀ.ਨਿਊਜ਼ :** ਨਿਊਜ਼ੀਲੈਂਡ ਦੇ ਸਕੂਲਾਂ 'ਚ ਇੰਗਲਿਸ਼ ਤੋਂ ਇਲਾਵਾ ਹੋਰ 10 ਭਾਸ਼ਾਵਾਂ ਨੂੰ ਮਾਨਤਾ ਦਿੱਤੇ ਜਾਣ ਸਬੰਧੀ ਸੰਸਦ ਭਵਨ 'ਚ ਪੰਜਾਬੀ ਭਾਸ਼ਾ ਦੇ ਹੱਕ 'ਚ ਸਮੁੱਚੇ ਪੰਜਾਬੀ ਸਿੱਖ ਭਾਈਚਾਰੇ ਨੇ ਅਵਾਜ਼ ਬੁਲੰਦ ਕੀਤੀ। ਐਜੂਕੇਸ਼ਨ ਐਂਡ ਵਰਕ ਫੋਰਸ ਕਮੇਟੀ ਅੱਗੇ ਸਕੂਲਾਂ 'ਚ ਪੰਜਾਬੀ ਪੜਾਏ ਜਾਣ ਦੀ ਵਕਾਲਤ ਕੀਤੀ ਗਈ ਤਾਂ ਜੋ ਦੇਸ਼ ਦੇ ਪ੍ਰਾਇਮਰੀ ਤੇ ਇੰਟਰ-ਮੀਡੀਏਟ ਸਕੂਲਾਂ 'ਚ ਪੰਜਾਬੀ ਦੀ ਪੜਾਈ ਬਾਰੇ ਰਾਹ ਖੁੱਲ ਸਕੇ।

ਇਸ ਸਬੰਧੀ ਸਤੰਬਰ 2018 ਦੌਰਾਨ ਪਾਰਲੀਮੈਂਟ 'ਚ ਪੇਸ਼ ਹੋਏ ਐਜੂਕੇਸ਼ਨ ਸੋਧ ਬਿੱਲ ਰਾਹੀਂ ਸਕੂਲਾਂ 'ਚ ਇੰਗਲਿਸ਼ ਤੋਂ ਇਲਾਵਾ ਹੋਰ ਭਾਸ਼ਾਵਾਂ ਨੂੰ ਤਰਜੀਹ ਦੇਣ ਸਬੰਧੀ ਵੱਖ-ਵੱਖ ਸੰਸਥਾਵਾਂ ਤੋਂ ਰਾਇ ਪੁੱਛੀ ਗਈ ਸੀ। ਜਿਨਾਂ ਨੇ



ਪਹਿਲਾਂ ਲਿਖਤੀ ਰੂਪ 'ਚ ਆਪੋ-ਆਪਣੀਆਂ ਤਜਵੀਜ਼ਾਂ ਭੇਜੀਆਂ ਪਰ ਇਹ ਸੰਸਥਾਵਾਂ ਸੰਸਦ ਦੀ ਐਜੂਕੇਸ਼ਨ ਤੇ ਵਰਕਫੋਰਸ ਕਮੇਟੀ ਨਾਲ ਰੂ-ਬ-ਰੂ ਹੋਈਆਂ।

ਨਿਊਜ਼ੀਲੈਂਡ ਦੇ ਵੱਖ-ਵੱਖ ਗੁਰੂਘਰਾਂ ਤੇ ਉਨਾਂ 'ਚ ਚੱਲ ਰਹੇ ਸਕੂਲਾਂ ਦੀਆਂ ਪ੍ਰਬੰਧਕੀ ਕਮੇਟੀਆਂ ਤੇ ਪੰਜਾਬੀ ਦੀ ਭਲਾਈ ਚਾਹੁਣ ਵਾਲੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਵਜੋਂ ਸੁਪਰੀਮ ਸਿੱਖ ਸੁਸਾਇਟੀ ਆਫ਼ ਨਿਊਜ਼ੀਲੈਂਡ ਦੇ ਬੁਲਾਰੇ ਦਲਜੀਤ ਸਿੰਘ, ਸੁਸਾਇਟੀ ਦੇ ਕਾਨੂੰਨੀ ਸਲਾਹਕਾਰ ਮੈਟ ਰੌਬਸਨ ਤੇ ਵਲਿੰਗਟਨ ਸਿੱਖ ਸੁਸਾਇਟੀ ਤੋਂ ਪਰਮਜੀਤ ਸਿੰਘ ਨੇ ਨਿਊਜ਼ੀਲੈਂਡ ਵਸਦੇ ਸਮੁੱਚੇ ਸਿੱਖ ਭਾਈਚਾਰੇ ਵੱਲੋਂ ਪੰਜਾਬੀ

ਬਾਕੀ ਸਫ਼ਾ 33 'ਤੇ

## 17 ਅਪ੍ਰੈਲ 'ਤੇ ਵਿਸ਼ੇਸ਼ : ਵਿਸ਼ਵ ਹੀਮੋਫੀਲੀਆ ਦਿਵਸ

ਗੋਬਿੰਦਰ ਸਿੰਘ ਢੀਂਡਸਾ

ਦੁਨੀਆਂ ਪਿਛਲੇ ਵਰੇ ਤੋਂ ਕੋਰੋਨਾ ਮਹਾਂਮਾਰੀ ਨਾਲ ਜੂਝ ਰਹੀ ਹੈ ਅਤੇ ਹੁਣ ਤੱਕ ਤਕਰੀਬਨ 29 ਲੱਖ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਸਿਹਤ ਸੰਭਾਲ ਸਭ ਤੋਂ ਵੱਧ ਜ਼ਰੂਰੀ ਹੈ, ਇਸ ਤੱਥ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਇਸ ਸਬੰਧੀ ਸਿਹਤ ਜਾਗਰੂਕਤਾ ਦਾ ਖ਼ਾਸ ਮਹੱਤਵ ਹੈ।

ਡਾ. ਫਰੈਂਕ ਸਚਨਾਬੇਲ ਨੇ 1963 ਵਿੱਚ 'ਦਾ ਵਰਲਡ ਫੈਡਰੇਸ਼ਨ ਆਫ ਹੈਮੋਫੀਲੀਆ' ਦਾ ਗਠਨ ਕੀਤਾ। ਇਸ ਦਾ ਦਫਤਰ ਮਾਂਟਰੀਅਲ, ਕੈਨੇਡਾ ਵਿਚ ਬਣਾਇਆ ਗਿਆ। ਹੀਮੋਫੀਲੀਆ ਦਿਵਸ ਹਰ ਸਾਲ ਡਾ. ਫਰੈਂਕ ਸਚਨਾਬੇਲ ਦੇ ਜਨਮ ਦਿਨ ਨੂੰ ਸਮਰਪਿਤ 17 ਅਪ੍ਰੈਲ ਨੂੰ 1989 ਤੋਂ ਮਨਾਇਆ ਜਾਂਦਾ ਹੈ। ਉਨਾਂ ਦਾ ਦੇਹਾਂਤ 1987 ਵਿੱਚ ਖ਼ੂਨ ਵਹਿਣ ਕਾਰਣ ਹੋ ਗਿਆ। ਹੀਮੋਫੀਲੀਆ ਦਰਅਸਲ ਦੋ ਯੂਨਾਨੀ ਸ਼ਬਦਾਂ ਤੋਂ ਬਣਿਆ ਹੈ 'ਹਾਏਮਾ' ਯਾਨੀ ਲਹੂ ਤੇ 'ਫੀਲੀਆ' ਯਾਨੀ ਮਾੜਾ ਅਸਰ। ਹੀਮੋਫੀਲੀਆਂ ਇੱਕ ਡਿਸਆਰਡਰ ਹੈ ਜੋ ਮੁੱਖ ਰੂਪ ਵਿੱਚ ਸਰੀਰ ਦੇ ਲਹੂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਇੱਕ ਅਜਿਹੀ ਮੈਡੀਕਲ ਸਥਿਤੀ ਹੈ ਜਿਸਦੇ ਕਾਰਨ ਦੁਰਘਟਨਾ ਹੋਣ ਤੋਂ ਬਾਅਦ ਕਈ ਵਿਅਕਤੀਆਂ ਦੇ ਲਈ ਇਹ ਜਾਨਲੇਵਾ ਵੀ ਹੋ ਸਾਬਿਤ ਹੁੰਦੀ ਹੈ। ਜਦੋਂ ਕਿਸੇ ਵਿਅਕਤੀ ਦੇ ਅੰਦਰੂਨੀ ਜਾਂ ਬਾਹਰੀ ਸੱਟ ਲੱਗਦੀ ਹੈ ਅਤੇ ਲਹੂ ਦਾ ਵਹਿਣਾ ਸ਼ੁਰੂ ਹੁੰਦਾ ਹੈ ਤਾਂ ਉਹ ਰੁਕਦਾ ਨਹੀਂ ਅਤੇ ਲਗਾਤਾਰ ਵਹਿੰਦਾ ਰਹਿੰਦਾ ਹੈ, ਤਾਂ ਇਹੀ ਸਥਿਤੀ ਹੋਮੀਫੀਲੀਆ ਅਖਵਾਉਂਦੀ ਹੈ। ਹੀਮੋਫੀਲੀਆ ਅਨੁਵੰਸ਼ਿਕ ਬੀਮਾਰੀ ਹੈ ਜਿਸ ਕਰਕੇ ਮਾਪਿਆਂ ਤੋਂ ਬੱਚਿਆਂ ਨੂੰ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਇਸ ਬੀਮਾਰੀ ਦਾ ਜੀਨ ਐਕਸ ਸ਼ਕਰਾਣੂ ਵਿਚ ਹੁੰਦਾ ਹੈ। ਆਮ ਤੌਰ 'ਤੇ ਇਹ ਰੋਗ ਪੁਰਸ਼ਾਂ ਵਿੱਚ ਜ਼ਿਆਦਾ ਹੁੰਦਾ ਹੈ ਪ੍ਰੰਤੂ ਔਰਤਾਂ ਵੀ ਇਸ ਦੀ ਵਾਹਕ ਹੁੰਦੀਆਂ ਹਨ।

ਬਾਕੀ ਸਫ਼ਾ 33 'ਤੇ

# ਕੋਟਕਪੂਰਾ ਗੋਲੀਕਾਂਡ : ਹਾਈਕੋਰਟ ਵਲੋਂ ਐਸਆਈਟੀ. ਦੀ ਜਾਂਚ ਰਿਪੋਰਟ ਰੱਦ

## ✪ ਹਾਈਕੋਰਟ ਅਨੁਸਾਰ ਰਿਪੋਰਟ ਵਿਚ ਕਈ ਖਾਮੀਆਂ ✪ ਆਈਜੀ ਦੀ ਜਾਂਚ ਵੀ ਪੀੜਤਾਂ ਨੂੰ ਨਹੀਂ ਦਿਵਾ ਸਕੀ ਇਨਸਾਫ਼ ✪ ਕੁੰਵਰ ਵਿਜੇ ਪ੍ਰਤਾਪ ਤੋਂ ਬਿਨਾਂ ਨਵੀਂ ਐਸ.ਆਈ.ਟੀ. ਬਣਾਉਣ ਦੇ ਹਾਈਕੋਰਟ ਵਲੋਂ ਹੁਕਮ ✪ ਕੈਪਟਨ ਨੇ ਕਿਹਾ ਜੇਕਰ ਐਸਆਈਟੀ ਦੀ ਪੜਤਾਲ ਰੱਦ ਹੋਈ ਤਾਂ ਹਾਈ ਕੋਰਟ ਦੇ ਫੈਸਲੇ ਨੂੰ ਦਿਆਂਗੇ ਚੁਣੌਤੀ ✪ ਕੈਪਟਨ ਨੇ ਸਾਨੂੰ ਬੇਅਦਬੀ ਕੇਸ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ : ਸੁਖਬੀਰ



**ਬਘੇਲ ਸਿੰਘ ਪੱਤਰਕਾਰ**
**99142-58142**

ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜੇ ਕੋਟਕਪੁਰਾ ਗੋਲੀਕਾਂਡ ਮਾਮਲੇ 'ਚ ਅਹਿਮ ਸੁਣਵਾਈ ਕਰਦੇ ਹੋਏ ਐਸ.ਆਈ.ਟੀ. ਵਲੋਂ ਕੀਤੀ ਗਈ ਜਾਂਚ ਨੂੰ ਰੱਦ ਕਰਦੇ ਹੋਏ ਪੰਜਾਬ ਸਰਕਾਰ ਨੂੰ ਇਕ ਨਵੀਂ ਐਸ. ਆਈ. ਟੀ. ਬਣਾਉਣ ਦੇ ਆਦੇਸ਼ ਜਾਰੀ ਕੀਤੇ ਹਨ, ਜੋ ਆਈ.ਪੀ.ਐਸ. ਕੁੰਵਰ ਵਿਜੇ ਪ੍ਰਤਾਪ ਸਿੰਘ ਤੋਂ ਬਗੈਰ ਹੋਵੇ। ਹਾਈਕੋਰਟ ਨੇ ਮਾਮਲੇ ਵਿਚ ਸਾਬਕਾ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਤੇ ਇਕ ਹੋਰ ਪੁਲਿਸ ਅਧਿਕਾਰੀ ਰਛਪਾਲ ਸਿੰਘ ਵਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਇਹ ਆਦੇਸ਼ ਜਾਰੀ ਕੀਤੇ ਹਨ। ਇਨਾਂ ਵਲੋਂ ਕੋਟਕਪੁਰਾ ਗੋਲੀਕਾਂਡ ਮਾਮਲੇ ਵਿਚ ਫਿਰ ਤੋਂ ਦਰਜ ਐਫ.ਆਈ.ਆਰ. ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਇਸ ਦੇ ਨਾਲ ਹੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਕੇਸ ਦੀ ਜਾਂਚ ਤੋਂ ਹਟਾਉਣ ਦੀ ਵੀ ਮੰਗ ਰੱਖੀ ਗਈ ਸੀ। ਹਾਈਕੋਰਟ ਦੇ ਜਸਟਿਸ ਰਾਜਬੀਰ ਸਹਿਰਾਵਤ ਦੀ ਬੈਂਚ ਨੇ ਇਹ ਆਦੇਸ਼ ਜਾਰੀ ਕੀਤੇ ਹਨ। ਬੈਂਚ ਨੂੰ ਦੱਸਿਆ ਗਿਆ ਕਿ 7 ਅਗਸਤ 2018 ਨੂੰ ਹੱਤਿਆ ਦੇ ਯਤਨ, ਸੱਟ ਪਹੁੰਚਾਉਣ, ਸਬੂਤਾਂ ਨਾਲ ਛੇੜਛਾੜ ਤੇ ਅਪਰਾਧਕ ਸਾਜਿਸ਼ ਰਚਣ ਸਮੇਤ ਹੋਰ ਧਾਰਾਵਾਂ ਤਹਿਤ ਕੋਟਕਪੁਰਾ ਥਾਣੇ ਵਿਚ ਦਰਜ ਐਫ. ਆਈ.ਆਰ. ਗੈਰ-ਕਾਨੂੰਨੀ ਸੀ। ਪਟੀਸ਼ਨਰ ਪੱਖ ਵਲੋਂ ਪੇਸ਼ ਸੀਨੀਅਰ ਵਕੀਲ ਆਰ.ਐਸ. ਚੀਮਾ ਤੇ ਅਰਸ਼ਦੀਪ ਸਿੰਘ ਚੀਮਾ ਨੇ ਕਿਹਾ ਕਿ ਇਸ ਮਾਮਲੇ ਵਿਚ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ 14 ਅਕਤੂਬਰ 2015 ਨੂੰ ਪਹਿਲਾਂ ਹੀ ਕੇਸ ਦਰਜ ਹੋ ਚੁੱਕਾ ਸੀ। ਕਿਹਾ ਗਿਆ ਕਿ ਜਾਂਚ ਏਜੰਸੀ ਨੂੰ ਆਦੇਸ਼ ਦਿੱਤੇ ਜਾਣ ਕਿ ਸ਼ੁਰੂ 'ਚ ਦਰਜ ਹੋਏ ਕੇਸ ਦੀ ਹੀ ਜਾਂਚ ਕੀਤੀ ਜਾਵੇ। ਇਸ ਦੇ ਨਾਲ ਹੀ ਐਸ.ਆਈ.ਟੀ. ਦੀ ਅੰਤਿਮ ਜਾਂਚ ਰਿਪੋਰਟ ਨੂੰ ਵੀ ਖ਼ਾਰਜ ਕਰਨ ਦੀ ਮੰਗ ਰੱਖੀ ਗਈ ਸੀ। ਕਿਹਾ ਗਿਆ ਕਿ ਘਟਨਾ ਵਿਚ ਪਹਿਲਾਂ ਦਰਜ ਐਫ.ਆਈ. ਆਰ. 'ਚ ਤਿੰਨ ਸਾਲਾਂ ਦੇ ਅੰਤਰਾਲ ਬਾਅਦ ਦੂਜੀ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਬਾਅਦ ਵਿਚ ਦਰਜ ਕੇਸ ਨੂੰ ਕਾਨੂੰਨੀ ਸਿਧਾਂਤਾਂ ਖਿਲਾਫ਼ ਦੱਸਿਆ ਗਿਆ। ਇਹ ਵੀ ਕਿਹਾ ਗਿਆ ਕਿ ਬਾਅਦ ਵਿਚ ਦਰਜ ਕੇਸ 'ਚ ਜਾਂਚ ਟੀਮ ਨੇ 2015 ਵਿਚ ਦਰਜ ਕੇਸ ਨੂੰ ਪੂਰੀ ਤਰਾਂ ਨਕਾਰਦੇ ਹੋਏ ਜਾਂਚ ਕੀਤੀ, ਜਿਸ 'ਚ 50 ਪੁਲਿਸ ਮੁਲਾਜ਼ਮਾਂ ਨੂੰ ਡਿਊਟੀ ਦੌਰਾਨ ਲੱਗੀਆਂ ਸੱਟਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ। ਕਿਹਾ ਗਿਆ ਕਿ ਐਸ.ਆਈ.ਟੀ. ਵਲੋਂ ਸੀ.ਆਰ.ਪੀ.ਸੀ. ਦੀ ਧਾਰਾ 173 ਤਹਿਤ ਪੇਸ਼ ਰਿਪੋਰਟ ਗੈਰ-ਕਾਨੂੰਨੀ ਤੇ ਸਥਾਈ ਨਹੀਂ ਹੈ ਕਿਉਂਕਿ ਇਸ 'ਤੇ ਕਿਸੇ ਵੀ ਉਸ ਅਫ਼ਸਰ ਦੇ ਦਸਤਖ਼ਤ ਨਹੀਂ ਹਨ, ਜੋ ਇਹ ਕਰਨ ਦਾ ਹੱਕ ਰੱਖਦਾ ਹੋਵੇ। ਇਹ ਵੀ ਕਿਹਾ ਗਿਆ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ 23 ਮਈ ਨੂੰ ਐਸ. ਆਈ.ਟੀ. ਦੇ ਮੈਂਬਰ ਨਹੀਂ ਸਨ, ਜਦੋਂ ਉਨਾਂ ਵਲੋਂ ਇਸ ਰਿਪੋਰਟ 'ਤੇ ਦਸਤਖ਼ਤ ਕੀਤੇ ਗਏ ਸਨ।

**ਪੰਜਾਬ ਦੀ ਸਿਆਸਤ ਵਿਚ ਭੂਚਾਲ :**

ਬਰਗਾੜੀ ਬੇਅਦਬੀ ਮਾਮਲੇ ਨਾਲ ਜੁੜੇ ਕੋਟਕਪੂਰਾ ਗੋਲ਼ੀਕਾਂਡ ਦੀ ਛੇ ਸਾਲਾਂ ਬਾਅਦ ਨਵੇਂ ਸਿਰਿਓਂ ਜਾਂਚ ਦੇ ਹੁਕਮ ਤੋਂ ਬਾਅਦ ਪੰਜਾਬ ਦੀ ਸਿਆਸਤ 'ਚ ਇਕ ਵਾਰ ਫਿਰ ਭੂਚਾਲ ਜਿਹਾ ਆ ਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਪੈਸ਼ਲ ਜਾਂਚ ਟੀਮ ਦੀ ਰਿਪੋਰਟ ਮੂਲੋਂ ਖਾਰਜ ਕਰਨ ਨਾਲ








ਜਿੱਥੇ ਕਈਆਂ ਨੂੰ ਝਟਕਾ ਲੱਗਾ ਹੈ, ਉੱਥੇ ਸਵਾਲਾਂ 'ਚ ਘਿਰੇ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ ਫ਼ਿਲਹਾਲ ਵੱਡੀ ਰਾਹਤ ਮਿਲੀ ਹੈ। ਫ਼ਰੀਦਕੋਟ ਦੇ ਬਰਗਾੜੀ ਕਸਬੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ-ਕੋਟਕਪੂਰਾ ਗੋਲ਼ੀਕਾਂਡ ਨੇ ਦਰਅਸਲ ਪਿਛਲੇ ਛੇ ਸਾਲਾਂ ਦੌਰਾਨ ਨਾਨਕ ਨਾਮਲੇਵਾ ਸੰਗਤ 'ਚ ਰੋਹ ਦੀ ਲਹਿਰ ਪੈਦਾ ਕਰ ਦਿੱਤੀ ਸੀ ਜਿਸ ਦਾ ਖਮਿਆਜ਼ਾ 'ਪੰਥ ਅਤੇ ਗ੍ਰੰਥ' ਦੀ ਪਹਿਰੇਦਾਰ ਸਮਝਣ ਵਾਲੀ ਪਾਰਟੀ ਅਕਾਲੀ ਦਲ ਨੂੰ ਭੁਗਤਣਾ ਪਿਆ ਸੀ। ਪੰਥਕ ਸਫ਼ਾਂ 'ਚ ਵੱਡਾ ਖੋਰਾ ਲੱਗਣ ਕਰਕੇ ਅਕਾਲੀ ਦਲ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਨਮੋਸ਼ੀ ਭਰੀ ਹਾਰ ਵੇਖਣੀ ਪਈ ਸੀ ਤੇ ਉਹ ਅਸੈਂਬਲੀ 'ਚ 'ਵਿਰੋਧੀ ਧਿਰ' ਦੀ ਭੂਮਿਕਾ ਨਿਭਾਉਣ ਜੋਗਾ ਵੀ ਨਾ ਰਿਹਾ। ਹਾਈ ਕੋਰਟ ਦੇ ਫ਼ੈਸਲੇ ਨੇ ਸੱਤਾਧਾਰੀ ਕਾਂਗਰਸ ਪਾਰਟੀ ਦੀਆਂ ਆਸਾਂ 'ਤੇ ਵੀ ਪਾਣੀ ਫੇਰ ਦਿੱਤਾ ਹੈ ਜੋ ਅਗਾਮੀ ਵਿਧਾਨ ਸਭਾ ਚੋਣਾਂ ਵੇਲੇ ਇਸ ਮੁੱਦੇ ਨੂੰ ਭੁਨਾਉਣਾ ਚਾਹੁੰਦੀ ਸੀ। ਹਾਈ ਕੋਰਟ ਨੇ ਇਹ ਵੀ ਆਦੇਸ਼ ਦਿੱਤੇ ਹਨ ਕਿ ਨਵੀਂ ਐੱਸਆਈਟੀ 'ਚ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਸ਼ਾਮਲ ਨਾ ਕੀਤਾ ਜਾਵੇ।

ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐੱਸਆਈਟੀ ਦੀ ਜਾਂਚ ਨੂੰ ਪੂਰੀ ਤਰਾਂ ਨਿਰਪੱਖ ਦੱਸਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਵੇਗੀ। ਇਸ ਸਬੰਧ ਵਿਚ ਮੀਡੀਆ ਰਿਪੋਰਟਾਂ ਉਤੇ ਪ੍ਰਤੀਕਰਮ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨਾਂ ਨੇ ਸੂਬਾ ਸਰਕਾਰ ਦੀ ਲੀਗਲ ਟੀਮ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਮਿਲਣ ਉਤੇ ਤੁਰੰਤ ਇਸ ਕੇਸ ਦੀ ਘੋਖ ਕਰਨ ਦੇ ਹੁਕਮ ਦਿੱਤੇ ਹਨ। ਉਨਾਂ ਨੇ ਟੀਮ ਨੂੰ ਇਹ ਵੀ ਆਦੇਸ਼ ਦਿੱਤੇ ਹਨ ਕਿ ਜੇਕਰ ਐਸ.ਆਈ.ਟੀ. ਨੂੰ ਰੱਦ ਕਰਨ ਜਾਂ ਇਸ ਦੇ ਮੁਖੀ ਨੂੰ ਹਟਾਉਣ ਦੇ ਹੁਕਮ ਦਿੱਤੇ ਗਏ ਤਾਂ ਇਸ ਨੂੰ ਸਰਵ-ਉਚ ਅਦਾਲਤ ਵਿਚ ਚੁਣੌਤੀ ਦੇਣ ਲਈ ਕੇਸ ਤਿਆਰ ਕੀਤਾ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਉਨਾਂ ਨੂੰ ਦਿੱਲੀ ਤੋਂ ਸੀਨੀਅਰ ਵਕੀਲ ਸਿਧਾਰਥ ਲੂਥਰਾ ਦੀ ਅਗਵਾਈ ਵਾਲੀ ਸੂਬੇ ਦੀ ਕਾਨੂੰਨੀ ਮਾਹਿਰਾਂ ਦੀ ਟੀਮ ਵਿਚ ਪੂਰਨ ਭਰੋਸਾ ਹੈ ਜੋ ਇਸ ਕੇਸ ਵਿਚ ਹਾਈ ਕੋਰਟ ਵਿਚ ਪੇਸ਼ ਹੋਈ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਕੇਸ ਨੂੰ ਕਾਨੂੰਨੀ ਸਿੱਟੇ ਉਤੇ ਲਿਜਾਇਆ ਜਾਵੇਗਾ ਅਤੇ ਕੋਈ ਵੀ ਦੋਸ਼ੀ ਬਖਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਸਿਆਸੀ ਤੌਰ ਉਤੇ ਕਿੰਨਾ ਵੀ ਤਾਕਤਵਾਰ ਜਾਂ ਅਸਰ-ਰਸੂਖ ਵਾਲਾ ਹੋਵੇ। ਉਨਾਂ ਨੇ ਲੰਮੇ ਸਮੇਂ ਤੋਂ ਇਨਸਾਫ ਦੀ ਉਡੀਕ ਵਿਚ ਗੋਲੀ ਕਾਂਡ ਦੇ ਪੀੜਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਸਮੇਤ ਉਨਾਂ ਦੀ ਸਰਕਾਰ ਦੇ ਹਰੇਕ ਵਾਅਦੇ ਨੂੰ ਪੂਰਾ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

ਐਸਆਈਟੀ ਦੇ ਮੁਖੀ ਕੰਵਰ ਵਿਜੇ ਪ੍ਰਤਾਪ ਸਿੰਘ ਅਤੇ ਉਨਾਂ ਦੀ ਨਿਗਰਾਨੀ ਹੇਠ ਵਿਚ ਹੁਣ ਤੱਕ ਕੀਤੀ ਗਈ ਜਾਂਚ ਵਿਚ ਪੂਰਾ ਵਿਸ਼ਵਾਸ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਬਹੁਤ ਹੀ ਯੋਗ ਅਤੇ ਤਜਰਬੇਕਾਰ ਅਧਿਕਾਰੀ ਹਨ ਜੋ ਵਿਸ਼ੇਸ਼ ਜਾਂਚ ਟੀਮ ਦੇ ਗਠਨ ਵੇਲੇ ਤੋਂ ਲੈ ਕੇ ਕੇਸ ਉਪਰ ਸ਼ਿੱਦਤ ਨਾਲ ਕੰਮ ਕਰ ਰਹੇ ਹਨ। ਉਨਾਂ ਕਿਹਾ ਕਿ ਕੁੰਵਰ ਵਿਜੇ ਪ੍ਰਤਾਰ ਸਿੰਘ ਦੀ ਅਗਵਾਈ ਹੇਠ ਐਸਆਈਟੀ ਵੱਲੋਂ ਪੂਰੀ ਤਰਾਂ ਨਿਰਪੱਖ ਅਤੇ ਪੱਖਪਾਤ ਰਹਿਤ ਜਾਂਚ ਕੀਤੀ ਜਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਅੱਗੇ ਕਿਹਾ ਕਿ ਉਨਾਂ ਦੀ ਸਰਕਾਰ ਨੂੰ ਇਸ ਪੜਾਅ ਉਤੇ ਅਧਿਕਾਰੀ ਬਦਲਣਾ ਜਾਂ ਨਵੇਂ ਸਿਰਿਓ ਐਸਆਈਟੀ ਦਾ ਗਠਨ ਕਰਨਾ ਮਨਜ਼ੂਰ ਨਹੀਂ ਹੈ। ਉਨਾਂ ਅੱਗੇ ਕਿਹਾ ਕਿ ਜਾਂਚ ਬਹੁਤ ਅੱਗੇ ਵਧ ਚੁੱਕੀ ਹੈ ਅਤੇ ਬਰਗਾੜੀ ਦੀ ਬੇਅਦਬੀ ਘਟਨਾ ਤੋਂ ਬਾਅਦ ਵਾਪਰੀ ਸਾਲ 2015 ਦੀ ਘਟਨਾ ਦੇ ਕੇਸ ਵਿਚ ਸਬੰਧਤ ਵਿਅਕਤੀਆਂ ਖਿਲਾਫ ਚਾਰ ਚਲਾਨ ਪਹਿਲਾਂ ਹੀ ਦਾਇਰ ਕੀਤੇ ਜਾ ਚੁੱਕੇ ਹਨ ਅਤੇ ਅੰਤਿਮ ਰਿਪੋਰਟਾਂ ਵੀ ਸੈਸ਼ਨ ਅਦਾਲਤ ਵਿਚ ਸੁਣਵਾਈ ਲਈ ਦਾਇਰ ਕੀਤੀਆਂ ਗਈਆਂ ਹਨ।

ਮੁੱਖ ਮੰਤਰੀ ਨੇ ਅਜਿਹੇ ਗੰਭੀਰ ਅਤੇ ਸੰਵੇਦਨਸ਼ੀਲ ਮੁੱਦੇ 'ਤੇ ਘਟੀਆ ਰਾਜਨੀਤੀ ਦੀ ਖੇਡ ਜਾਰੀ ਰੱਖਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਵੀ ਨਿੰਦਾ ਕੀਤੀ। ਉਨਾਂ ਬਾਦਲਾਂ ਖ਼ਿਲਾਫ਼ ਸਿਆਸੀ ਬਦਲਾਖੋਰੀ ਦੇ ਦੋਸ਼ਾਂ ਨੂੰ ਪੂਰੀ ਤਰਾਂ ਅਣਉਚਿਤ ਅਤੇ ਬੇਬੁਨਿਆਦ ਕਹਿ ਕੇ ਰੱਦ ਕਰਦਿਆਂ ਕਿਹਾ ਕਿ ਜੇਕਰ ਉਨਾਂ ਨੇ ਆਪਣੇ ਰਾਜਨੀਤਕ ਵਿਰੋਧੀਆਂ ਨੂੰ ਅਜਿਹੇ ਘਟੀਆ ਹੱਥਕੰਡੇ ਵਰਤ ਕੇ ਤੰਗ ਕਰਨਾ ਹੁੰਦਾ ਤਾਂ ਸੱਤਾ ਸੰਭਾਲਣ ਤੋਂ ਬਾਅਦ ਉਨਾਂ ਨੇ ਤੁਰੰਤ ਅਜਿਹਾ ਕਰ ਦਿੱਤਾ ਹੁੰਦਾ ਅਤੇ ਹਾਲੇ ਤੱਕ ਉਨਾਂ ਨੂੰ ਬਖ਼ਸ਼ਿਆ ਨਾ ਹੁੰਦਾ। ਜ਼ਿਕਰਯੋਗ ਹੈ ਕਿ ਕੁੰਵਰ ਵਿਜੇ ਪ੍ਰਤਾਪ ਐੱਸਆਈਟੀ ਦੇ ਮੈਂਬਰ ਹਨ ਅਤੇ ਉਹ ਇਸ ਮਾਮਲੇ 'ਚ ਨੌਂ ਚਲਾਨ ਪੇਸ਼ ਕਰ ਚੁੱਕੇ ਸਨ ਜਦਕਿ ਆਖ਼ਰੀ ਚਲਾਨ ਜਲਦੀ ਹੀ ਪੇਸ਼ ਕੀਤਾ ਜਾਣਾ ਸੀ। ਕੁੰਵਰ ਵਿਜੇ ਪ੍ਰਤਾਪ ਨੇ ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਦਾਅਵਾ ਕੀਤਾ ਸੀ ਕਿ ਉਨਾਂ ਨੂੰ ਜਾਂਚ ਕਰਨ ਵੇਲੇ ਬੇਹੱਦ ਔਕੜਾਂ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਦਾ ਇੰਕਸ਼ਾਫ਼ ਉਹ ਵਕਤ ਆਉਣ 'ਤੇ ਕਰਨਗੇ। ਉਨਾਂ ਇਲਜ਼ਾਮ ਲਾਇਆ ਕਿ ਉਨਾਂ ਨੂੰ ਮਾਰ ਦੇਣ ਦੀਆਂ ਧਮਕੀਆਂ ਤਕ ਵੀ ਮਿਲਦੀਆਂ ਰਹੀਆਂ, ਫਿਰ ਵੀ ਉਹ ਜਾਂਚ 'ਚ ਜੁਟੇ ਰਹੇ। ਐੱਸਆਈਟੀ ਦੀ ਜਾਂਚ ਦੇ ਦਾਇਰੇ 'ਚ ਤਤਕਾਲੀ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਅਕਾਲੀ ਵਿਧਾਇਕ, ਸਾਬਕਾ ਡੀਜੀਪੀ ਸੁਮੇਧ ਸੈਣੀ, ਆਈਜੀ ਪਰਮਪਾਲ ਸਿੰਘ ਉਮਰਾਨੰਗਲ ਅਤੇ ਕਈ ਸੀਨੀਅਰ ਪੁਲਿਸ ਅਧਿਕਾਰੀ ਵੀ ਆਏ ਸਨ। ਕਈ ਪੁਲਿਸ ਅਫ਼ਸਰਾਂ ਨੂੰ ਜੇਲ ਦੀ ਹਵਾ ਖਾਣੀ ਪਈ ਸੀ। ਅਦਾਲਤ ਦੇ ਫ਼ੈਸਲੇ 'ਤੇ ਪੀੜਤ ਪਰਿਵਾਰਾਂ ਨੇ ਨਿਰਾਸ਼ਾ ਪ੍ਰਗਟ ਕੀਤੀ ਹੈ। ਇਸ ਗੋਲੀਕਾਂਡ 'ਚ ਮਾਰੇ ਗਏ ਕਿਸ਼ਨ ਭਗਵਾਨ ਦੇ ਬੇਟੇ ਸੁਖਰਾਜ ਸਿੰਘ ਅਤੇ ਗੁਰਜੀਤ ਸਿੰਘ ਦੇ ਪਿਤਾ ਸਾਧੂ ਸਿੰਘ ਸਰਾਵਾਂ ਨੇ ਦੁਖੀ ਹਿਰਦੇ ਨਾਲ ਕਿਹਾ ਕਿ ਉਨਾਂ ਨੂੰ ਆਸ ਸੀ ਕਿ ਛੇਤੀ ਹੀ ਦੋਸ਼ੀਆਂ ਨੂੰ ਸਜ਼ਾ ਮਿਲੇਗੀ ਪਰ ਆਸ ਦੇ ਉਲਟ ਆਏ ਫ਼ੈਸਲੇ ਨਾਲ ਉਨਾਂ ਦੇ ਮਨਾਂ ਨੂੰ ਗਹਿਰੀ ਠੇਸ ਪਹੁੰਚੀ ਹੈ। ਹੁਣ ਨਵੀਂ ਐੱਸਆਈਟੀ ਕਦੋਂ ਬਣੇਗੀ ਤੇ ਉਹ ਕਿੰਨੇ ਸਾਲਾਂ 'ਚ ਜਾਂਚ ਮੁਕੰਮਲ ਕਰੇਗੀ, ਇਹ ਤਾਂ ਸਮਾਂ ਹੀ ਦੱਸੇਗਾ। ਇਕ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਬੇਅਦਬੀ ਅਤੇ ਇਸ ਨਾਲ ਜੁੜੇ ਗੋਲ਼ੀ ਕਾਂਡ 'ਤੇ ਲੰਮਾ ਸਮਾਂ ਸਿਆਸੀ ਰੋਟੀਆਂ ਜ਼ਰੂਰ ਸੇਕੀਆਂ ਜਾਂਦੀਆਂ ਰਹਿਣਗੀਆਂ। ਸਭ ਤੋਂ ਵੱਡਾ ਬਲ਼ਦਾ ਸਵਾਲ ਤਾਂ ਇਹ ਹੈ ਕਿ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਆਖ਼ਰ ਕਿਸ ਨੇ ਕੀਤੀ ਹੈ ? ਕੁਦਰਤੀ ਹੈ ਕਿ ਇਸ ਪਿੱਛੇ ਜ਼ਰੂਰ ਕੋਈ ਵੱਡੀ ਸਾਜ਼ਿਸ਼ ਸੀ ਜੋ ਪੰਜਾਬ ਦੀ ਆਬੋ-ਹਵਾ ਨੂੰ ਦੂਸ਼ਿਤ ਕਰਨ ਲਈ ਰਚੀ ਗਈ ਹੋਵੇਗੀ।

**ਬਾਦਲ ਦਲ ਸਮੇਤ ਰਾਜਨੀਤਕ ਪਾਰਟੀਆਂ ਵਲੋਂ ਨਿੰਦਾ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੂਬੇ ਦੇ ਮੁੱਖ ਮੰਤਰੀ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੋਦੀ ਸਰਕਾਰ ਨਾਲ ਅੰਦਰਖਾਤੇ ਸਮਝੌਤਾ ਕਰਕੇ ਕਿਸਾਨਾਂ ਦੇ ਹਿੱਤਾਂ ਨਾਲ ਖਿਲਵਾੜ ਕੀਤਾ ਹੈ। ਸੁਖਬੀਰ ਨੇ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਮੁੱਖ ਮੰਤਰੀ ਦਾ ਮੰਤਵ ਬਾਦਲ ਪਰਿਵਾਰ ਨੂੰ ਕੇਸ ਵਿਚ ਫਸਾਉਣਾ ਸੀ। ਕੈਪਟਨ ਨੇ ਜਾਂਚ ਦੇ ਨਾਂ 'ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਅਤੇ ਇਸ ਕੰਮ ਵਿਚ ਚਾਰ ਸਾਲ ਬਰਬਾਦ ਕਰ ਦਿੱਤੇ

ਆਪ ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕੋਟਕਪੂਰਾ ਗੋਲੀ ਕਾਂਡ 'ਚ ਸਿੱਖਾਂ ਨੂੰ ਇਨਸਾਫ਼ ਦਿਵਾਉਣ 'ਚ ਨਾਕਾਮ ਸਾਬਤ ਹੋਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੈਪਟਨ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਕਮੇਟੀ ਦੀ ਰਿਪੋਰਟ ਨੂੰ ਰੱਦ ਕਰਦਿਆਂ ਨਵੇਂ ਸਿਰੇ ਤੋਂ ਜਾਂਚ ਕਮੇਟੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਉਨਾਂ ਕਿਹਾ ਕਿ ਉੱਚ ਅਦਾਲਤ ਦੇ ਫ਼ੈਸਲੇ ਤੋਂ ਸਿੱਧ ਹੁੰਦਾ ਹੈ ਕਿ ਐਡਵੋਕੇਟ ਜਨਰਲ ਅਤੁਲ ਨੰਦਾ ਪੰਜਾਬ ਦੇ ਲੋਕਾਂ ਨੂੰ ਇਨਸਾਫ਼ ਦਿਵਾਉਣ 'ਚ ਬੁਰੀ ਤਰਾਂ ਨਾਕਾਮ ਰਹੇ ਹਨ। ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਅਤੁਲ ਨੰਦਾ 150 ਵਕੀਲਾਂ ਦੀ ਟੀਮ ਨਾਲ ਵੀ ਕੋਟਕਪੂਰਾ ਗੋਲੀ ਕਾਂਡ ਦਾ ਕੇਸ ਅਦਾਲਤ ਅੱਗੇ ਸਹੀ ਢੰਗ ਨਾਲ ਨਹੀਂ ਰੱਖ ਸਕੇ। ਉਨਾਂ ਦੋਸ਼ ਲਗਾਇਆ ਕਿ ਕੈਪਟਨ ਕਥਿਤ ਤੌਰ 'ਤੇ ਬਾਦਲਾਂ ਨੂੰ ਬਚਾਉਣਾ ਚਾਹੁੰਦੇ ਹਨ। ਉਨਾਂ ਕਿਹਾ ਕਿ ਪੰਜਾਬ 'ਚ 'ਆਪ' ਸਰਕਾਰ ਆਉਣ 'ਤੇ ਕੋਟਕਪੂਰਾ ਕਾਂਡ ਦੀ ਮੁੜ ਜਾਂਚ ਕਰਵਾਈ ਜਾਵੇਗੀ।

ਕੋਟਕਪੂਰਾ ਗੋਲੀ ਕਾਂਡ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਬਾਰੇ ਕੋਟਕਪੂਰਾ ਦੇ ਵਿਧਾਇਕ ਤੇ ਆਮ ਆਦਮੀ ਪਾਰਟੀ ਦੇ ਆਗੂ ਕੁਲਤਾਰ ਸਿੰਘ ਸੰਧਵਾਂ ਨੇ ਕੈਪਟਨ ਸਰਕਾਰ 'ਤੇ ਦੋਗਲੀ ਨੀਤੀ ਅਪਣਾਉਣ ਦਾ ਦੋਸ਼ ਲਾਇਆ ਹੈ। ਉਨਾਂ ਕਿਹਾ ਕਿ ਹਾਈ ਕੋਰਟ ਦੇ ਇਸ ਫ਼ੈਸਲੇ ਨਾਲ 'ਬਾਦਲ-ਕੈਪਟਨ ਸਾਂਝ' ਬੇਨਕਾਬ ਹੋ ਗਈ ਹੈ। ਸੰਧਵਾਂ ਅਨੁਸਾਰ ਕੈਪਟਨ ਸਰਕਾਰ ਨੇ ਬਾਦਲ ਪਰਿਵਾਰ ਅਤੇ ਉਨਾਂ ਦੇ ਮੋਹਰਿਆਂ ਨੂੰ ਬਚਾਉਣ ਲਈ ਹਾਈ ਕੋਰਟ 'ਚ ਜਾਣਬੁੱਝ ਕੇ ਆਪਣਾ ਪੱਖ ਮਜ਼ਬੂਤੀ ਨਾਲ ਪੇਸ਼ ਨਹੀਂ ਕੀਤਾ। ਇਸੇ ਸਦਕਾ ਅਦਾਲਤ ਵੱਲੋਂ ਐੱਸਆਈਟੀ ਜਾਂਚ ਖਾਰਜ ਕੀਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੈਟਿਕ ਦੇ ਧਾਰਮਿਕ ਬੁਲਾਰੇ ਭਾਈ ਮੋਹਕਮ ਸਿੰਘ ਅਤੇ ਮੀਤ ਪ੍ਰਧਾਨ ਤੇ ਬੁਲਾਰੇ ਮਨਜੀਤ ਸਿੰਘ ਭੋਮਾ ਨੇ ਪੁਲਿਸ ਅਫ਼ਸਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਦੀ ਜਾਂਚ ਕਰਨ ਲਈ ਬਣੀ ਸਿਟ ਤੋਂ ਪਾਸੇ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੈਟਿਕ ਸਪੱਸ਼ਟ ਕਰਦਾ ਹੈ ਕਿ ਪੰਥ ਤੇ ਪੰਜਾਬ ਦੇ ਲੋਕ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲੀ ਸਿਟ ਤੋਂ ਇਲਾਵਾ ਕਿਸੇ ਦੂਸਰੀ ਜਾਂਚ ਨੂੰ ਮਾਨਤਾ ਨਹੀਂ ਦੇਣਗੇ। ਉਨਾਂ ਕਿਹਾ ਕਿ ਬਹਿਬਲ ਕਲਾਂ ਕਾਂਡ ਵਿੱਚ ਸ਼ਹੀਦ ਹੋਏ ਸਿੱਖਾਂ ਦੇ ਪਰਿਵਾਰਾਂ ਨੇ ਵੀ ਇਸ ਸਬੰਧੀ ਸਪੱਸ਼ਟ ਕਰ ਦਿੱਤਾ ਹੈ। ਇਸੇ ਦੌਰਾਨ ਸਰਬੱਤ ਖਾਲਸਾ ਵੱਲੋਂ ਥਾਪੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਕਮੇਟੀ ਨੇ ਕਿਹਾ ਕਿ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਸਿਟ ਰਿਪੋਰਟ ਗੰਧਲੀ ਸਿਆਸਤ ਦਾ ਸ਼ਿਕਾਰ ਹੋ ਗਈ ਹੈ, ਜਿਸ ਕਰਕੇ ਹਾਈ ਕੋਰਟ ਨੇ ਇਸ ਨੂੰ ਰੱਦ ਕਰ ਦਿੱਤਾ ਹੈ। ਉਨਾਂ ਕਿਹਾ ਕਿ ਕਾਂਗਰਸ ਬੇਅਦਬੀਆਂ ਤੇ ਗੋਲੀ ਕਾਂਡ ਦੇ ਸ਼ਹੀਦਾਂ ਨੂੰ ਇਨਸਾਫ਼ ਦੇਣ ਦਾ ਭਰੋਸਾ ਦੇ ਕੇ ਸੱਤਾ ਵਿੱਚ ਆਈ ਸੀ ਪਰ ਕੈਪਟਨ ਦੀ ਬਾਦਲਕਿਆਂ ਨਾਲ ਕਥਿਤ ਦੋਸਤੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸਿਆਸੀਕਰਨ ਕਰ ਦਿੱਤਾ ਹੈ। ਕਮੇਟੀ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ ਨੇ ਸਰਕਾਰ 'ਤੇ ਦੋਸ਼ ਲਗਾਇਆ ਕਿ ਉਸ ਨੇ ਹਾਈ ਕੋਰਟ ਵਿੱਚ ਦੋਸ਼ੀ ਪੁਲਿਸ ਮੁਲਾਜ਼ਮਾਂ ਵੱਲੋਂ ਲਗਾਈ ਪਟੀਸ਼ਨ ਦੀ ਪੈਰਵੀ ਕਰਨ 'ਚ ਦਿਆਨਤਦਾਰੀ ਨਹੀਂ ਦਿਖਾਈ।

# ਲੱਖੇ ਸਿਧਾਣੇ ਦੇ ਛੋਟੇ ਭਰਾ ਉੱਪਰ ਤਸ਼ੱਦਦ ਦੀ ਦਾਸਤਾਨ



ਡਾ:ਸੁਖਪ੍ਰੀਤ ਸਿੰਘ ਉਦੋਕੇ

ਕੱਲ ਦੀਆਂ ਖ਼ਬਰਾਂ ਨੇ ਕਿਸਾਨ ਸੰਘਰਸ਼ ਨਾਲ ਜੁੜੇ ਹੋਏ ਹਰ ਨੌਜਵਾਨ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੱਤਾ ਹੈ ਕਿ ਪਟਿਆਲ਼ਾ ਵਿਸ਼ਵ ਵਿਦਿਆਲੇ ਦਾ ਕਾਨੂੰਨ ਦੀ ਪੜਾਈ ਦਾ ਵਿਦਿਆਰਥੀ ਕੇਂਦਰ ਦੀਆਂ ਜਾਂਚ ਏਜੰਸੀਆਂ ਵਲੋਂ ਅਗਵਾ ਕੀਤਾ ਗਿਆ ਅਤੇ ਉਸ ਉੱਪਰ ਅਣਮਨੁੱਖੀ ਤਸ਼ੱਦਦ ਕੀਤਾ ਗਿਆ। ਜੇਕਰ ਇਸ ਦਾ ਕਾਰਨ ਵੇਖੀਏ ਤਾਂ ਉਸ ਬੇਗੁਨਾਹ ਬੱਚੇ ਦਾ ਦੋਸ਼ ਇਹ ਹੈ ਕਿ ਕਿਸਾਨ ਸੰਘਰਸ਼ ਨਾਲ ਜੁੜੇ ਨੌਜਵਾਨ ਲੱਖੇ ਸਿਧਾਣੇ ਦਾ ਚਚੇਰਾ ਭਰਾ ਹੈ। ਜ਼ਿਕਰਯੋਗ ਹੈ ਕਿ ਕੁੱਝ ਦਿਨਾਂ ਤੋਂ ਸੋਸ਼ਲ ਮੀਡੀਏ ਉੱਪਰ ਇਹ ਮੁੱਦਾ ਸਰਗਰਮ ਸੀ ਕਿ ਸੰਯੁਕਤ ਕਿਸਾਨ ਮੋਰਚੇ ਵਲੋਂ ਦੁਬਾਰਾ ਫਿਰ ਲੱਖਾ ਸਿਧਾਣਾ ਨੂੰ ਮੋਰਚੇ ਵਿੱਚ ਸ਼ਾਮਿਲ ਕੀਤਾ ਜਾ ਰਿਹਾ ਹੈ। ਲੱਖਾ ਸਿਧਾਣਾ ਆਪਣੇ ਕਈ ਸਾਥੀਆਂ ਦੇ ਕਾਫ਼ਲੇ ਨਾਲ ਮਸਤੂਆਣਾ ਸਾਹਿਬ ਤੋਂ ਤੁਰਿਆ ਵੀ ਕਿ ਕਿਸਾਨ ਮੋਰਚੇ ਵਲੋਂ ਦਿੱਤੇ ਗਏ ਰੋਡ ਜਾਮ ਦੇ ਪ੍ਰੋਗ੍ਰਾਮ ਵਿੱਚ ਸ਼ਮੂਲੀਅਤ ਕਰ ਸਕੇ ਪਰ ਉਸੇ ਦਿਨ ਹੀ ਉਸ ਦੇ ਚਚੇਰੇ ਭਰਾ ਨੂੰ ਕੇਂਦਰ ਦੀ ਪੁਲਿਸ ਜਾਂ ਜਾਂਚ ਏਜੰਸੀਆਂ (ਅਜੇ ਸਪੱਸ਼ਟ ਨਹੀਂ) ਵਲੋਂ ਅਗਵਾ ਕਰ ਲਿਆ ਗਿਆ। ਕਿਆਸ ਲਗਾਇਆ ਜਾ ਰਿਹਾ ਹੈ ਲੱਖੇ ਸਿਧਾਣੇ ਦੇ ਮੁੜ ਇਸ ਮੋਰਚੇ ਵਿੱਚ ਸ਼ਮੂਲੀਅਤ ਕਰਨ ਕਰਨ ਨਾਲ ਫਿਰ ਨੌਜਵਾਨ ਮੋਰਚੇ ਵੱਲ ਸਰਗਰਮ ਹੋ ਰਹੇ ਸਨ ਅਤੇ ਉਸ ਉੱਪਰ ਮਾਨਸਿਕ ਦਬਾਅ ਪੈਦਾ ਕਰਨ ਵਾਸਤੇ ਇਸ ਘਟੀਆ ਹਰਕਤ ਦਾ ਸਹਾਰਾ ਲਿਆ ਗਿਆ ਹੈ।

26 ਜਨਵਰੀ ਦੇ ਤਵਾਰੀਖ਼ੀ ਵਰਤਾਰੇ ਤੋਂ ਬਾਅਦ ਜਿਥੇ ਦੀਪ ਸਿੱਧੂ ਨੂੰ ਪੁਲਿਸ ਨੇ ਅੱਠ ਫ਼ਰਵਰੀ ਨੂੰ ਹਿਰਾਸਤ ਵਿੱਚ ਲੈ ਲਿਆ ਸੀ ਉੱਥੇ ਲੱਖਾ ਸਿਧਾਣਾ ਉੱਪਰ ਵੀ ਇਕ ਲੱਖ ਦੇ ਇਨਾਮ ਦੀ ਘੋਸ਼ਣਾ ਕੀਤੀ ਸੀ। ਇਸ ਤੋਂ ਬਾਅਦ ਲੱਖਾ ਸਿਧਾਣਾ ਰੂਪੋਸ਼ ਸੀ ਅਤੇ ਖੁੱਲ ਕੇ ਸਾਹਮਣੇ ਨਹੀਂ ਸੀ ਆ ਸਕਦਾ। ਉਸ ਦਾ ਫੇਸਬੁੱਕ ਪੰਨਾ ਜਿਸ ਉੱਪਰ ਲਾਈਵ ਹੋ ਕੇ ਆਪਣੇ ਵਿਚਾਰ ਸਾਂਝੇ ਕਰਦਾ ਸੀ ਸਰਕਾਰ ਵਲੋਂ ਉਹ ਵੀ ਬੰਦ ਕਰਵਾ ਦਿੱਤਾ ਗਿਆ ਸੀ। ਨੌਜਵਾਨਾਂ ਵਿੱਚ ਉਸਦੇ ਪ੍ਰਤੀ ਇਕ ਖਿੱਚ ਸੀ ਕਿ ਉਹ ਮੋਰਚੇ ਵਿੱਚ ਸ਼ਮੂਲੀਅਤ ਕਰੇ ਅਤੇ ਕਿਸਾਨ ਸੰਘਰਸ਼ ਨੂੰ ਹੋਰ ਬਲ ਮਿਲ ਸਕੇ।

ਮਹਿਰਾਜ ਵਿਖੇ ਹੋਏ ਇਕੱਠ ਦੌਰਾਨ ਉਸ ਨੇ ਅਚਨਚੇਤ ਹਾਜ਼ਰੀ ਭਰੀ ਅਤੇ ਲੋਕਾਂ ਦੇ ਵਿਸ਼ਾਲ ਇਕੱਠ ਦੇ ਸਾਹਮਣੇ ਪੁਲਿਸ ਨੇ ਕੋਈ ਕਾਰਵਾਈ ਕਰਨ ਦਾ ਹੀਆ ਨਾ ਕੀਤਾ। ਇਸ ਤੋਂ ਬਾਅਦ ਉਸ ਇਕ ਦੋ ਵਾਰ ਪੱਤਰਕਾਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਮੋਰਚੇ ਨੂੰ ਮਜ਼ਬੂਤ ਕਰਨ ਦੀ ਗੱਲ ਕੀਤੀ। ਛੱਬੀ ਜਨਵਰੀ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਦੇ ਕੁੱਝ ਆਗੂਆਂ ਨੇ ਉਸ ਨਾਲ ਨਿਜੀ ਰੰਜਸ਼ ਰੱਖਦਿਆਂ ਉਸ ਦੇ ਖਿਲਾਫ ਨਾਅਰੇਬਾਜ਼ੀ ਕਰਵਾਈ ਅਤੇ ਉਸ ਦੀ ਮੋਰਚੇ ਵਿੱਚ ਸ਼ਮੂਲੀਅਤ ਉੱਪਰ ਪਾਬੰਦੀ ਲੱਗਾ ਦਿੱਤੀ। ਕਰੀਬ ਦੋ ਮਹੀਨੇ ਪੰਜਾਬ ਦੇ ਕੁੱਝ ਗਾਇਕਾ ਅਤੇ ਕੁੱਝ ਪੰਥਕ ਜਥੇਬੰਦੀਆਂ ਨੇ ਬੜੀ ਮਿਹਨਤ ਕਰਕੇ ਦੁਬਾਰਾ ਪਿੜ ਤਿਆਰ ਕੀਤਾ ਕਿ ਲੱਖੇ ਸਿਧਾਣੇ ਦੀ ਦੁਬਾਰਾ ਮੋਰਚੇ ਵਿੱਚ ਸ਼ਮੂਲੀਅਤ ਕਰਵਾਈ ਜਾਵੇ ਪ੍ਰੰਤੂ ਐਨ ਉਸੇ ਮੌਕੇ ਉੱਪਰ ਉਸ ਦੇ ਚਚੇਰੇ ਭਰਾ ਨਾਲ ਵਾਪਰੇ ਵਰਤਾਰੇ ਨੇ ਕਈ ਸ਼ੰਕੇ ਖੜੇ ਕਰ ਦਿੱਤੇ। ਉਸ ਦਾ ਚਚੇਰਾ ਭਰਾ ਮੁੰਡੀ ਸਿਧਾਣਾ ਇਕ ਵਿਦਿਆਰਥੀ ਹੈ ਅਤੇ ਉਸ ਦਾ ਮੋਰਚੇ ਜਾਂ ਕਿਸਾਨ ਸੰਘਰਸ਼ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਉਸ ਦਾ ਗੁਨਾਹ ਬੱਸ ਏਨਾ ਹੈ ਕਿ ਉਹ ਲੱਖੇ ਸਿਧਾਣੇ ਦੇ ਚਾਚੇ ਦਾ ਬੇਟਾ ਹੈ। ਉਸ ਨੂੰ ਪੁਲਿਸ (ਅਜੇ ਸਪੱਸ਼ਟ ਨਹੀਂ ਕਿ ਵਰਦੀਧਾਰੀ ਜਾਂ ਸਿਵਲ ਕੱਪੜਿਆਂ ਵਿੱਚ) ਵਲੋਂ ਪਟਿਆਲ਼ੇ ਤੋਂ ਅਗਵਾ ਕੀਤਾ ਗਿਆ ਅਤੇ ਕਿਸੇ ਅਣਦੱਸੀ ਜਗਾ ਉੱਪਰ ਲਿਜਾ ਕੇ ਅਣਮਨੁੱਖੀ ਤਸ਼ੱਦਦ ਕੀਤਾ ਕੀਤਾ ਗਿਆ। ਉਸ ਦੇ ਬਿਆਨਾਂ ਅਨੁਸਾਰ ਉਸ ਦੇ ਮੂੰਹ ਵਿੱਚ ਕੱਪੜਾ ਤੁੰਨ ਦਿੱਤਾ ਗਿਆ ਅਤੇ ਹੱਥਾਂ ਪੈਰਾਂ ਉਮਰ ਘਾਤਕ ਸੱਟਾਂ ਮਾਰੀਆਂ ਗਈਆਂ। ਉਸ ਦੇ ਹੱਥਾਂ ਦੀਆਂ ਉਂਗਲਾਂ ਉੱਪਰ ਵੀ ਗਹਿਰੀਆਂ ਸੱਟਾਂ ਦੇ ਨਿਸ਼ਾਨ ਅਤੇ ਲੱਕ ਉਪਰ ਵੀ ਤਸ਼ੱਦਦ ਦੇ ਨਿਸ਼ਾਨ ਸਨ। ਉਸ ਦੇ ਅਨੁਸਾਰ ਉਸ ਨੂੰ ਵਾਰ ਵਾਰ ਇਹੀ ਪੁੱਛਿਆ ਜਾਂਦਾ ਰਿਹਾ ਕਿ ਲੱਖਾ ਸਿਧਾਣਾ ਕਿਥੇ ਹੈ। ਉਸ ਨੂੰ ਹਥਿਆਰ ਵਿਖਾ ਕੇ ਧਮਕਾਇਆ ਵੀ ਗਿਆ ਕਿ ਜੇਕਰ ਉਸ ਨੇ ਲੱਖੇ ਦਾ ਥਹੁ ਪਤਾ ਨਾ ਦੱਸਿਆ ਤਾਂ ਉਸ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਖਤਮ ਕਰ ਦਿੱਤਾ ਜਾਵੇਗਾ।

ਸੋਸ਼ਲ ਮੀਡੀਆ ਨਾਲ ਗੱਲਬਾਤ ਕਰਦਿਆਂ ਉਸ ਦੇ ਇਕ ਸਹਿਯੋਗੀ ਨੇ ਕਿਹਾ ਕਿ ਉਸ ਨੂੰ ਅਗਵਾਕਾਰਾਂ ਵਲੋਂ ਇਹ ਵੀ ਕਿਹਾ ਗਿਆ ਕਿ ਅਸੀਂ ਉਹੀ ਹਾਂ ਜਿਨਾਂ ਨੇ ਦੀਪ ਸਿੱਧੂ ਨੂੰ ਪਾੜਿਆ ਸੀ। ਇਹ ਕੁੱਟ-ਮਾਰ ਤਾਂ ਇਕ ਟ੍ਰੇਲਰ ਹੈ ਜਦੋਂ ਸਾਡੇ ਹੱਥ ਲੱਖਾ ਆ ਗਿਆ ਫਿਰ ਵੇਖੀਂ ਉਸ ਦਾ ਕੀ ਹਾਲ ਕਰਦੇ। ਹੁਣ ਇਹ ਬੱਚਾ ਇਲਾਜ ਅਧੀਨ ਹਸਪਤਾਲ ਵਿੱਚ ਹੈ। ਇਸ ਬੇਗੁਨਾਹ ਨੂੰ ਚੁੱਕਣਾ ਅਤੇ ਤਸ਼ੱਦਦ ਕਰਨ ਪਿੱਛੇ ਇਕ ਹੀ ਮਕਸਦ ਲੱਗਦਾ ਹੈ ਕਿ ਲੱਖੇ ਸਿਧਾਣੇ ਉੱਪਰ ਮਾਨਸਿਕ ਤੌਰ ਉੱਪਰ ਦਬਾਅ ਪੈਦਾ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਬੀਤੇ ਦਿਨ ਲੱਖੇ ਸਿਧਾਣੇ ਨੇ ਆਪਣੇ ਐਲਾਨ ਮੁਤਾਬਿਕ ਸੰਯੁਕਤ ਕਿਸਾਨ ਮੋਰਚੇ ਦੇ ਮੰਚ ਉੱਪਰੋਂ ਨੌਜਵਾਨਾਂ ਨੂੰ ਸੰਬੋਧਿਤ ਵੀ ਹੋਣਾ ਸੀ ਪਰ ਉਸ ਨੂੰ ਇਸ ਕਰਕੇ ਆਪਣਾ ਸਾਰਾ ਪ੍ਰੋਗਰਾਮ ਬਦਲਣਾ ਪਿਆ।



ਕਿਸਾਨ ਸੰਘਰਸ਼ ਦੌਰਾਨ ਬੇਸ਼ਕ ਪੰਜਾਬ ਦੇ ਅਨੇਕਾਂ ਨੌਜਵਾਨਾਂ ਨੂੰ ਕੇਂਦਰੀ ਜਾਂਚ ਏਜੰਸੀਆਂ ਦੇ ਨੋਟਸ ਆਏ ਅਤੇ ਉਹਨਾਂ ਨੇ ਬਿਆਨ ਵੀ ਦਰਜ਼ ਕਰਵਾਏ ਪਰ ਦੀਪ ਸਿੱਧੂ ਅਤੇ ਛੱਬੀ ਜਨਵਰੀ ਦੇ ਵਰਤਾਰੇ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਤੋਂ ਬਾਅਦ ਇਹ ਪਹਿਲਾ ਕੇਸ ਹੈ ਕਿ ਬਿਨਾਂ ਕਿਸੇ ਕਸੂਰ ਦੇ ਕਿਸੇ ਨੌਜਵਾਨ ਨੂੰ ਸੂਬੇ ਤੋਂ ਬਾਹਰਲੀ ਪੁਲਿਸ ਨੇ ਅਗਵਾ ਕਰਕੇ ਤਸ਼ੱਦਦ ਕੀਤਾ ਹੋਵੇ। ਕਿਸਾਨੀ ਸੰਘਰਸ਼ ਦੌਰਾਨ ਦੀਪ ਸਿੱਧੂ ਅਤੇ ਹੋਰ ਚਿੰਤਕ ਹਮੇਸ਼ਾ ਇਸ ਗੱਲ ਦਾ ਜ਼ਿਕਰ ਕਰਦੇ ਰਹੇ ਕਿ ਇਹ ਸੰਘਰਸ਼ ਕੇਵਲ ਕਿਸਾਨ ਵਿਰੋਧੀ ਕਾਨੂੰਨਾਂ ਤੱਕ ਸੀਮਤ ਨਹੀਂ ਹੈ ਬਲਕਿ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਵੀ ਮਸਲਾ ਹੈ ਅਤੇ ਸੂਬਿਆਂ ਕੋਲੋਂ ਉਹਨਾਂ ਦੇ ਮੂਲ ਅਧਿਕਾਰ ਖੋਹੇ ਜਾ ਰਹੇ ਹਨ। ਜੇਕਰ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸਾਸ਼ਨ ਮੁਸਤੈਦ ਹੋਵੇ ਤਾਂ ਬਿਨਾ ਕਿਸੇ ਵਾਰੰਟ ਦੇ ਅਤੇ ਬਿਨਾ ਸਥਾਨਕ ਪੁਲਿਸ ਨੂੰ ਇਤਲਾਹ ਦਿੱਤਿਆਂ ਕਿਸੇ ਨੂੰ ਬਾਹਰੀ ਸੂਬੇ ਦੀ ਪੁਲਿਸ ਅਗਵਾ ਜਾਂ ਗ੍ਰਿਫਤਾਰ ਨਹੀਂ ਕਰ ਸਕਦੀ। ਮੁੰਡੀ ਸਿਧਾਣੇ ਉੱਪਰ ਹੋਇਆ ਤਸ਼ੱਦਦ ਇਸ ਗੱਲ ਦਾ ਪ੍ਰਤੀਕ ਹੈ ਸੂਬਿਆਂ ਕੋਲੋਂ ਅਧਿਕਾਰ ਖੋਹੇ ਜਾ ਚੁੱਕੇ ਹਨ ਅਤੇ ਇਕ ਤਰਾਂ ਨਾਲ ਤਾਨਾਸ਼ਾਹ ਹਕੂਮਤ ਹੀ ਰਾਜ ਕਰ ਰਹੀ ਹੈ। ਪੰਜਾਬ ਸਰਕਾਰ ਵੀ ਸ਼ਾਇਦ ਆਪਣੇ ਨਾਗਰਿਕਾਂ ਦੇ ਮੂਲ ਹਕੂਕ ਦੀ ਅਹਿਮੀਅਤ ਤੋਂ ਕਿਨਾਰਾਕਸ਼ੀ ਕਰ ਰਹੀ ਹੈ। ਆਪਣੇ ਸੂਬੇ ਦੇ ਮੂਲ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਹਰ ਸੂਬਾ ਸਰਕਾਰ ਦਾ ਫਰਜ਼ ਹੈ ਅਤੇ ਬਿਨਾਂ ਕਿਸੇ ਅਪਰਾਧ ਦੇ ਕਿਸੇ ਵਿਦਿਆਰਥੀ ਨੂੰ ਅਗਵਾ ਕਰਨਾ ਅਤੇ ਤਸ਼ੱਦਦ ਕਰਨ ਦੇ ਨਾਲ ਨਾਲ ਉਸ ਦੀ ਵਿੱਦਿਆ ਵਿੱਚ ਖ਼ਲਲ ਪਾਉਣਾ ਇਸ ਜਮਹੂਰੀਅਤ ਦੇ ਮੱਥੇ ਉੱਪਰ ਕਲੰਕ ਹੈ।

ਇਕ ਪਾਸੇ ਤਾਂ ਮਨੁੱਖੀ ਅਧਿਕਾਰਾਂ ਅਤੇ ਵੱਧ ਸੂਬਾਈ ਅਧਿਕਾਰਾਂ ਦੀ ਵਕਾਲਤ ਕਰਨ ਵਾਲ਼ੀਆਂ ਧਿਰਾਂ ਜੰਮੂ ਕਸ਼ਮੀਰ ਦੀ ਧਾਰਾ 370 ਖਤਮ ਕਰਨ ਦੇ ਖਿਲਾਫ ਜ਼ਮਹੂਰੀ ਪੱਧਰ ਉੱਪਰ ਆਵਾਜ਼ ਉਠਾ ਰਹੀਆਂ ਹਨ ਪਰ ਦੂਸਰੇ ਪਾਸੇ ਕੇਂਦਰ ਦੀ ਸਰਕਾਰ ਸੂਬਿਆਂ ਦਾ ਅਧਿਕਾਰਾਂ ਦਾ ਘਾਣ ਕਰ ਰਹੀ ਹੈ। ਕੋਈ ਸਮਾਂ ਸੀ ਜਦੋਂ ਸੂਬਾ ਸਰਕਾਰਾਂ ਦੀ ਪ੍ਰਵਾਨਗੀ ਤੋਂ ਬਿਨਾ ਕੋਈ ਜਾਂਚ ਏਜੰਸੀ ਵੀ ਸੂਬੇ ਦੇ ਨਾਗਰਿਕ ਦੀ ਪੁੱਛ ਪੜਤਾਲ ਨਹੀਂ ਕਰ ਸਕਦੀ ਸੀ ਅਤੇ ਬੰਗਾਲ ਵਿੱਚ ਤਾਂ ਕੇਂਦਰ ਦੀ ਜਾਂਚ ਟੀਮ ਨੂੰ ਸੂਬਾ ਪੁਲਿਸ ਨੇ ਬੰਧਕ ਵੀ ਬਣਾ ਲਿਆ ਸੀ ਪਰ ਹੁਣ ਭਾਜਪਾ ਸਰਕਾਰ ਦੇ ਤਾਨਾਸ਼ਹੀ ਨਿਜ਼ਾਮ ਵਿੱਚ ਇਹ ਹਾਲ ਹੋ ਚੁੱਕਾ ਹੈ ਕਿ ਨਾਗਰਿਕਾਂ ਦੇ ਮੂਲ ਅਧਿਕਾਰ ਵੀ ਸੁਰੱਖਿਅਤ ਨਹੀਂ ਹਨ। ਸੂਬਾ ਸਰਕਾਰ ਨੂੰ ਇਸ ਸਾਰੇ ਵਰਤਾਰੇ ਦੀ ਬਾਰੀਕੀ ਨਾਲ ਜਾਂਚ ਕਰਵਾਉਣੀ ਚਾਹੀਦੀ ਹੈ ਕਿਉਂ ਕਿ ਇਸ ਤਰਾਂ ਨਾਲ ਲੋਕਾਂ ਵਿੱਚ ਕਾਨੂੰਨ ਪ੍ਰਤੀ ਬੇਭਰੋਸਗੀ ਵਧੇਗੀ ਅਤੇ ਕਿਸੇ ਵਾਲੇ ਵੀ ਹਾਲਾਤ ਗਲਤ ਮੋੜਾ ਲੈ ਸਕਦੇ ਹਨ।

ਜਦੋਂ ਭਾਰਤ ਇਕ ਸੂਬਿਆਂ ਦਾ ਸੰਘ ਤੰਤਰ ਦਾ ਸੰਗਠਿਤ ਰੂਪ ਹੈ ਤਾਂ ਕੇਂਦਰ ਨੂੰ ਵੀ ਸੂਬਿਆਂ ਦੇ ਅਧਿਕਾਰਾਂ ਉੱਪਰ ਡਾਕਾ ਨਹੀਂ ਮਾਰਨਾ ਚਾਹੀਦਾ। ਵੈਸੇ ਜੇਕਰ ਕਿਸਾਨੀ ਸੰਘਰਸ਼ ਦਾ ਮੂਲ ਕਾਰਨ ਵੀ ਵੇਖੀਏ ਤਾਂ ਉਹ ਵੀ ਸੂਬਾਈ ਅਧਿਕਾਰਾਂ ਦੀ ਅਣਦੇਖੀ ਹੈ ਕਿਉਂਕਿ ਕੇਂਦਰ ਕੇਵਲ ਅਨਾਜ ਦੇ ਉਤਪਾਦ **(Food Stuff)** ਉੱਪਰ ਕਾਨੂੰਨ ਬਣਾ ਸਕਦਾ ਹੈ ਨਾ ਕਿ ਅਨਾਜ **(Food Grain)** ਉੱਪਰ। ਕੁੱਝ ਸਨਅੱਤੀ ਘਰਾਣਿਆਂ ਨੂੰ ਆਰਥਿਕ ਲਾਭ ਪਹੁੰਚਾਉਣ ਲਈ ਜੇਕਰ ਸੂਬਿਆਂ ਦਾ ਅਧਿਕਾਰਾਂ ਦਾ ਘਾਣ ਕੇਂਦਰ ਨਾ ਕਰਦਾ ਤਾਂ ਸ਼ਾਇਦ ਕਿਸਾਨਾਂ ਨੂੰ ਸੜਕਾਂ ਉੱਪਰ ਬੈਠਣ ਲਈ ਮਜ਼ਬੂਰ ਨਾ ਹੋਣਾ ਪੈਂਦਾ। ਸੂਬਿਆਂ ਦੀਆ ਸਰਕਾਰਾਂ ਵੀ ਜੇਕਰ ਆਪਣੇ ਸੂਬਾਈ ਅਧਿਕਾਰਾਂ ਦੀ ਰਾਖੀ ਕਰਨ ਦੇ ਅਸਮਰੱਥ ਹਨ ਤਾਂ ਦੇਸ਼ ਫਿਰ ਤਬਾਹੀ ਦੇ ਕੰਢੇ ਉੱਪਰ ਹੀ ਖੜਾ ਅਤੇ ਵੱਡੇ ਪੱਧਰ ਦਾ ਉਪੱਦਰ ਖੜਾ ਹੋ ਸਕਦਾ ਹੈ। ਪਾਠਕਾਂ ਨੂੰ ਗਿਆਤ ਹੋਵੇਗਾ ਕਿ ਜਦੋਂ ਅਮਰੀਕੀ ਫੈਡਰਲ ਸਰਕਾਰ ਨੇ ਹਥਿਆਰਾਂ ਉਮਰ ਪਾਬੰਦੀ ਦਾ ਕਾਨੂੰਨ ਬਣਾਉਣ ਦੀ ਤਜਵੀਜ਼ ਰੱਖੀ ਸੀ ਤਾਂ ਟੈਕਸਸ ਵਰਗੇ ਸੂਬਿਆਂ ਦੀਆਂ ਸਰਕਾਰਾਂ ਨੇ ਸਪੱਸ਼ਟ ਕਿਹਾ ਸੀ ਕਿ ਜੇਕਰ ਫੈਡਰਲ ਪੁਲਿਸ ਸਾਡੇ ਸੂਬੇ ਵਿੱਚ ਹਥਿਆਰਾਂ ਨੂੰ ਜ਼ਬਤ ਕਰਨ ਆਈ ਤਾਂ ਸਾਡੀ ਸੂਬਾ ਪੁਲਿਸ ਫੈਡਰਲ ਪੁਲਿਸ ਖਿਲਾਫ ਕਾਰਵਾਈ ਕਰੇਗੀ।

ਸੋ ਪੰਜਾਬ ਸਰਕਾਰ ਅਤੇ ਪੰਜਾਬ ਦੀਆਂ ਸਾਰੀਆਂ ਰਾਜਸੀ ਧਿਰਾਂ ਨੂੰ ਇਸ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਦੇ ਖਿਲਾਫ ਆਵਾਜ਼ ਉਠਾਉਣੀ ਚਾਹੀਦੀ ਹੈ।

## ਵਾਢੀ ਦੌਰਾਨ ਮਜ਼ਦੂਰਾਂ ਦੀ ਘਾਟ ਕਾਰਨ ਕਿਸਾਨਾਂ ਦੀ ਸਮੱਸਿਆ ਡੂੰਘੀ

**ਲੁਧਿਆਣਾ/ਏ.ਟੀ.ਨਿਊਜ਼:** ਪੰਜਾਬ ਵਿੱਚ ਕਣਕ ਦੀ ਵਾਢੀ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ। ਮੌਸਮ ਦੀ ਖ਼ਰਾਬੀ ਅਤੇ ਕੋਰੋਨਾ ਮਹਾਂਮਾਰੀ ਦਰਮਿਆਨ ਕਿਸਾਨਾਂ ਨੇ ਕਣਕ ਤਾਂ ਵੱਢਣੀ ਸ਼ੁਰੂ ਕਰ ਦਿੱਤੀ ਹੈ ਪਰ ਪਿਛਲੇ ਸਾਲ ਵਾਂਗ ਇਸ ਸਾਲ ਵੀ ਕਿਸਾਨਾਂ ਲਈ ਮਜ਼ਦੂਰਾਂ ਦੀ ਘਾਟ ਵੱਡੀ ਸਮੱਸਿਆ ਬਣ ਰਹੀ ਹੈ। ਵੱਡੀ ਗਿਣਤੀ ਵਿੱਚ ਕਿਸਾਨਾਂ ਦੇ ਦਿੱਲੀ ਦੀਆਂ ਹੱਦਾਂ ’ਤੇ ਜਾਰੀ ਧਰਨਿਆਂ ਵਿੱਚ ਸ਼ਾਮਲ ਹੋਣ ਕਾਰਨ ਵੀ ਵਾਢੀ ਉੱਪਰ ਅਸਰ ਪੈ ਰਿਹਾ ਹੈ, ਪਰ ਮੁੱਖ ਕਾਰਨ ਲੇਬਰ ਦੀ ਕਮੀ ਹੈ।

ਇੱਥੇ ਰੇਲਵੇ ਸਟੇਸ਼ਨ ਉੱਪਰ ਪਰਵਾਸੀ ਮਜ਼ਦੂਰਾਂ ਨੂੰ ਖੇਤਾਂ ਵਿੱਚ ਕੰਮ ਕਰਨ ਲਈ ਲੈਣ ਆਏ ਕਿਸਾਨਾਂ ਨੇ ਦੱਸਿਆ ਕਿ ਕੰਬਾਈਨ ਨਾਲ ਕਣਕ ਵੱਢਣ ਵਾਲਿਆਂ ਨੇ ਕੀਮਤਾਂ ਵਧਾ ਦਿੱਤੀਆਂ ਨੇ ਕਿਉਂਕਿ ਡੀਜ਼ਲ ਲਗਾਤਾਰ ਮਹਿੰਗਾ ਹੁੰਦਾ ਜਾ ਰਿਹਾ ਹੈ। ਇਸ ਲਈ ਉਹ ਹੱਥੀਂ ਕਣਕ ਵੱਢਣ ਬਾਰੇ ਸੋਚ ਰਹੇ ਹਨ, ਪਰ ਹੁਣ ਉਨਾਂ ਨੂੰ ਲੇਬਰ ਦੀ ਘਾਟ ਸਤਾ ਰਹੀ ਹੈ। ਕਿਸਾਨਾਂ ਨੇ ਦੱਸਿਆ ਕਿ ਪਿਛਲੇ ਸਾਲ ਦੀ ਤਾਲਾਬੰਦੀ ਤੋਂ ਬਾਅਦ ਪੰਜਾਬ ਤੋਂ ਵੱਡੀ ਤਾਦਾਦ ਵਿੱਚ ਲੇਬਰ ਆਪੋ ਆਪਣੇ ਸੂਬਿਆਂ ਵਿੱਚ ਚਲੀ ਗਈ ਸੀ, ਪਰ ਹੁਣ ਇਸ ਸਾਲ ਵੀ ਕੋਰੋਨਾ ਤੇ ਲਾਕਡਾਊਨ ਦੀਆਂ ਖ਼ਬਰਾਂ ਕਰਕੇ ਮਜ਼ਦੂਰ ਬਹੁਤ ਘੱਟ ਗਿਣਤੀ ਵਿੱਚ ਹੀ ਆ ਰਹੇ ਹਨ।

ਨਾ ਸਿਰਫ ਸਥਾਨਕ ਬਲਕਿ ਆਲੇ ਦੁਆਲਿਓਂ ਬਾਹਰੀ ਜ਼ਿਲਿਆਂ ਦੇ ਕਿਸਾਨ ਵੀ ਰੋਜ਼ਾਨਾ ਲੁਧਿਆਣਾ ਰੇਲਵੇ ਸਟੇਸ਼ਨ ਉੱਪਰ ਲੇਬਰ ਦੀ ਭਾਲ ਲਈ ਆਉਂਦੇ ਹਨ। ਕਿਸਾਨ ਪਰਮਜੀਤ ਸਿੰਘ ਨੇ ਦੱਸਿਆ ਕਿ ਉਹ ਦੁੱਗਣੀਆਂ ਕੀਮਤਾਂ ਅਦਾ ਕਰਨ ਲਈ ਤਿਆਰ ਹਨ, ਇਸ ਦੇ ਬਾਵਜੂਦ ਉਨਾਂ ਨੂੰ ਲੇਬਰ ਨਹੀਂ ਮਿਲ ਰਹੀ। ਜਿਹੜੀ ਲੇਬਰ ਆ ਰਹੀ ਹੈ ਉਹ ਪਹਿਲਾਂ ਤੋਂ ਹੀ ਬੁੱਕ ਹੁੰਦੀ ਹੈ ਜੋ ਕਿ ਸਾਢੇ ਤਿੰਨ ਹਜ਼ਾਰ ਰੁਪਏ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਕਟਾਈ ਲੈ ਰਹੀ ਹੈ ਜੋ ਕਿ ਬੇਹੱਦ ਜ਼ਿਆਦਾ ਹੈ। ਕਿਸਾਨ ਤਾਂ ਪ੍ਰਾਈਵੇਟ ਬੱਸਾਂ ਵਿੱਚ ਵੀ ਲੇਬਰ ਨੂੰ ਮੰਗਵਾਉਣ ਲਈ ਤਿਆਰ ਹਨ, ਉਨਾਂ ਦੀ ਸੀਟ ਤੱਕ ਬੁੱਕ ਕਰਵਾਉਂਦੇ ਹਨ ਪਰ ਇਸਦੇ ਬਾਵਜੂਦ ਵੀ ਲੇਬਰ ਦਾ ਕੋਈ ਭਰੋਸਾ ਨਹੀਂ।

ਪਿਛਲੇ ਦਿਨੀਂ ਕੇਂਦਰ ਸਰਕਾਰ ਵੱਲੋਂ ਰਿਪੋਰਟ ਆਈ ਸੀ ਕਿ ਪੰਜਾਬ ਦੇ ਕਿਸਾਨ ਪਰਵਾਸੀ ਮਜ਼ਦੂਰਾਂ ਨੂੰ ਨਸ਼ੇ ਦੇ ਕੇ ਬੰਧੂਆ ਮਜ਼ਦੂਰੀ ਕਰਵਾਉਂਦੇ ਹਨ। ਇਸ ਦਾ ਖੰਡਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਕਰ ਚੁੱਕੇ ਹਨ ਅਤੇ ਜ਼ਮੀਨੀ ਪੱਧਰ ’ਤੇ ਇਸ ਬਾਰੇ ਦੱਸਦਿਆਂ ਕਿਸਾਨ ਜਸਪਾਲ ਸਿੰਘ ਨੇ ਕਿਹਾ ਕਿ ਉਹ ਨਸ਼ਾ ਨਹੀਂ ਬਲਕਿ ਖਾਣ ਲਈ ਰੋਟੀ ਤੇ ਪੀਣ ਲਈ ਦੁੱਧ ਦਿੰਦੇ ਹਨ। ਉਨਾਂ ਕਿਹਾ ਕਿ ਇਹ ਮੋਦੀ ਸਰਕਾਰ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਬਜਾਏ ਪੰਜਾਬ ਨੂੰ ਬਦਨਾਮ ਕਰਨ ਦੀਆਂ ਚਾਲਾਂ ਚੱਲ ਰਹੀ ਹੈ।

ਇਸ ਪੂਰੇ ਮਾਮਲੇ ਬਾਰੇ ਜਦ ਸਾਡੀ ਟੀਮ ਨੇ ਬੀਜੇਪੀ ਲੁਧਿਆਣਾ ਦੇ ਪ੍ਰਧਾਨ ਜੀਵਨ ਨਾਲ ਗੱਲ ਕਰਨੀ ਚਾਹੀ ਤਾਂ ਉਨਾਂ ਕਿਸਾਨਾਂ ਦੀ ਹਾਲਾਤ ਦੀ ਜ਼ਿੰਮੇਵਾਰੀ ਦਾ ਭਾਂਡਾ ਪੰਜਾਬ ਸਰਕਾਰ ਸਿਰ ਭੰਨ ਦਿੱਤਾ। ਭਾਜਪਾ ਨੇਤਾ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਕੋਰੋਨਾ ਕਾਲ ਵਿੱਚ ਲੇਬਰ ਦਾ ਬੁਰਾ ਹਾਲ ਕੀਤਾ, ਜਿਸ ਕਾਰਨ ਅੱਜ ਯੂ.ਪੀ., ਬਿਹਾਰ ਦੀ ਲੇਬਰ ਪੰਜਾਬ ਵਿੱਚ ਆਉਣ ਤੋਂ ਡਰਦੀ ਹੈ ਅਤੇ ਲੇਬਰ ਦੀ ਕਮੀ ਚੱਲ ਰਹੀ ਹੈ।

## ਸੰਤ ਮਹਾਂਪੁਰਸ਼ ਬਾਬਾ ਬਲਵਿੰਦਰ ਸਿੰਘ ਵੱਲੋਂ ਕਿਸਾਨੀ ਸੰਘਰਸ਼ ਦੀ ਜਿੱਤ ਲਈ ਅਰਦਾਸ- ਜਥੇਦਾਰ ਸੁਖਜੀਤ ਸਿੰਘ ਬਘੌਰਾ



**ਮਹਾਰਾਸ਼ਟਰ/ਏ.ਟੀ.ਨਿਊਜ਼ :** ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਲੰਗਰ ਸਾਹਿਬ ਵਿਖੇ ਸੰਤ ਮਹਾਂਪੁਰਸ਼ ਬਾਬਾ ਬਲਵਿੰਦਰ ਸਿੰਘ ਕਿਸਾਨੀ ਸੰਘਰਸ਼ ਦੀ ਜਿੱਤ ਲਈ ਅਰਦਾਸ ਕਰਦੇ ਹਨ । ਸਵੇਰੇ ਅਤੇ ਸ਼ਾਮ ਨੂੰ ਰੋਜ਼ਾਨਾ ਨਾਮ ਸਿਮਰਨ ਹੁੰਦਾ ਹੈ, ਜਿਸ ਵਿੱਚ ਸੰਤ ਮਹਾਂਪੁਰਸ਼ ਬਾਬਾ ਬਲਵਿੰਦਰ ਸਿੰਘ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਦੇ ਹਨ। ਉਪਰੰਤ ਮਹਾਂਪੁਰਖਾਂ ਵਲੋਂ ਰੋਜ਼ਾਨਾ ਕਿਸਾਨੀ ਸੰਘਰਸ਼ ਦੀ ਜਿੱਤ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ ਜਾਂਦੀ ਹੈ।

ਕੋਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES

16 ਅਪ੍ਰੈਲ 2021 ਤੋਂ 22 ਅਪ੍ਰੈਲ 2021

# ਇਮਾਨਦਾਰੀ ਬਨਾਮ ਪੱਖਪਾਤੀ ਢਾਂਚਾ

ਇੰਡੀਆ ਦਾ ਮੌਜੂਦਾ ਪ੍ਰਬੰਧਕੀ ਢਾਂਚਾ ਪੱਖਪਾਤੀ ਹੈ, ਬਿੱਪਰ ਪੱਖੀ ਹੈ, ਅਮੀਰ ਪੱਖੀ ਹੈ ਅਤੇ ਪੂੰਜੀਵਾਦੀ ਪੱਖੀ ਹੈ, ਇਹ ਗੱਲ ਭਾਵੇਂ ਅੱਜ ਦੀ ਹੀ ਨਹੀਂ ਕਹੀ ਜਾ ਰਹੀ ਸਗੋਂ ਸਮੇਂ ਸਮੇਂ ਉੱਤੇ ਵੱਖ ਵੱਖ ਤਰੀਕਿਆਂ ਨਾਲ ਵੱਖ ਵੱਖ ਬੰਦਿਆਂ ਰਾਹੀਂ ਵੱਖ ਵੱਖ ਰੂਪਾਂ ਵਿੱਚੋਂ ਇਹ ਗੱਲ ਪ੍ਰਗਟ ਹੁੰਦੀ ਆਈ ਹੈ। ਪੱਖਪਾਤੀ ਢਾਂਚਾ ਹੋਣ ਕਰਕੇ ਇੱਥੇ ਸਾਰਿਆਂ ਲਈ ਇਕੋ ਜਿਹਾ ਵਰਤਾਰਾ ਨਹੀਂ ਹੈ। ਇਸ ਪ੍ਰਬੰਧ ਵਿੱਚ ਕਿਸੇ ਇਕ ਦਾ ਨਿੱਜੀ ਰੂਪ ਵਿੱਚ ਇਮਾਨਦਾਰ ਹੋਣਾ ਕੋਈ ਮਾਇਨੇ ਨਹੀਂ ਰੱਖਦਾ ਅਤੇ ਨਾ ਹੀ ਹੁਣ ਇੱਥੇ ਸਿਰਫ ਸੱਤਾ ਤਬਦੀਲੀ ਦੀ ਹੀ ਗੱਲ ਰਹੀ ਹੈ। ਸਗੋਂ ਇੱਥੇ ਤਾਂ ਅਜਿਹੀਆਂ ਉਦਹਾਰਣਾਂ ਵੀ ਹਨ ਕਿ ਪੰਜਾਬ ਵਿਧਾਨ ਸਭਾ ਵੱਲੋਂ ਜਦੋਂ ਬਹੁਮਤ ਨਾਲ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਖੇਤੀਬਾੜੀ ਸਬੰਧੀ ਬਣੇ ਨਵੇਂ ਕਨੂੰਨਾਂ ਤੋਂ ਬਾਅਦ ਸੰਵਿਧਾਨਕ ਤਾਕਤ ਵਰਤ ਕੇ ਪੰਜਾਬ ਲਈ ਵੱਖਰੇ ਕਾਨੂੰਨ ਬਣਾਏ ਗਏ ਤਾਂ ਇਹਨਾਂ ਕਾਨੂੰਨਾਂ ਨੂੰ ਕਿਸੇ ਨੇ ਬੇਰਾਂ ਵੱਟੇ ਵੀ ਨਹੀਂ ਪੁੱਛਿਆ। ਭਾਵ ਜੇਕਰ ਬੰਦਿਆਂ ਦੀਆਂ ਇੱਛਾਵਾਂ ਹੋਣ ਤਾਂ ਵੀ ਇੱਥੇ ਇਨਸਾਫ ਦੀ ਕੋਈ ਗੱਲ ਨਹੀਂ ਹੈ। ਹੁਣ ਤਾਂ ਇਥੋਂ ਦੇ ਢਾਂਚਿਆਂ ਵਿਚੋਂ ਅਤੇ ਇੰਡੀਆ ਦੀ ਮੌਜੂਦਾ ਸਥਾਪਤੀ ਦੇ ਹਾਮੀਆਂ ਵੱਲੋਂ ਵੀ ਸ਼ਕਤੀਆਂ ਦੇ ਕੇਂਦਰੀਕਰਨ ਨੂੰ ਕਰੜੇ ਹੱਥੀਂ ਲਿਆ ਜਾ ਰਿਹਾ ਹੈ। ਪਿਛਲੇ ਸਮੇਂ ਵਿੱਚ ਅਜਿਹੇ ਕਈ ਬਿਆਨ ਸਾਹਮਣੇ ਆਏ ਜਿਨ੍ਹਾਂ ਬਾਬਤ ਅਸੀਂ ਲੰਘੀ 30 ਦਸੰਬਰ ਵਾਲੀ ਸੰਪਾਦਕੀ ਵਿੱਚ ਲਿਖਿਆ ਸੀ। ਜਿਸ ਵਿੱਚ ਰਾਸ਼ਟਰੀ ਕਾਂਗਰਸ ਪਾਰਟੀ ਦੇ ਮੁਖੀ 'ਸ਼ਰਦ ਪਵਾਰ', ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਮੁਖੀ ਅਤੇ ਦੁਨੀਆ ਦੇ ਵੱਡੇ ਅਰਥ ਸ਼ਾਸਤਰੀ 'ਰਘੂ ਰਾਮ ਰਾਜਨ', ਇੰਡੀਆ ਦੀ ਪਾਰਲੀਮੈਂਟ ਦੇ ਮੌਜੂਦਾ ਮੈਂਬਰ 'ਸੰਜੇ ਰਾਉਤ' ਅਤੇ 'ਪ੍ਰਤਾਪ ਭਾਨੂ ਮਹਿਤਾ' ਵਰਗੀਆਂ ਸਖਸ਼ੀਅਤਾਂ ਨੇ ਇੰਡੀਆ ਦੇ ਮੌਜੂਦਾ ਪ੍ਰਬੰਧ ਉੱਤੇ ਸਖ਼ਤ ਚਿੰਤਾ ਜ਼ਾਹਰ ਕੀਤੀ ਸੀ।

ਹਾਲ ਹੀ ਵਿੱਚ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲਾ ਮਸਲਾ ਚਰਚਾ ਵਿੱਚ ਹੈ। ਤਕਰੀਬਨ 6 ਸਾਲ ਪਹਿਲਾਂ ਬਹਿਬਲ ਕਲਾਂ ਪਿੰਡ ਨੇੜੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਵਾਉਣ ਵਾਸਤੇ ਸ਼ਾਂਤਮਈ ਧਰਨਾ ਦੇ ਰਹੇ ਸਿੱਖਾਂ ਉੱਤੇ ਪੁਲਿਸ ਵੱਲੋਂ ਗੋਲੀ ਚਲਾ ਕੇ ਦੋ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਪੰਜਾਬ ਪੁਲਿਸ ਦੇ ਉੱਚ ਅਫਸਰ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਾਲੇ ਖਾਸ ਜਾਂਚ ਦਲ ਵੱਲੋਂ ਇਸ ਸਾਕੇ ਦੀ ਕੀਤੀ ਗਈ ਜਾਂਚ ਹਾਈ ਕੋਰਟ ਵੱਲੋਂ ਬੀਤੇ ਦਿਨੀਂ ਰੱਦ ਕਰਦਿਆਂ ਇਹ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਨਵਾਂ ਜਾਂਚ ਦਲ ਬਣਾਇਆ ਜਾਵੇ ਜਿਸ ਵਿੱਚ ਕੁੰਵਰ ਵਿਜੈ ਪ੍ਰਤਾਪ ਸਿੰਘ ਸ਼ਾਮਿਲ ਨਹੀਂ ਹੋਣਾ ਚਾਹੀਦਾ। ਇਸ ਘਟਨਾਕ੍ਰਮ ਤੋਂ ਬਾਅਦ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪੁਲਿਸ ਦੀ ਨੌਕਰੀ ਤੋਂ ਰਿਟਾਇਰਮੈਂਟ ਮੰਗੀ ਹੈ। ਉਸ ਨੇ ਰਿਟਾਇਰਮੈਂਟ ਲਈ ਚਿੱਠੀ ਭੇਜਣ ਤੋਂ ਬਾਅਦ ਫੇਸਬੁੱਕ ਉੱਤੇ ਪਾਈ ਇੱਕ ਪੋਸਟ ਵਿੱਚ ਇਹ ਕਿਹਾ ਹੈ ਕਿ ਉਸ ਵੱਲੋਂ ਜਾਂਚ ਰਿਪੋਰਟ ਵਿੱਚ ਦਰਜ਼ ਕੀਤਾ ਗਿਆ ਹਰ ਇੱਕ ਵਾਕ ਆਪਣੇ ਆਪ ਵਿੱਚ ਸਬੂਤ ਹੈ, ਜਿਸ ਨੂੰ ਕਿਸੇ ਵੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ। ਉਸਨੇ ਕਿਹਾ ਕਿ ਮੈਂ ਅੰਤਿਮ ਫੈਸਲੇ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵਿੱਚ ਅਪੀਲ ਕੀਤੀ ਹੈ, ਜੋ ਕਿ ਮੇਰੀ ਸਮਝ ਅਤੇ ਕਾਨੂੰਨ ਦੀ ਜਾਣਕਾਰੀ ਮੁਤਾਬਿਕ ਸਭ ਤੋਂ ਸਿਖਰਲੀ ਅਦਾਲਤ ਹੈ। ਹੁਣ ਇਕ ਵਾਰ ਫਿਰ ਇੱਥੋਂ ਦੀ ਪੁਲਸ ਦੇ ਇਕ ਉੱਚ ਅਫਸਰ ਵੱਲੋਂ ਇੱਥੋਂ ਦੇ ਪ੍ਰਬੰਧਕੀ ਢਾਂਚੇ ਉੱਤੇ ਸਵਾਲੀਆ ਚਿੰਨ੍ਹ ਲਾਏ ਗਏ ਹਨ ਜੋ ਇਸ ਗੱਲ ਨੂੰ ਹੋਰ ਪੱਕਿਆਂ ਕਰਦੇ ਹਨ ਕਿ ਭਾਵੇਂ ਬੰਦਿਆਂ ਦੀਆਂ ਇੱਛਾਵਾਂ ਹੋਣ ਤਾਂ ਵੀ ਇੱਥੋਂ ਦੇ ਪ੍ਰਬੰਧਕੀ ਢਾਂਚੇ ਵਿੱਚ ਇਨਸਾਫ ਦੀ ਕੋਈ ਗੱਲ ਨਹੀਂ ਬਚੀ ਹੈ।

ਇਹ ਪੱਖਪਾਤੀ ਰਵਈਆ ਇੱਥੇ ਅੱਜ ਤੋਂ ਨਹੀਂ ਹੈ ਸਗੋਂ ਜਦੋਂ ਤੋਂ 1947 ਵਿੱਚ ਸੱਤਾ ਤਬਦੀਲੀ ਹੋਈ ਉਦੋਂ ਤੋਂ ਹੀ ਇਹ ਜਾਰੀ ਹੈ। ਸਿਰਦਾਰ ਕਪੂਰ ਸਿੰਘ ਦੇ ਮਸਲੇ ਵਿੱਚ ਹੀ ਕਿੰਨੀਆਂ ਉਲਝਣਾਂ ਸੁਲਝ ਗਈਆਂ ਸਨ। ਸਿਰਦਾਰ ਕਪੂਰ ਸਿੰਘ ਆਪਣੀ ਕਿਤਾਬ 'ਸਾਚੀ ਸਾਖੀ' ਵਿੱਚ ਲਿਖਦੇ ਹਨ "ਮੈਨੂੰ ਆਈ.ਸੀ.ਐਸ ਦੀ ਪ੍ਰਤਿਸ਼ਟ ਤੇ ਦ੍ਰਿੜ ਨੌਕਰੀ ਤੋਂ, ਹਿੱਕ ਦੇ ਧੱਕੇ ਨਾਲ, ਬਿਨ੍ਹਾਂ ਕਨੂੰਨ ਵਿਧਾਨ ਵਿਚਾਰੇ ਅਤੇ ਕੁਚੇਸ਼ਟਾ ਪ੍ਰੇਰਤ ਹੋ ਕੇ ਹਟਾ ਦਿੱਤਾ ਗਿਆ। ਕਿਸੇ ਚਪੜਾਸੀ ਨੂੰ ਭੀ ਇਉਂ ਨਿਰੋਲ ਤੇ ਸੈਕੂਲਰ ਬੇਹਯਾਈ ਨਾਲ ਸਰਕਾਰੀ ਨੌਕਰੀ ਵਿੱਚੋਂ ਕੱਢਿਆ ਨਹੀਂ ਜਾ ਸਕਦਾ। ਆਈ.ਸੀ.ਐਸ ਦੀ ਪਦ ਪਦਵੀ ਤਾਂ, ਕਨੂੰਨ ਅਨੁਸਾਰ, ਐਸੀ ਦ੍ਰਿੜ ਸ਼ਿਲਾ ਆਧਾਰਤ ਸੀ ਜਿਸ ਬਾਬਤ, 'ਸੈਕ੍ਰੇਟਰੀ ਆਫ ਸਟੇਟ ਫ਼ਾਰ ਇੰਡੀਆ' ਨੇ, ਇਕ ਸਮੇਂ, ਬ੍ਰਿਟਿਸ਼ ਪਾਰਲੀਮੈਂਟ ਵਿੱਚ ਕਿਹਾ ਸੀ ਕਿ, ਹਿੰਦੁਸਤਾਨ ਵਿਚ, ਮਹਾਰਾਜਿਆਂ ਨੂੰ ਗੱਦੀ ਤੋਂ ਲਾਹੁਣਾ ਸੁਖੈਨ ਹੈ ਪਰ ਆਈ.ਸੀ.ਐਸ ਅਫਸਰ ਨੂੰ ਨੌਕਰੀ ਤੋਂ ਉਤਾਰੂ ਕਰਨਾ ਕਠਨ ਹੈ।" ਇਸੇ ਮਸਲੇ ਵਿੱਚ ਲਾਲ ਬਹਾਦਰ ਸ਼ਾਸ਼ਤਰੀ ਜੋ ਉਸ ਵਕਤ ਮੁਲਕ ਦੇ ਪ੍ਰਧਾਨ ਮੰਤਰੀ ਸਨ, ਨੇ ਸਰਦਾਰ ਗੁਰਨਾਮ ਸਿੰਘ (ਜੱਜ) ਜੋ ਉਸ ਵਕਤ ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਸਨ ਦੀ ਚਿੱਠੀ ਦੇ ਜਵਾਬ ਵਿੱਚ ਕਿਹਾ ਸੀ ਕਿ "ਹਿੰਦ ਸਰਕਾਰ ਸਰਦਾਰ ਕਪੂਰ ਸਿੰਘ ਨੂੰ ਕੁਝ ਵੀ ਦੇਣ ਦਿਵਾਣ ਨੂੰ ਤਿਆਰ ਨਹੀਂ, ਕੜਾ ਕਾਨੂੰਨ ਜੋ ਭੀ ਹੋਵੇ ਸੋ ਹੋਵੇ।" ਉਸ ਤੋਂ ਬਾਅਦ ਵੀ ਲਗਾਤਾਰ ਬੇਇਨਸਾਫੀਆਂ ਅਤੇ ਪੱਖਪਾਤ ਦਾ ਸਿਲਸਿਲਾ ਜਾਰੀ ਹੈ, ਫਿਰ ਭਾਵੇਂ ਉਹ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਹੋਣ, ਭਾਵੇਂ ਦਰਬਾਰ ਸਾਹਿਬ ਸਮੇਤ ਹੋਰ ਤਕਰੀਬਨ ਦੋ ਦਰਜਨ ਗੁਰੂ ਘਰਾਂ ਉੱਤੇ ਹੋਏ ਹਮਲੇ ਹੋਣ, ਭਾਵੇਂ ਵੱਡੀ ਗਿਣਤੀ ਵਿੱਚ ਕੀਤੇ ਗਏ ਝੂਠੇ ਮੁਕਾਬਲੇ ਹੋਣ, ਭਾਵੇਂ ਸਜਾ ਪੂਰੀ ਹੋਣ 'ਤੇ ਵੀ ਰਿਹਾਈਆਂ ਨਾ ਕਰਨ ਦੀ ਗੱਲ ਹੋਵੇ, ਭਾਵੇਂ ਦਿੱਲੀ ਅਤੇ ਹੋਰਨਾਂ ਥਾਵਾਂ ਉੱਤੇ ਹੋਈ ਸਿੱਖ ਨਸਲਕੁਸ਼ੀ ਹੋਵੇ, ਭਾਵੇਂ ਪੁਲਸ ਦੀਆਂ ਗੋਲੀਆਂ ਨਾਲ ਸ਼ਰੇਆਮ ਸ਼ਹੀਦ ਕੀਤੇ ਗਏ ਬੰਦੇ ਹੋਣ, ਸਾਰੇ ਮਾਮਲਿਆਂ ਵਿੱਚ ਇੱਥੋਂ ਦੇ ਪ੍ਰਬੰਧ ਦਾ ਪੱਖਪਾਤੀ ਚਿਹਰਾ ਨੰਗਾ ਚਿੱਟਾ ਦਿਖਾਈ ਦੇ ਜਾਂਦਾ ਹੈ।

ਜਿਹੜੇ ਲੋਕ ਇਸੇ ਪ੍ਰਬੰਧ ਵਿੱਚ ਨਵੇਂ ਚਿਹਰਿਆਂ ਜਾਂ ਨਵੇਂ ਧੜਿਆਂ/ਪਾਰਟੀਆਂ ਰਾਹੀਂ ਸਭ ਕੁਝ ਬਦਲ ਦੇਣ ਦੇ ਦਾਅਵੇ ਵਿੱਚ ਹਨ, ਓਹਨਾਂ ਨੂੰ ਮੁੜ ਵਿਚਾਰ ਕਰਨਾ ਚਾਹੀਦਾ ਹੈ ਕਿ ਇੱਥੇ ਮਹਿਜ ਇਮਾਨਦਾਰ ਹੋਣ ਦੀ ਗੱਲ ਨਹੀਂ ਹੈ, ਇੱਥੇ ਗੱਲ ਢਾਂਚੇ ਵਿਚਲੇ ਨੁਕਸ਼ ਦੀ ਹੈ ਜੋ ਹੁਣ ਕੋਈ ਨਿੱਕੀ ਮੋਟੀ ਸੋਧ ਦੀ ਨਹੀਂ ਰਹੀ ਬਲਕਿ ਪੂਰੇ ਢਾਂਚੇ ਨੂੰ ਮੁੜ ਤੋਂ ਨਵਾਂ ਰੂਪ ਦੇਣ ਤੱਕ ਚਲੀ ਗਈ ਹੈ।

# ਯੂਨੀਵਰਸਿਟੀਆਂ, ਅਕਾਦਮਿਕ ਅਜ਼ਾਦੀ ਬਨਾਮ ਫਾਸ਼ੀਵਾਦ



**ਰਣਜੀਤ ਸਿੰਘ ਕੁਕੀ**

ਯੂਨੀਵਰਸਿਟੀ ਵਿਚ ਸਿੱਖਿਆ ਪ੍ਰਾਪਤ ਕਰਨ ਦਾ ਅਸਲ ਉਦੇਸ਼ ਸਮਾਜਿਕ ਮੁੱਦਿਆਂ ਨੂੰ ਸਮਝ ਕੇ ਜਮਹੂਰੀ ਕਦਰਾਂ-ਕੀਮਤਾਂ ਅਤੇ ਅਜ਼ਾਦੀ ਦੀ ਭਾਵਨਾ ਨੂੰ ਅੱਗੇ ਵਧਾਉਣਾ ਹੁੰਦਾ ਹੈ।ਜਾਗਰਿਤ ਦਿਮਾਗਾਂ ਨਾਲ ਉੱਚ-ਕਦਰਾਂ-ਕੀਮਤਾਂ ਦੀ ਜੁਸਤਜੂ ਦੇ ਨਾਲ-ਨਾਲ ਯੂਨੀਵਰਸਿਟੀ ਸਿੱਖਿਆ, ਅਜ਼ਾਦ ਅਕਾਦਮਿਕ ਮਾਹੌਲ ਅਤੇ ਅਨੁਭਵ ਨੌਜਵਾਨਾਂ ਨੂੰ ਭਵਿੱਖੀ ਰਾਜਨੀਤਕ, ਸਮਾਜਿਕ ਅਤੇ ਸਿੱਖਿਅਕ ਜ਼ਿੰਮੇਵਾਰੀਆਂ ਅਤੇ ਲੀਡਰਸ਼ਿਪ ਦੇ ਰੋਲ ਲਈ ਤਿਆਰ ਕਰਦਾ ਹੈ।ਆਪਣੇ ਆਰੰਭ ਤੋਂ ਹੀ ਯੂਨੀਵਰਸਿਟੀ ਗਿਆਨ ਦੇਣ, ਖੁੱਲੀ ਚਰਚਾ ਰਾਹੀ ਵਿਚਾਰਾਂ ਦੇ ਸਿਰਜਣਾਮਿਕ ਆਦਾਨ-ਪ੍ਰਦਾਨ ਅਤੇ ਅਜ਼ਾਦ ਅਕਾਦਮਿਕ ਮਾਹੌਲ ਰਾਹੀ ਸਮਾਜ ਵਿਚ ਬਦਲਾਅ ਲੈ ਕੇ ਆਉਣ ਦਾ ਮੰਚ ਰਹੀ ਹੈ।

ਵੱਖ-ਵੱਖ ਸਮਿਆਂ ਵਿਚ ਯੂਨੀਵਰਸਿਟੀਆਂ ਦੀ ਅਕਦਾਮਿਕ ਅਜ਼ਾਦੀ ਅਤੇ ਰੌਸ਼ਨ-ਖਿਆਲੀ ਉੱਪਰ ਹਕੂਮਤੀ ਹਮਲਾ ਹੁੰਦਾ ਆਇਆ ਹੈ ਅਤੇ ਉਨਾਂ ਨੂੰ ਸਥਾਪਤੀ ਨਾਲ ਮੁਤਫ਼ਿਕ ਹੋਣ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ।ਨਾਜ਼ੀ ਹਕੂਮਤ ਸਮੇਂ ਅਜ਼ਾਦ ਵਿਚਾਰਾਂ ਦੀ ਗੜ ਫਰੈਂਕਫਰਟ ਯੂਨੀਵਰਸਿਟੀ ਦੇ ਸੰਬੰਧ ਵਿਚ ਇਸੇ ਤਰਾਂ ਦੀ ਹੀ ਉਦਾਹਰਣ ਮਿਲਦੀ ਹੈ।ਹਾਲੀਆ ਸਮੇਂ ਵਿਚ ਵੀ ਏਸ਼ੀਅਨ ਅਤੇ ਖ਼ਾਸ ਕਰਕੇ ਭਾਰਤੀ ਯੂਨੀਵਰਸਿਟੀਆਂ, ਜਨਤਕ ਅਤੇ ਨਿੱਜੀ, ਦੋਹਾਂ ਵਿਚ ਹੀ ਦਬਾਅ ਬਹੁਤ ਵਧਿਆ ਹੈ।ਅਕਾਦਮਿਕ ਅਜ਼ਾਦੀ ਉੱਪਰ ਛਾਂਟੀ ਲਗਾਉਣ ਅਤੇ ਯੂਨੀਵਰਸਿਟੀ ਦੀ ਮਹੱਤਤਾ ਨੂੰ ਘਟਾਉਣ ਦਾ ਮਕਸਦ ਸਮਾਜਿਕ ਬਦਲਾਅ, ਅਜ਼ਾਦੀ ਅਤੇ ਦੂਰ-ਅੰਦੇਸ਼ੀ ਵਾਲੇ ਪ੍ਰਗਤੀਵਾਦੀ ਵਿਚਾਰਾਂ ਉੱਪਰ ਰੋਕ ਲਗਾਉਣਾ ਹੁੰਦਾ ਹੈ। ਅਕਾਦਮਿਕ ਅਜ਼ਾਦੀ ਦੀ ਮਹੱਤਤਾ ਨੂੰ ਸੰਸਾਰ ਪ੍ਰਸਿੱਧ ਵਿਦਵਾਨ ਅਲਬਰਟ ਆਈਨਸਟਾਈਨ ਨੇ ਇਨਾਂ ਸ਼ਬਦਾਂ ਵਿਚ ਲਿਖਿਆ ਸੀ, 'ਅਕਾਦਮਿਕ ਅਜ਼ਾਦੀ ਸੱਚ ਦੀ ਖੋਜ, ਪ੍ਰਕਾਸ਼ਿਤ ਕਰਨ ਅਤੇ ਉਹ ਪੜਾਉਣ ਦਾ ਅਧਿਕਾਰ ਹੈ ਜੋ ਇਕ ਵਿਅਕਤੀ ਨੂੰ ਸਹੀ ਲੱਗਦਾ ਹੈ।ਅਕਾਦਮਿਕ ਅਜ਼ਾਦੀ ਉਹ ਅਧਿਕਾਰ ਦਿੰਦੀ ਹੈ ਜਿਸ ਵਿਚ ਇਕ ਜ਼ਿੰਮੇਵਾਰੀ ਵੀ ਨਿਹਤ ਹੈ ਕਿ ਉਸ ਵਿਚ ਸੱਚ ਨੂੰ ਕਿਸੇ ਵੀ ਢੰਗ ਨਾਲ ਛੁਪਾਇਆ ਨਾ ਜਾਵੇ।' ਅਕਾਦਮਿਕ ਅਜ਼ਾਦੀ ਯੂਨੀਵਰਸਿਟੀ ਸਿੱਖਿਆ ਦਾ ਮਹੱਤਵਪੂਰਨ ਪਹਿਲੂ ਹੈ ਕਿਉਂਕਿ ਇਸ ਵਿਚ ਹੀ ਉਦਾਰਵਾਦੀ ਲੋਕਤੰਤਰ ਮਾਣ ਮਹਿਸੂਸ ਕਰਦਾ ਹੈ ਅਤੇ ਇਹ ਕਿਸੇ ਵੀ ਰਾਸ਼ਟਰ ਦੀ ਅਜ਼ਾਦ ਭਾਵਨਾ ਦੀ ਵੀ ਪ੍ਰਤੀਕ ਹੈ। ਕਿਸੇ ਵੀ ਤਰਾਂ ਦੀ ਰੂੜੀਵਾਦੀ ਵਿਚਾਰਧਾਰਾ ਇਸ ਤਰਾਂ ਦੀ ਅਜ਼ਾਦੀ ਦੀ ਵਿਰੋਧੀ ਹੁੰਦੀ ਹੈ ਅਤੇ ਉਹ ਅਕਾਦਮਿਕ ਅਤੇ ਬੋਲਣ ਦੀ ਅਜ਼ਾਦੀ ਦਾ ਘਾਣ ਕਰਦੀ ਹੈ।ਪ੍ਰਸਿੱਧ ਵਿਦਵਾਨ ਵਿਲੀਅਮ ਡਗਲਸ ਦਾ ਕਹਿਣਾ ਹੈ, 'ਬੋਲਣ ਦੀ ਅਜ਼ਾਦੀ ਦਾ ਸਭ ਤੋਂ ਮਹੱਤਵਪੂਰਨ ਪੱਖ ਸਿੱਖਣ ਅਤੇ ਪੜਾਉਣ ਦੀ ਅਜ਼ਾਦੀ ਹੈ।ਸਾਰੀ ਸਿੱਖਿਆ ਹੀ ਵੱਖ-ਵੱਖ ਸਮੱਸਿਆਵਾਂ, ਮੁਦਿਆਂ ਉੱਪਰ ਨਿਰੰਤਰ ਵਿਚਾਰ-ਵਟਾਂਦਰੇ ਅਤੇ ਸਵਾਲਾਂ ਦਾ ਪ੍ਰਵਾਹ ਹੈ।ਇਹ ਹੀ ਅਕਾਦਮਿਕ ਅਜ਼ਾਦੀ ਦਾ ਮੂਲ ਤੱਤ ਹੈ।' ਅਕਦਾਮਿਕ ਅਜ਼ਾਦੀ ਦੀ ਭਾਵਨਾ ਦਾ ਅਰਥ ਲੋਕਤੰਤਰੀ ਆਦਰਸ਼ਾਂ ਨੂੰ ਸੁਰੱਖਿਅਤ ਰੱਖਣਾ ਅਤੇ ਬਹੁਲਤਾ ਨੂੰ ਪ੍ਰੋਤਸਾਹਿਤ ਕਰਕੇ ਲੋਕਤੰਤਰੀ ਸੰਸਥਾਵਾਂ ਨੂੰ ਮਜਬੂਤ ਕਰਨਾ ਹੁੰਦਾ ਹੈ।

ਪਿਛਲ਼ੇ ਦਿਨਾਂ ਵਿਚ ਭਾਰਤ ਦੀ ਪ੍ਰਸਿੱਧ ਯੂਨੀਵਰਸਿਟੀ ਅਸ਼ੋਕਾ ਯੂਨੀਵਰਸਿਟੀ ਵਿਚ ਅਕਾਦਮਿਕ ਅਜ਼ਾਦੀ ਉੱਪਰ ਹਮਲਾ ਇਹ ਦਿਖਾਉਂਦਾ ਹੈ ਕਿ ਸੱਤ ਸਾਲ ਪਹਿਲਾਂ ਸਥਾਪਿਤ ਕੀਤੀ ਇਸ ਨਿੱਜੀ ਯੂਨੀਵਰਸਿਟੀ ਦੇ ਪੂੰਜੀਵਾਦੀ ਹਿੱਸੇਦਾਰਾਂ ਨੇ ਵੀ ਰਾਜਨੀਤਿਕ ਸਥਾਪਤੀ ਦੇ ਸਾਹਮਣੇ ਗੋਡੇ ਟੇਕ ਦਿੱਤੇ ਹਨ।ਇਸ ਦਾ ਨਤੀਜਾ ਪ੍ਰਸਿੱਧ ਬੁੱਧੀਜੀਵੀ ਪ੍ਰਤਾਪ ਭਾਨੂ ਮਹਿਤਾ ਦੇ ਅਸਤੀਫੇ ਦੇ ਰੂਪ ਵਿਚ ਨਿਕਲਿਆ।ਉਸ ਨਾਲ ਇਕਜੁੱਟਤਾ ਦਿਖਾਉਂਦੇ ਹੋਏ ਪ੍ਰਸਿੱਧ ਅਰਥ-ਸ਼ਾਸਤਰੀ ਅਰਵਿੰਦ ਸੁਬਰਾਮਨੀਅਮ ਨੇ ਵੀ ਅਕਾਦਮਿਕ ਅਜ਼ਾਦੀ ਉੱਪਰ ਰੋਕ ਲਗਾਉਣ ਦੇ ਵਿਰੋਧ ਵਿਚ ਆਪਣੇ ਆਪ ਨੂੰ ਯੂਨੀਵਰਸਿਟੀ ਤੋਂ ਵੱਖ ਕਰ ਲਿਆ।ਪ੍ਰਸਿੱਧ ਰਾਜਨੀਤਿਕ ਵਿਦਵਾਨ ਦੇ ਅਸਤੀਫੇ ਦਾ ਪ੍ਰਮੁੱਖ ਕਾਰਨ ਇਹ ਸੀ ਕਿ ਉਸਦੇ ਰਾਜਨੀਤਿਕ ਵਿਚਾਰ ਸਥਾਪਤੀ ਨਾਲ ਸਹਿਮਤੀ ਨਹੀਂ ਰੱਖਦੇ। ਉਹ ਇਸੇ ਯੂਨੀਵਰਸਿਟੀ ਦਾ ਸਾਬਕਾ ਵਾਈਸ-ਚਾਂਸਲਰ ਅਤੇ ਹਾਰਵਰਡ ਯੂਨੀਵਰਸਿਟੀ ਵਿਚ ਵੀ ਪੜਾਉਂਦਾ ਰਿਹਾ ਹੈ।

ਭਾਰਤੀ ਯੂਨੀਵਰਸਿਟੀਆਂ ਖ਼ਾਸ ਤੌਰ 'ਤੇ ਆਪਣੇ ਪਾਠ-ਪੁਸਤਕ ਵਾਲੇ ਸੱਭਿਆਚਾਰ ਕਰਕੇ ਜਾਣੀਆਂ ਜਾਂਦੀਆਂ ਹਨ। ਅਸ਼ੋਕਾ ਯੂਨੀਵਰਸਿਟੀ ਦੀ ਸਥਾਪਨਾ ਹਾਰਵਰਡ ਯੂਨੀਵਰਸਿਟੀ ਦੀ ਤਰਜ਼ ਤੇ ਹੀ ਅਕਾਦਮਿਕ ਰੂਪ ਵਿਚ ਅਜ਼ਾਦ ਵਿਚਾਰਾਂ ਨੂੰ ਬੜਾਵਾ ਦੇਣ ਲਈ ਹੀ ਹੋਈ ਸੀ।ਪਾਠ-ਪੁਸਤਕ ਵਾਲੇ ਸੱਭਿਆਚਾਰ ਉੱਪਰ ਅਧਾਰਿਤ ਰਾਜ ਦੀ ਵਿਦਿਅਕ ਨੀਤੀ ਦੀ ਪ੍ਰਤੀਕਿਰਿਆ ਵਿਚ ਹੀ ਕੁਝ ਨਿੱਜੀ ਅਤੇ ਅਜ਼ਾਦ ਯੂਨੀਵਰਸਿਟੀਆਂ ਹੋਂਦ ਵਿਚ ਆਈਆਂ ਹਨ। ਹਾਲਾਂਕਿ, ਇਹ ਨਿੱਜੀ ਯੂਨੀਵਰਸਿਟੀਆਂ ਵਿਸ਼ੇਸ਼ ਅਧਿਕਾਰ ਪ੍ਰਾਪਤ ਇਕ ਖ਼ਾਸ ਜਮਾਤ ਦੇ ਹਿੱਤਾਂ ਦੀ ਹੀ ਪੂਰਤੀ ਕਰਦੀਆਂ ਹਨ ਕਿਉਂਕਿ ਇੱਥੇ ਫੀਸਾਂ ਬਹੁਤ ਜਿਆਦਾ ਹਨ। ਅਸ਼ੋਕਾ ਯੂਨੀਵਰਸਿਟੀ ਵਿਚ ਅਕਾਦਮਿਕ ਅਜ਼ਾਦੀ ਉੱਪਰ ਹਮਲਾ ਹਾਲੀਆ ਸਮੇਂ ਵਿਚ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤਰਾਂ ਦੇ ਲਗਾਤਾਰ ਹਮਲਿਆਂ ਨੇ ਹੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਸੰਸਥਾਵਾਂ ਦੀ ਖੁਦਮੁਖ਼ਤਿਆਰੀ, ਅਕਾਦਮਿਕ ਅਜ਼ਾਦੀ ਅਤੇ ਕਠੋਰ ਨਿਯੰਤਰਣ ਵੱਲ ਧਿਆਨ ਦੁਆਇਆ ਹੈ। ਅਕਾਦਮਿਕ ਅਜ਼ਾਦੀ ਨਾਲ ਸਬੰਧਤ ਮਸਲਿਆਂ ਉੱਪਰ ਭਾਵੇਂ ਅਖਬਾਰਾਂ ਦੇ ਕਾਲਮਾਂ ਵਿਚ ਚਰਚਾ ਹੁੰਦੀ ਹੈ, ਪਰ ਇਸ ਉੱਪਰ ਵਿਆਪਕ ਪੱਧਰ ਤੇ ਬਹਿਸ ਕਰਨ ਦੀ ਲੋੜ ਹੈ ਕਿਉਂਕਿ ਇਹ ਬਹੁਤ ਗੰਭੀਰ ਮਸਲਾ ਹੈ।ਇਸ ਨੇ ਹੀ ਆਉਣ ਵਾਲੇ ਸਮੇਂ ਵਿਚ ਉੱਚ ਸਿੱਖਿਆ ਅਤੇ ਯੂਨੀਵਰਸਿਟੀਆਂ ਦੇ ਭਵਿੱਖ ਨੂੰ ਨਿਰਧਾਰਿਤ ਕਰਨਾ ਹੈ।ਅਕਾਦਮਿਕ ਅਜ਼ਾਦੀ ਕਿਸੇ ਵੀ ਯੂਨੀਵਰਸਿਟੀ ਜਾਂ ਵਿੱਦਿਅਕ ਸੰਸਥਾ ਦੀ ਬੁਨਿਆਦੀ ਸ਼ਰਤ ਹੈ। ਇਹ ਹੀ ਉਦਾਰਵਾਦੀ ਰਾਸ਼ਟਰ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਮਜਬੂਤ ਕਰਨ ਵਿਚ ਸਹਾਈ ਹੁੰਦੀ ਹੈ।ਉਹ ਪੱਛਮੀ ਮੁਲਕ ਜਿੱਥੇ ਅਕਾਦਮਿਕ ਅਜ਼ਾਦੀ ਨੂੰ ਮਹੱਤਵ ਦਿੱਤਾ ਜਾਂਦਾ ਹੈ, ਉਹ ਸਿੱਖਿਆ, ਖੋਜ ਅਤੇ ਹੋਰ ਖੇਤਰਾਂ ਵਿਚ ਮੋਹਰੀ ਹਨ ਅਤੇ ਉਨਾਂ ਨੂੰ ਹੀ ਨੋਬਲ ਅਤੇ ਹੋਰ ਮੰਨੇ-ਪ੍ਰਮੰਨੇ ਸਨਮਾਨ ਮਿਲਦੇ ਹਨ।

ਗਲੋਬਲ ਨੀਤੀ ਸੰਸਥਾ ਦੀ ਇਕ ਰਿਪੋਰਟ ਅਨੁਸਾਰ ਅਕਾਦਮਿਕ ਅਜ਼ਾਦੀ ਦੇ ਸੰਬੰਧ ਵਿਚ ਇਕ ਵਿਚੋਂ 0.352 ਅੰਕਾਂ ਨਾਲ ਭਾਰਤ ਦਾ ਗ੍ਰਾਫ ਬਹੁਤ ਹੀ ਨੀਵਾਂ ਹੈ। ਅਕਾਦਮਿਕ ਅਜ਼ਾਦੀ ਦਾ ਸੰਬੰਧ ਵਿਦਵਾਨਾਂ ਦਾ ਰਾਜਨੀਤਿਕ ਸਥਾਪਤੀ ਦੇ ਦਬਾਅ ਅਤੇ ਹਮਲੇ ਦੇ ਡਰ ਤੋਂ ਬਿਨਾਂ ਕਿਸੇ ਵੀ ਤਰਾਂ ਦੇ ਵਿਚਾਰਾਂ ਦਾ ਇਜ਼ਹਾਰਾਂ ਕਰਨ ਦੀ ਅਜ਼ਾਦੀ ਨਾਲ ਹੈ।ਗਲੋਬਲ ਅਕਾਦਮਿਕ ਅਜ਼ਾਦੀ ਸੂਚਕ ਬਹੁਤ ਸੂਖਮਤਾ ਨਾਲ ਇਸ ਦੀ ਜਾਂਚ ਕਰਦਾ ਹੈ ਕਿ ਕਿਸੇ ਵੀ ਦੇਸ਼ ਨੇ ਅਕਾਦਮਿਕ ਖੋਜ ਅਤੇ ਅਧਿਆਪਨ ਨਾਲ ਸਬੰਧਤ ਅੱਠ ਮਾਪਦੰਡਾਂ ਨੂੰ ਪੂਰਾ ਕੀਤਾ ਹੈ ਜਾਂ ਨਹੀਂ। ਇਨਾਂ ਵਿਚੋਂ ਪ੍ਰਮੁੱਖ ਮਾਪਦੰਡ ਹਨ: ਅਜ਼ਾਦੀ ਨਾਲ ਆਪਣੇ ਵਿਚਾਰ ਪੇਸ਼ ਕਰਨ ਦੀ ਅਕਾਦਮਿਕ ਅਜ਼ਾਦੀ, ਸੰਸਥਾਵਾਂ ਦਾ ਪ੍ਰਮਾਣਿਕ ਅਤੇ ਖੁਦਮੁਖ਼ਤਿਆਰ ਢਾਂਚਾ ਅਤੇ ਅਕਾਦਮਿਕ ਸੰਸਥਾਵਾਂ ਦੀ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਅਧਿਕਾਰਾਂ ਦੇ ਅੰਤਰਾਰਸ਼ਟਰੀ ਕਰਾਰ ਪ੍ਰਤੀ ਵਚਨਬੱਧਤਾ।ਉਰੂਗੁਏ, ਪੈਰਾਗੁਏ ਅਤੇ ਜਰਮਨੀ ਵਰਗੇ ਛੋਟੇ ਦੇਸ਼ਾਂ ਦਾ 0.970 ਅੰਕਾਂ ਨਾਲ ਅਕਾਦਮਿਕ ਅਜ਼ਾਦੀ ਦੇ ਸਬੰਧ ਵਿਚ ਗਲੋਬਲ ਸੂਚਕ ਬਹੁਤ ਉੱਚਾ ਹੈ ਜਦੋਂਕਿ ਭਾਰਤ ਦਾ ਸਥਾਨ ਸਾਊਦੀ ਅਰਬ ਅਤੇ ਲੀਬੀਆ ਵਾਂਗ ਪਾਕਿਸਤਾਨ, ਸੋਮਾਲੀਆ, ਮਲੇਸ਼ੀਆ ਅਤੇ ਯੂਕਰੇਨ ਨਾਲੋਂ ਵੀ ਨੀਵਾਂ ਰਿਹਾ ਹੈ। ਕੁੱਲ ਮਿਲਾ ਕੇ ਸੰਸਥਾਗਤ ਖੁਦਮੁਖ਼ਤਿਆਰੀ, ਬੋਲਣ ਦੀ ਅਜ਼ਾਦੀ ਅਤੇ ਅਕਾਦਮਿਕ ਅਜ਼ਾਦੀ ਨੂੰ ਬਚਾਉਣ ਦੇ ਸੰਵਿਧਾਨਿਕ ਅਧਿਕਾਰ ਦੇ ਸੰਬੰਧ ਵਿਚ ਭਾਰਤ ਦੀ ਕਾਰਗੁਜ਼ਾਰੀ ਬਹੁਤ ਮਾੜੀ ਰਹੀ ਹੈ।ਗਲੋਬਲ ਸੂਚਕ ਦੇ ਸੰਬੰਧ ਵਿਚ ਰਾਜਨੀਤਿਕ ਦਬਾਅ, ਪ੍ਰਮੁੱਖ ਯੂਨੀਵਰਸਿਟੀ ਕੈਂਪਸਾਂ ਵਿਚ ਹਿੰਸਕ ਘਟਨਾਵਾਂ ਜਿਸ ਵਿਚ ਸੁਰੱਖਿਆ ਬਲਾਂ ਨੂੰ ਬੁਲਾਉਣਾ ਪਿਆ, ਵਿਦਿਆਰਥੀਆਂ ਉੱਪਰ ਦੇਸ਼-ਧ੍ਰੋਹ ਦੇ ਮਾਮਲੇ ਅਤੇ ਪ੍ਰੋਫੈਸਰਾਂ ਅਤੇ ਸਮਾਜਿਕ ਕਾਰਕੁੰਨਾਂ ਉੱਪਰ ਘਿਣਾਉਣੇ ਦੋਸ਼ਾਂ ਆਦਿ ਨੇ ਵੀ ਭਾਰਤ ਦਾ ਸਥਾਨ ਹੇਠਾਂ ਲਿਆਂਦਾ ਹੈ। ਅਸ਼ੋਕਾ ਯੂਨੀਵਰਸਿਟੀ ਵਰਗੀਆਂ ਘਟਨਾਵਾਂ ਇਸ ਨੂੰ ਹੋਰ ਵੀ ਹੇਠਲੇ ਪੱਧਰ ਤੇ ਲੈ ਆਉਣਗੀਆਂ। ਪ੍ਰਤਾਪ ਭਾਨੂ ਮਹਿਤਾ ਵਰਗੇ ਵਿਦਵਾਨਾਂ ਨੂੰ ਸਥਾਪਤੀ ਅਤੇ ਉਸ ਦੀਆਂ ਨੀਤੀਆਂ ਪ੍ਰਤੀ ਆਪਣੇ ਅਜ਼ਾਦ ਵਿਚਾਰਾਂ, ਮੌਜੂਦਾ ਸਰਕਾਰ ਦੀ ਸ਼ਖਸੀਅਤ ਆਧਾਰਿਤ ਸੱਭਿਆਚਾਰ ਅਤੇ ਪ੍ਰਧਾਨ ਮੰਤਰੀ ਦੁਆਰਾ ਸੰਸਥਾਵਾਂ ਦੀ ਖੁਦਮੁਖ਼ਤਿਆਰੀ ਨੂੰ ਖੋਹਣ ਦੀ ਆਲੋਚਨਾ ਕਰਕੇ ਹੀ ਸੰਸਥਾ ਤੋਂ ਅਲਹਿਦਾ ਹੋਣਾ ਪਿਆ। ਇਸ ਤਰਾਂ ਦੀਆਂ ਘਟਨਾਵਾਂ ਅਕਾਦਮਿਕ ਅਜ਼ਾਦੀ ਦੇ ਲਗਾਤਾਰ ਸੰਕੀਰਣ ਹੁੰਦੇ ਘੇਰੇ ਨੂੰ ਦਿਖਾਉਂਦੀਆਂ ਹਨ ਕਿਉਂਕਿ ਇਸ ਤਰਾਂ ਦੇ ਵਿਦਾਵਨ ਹੀ 'ਨਵੇਂ ਭਾਰਤ' ਦੇ ਰਾਜਨੀਤਿਕ ਪਰਿਦ੍ਰਿਸ਼ ਦੀਆਂ ਪਰਤਾਂ ਨੂੰ ਖੋਲ ਰਹੇ ਹਨ ਜੋ ਕਿ ਬਹੁਤ ਹੀ ਖੁੱਲੇ ਰੂਪ ਨਾਲ ਹਿੰਦੂਵਾਦੀ ਵਿਚਾਰਧਾਰਾ ਅਧਾਰਿਤ ਰਾਸ਼ਟਰਵਾਦ ਨੂੰ ਬੜਾਵਾ ਦੇ ਰਿਹਾ ਹੈ। ਅਸ਼ੋਕਾ ਯੂਨੀਵਰਸਿਟੀ ਦੇ ਪ੍ਰਬੰਧਕਾਂ ਦੁਆਰਾ ਮਹਿਤਾ ਦੇ ਅਸਤੀਫੇ ਨੂੰ ਸਵੀਕਾਰ ਕਰਨਾ ਵੀ ਨਿੱਜੀ ਪੂੰਜੀਵਾਦੀਆਂ ਦਾ ਰਾਜਨੀਤਿਕ ਸਥਾਪਤੀ ਸਾਹਮਣੇ ਸਿਰ ਝੁਕਾਉਣਾ ਹੀ ਦਿਖਾਉਂਦਾ ਹੈ। ਪ੍ਰਤਾਪ ਭਾਨੂ ਮਹਿਤਾ ਨਾਲ ਇਕਜੁੱਟਤਾ ਦਿਖਾਉਂਦੇ ਹੋਏ ਅਰਵਿੰਦ ਸੁਬਰਾਮਨੀਅਮ ਨੇ ਕਿਹਾ ਕਿ ਅਕਾਦਮਿਕ ਅਜ਼ਾਦੀ ਦੇ ਪ੍ਰਤੀਕ ਦੇ ਤੌਰ 'ਤੇ ਅਸ਼ੋਕਾ ਯੂਨੀਵਰਸਿਟੀ ਨੇ ਵੀ ਆਪਣਾ ਸਥਾਨ ਗੁਆ ਲਿਆ ਹੈ।ਰਿਜ਼ਰਵ ਬੈਂਕ ਦੇ ਸਾਬਕਾ ਪ੍ਰਮੁੱਖ ਰਘੂਰਾਮ ਰਾਜਨ ਨੇ ਵੀ ਇਸ ਨੂੰ ਬੋਲਣ ਦੀ ਅਜ਼ਾਦੀ ਉੱਪਰ ਹਮਲਾ ਦੱਸਿਆ ਕਿਉਂਕਿ ਉਸ ਨੂੰ ਸਥਾਪਤੀ ਲਈ ਕੰਡਾ ਸਮਝਿਆ ਗਿਆ। ਸੰਸਾਰ ਪੱਧਰ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਦੇ 150 ਪ੍ਰਮੁੱਖ ਵਿਦਵਾਨਾਂ ਨੇ ਰਾਜਨੀਤਿਕ ਦਬਾਅ ਹੇਠ ਪ੍ਰਤਾਪ ਭਾਨੂ ਮਹਿਤਾ ਦੇ ਅਸਤੀਫੇ ਉੱਪਰ ਅਫਸੋਸ ਜ਼ਾਹਿਰ ਕੀਤਾ ਅਤੇ ਇਹ ਟਿੱਪਣੀ ਕੀਤੀ ਕਿ ਉਹ ਆਪਣੇ ਰਾਜਨੀਤਿਕ ਵਿਚਾਰਾਂ ਕਰਕੇ ਹੀ ਇਸ ਦਾ ਸ਼ਿਕਾਰ ਹੋਇਆ। ਉਨਾਂ ਨੇ ਅਕਾਦਮਿਕ ਅਜ਼ਾਦੀ ਨੂੰ ਬਚਾਉਣ ਵਿਚ ਅਸਫਲ ਹੋਣ ਲਈ ਅਸ਼ੋਕਾ ਯੂਨੀਵਰਸਿਟੀ ਨੂੰ ਜ਼ਿੰਮੇਵਾਰ ਠਹਿਰਾਇਆ।

ਇਸ ਵਿਚ ਇਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਜ਼ਿਆਦਾਤਰ ਭਾਰਤੀਆਂ ਵਿਚ ਆਪਣੇ ਰਾਜਨੀਤਿਕ ਵਿਚਾਰਾਂ ਅਤੇ ਨਿੱਜੀ ਅਜ਼ਾਦੀ ਨੂੰ ਲੈ ਕੇ ਉਦਾਸੀਨਤਾ ਅਤੇ ਵਿਵੇਕਹੀਣਤਾ ਹੈ। ਉਨਾਂ ਦੀ ਅਵਾਜ਼ ਬਹੁਤ ਘੱਟ ਸੁਣਾਈ ਪੈਂਦੀ ਹੈ। ਉਨਾਂ ਨੇ ਰਾਜਨੀਤਿਕ ਪ੍ਰਬੰਧ ਨੂੰ ਕੁਦਰਤ ਦੇ ਭਾਣੇ ਦੇ ਰੂਪ ਵਿਚ ਮੰਨ ਲਿਆ ਹੈ ਅਤੇ ਉਹ ਨਿੱਜੀ ਅਤੇ ਅਕਾਦਮਿਕ ਅਜ਼ਾਦੀ ਦੇ ਦਮਨ ਪ੍ਰਤੀ ਜਿਆਦਾਤਰ ਸਹਿਮਤੀ ਜਤਾਉਂਦੇ ਹੀ ਨਜ਼ਰ ਆਉਂਦੇ ਹਨ। **ਬਾਕੀ ਸਫ਼ਾ 31 'ਤੇ**

# 'ਵਿਸਾਖੀ-ਖ਼ਾਲਸਾ ਸਾਜਨਾ ਦਿਵਸ'



**ਪ੍ਰਮਿੰਦਰ ਸਿੰਘ ਪ੍ਰਵਾਨਾ**

ਵਿਸਾਖੀ ਵਿਸਾਖ ਮਹੀਨੇ ਦਾ ਪਹਿਲਾ ਦਿਨ ਹੈ। ਇਸ ਸਮੇਂ ਮੌਸਮ ਵਿਚ ਤਬਦੀਲੀ ਆਉਂਦੀ ਹੈ। ਹਾੜ੍ਹੀ ਦੀ ਫਸਲ ਕਣਕ ਦੀਆਂ ਵਾਢੀਆਂ ਮੁੱਖ ਜਾਂਦੀਆਂ ਹਨ। ਕਿਸਾਨ ਕੋਲ ਸਮੇਂ ਦੀ ਵਿਹਲ ਹੁੰਦੀ ਹੈ। ਫਸਲ ਦੀ ਵੱਟਕ ਦਾ ਪੈਸਾ ਹੁੰਦਾ ਹੈ। ਉਹ ਬੇਫਿਕਰ ਮਸਤੀ ਵਿਚ ਝੂਮਦਾ ਹੈ। ਵਿਸਾਖੀ ਦੇ ਸੱਭਿਆਚਾਰਕ ਮੇਲੇ ਮਨਾਉਂਦਾ ਹੈ। ਧਾਰਮਿਕ ਤੌਰ 'ਤੇ ਵਿਸਾਖੀ ਦਾ ਦਿਨ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਿਆਂ ਵਿਚ ਵੀ ਮਨਾਇਆ ਜਾਂਦਾ ਹੈ। ਜਿੱਥੇ ਵਿਸ਼ੇਸ਼ ਦੀਵਾਨ ਸਜਦੇ ਹਨ। ਅਖੰਡ ਪਾਠ, ਕੀਰਤਨ, ਕਵੀਸ਼ਰੀ, ਧਾਰਮਿਕ ਕਵੀ ਦਰਬਾਰ ਅਤੇ ਢਾਡੀ ਬੀਰ-ਰਸੀ ਵਾਰਾਂ ਗਾਉਂਦੇ ਹਨ। ਇਸ ਤਰਾਂ ਵਿਸਾਖੀ ਦੇ ਸਜੇ ਦੀਵਾਨ ਸੰਗਤਾਂ ਨੂੰ ਗੌਰਵਮਈ ਧਾਰਮਿਕ ਸਿੱਖ ਵਿਰਸੇ ਨਾਲ ਜੋੜਿਆ ਜਾਂਦਾ ਹੈ।

ਸੰਨ 1699 ਦੀ ਵਿਸਾਖੀ ਦਾ ਦਿਹਾੜਾ ਸਿੱਖ ਪੰਥ ਵਿਚ ਇਕ ਮਹੱਤਵਪੂਰਨ ਦਿਵ ਹੈ। ਜਦੋਂ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਦੇ ਭਾਰੀ ਇਕੱਠ ਵਿਚ ਪੰਜ ਪਿਆਰੇ ਸਾਜ ਕੇ ਖ਼ਾਲਸਾ ਪੰਥ ਦੀ ਨੀਂਹ ਰੱਖੀ। ਉਦੋਂ ਇਕ ਪਾਸੇ ਅਮਨ ਪਸੰਦ ਸੰਤ ਸੁਭਾਅ ਹਕੂਮਤਾਂ ਦੇ ਦਬਾਏ ਸਤਾਏ ਹੋਏ ਲੋਕ ਸਨ, ਜਿਨਾਂ ਤੇ ਜਬਰੀ ਧਰਮ ਪਰਿਵਰਤਨ ਦੇ ਜ਼ੁਲਮ ਢਾਹੇ ਜਾ ਰਹੇ ਸਨ। ਨਿਕੰਮੇ, ਗਰੀਬ, ਕਮਜ਼ੋਰ ਜਾਣੇ ਜਾਂਦੇ ਸਨ। ਦੂਸਰੇ ਪਾਸੇ ਜਾਲਮ ਹਾਕਮ ਜਿਨਾਂ ਕੋਲ ਵਿਸ਼ਾਲ ਸਾਮਰਾਜ ਅਤੇ ਰਾਜ ਪ੍ਰਬੰਧ ਕੋਲ ਵੱਡੀ ਫੌਜੀ ਤਾਕਤ ਸੀ। ਗੁਰੂ ਜੀ ਨੇ ਜਨਤਾ ਵਿਚ ਚੜਦੀ ਕਲਾ ਦਾ ਜੋਸ਼ ਭਰਨ ਲਈ ਉਪਦੇਸ਼ ਦਿੱਤਾ ਕਿ ਜਦੋਂ ਸ਼ਾਂਤਮਈ ਢੰਗ ਦਾ ਹਰ ਵਸੀਲਾ ਵੀ ਜੁਲਮ ਨਾ ਰੋਕ ਸਕੇ ਤਾਂ ਹਥਿਆਰ ਉਠਾਉਣਾ ਜਾਇਜ਼ ਬਣ ਜਾਂਦਾ ਹੈ, ਜਿਸ ਨਾਲ ਆਪਣੀ ਦਬੀ ਕੁਚਲੀ ਲਿਤਾੜੀ ਪ੍ਰਜਾ ਦੀ ਰਾਖੀ ਕੀਤੀ ਜਾਵੇ। ਗੁਰੂ ਜੀ ਨੇ ਅਜਿਹਾ ਫੌਜੀ ਖ਼ਾਲਸਾ ਸਾਜਿਆ, ਜਿਸ ਨੇ ਕੌਮ ਦੀ ਤਕਦੀਰ ਬਦਲ ਦਿੱਤੀ। ਜਿਸ ਨੇ ਮੁਗਲ ਸਾਮਰਾਜ ਦਾ ਡਟ ਕੇ ਮੁਕਾਬਲਾ ਕੀਤਾ। ਬੜੇ ਜ਼ੋਖਮਾਂ ਵਿਚੋਂ ਲੰਘ ਕੇ ਸੰਗਠਿਤ ਖ਼ਾਲਸਾ ਰਾਜ ਸਥਾਪਤ ਕੀਤਾ।

ਇਸ ਤਰਾਂ ਵਿਸਾਖੀ ਦੇ ਪਵਿੱਤਰ ਦਿਹਾੜੇ ਗੁਰੂ ਦੇ ਪਿਆਰੇ ਸਿੰਘਾਂ ਨੇ ਦੁਨਿਆਵੀ ਮੋਹ ਪਿਆਰ ਨੂੰ ਤਿਆਗ ਕੇ ਆਪਾ ਗੁਰੂ ਨਾਲ ਜੋੜਿਆ। ਅਕਾਲ ਪੁਰਖ ਦਾ ਪਿਆਰ ਹਾਸਲ ਕੀਤਾ। ਆਪ ਵਾਰਨ ਦੀ ਕਸਵੱਟੀ ਦਾ ਸਿਧਾਂਤ ਸਾਨੂੰ ਗੁਰਬਾਣੀ ਵਿਚੋਂ ਮਿਲਦਾ ਹੈ :-

**ਜਉ ਤਉ ਪ੍ਰੇਮ ਖੇਲਨ ਕਾ ਚਾਉ ॥**
**ਸਿਰਿ ਧਰਿ ਤਲੀ ਗਲੀ ਮੇਰੀ ਆਉ ॥**
**ਅੰਗ 1412**

ਗੁਰੂ ਜੀ ਨੇ ਪੰਜ ਪਿਆਰਿਆਂ ਦੀ ਚੋਣ ਵੱਖ ਵੱਖ ਜਾਤਾਂ ਵਿਚੋਂ ਕੀਤੀ ਅਤੇ ਪੰਥ ਨੂੰ ਏਕਤਾ ਦੀ ਲੜੀ ਵਿਚ ਪਰੋ ਦਿੱਤਾ।

**ਨੀਚੋ ਊਚ ਕਰੇ ਮੇਰਾ ਸੁਆਮੀ ॥**

ਦੇ ਪ੍ਰਵਚਨ ਨੂੰ ਪ੍ਰਤੱਖ ਸਿੱਧ ਕਰ ਵਿਖਾਇਆ। ਸਿੰਘਾਂ ਨੂੰ ਸ਼ਸਤਰਧਾਰੀ ਬਣਾ ਕੇ ਸੂਰਬੀਰ ਕੌਮ ਦੀ ਨੀਂਹ ਰੱਖੀ। ਗੁਰੂ ਜੀ ਨੇ 'ਮੀਰੀ-ਪੀਰੀ' ਦੇ ਸਿਧਾਂਤ ਨੂੰ ਦ੍ਰਿੜ ਕਰਵਾਇਆ। ਪੰਜ ਪਿਆਰਿਆਂ ਨੂੰ 'ਖੰਡੇ ਬਾਟੇ' ਦੀ ਦਾਤ ਦੇ ਕੇ ਗੁਰੂ ਸਾਹਿਬ ਜੀ ਨੇ ਖੁਦ ਆਪਣੇ ਹੀ ਸਜਾਏ ਸਿੰਘਾਂ ਤੋਂ ਅੰਮ੍ਰਿਤ ਦੀ ਦਾਤ ਲੈ ਕੇ ਗੁਰ-ਚੇਲੇ ਦਾ ਅਭੇਦ ਮਿਟਾਇਆ। ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਦਾ ਨਾਉਂ ਪ੍ਰਾਪਤ ਕਰਕੇ ਕੌਮ ਦੀ ਅਗਵਾਈ ਕਰਨ ਲਈ ਪੰਥ ਦੇ ਪਾਬੰਦ ਬਣੇ। ਗੁਰੂ ਅਤੇ ਸਿੰਘਾਂ ਨੂੰ ਗੁਰੂ ਪੰਥ ਦੇ ਸੰਕਲਪਿਤ ਸਿਧਾਂਤ ਨਾਲ ਜੋੜਿਆ। ਭਾਈ ਗੁਰਦਾਸ ਜੀ ਅਨੁਸਾਰ :

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ-ਚੇਲਾ ॥

ਗੁਰੂ ਸਾਹਿਬ ਨੇ ਗੁਰੂ ਅਤੇ ਖ਼ਾਲਸੇ ਦੇ ਸਿੱਧੇ ਸਬੰਧਾਂ ਨੂੰ ਹੋਰ ਵੀ ਹਲੀਮੀ ਭਾਵ ਵਿਚ ਕਿਹਾ ਕਿ

**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ।**
**ਨਹੀਂ ਮੋ ਸੋ ਗਰੀਬ ਕਰੋੜ ਪਰੈ।**

ਸਮੁੱਚੀ ਮਾਨਵਤਾ ਦੇ ਭਲੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿਚ ਆਤਮ ਬਲ ਅਤੇ ਸਵੈਮਾਣ ਦਾ ਵਿਸ਼ਵਾਸ਼ ਜਾਗ੍ਰਿਤ ਕਰਕੇ ਖ਼ਾਲਸੇ ਨੂੰ ਸੰਤ ਸਿਪਾਹੀ ਦਾ ਅਮਲੀ ਰੂਪ ਦਿੱਤਾ। ਸਿੱਖ ਸਿਧਾਂਤ ਅਨੁਸਾਰ ਕੋਈ ਤਬਦੀਲੀ ਨਹੀਂ ਸੀ ਬਲਕਿ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਸਥਾਪਤ ਮਨੋਰਥ ਨੂੰ ਪੱਕਾ ਕਰ ਦਿੱਤਾ ਕਿ ਖ਼ਾਲਸੇ ਸਮਾਜ ਦੇ ਰੱਖਿਅਕ ਅਤੇ ਸੇਵਕ ਹੋਣ। ਸਮਾਜ ਵਿਚੋਂ ਦੁੱਖਾਂ ਦਾ ਨਾਸ਼ ਕਰਨ ਲਈ ਦੋਖੀਆਂ ਦੇ ਜ਼ੁਲਮ ਖਿਲਾਫ਼ ਲੜਨ। ਜ਼ੁਲਮ ਦੀ ਸਤਾਈ ਜਨਤਾ ਅਮਨ ਦਾ ਜੀਵਨ ਬਸ਼ਰ ਕਰ ਸਕੇ। ਗੁਰ-ਸ਼ੋਭਾ ਦਾ ਕਰਤਾ ਸੈਨਾਪਤੀ ਲਿਖਦਾ ਹੈ :

**ਅਸੁਰ ਸਿੰਘਾਰਬੇ ਕੋ ਦੁਰਜਨ ਕੋ ਮਾਰ ਬੇ ਕੋ।**
**ਸੰਕਟ ਨਿਵਾਰਥੇ ਕੋ ਖ਼ਾਲਸਾ ਬਨਾਯੋ ਹੈ ॥**

ਜਿਹੜੇ ਚਿੜੀਆਂ ਦੇ ਫੜਕਣ ਤੋਂ ਡਰ ਜਾਂਦੇ ਸਨ, ਨੀਵੀਂਆਂ ਜਾਤਾਂ ਦੇ ਨਿਕੰਮੇ ਸਮਝੇ ਜਾਂਦੇ ਸਨ, ਉਨਾਂ ਵਿਚ ਚੜਦੀ ਕਲਾ ਦੀ ਭਾਵਨਾ ਭਰ ਦਿੱਤੀ।

**ਸ੍ਰੀ ਅਸਿਪਾਨਜ਼ ਤਬੈ ਕਹਾਉਂ।**
**ਚਿੜੀਆਂ ਤੋਂ ਜਬ ਬਾਜ਼ ਤੁੜਾਉਂ**
ਜਾਂ
**ਸਵਾ ਲਾਖ ਸੇ ਏਕੁ ਲੜਾਉਂ**
**ਤਬੈ ਗੋਬਿੰਦ ਸਿੰਘ ਨਾਮੁ ਕਹਾਉਂ।**
**ਲਘੁ ਜਾਤਨ ਕੋ ਬਰਪਨ ਦੇ ਹੈਂ**
**ਇਸਹੀ ਗਰੀਬ ਸਿੰਘਨ ਕੋ ਦੇਉ ਪਾਤਿਸ਼ਾਹੀ।**
**ਯੇ ਯਾਦ ਕਰੇ ਹਮਰੀ ਗੁਰਆਈ।**
**ਜੀਵਤ ਰਹੇ ਤੋ ਰਾਜ਼ ਕਰੇਂ ਹੈਂ,**
**ਮਰਹਿ ਤੋ ਗੁਰਪੁਰ ਜਾਈਂ।**

ਗੁਰੂ ਪਾਤਿਸ਼ਾਹ ਨੇ ਇਕ ਸਰੂਪ ਹੀ ਨਹੀਂ ਬਲਕਿ ਜੀਵਨ ਮੰਤਵ ਵਿਸ਼ਵਾਸ ਤੇ ਅਸੂਲਾਂ ਦੀ ਸਮਰੂਪਤਾ ਵੀ ਬਖਸ਼ੀ। ਪਹਿਲੇ ਰੀਤੀ ਰਿਵਾਜਾਂ, ਝੂਠੇ ਕਰਮ ਕਾਂਡਾਂ, ਵੰਡੀਆਂ, ਮਨੂੰ ਸ਼ਸਤਰ ਵਰਣ, ਜਾਤ ਪਾਤ ਤੋਂ ਖ਼ਾਲਸੇ ਨੂੰ ਆਜ਼ਾਦ ਕਰ ਦਿੰਤਾ। ਖ਼ਾਲਸਾ ਕੇਵਲ ਇਕ ਸਰਬ ਸ਼ਕਤੀਮਾਨ, ਸ੍ਰਿਸ਼ਟੀ ਦੇ ਸਾਜਣਹਾਰ, ਪਾਲਣਹਾਰ ਪ੍ਰਮੇਸ਼ਰ ੴ ਤੇ ਹੀ ਵਿਸ਼ਵਾਸ਼ ਰੱਖੇਗਾ। ਇਕ ਅਕਾਲ ਪੁਰਖ ਦੀ ਸਿਫ਼ ਸਾਲਾਹ ਕਰੇਗਾ। ਖ਼ਾਲਸਾ ਵਾਹਿਗੁਰੂ ਦਾ ਹੈ ਅਤੇ ਫਤਹਿ ਵੀ ਅਕਾਲ ਪੁਰਖ ਵਾਹਿਗੁਰੂ ਦੀ ਹੈ। ਖ਼ਾਲਸਾ ਅਕਾਲ ਪੁਰਖ ਦੇ ਹੁਕਮ ਤੋਂ ਉਤਪੰਨ ਹੋਇਆ ਹੈ। ਇਹ ਮਿਟ ਨਹੀਂ ਸਕਦਾ। ਗੁਰੂ ਜੀ ਨੇ ਸਿੰਘਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਬਲਹੀਣ ਨਹੀਂ ਹਨ, ਸਗੋਂ ਉਨਾਂ ਨੂੰ ਆਪਣੀ ਅੰਦਰੂਨੀ ਸ਼ਕਤੀ ਪਛਾਨਣ ਦੀ ਲੋੜ ਹੈ। ਜੋ ਚੜਦੀ ਕਲਾ ਦਾ ਜੀਵਨ ਪ੍ਰਦਾਨ ਕਰਦੀ ਹੈ। ਵਿਸਾਖੀ ਸਾਨੂੰ ਦ੍ਰਿੜ ਕਰਵਾਉਂਦੀ ਹੈ ਕਿ ਜੋ ਸੱਚਾ ਖ਼ਾਲਸਾ ਹੈ, ਉਹ ਪ੍ਰਮਾਤਮਾ ਦੀ ਪਰਮਸਤ ਹੋਂਦ ਨੂੰ ਮੰਨਦਾ ਹੈ। ਕਿਸੇ ਹੋਰ ਨੂੰ ਨਹੀਂ ਮੰਨਦਾ। ਪ੍ਰਮਾਤਮਾ ਦੀ ਆਸਥਾ ਵਿਚ ਗੁਰਉਪਦੇਸ਼ ਅਨੁਸਾਰ ਝੂਠੇ ਕਰਮ ਕਾਂਡਾਂ, ਵਹਿਮਾਂ-ਭਰਮਾਂ, ਪਾਖੰਡਾਂ ਦਾ ਵਿਰੋਧ ਕਰਦਾ ਹੈ। ਬਰਾਬਰੀ ਦੇ ਭਾਈਚਾਰੇ ਦੀ ਸਥਾਪਨਾ ਕਰਦਾ ਹੈ। ਉਸੇ ਖਾਲਸੇ ਦੀ ਚੜਦੀ ਕਲਾ ਦੀ ਕ੍ਰਿਪਾ ਨਾਲ ਯੁੱਧ ਜਿੱਤੇ ਗਏ। ਪ੍ਰਾਲਭਤ ਪ੍ਰਾਪਤ ਹੋਈ, ਮਾਇਆ ਆਈ ਪਾਪਾਂ ਦਾ ਨਾਸ਼ ਹੋਇਆ। ਅਧਿਆਤਮਕ ਵਿਦਿਆ ਵਿਚ ਉੱਨਤੀ ਹੋਈ। ਸ਼ਤਰੂਆਂ ਦਾ ਸੰਘਾਰ ਹੋਇਆ। ਇਹ ਸਭ ਕੁਝ ਖ਼ਾਲਸੇ ਕਰਕੇ ਹੋਇਆ। ਗੁਰੂ ਜੀ ਆਪਣੇ ਪੁਰਵਜ਼ਾਂ ਦੇ ਸਿਧਾਂਤ ਅਨੁਕੂਲ ਆਮ ਜਨਤਾ ਨਾਲ ਖੜੇ ਹੋਏ।

ਕਹਿਣੀ ਤੇ ਕਰਨੀ ਵਿਚ ਖ਼ਾਲਸਾ ਪੱਕਾ ਹੋਵੇ। ਮਨ ਵਿਚ ਹੋਰ ਮੁੱਖ ਵਿਚ ਹੋਰ ਨਾ ਹੋਵੇ। ਸਚਾਈ ਤੇ ਚੱਲਣਾ, ਨੇਕੀ ਅਤੇ ਧਰਮ ਦਾ ਕੰਮ ਹੈ। ਸੰਗਤ ਨੂੰ ਸ਼ਬਦ ਗਿਆਨ ਨਾਲ ਜੋੜਿਆ। ਗੁਰੂ ਦੇ ਸਨਮੁਖ ਹੋ ਕੇ ਅਰਦਾਸ ਕਰੇ। ਰੱਬ ਨਾਲ ਸਿੱਧਾ ਰਾਬਤਾ ਬਣਾਵੇ। ਖ਼ਾਲਸੇ ਨੂੰ ਮੁਕਤੀ ਦਾ ਅਧਿਕਾਰੀ ਬਣਾ ਦਿੱਤਾ। ਸਿੰਘਾਂ ਨੂੰ ਬੁਰਾਈਆਂ ਤੋਂ ਬਚਾ ਕੇ ਸ਼ਕਤੀ ਦੇ ਕੇ ਜ਼ੋਰਾਵਰ ਬਣਾ ਦਿੱਤਾ।

ਅੰਤਿਕਾ : ਗੁਰੂ ਜੀ ਦਾ ਉੱਤਮ ਉਪਦੇਸ਼ ਕਿ ਖ਼ਾਲਸਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ। ਸ਼ਬਦ ਰਾਹੀਂ ਗਿਆਨਵਾਨ ਬਣੇ। ਵਿਦਿਅਕ, ਅਧਿਆਤਮਕ, ਆਰਥਿਕ, ਰਾਜਨੀਤਕ ਅਤੇ ਵਿਵਹਾਰ ਵਿਚ ਸੂਝਵਾਨ ਬਣੇ।

**ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ ॥**

# ਜੀਵਨ ਸ਼ੈਲੀ 'ਚ ਬਦਲਾਅ ਕੋਰੋਨਾ ਵਾਇਰਸ ਤੋਂ ਬਚਾਅ !

**ਹਰਮਨਪ੍ਰੀਤ ਸਿੰਘ,**
**9855010005**

ਪਹਿਲੀ ਵਾਰ ਕੋਰੋਨਾ ਵਾਇਰਸ ਦੀ ਪਛਾਣ 2019 ਵਿੱਚ ਚਾਈਨਾ ਦੇ ਸ਼ਹਿਰ ਵੁਹਾਨ ਵਿੱਚ ਕੀਤੀ ਗਈ ਸੀ। ਇਥੋਂ ਹੀ ਇਸ ਦਾ ਨਾਮ ਕੋਵਿਡ-19 (**Coronavirus disease 2019**) ਪਿਆ। ਕਰੋਨਾ ਵਾਇਰਸ ਬਿਮਾਰੀ ਦੇਖਦੇ ਹੀ ਦੇਖਦੇ ਵਿਸ਼ਵ-ਵਿਆਪੀ ਪੱਧਰ 'ਤੇ ਫੈਲ ਗਈ। ਜਿਸ ਦੇ ਨਤੀਜੇ ਵਜੋਂ ਸਾਲ 2019-20 ਦੀ ਕਰੋਨਾ ਵਾਇਰਸ (ਕੋਵਿਡ-19) ਇੱਕ ਵੱਡੀ ਮਹਾਂਮਾਰੀ ਬਣ ਗਈ। ਜਿੱਥੇ ਦੁਨੀਆਂ ਦੇ ਦੂਸਰੇ ਮੁਲਕਾਂ ਚ ਇਹ ਬਿਮਾਰੀ ਫੈਲ ਰਹੀ ਸੀ, ਉੱਥੇ ਹੀ ਭਾਰਤ ਵਿਚ ਇਸ ਨੇ ਸਾਲ 2020 ਦੀ ਸ਼ੁਰੂਆਤ ਹੁੰਦੇ ਹੀ ਦਸਤਕ ਦੇ ਦਿੱਤੀ ਸੀ ਤੇ ਸਾਲ 2020 ਦੇ ਖਤਮ ਹੁੰਦੇ-ਹੁੰਦੇ ਇਹ ਕੋਰੋਨਾ ਵਾਇਰਸ (ਕੋਵਿਡ-19) ਦੀ ਬਿਮਾਰੀ ਵੀ ਖਤਮ ਹੁੰਦੀ ਨਜ਼ਰ ਆਉਂਦੀ ਸੀ, ਉੱਥੇ ਮੁੜ ਸਾਲ 2021 'ਚ ਇਸ ਦੀ ਲਾਗ ਦੇ ਮਾਮਲੇ ਦੋਬਾਰਾ ਵਧਣ ਲੱਗ ਪਏ ਹਨ। ਹੁਣ ਹਾਲਾਤ ਪਿਛਲੇ ਸਾਲ ਵਰਗੇ ਹੀ ਹੁੰਦੇ ਜਾ ਰਹੇ ਜਾਪਦੇ ਹਨ। ਮਾਹਿਰਾਂ ਦੇ ਅਨੁਸਾਰ ਕਰੋਨਾ ਵਾਇਰਸ (ਕੋਵਿਡ-19) ਇੱਕ ਮਹਾਂਮਾਰੀ ਹੈ, ਜਿਸ ਤੋਂ ਸਾਨੂੰ ਸਭ ਨੂੰ ਆਪਣਾ ਅਤੇ ਆਪਣੇ ਪਰਿਵਾਰ ਦਾ ਬਚਾਓ ਪਹਿਲ ਦੇ ਅਧਾਰ 'ਤੇ ਕਰਨਾ ਚਾਹੀਦਾ ਹੈ। ਕੋਰੋਨਾ ਵਾਇਰਸ (ਕੋਵਿਡ-19) ਸਬੰਧੀ ਸਰਕਾਰਾਂ ਵਲੋਂ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰ ਕੇ ਕਾਫ਼ੀ ਹੱਦ ਤੱਕ ਇਸ ਮਹਾਂਮਾਰੀ ਤੋਂ ਬਚਿਆ ਜਾ ਸਕਦਾ ਹੈ। ਸਾਨੂੰ ਚਾਹੀਦਾ ਹੈ ਕਿ ਕੋਰੋਨਾ ਵਾਇਰਸ (ਕੋਵਿਡ-19) ਤੋਂ ਬਚਾਅ ਲਈ ਆਪਣੀ ਰੋਜ਼ਮਰਾ ਦੀ ਜੀਵਨ ਸ਼ੈਲੀ ਵਿਚ ਥੋੜੇ ਬਦਲਾਅ ਜ਼ਰੂਰ ਲਿਆਈਏ ਤੇ ਕੁਝ ਸਾਵਧਾਨੀਆਂ ਨੂੰ ਅਪਣਾਈਏ ਕਿਉਂਕਿ ਕੋਰੋਨਾ ਵਾਇਰਸ (ਕੋਵਿਡ-19) ਅਜੇ ਵੀ ਮੌਜੂਦ ਹੈ। ਸਾਨੂੰ ਵਾਇਰਸ ਖ਼ਤਮ ਕਰਨ ਲਈ ਆਪਣੇ ਹੱਥ ਨਿਯਮਿਤ ਤੌਰ 'ਤੇ ਧੋਣੇ ਚਾਹੀਦੇ ਹਨ। ਸਾਬਣ ਅਤੇ ਪਾਣੀ ਨਾਲ ਘੱਟੋ-ਘੱਟ 20 ਸਕਿੰਟਾਂ ਲਈ ਹੱਥ ਧੋਣੇ ਚਾਹੀਦੇ ਹਨ ਅਤੇ ਹੱਥ ਧੋਣ ਤੋਂ ਬਾਅਦ ਪੂਰੀ ਤਰਾਂ ਨਾਲ ਸੁਕਾਉਣੇ ਚਾਹੀਦਾ ਹੈ। ਜੇਕਰ ਖਾਂਸੀ ਜਾ ਛਿੱਕਾਂ ਆਉਂਦੀਆਂ ਹੋਣ ਤਾਂ ਆਪਣਾ ਨੱਕ, ਮੂੰਹ ਤੁਰੰਤ ਢੱਕ ਲੈਣਾ ਚਾਹੀਦਾ ਹੈ ਅਤੇ ਜੇਕਰ ਸਰਦੀ-ਜੁਕਾਮ ਜਾਂ ਫਲੂ ਵਰਗੇ ਲੱਛਣ ਹਨ ਤਾਂ ਤੁਰੰਤ ਆਪਣੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਕੋਰੋਨਾ ਵਾਇਰਸ (ਕੋਵਿਡ-19) ਤੋਂ ਬਚਾਅ ਲਈ ਸਫਰ ਅਤੇ ਭੀੜ ਵਾਲੀਆਂ ਥਾਵਾਂ 'ਤੇ ਜਾਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਸਾਨੂੰ ਆਪਣੇ ਆਪ 'ਤੇ ਵੀ ਨਜ਼ਰ ਰੱਖਣੀ ਚਾਹੀਦੀ ਹੈ ਕਿ ਅਸੀਂ ਕਿੱਥੇ ਜਾਂਦੇ ਹਾਂ ਅਤੇ ਕਿਸ ਨੂੰ ਮਿਲਦੇ ਹਾਂ ।ਕਰੋਨਾ ਵਾਇਰਸ (ਕੋਵਿਡ-19) ਤੋਂ ਬਚਾਅ ਲਈ ਅਤੇ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ, ਜੇਕਰ ਸਾਨੂੰ ਸਰਦੀ-ਜੁਕਾਮ ਜਾਂ ਫਲੂ ਵਰਗੇ ਲੱਛਣ ਲੱਗਦੇ ਹਨ ਤਾਂ ਡਾਕਟਰ ਦੀ ਸਲਾਹ ਨਾਲ ਕੋਰੋਨਾ ਵਾਇਰਸ ਦੀ ਜਾਂਚ ਕਰਵਾਏ ਜਾਣ ਦੀ ਤੁਰੰਤ ਲੋੜ ਹੈ। ਕੋਰੋਨਾ ਵਾਇਰਸ ਦੀ ਜਾਂਚ ਲਈ ਸਾਡੇ ਸਰੀਰ ਤੋਂ ਨਮੂਨਾ ਲਿਆ ਜਾਂਦਾ ਹੈ। ਨਮੂਨਾ ਲੈਣ ਦੇ ਇੱਕ ਤੋਂ ਜ਼ਿਆਦਾ ਤਰੀਕੇ ਹਨ। ਸਭ ਤੋਂ ਆਮ ਤਰੀਕਾ ਸਾਡੇ ਨੱਕ ਦੇ ਅੰਦਰ ਪਿਛਲੇ ਪਾਸੇ ਤੋਂ ਇੱਕ ਸਵੈਪ ਨਾਲ ਨਮੂਨਾ ਲਿਆ ਜਾਂਦਾ ਹੈ। ਸਵੈਬ ਇੱਕ ਛੋਟੀ ਜਿਹੀ ਰੂੰ ਦੀ ਕਲੀ (ਬਡ) ਵਰਗਾ ਹੁੰਦਾ ਹੈ ਅਤੇ ਇਸ ਨਾਲ ਇੱਕ ਲੰਬੀ ਡੰਡੀ ਲੱਗੀ ਹੁੰਦੀ ਹੈ। ਨਮੂਨਾ ਲੈਣ ਤੋਂ ਬਾਅਦ ਵਿਸ਼ਲੇਸ਼ਣ ਲਈ ਨਮੂਨਾ ਲੈਬਾਰਟਰੀ ਵਿੱਚ ਭੇਜ ਦਿੱਤਾ ਜਾਂਦਾ ਹੈ। ਕੋਰੋਨਾ ਵਾਇਰਸ ਦਾ ਲੈਬ ਟੈਸਟ ਪਾਜ਼ੇਟਿਵ ਹੋਵੇ ਜਾਂ ਨੈਗੇਟਿਵ ਹੋਵੇ, ਸਾਨੂੰ ਚਾਹੀਦਾ ਹੈ ਕਿ ਸਬੰਧਤ ਡਾਕਟਰ ਦੀ ਦਿੱਤੀ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇਕਰ ਕੋਰੋਨਾ ਵਾਇਰਸ ਦਾ ਟੈਸਟ ਪਾਜ਼ੇਟਿਵ ਆਉਂਦਾ ਹੈ ਤਾਂ ਸਾਨੂੰ ਇਕਾਂਤਵਾਸ ਵਿੱਚ ਰਹਿਣ ਦੀ ਲੋੜ ਹੋਵੇਗੀ ਅਤੇ ਨਾਲ ਹੀ ਪਰਿਵਾਰਕ ਅਤੇ ਉਹ ਸਾਰੇਵਿਅਕਤੀ ਜਿਨਾਂ ਨਾਲ ਹਾਲ ਹੀ 'ਚ ਸੰਪਰਕ ਵਿਚ ਆਏ ਸੀ। ਇਕਾਂਤਵਾਸ ਹੋ ਆਪਣਾ ਇਲਾਜ ਕਰਵਾਉਣਾ ਵਾਇਰਸ ਫੈਲਣ ਦੀ ਸੰਭਾਵਨਾ ਨੂੰ ਘਟਾਉਂਦਾ ਹੈ। ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਪਵੇਗਾ ਕਿ ਇਹ ਕਰੋਨਾ ਵਾਇਰਸ (ਕੋਵਿਡ-19) ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਛੋਟੀਆਂ-ਬੂੰਦਾਂ ਰਾਹੀਂ ਫੈਲਦਾ ਹੈ। ਇਹ ਵਾਇਰਸ ਸਾਡੀਆਂ ਅੱਖਾਂ, ਨੱਕ ਜਾਂ ਮੂੰਹ ਰਾਹੀਂ ਸਰੀਰ ਦੇ ਅੰਦਰ ਜਾ ਸਕਦਾ ਹੈ। ਜਦੋਂ ਇੱਕ ਲਾਗ-ਗ੍ਰਸਤ ਵਿਅਕਤੀ ਖੰਘਦਾ, ਛਿੱਕਦਾ ਜਾਂ ਗੱਲ ਕਰਦਾ ਹੈ, ਤਾਂ ਉਹ ਵਾਇਰਸ ਵਾਲੀਆਂ ਛੋਟੀਆਂ ਬੂੰਦਾਂ ਨੂੰ ਫੈਲਾ ਸਕਦਾ ਹੈ। ਇਹ ਬੂੰਦਾਂ ਬਹੁਤ ਤੇਜ਼ੀ ਨਾਲ ਆਸ-ਪਾਸ ਦੀਆਂ ਸਤਾਵਾਂ 'ਤੇ ਲੱਗ ਜਾਂਦੀਆਂ ਹਨ ਅਤੇ ਵਾਇਰਸ ਦੇ ਫੈਲਣ ਦਾ ਕਰਨ ਬਣਦੀਆਂ ਹਨ। ਇਸ ਤੋਂ ਬਚਣ ਲਈ ਸਾਨੂੰ ਸਭ ਨੂੰ ਸਰੀਰਕ ਦੂਰੀ ਰੱਖਣਾ, ਹੱਥ ਧੋਣਾ, ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਨਾ ਜਾਣਾ ਅਤੇ ਸਭ ਤੋਂ ਜ਼ਰੂਰੀ ਹੈ ਮਾਸਕ ਦੀ ਵਰਤੋਂ ਕਰਨੀ, ਮਾਸਕ ਨੂੰ ਪਹਿਨਣ ਨਾਲ ਅਸੀਂ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਅਤੇ ਹੋਰਨਾਂ ਲੋਕਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰ ਸਕਦੇ ਹਾਂ। ਹਰੇਕ ਵਿਅਕਤੀ ਲਈ ਇਹ ਬੇਹੱਦ ਜਰੂਰੀ ਹੈ ਕਿ ਉਹ ਮਾਸਕ ਜਾਂ ਮੂੰਹ ਢਕਣ ਵਾਲੀ ਕੋਈ ਵੀ ਚੀਜ਼ ਨਾਂ ਤਾਂ ਕਿਸੇ ਦੀ ਵਰਤੀ ਹੋਈ ਆਪ ਲਵੇ ਅਤੇ ਨਾ ਹੀ ਦੇਵੇ। ਜ਼ਿਆਦਾਤਰ ਲੋਕ ਮਾਸਕ ਦੀ ਵਰਤੋਂ ਨਹੀਂ ਕਰਦੇ ਅਜਿਹੇ 'ਚ ਉਹ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਜੋਖ਼ਮ 'ਚ ਪਾਉਣ ਦਾ ਕੰਮ ਕਰ ਰਹੇ ਹੁੰਦੇ ਹਨ। ਜਿੱਥੇ ਸਮਾਜਿਕ ਦੂਰੀ ਬਣਾਏ ਰੱਖਣਾ ਸਾਡੀ ਨਿੱਜੀ ਜਿੰਮੇਵਾਰੀ ਹੋਣੀ ਚਾਹੀਦੀ ਹੈ, ਉੱਥੇ ਹੀ ਮਾਸਕ ਅਤੇ ਮੂੰਹ ਢਕਣ ਵਾਲੀ ਕੋਈ ਚੀਜ਼ ਦੀ ਵਰਤੋਂ ਬੇਹੱਦ ਲਾਜ਼ਮੀ ਹੋ ਜਾਂਦੀ ਹੈ।ਸਭ ਤੋਂ ਪਹਿਲਾਂ ਸਾਡੇ ਕੋਲ ਕੋਰੋਨਾ ਵਾਇਰਸ



(ਕੋਵਿਡ-19) ਤੋਂ ਬਚਣ ਲਈ ਹਥਿਆਰ ਮਾਸਕ ਹੀ ਹੈ। ਸਾਨੂੰ ਵਾਇਰਸ ਦੇ ਫੈਲਾਅ ਅਤੇ ਇਸ ਤੋਂ ਬਚਾਅ ਲਈ ਮਾਸਕ ਦੀ ਵਰਤੋਂ ਦੀ ਜਾਣਕਾਰੀ ਹੋਣੀ ਜਰੂਰੀ ਹੈ। ਮਾਸਕ ਦੀ ਵਰਤੋਂ ਤੋਂ ਪਹਿਲਾਂ ਜਾਂਚ ਕਰ ਇਹ ਯਕੀਨੀ ਬਣਾਓ ਕਿ ਮਾਸਕ ਸਾਫ਼-ਸੁਥਰਾ ਹੋਵੇ ਤੇ ਕਿਤੋਂ ਵੀ ਕਟਿਆ-ਫਟਿਆ ਨਾ ਹੋਵੇ। ਮਾਸਕ ਪਾਉਣ ਤੋਂ ਪਹਿਲਾਂ ਹੱਥਾਂ ਨੂੰ ਸੈਨੇਟਾਈਜ਼ਰ ਜਾਂ ਸਾਬਣ, ਪਾਣੀ ਨਾਲ ਸਾਫ਼ ਕਰੋ। ਆਪਣੇ ਮਾਸਕ ਨੂੰ ਆਪਣੇ ਨੱਕ ਅਤੇ ਮੂੰਹ 'ਤੇ ਰੱਖ, ਇਸ ਨੂੰ ਡੋਰੀ ਨਾਲ ਬੰਨ ਦਿਓ। ਵਾਇਰਸ ਤੋਂ ਬਚਾਅ ਲਈ ਨੱਕ, ਮੂੰਹ ਅਤੇ ਠੋਡੀ ਨੂੰ ਪੂਰੀ ਤਰਾਂ ਨਾਲ ਮਾਸਕ ਨੇ ਢਕਿਆ ਹੋਵੇ ਅਤੇ ਨਾਲ ਹੀ ਮਾਸਕ ਪਾਉਣ ਤੋਂ ਬਾਅਦ ਆਪਣੇ ਹੱਥਾਂ ਨੂੰ ਦੁਬਾਰਾ ਸਾਫ਼ ਕਰ ਲੈਣਾ ਚਾਹੀਦਾ ਹੈ । ਮਾਸਕ ਦੇ ਪਹਿਨੇ ਹੋਣ ਸਮੇਂ ਜਿਨਾਂ ਹੋ ਸਕੇ ਆਪਣੇ ਚਿਹਰੇ ਨੂੰ ਛੂਹਣ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ, ਆਪਣੇ ਮਾਸਕ ਨੂੰ ਵਾਰ-ਵਾਰ ਹਿਲਾਉਣ ਤੋਂ ਬਚਣਾ ਚਾਹੀਦਾ ਹੈ ਅਤੇ ਜੇਕਰ ਮਾਸਕ ਕਿਸੇ ਕਾਰਨ ਗਿੱਲਾ ਜਾਂ ਗੰਦਾ ਹੋ ਜਾਂਦਾ ਹੈ ਤਾਂ ਇਸ ਨੂੰ ਤੁਰੰਤ ਬਦਲ ਲੈਣਾ ਚਾਹੀਦਾ ਹੈ ਤੇ ਖ਼ਰਾਬ ਹੋਏ ਮਾਸਕ ਨੂੰ ਬੰਦ ਢੱਕਣ ਵਾਲੇ ਕੂੜੇਦਾਨ ਵਿਚ ਸੁੱਟ ਦੇਣਾ ਚਾਹੀਦਾ ਹੈ। ਇਸੇ ਤਰਾਂ ਮਾਸਕ ਨੂੰ ਉਤਾਰਨ ਸਮੇਂ ਮੁੜ ਹੱਥਾਂ ਨੂੰ ਸੈਨੇਟਾਈਜ਼ਰ ਜਾ ਸਾਬਣ, ਪਾਣੀ ਨਾਲ ਸਾਫ਼ ਕਰੋ। ਆਪਣੇ ਮਾਸਕ ਨੂੰ ਡੋਰੀ ਤੋਂ ਫ਼ੜ ਉਤਾਰ ਲਵੋ ਤੇ ਮਾਸਕ ਦੇ ਮੂਹਰਲੇ ਬਾਹਰੀ ਅਤੇ ਮੂਹਰਲੇ ਅੰਦਰਲੇ ਹਿੱਸੇ ਨੂੰ ਨਾ ਛੂਹੋ। ਧੋਣ ਯੋਗ ਕੱਪੜੇ ਦੇ ਮਾਸਕ ਨੂੰ ਸਾਬਣ, ਸਰਫ਼ ਤੇ ਸਾਫ ਪਾਣੀ ਨਾਲ ਧੋ ਕੇ ਦੁਬਾਰਾ ਵਰਤਣ ਤੋਂ ਪਹਿਲਾਂ ਪੂਰੀ ਤਰਾਂ ਸਕਾਓ। ਇਕ ਵਾਰ ਵਰਤੋਂ 'ਚ ਆਉਣ ਵਾਲੇ ਮਾਸਕ ਨੂੰ ਦੁਬਾਰਾ ਨਾ ਵਰਤੋਂ। ਕੋਰੋਨਾ ਵਾਇਰਸ ਤੋਂ ਬਚਣ ਲਈ ਸਾਵਧਾਨੀ ਵਰਤਣਾ ਬੇਹੱਦ ਜਰੂਰੀ ਹੈ। ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਹੋਣ ਦੇ ਨਾਲ-ਨਾਲ ਵੈਕਸੀਨ ਵੀ ਲਗਾਉਣੀ ਹੋਵੇਗੀ ਅਤੇ ਨਾਲ ਹੀ ਕੋਰੋਨਾ ਵਾਇਰਸ ਦੇ ਪ੍ਰੋਟੋਕਾਲ ਦੀ ਪਾਲਣਾ ਵੀ ਸਖਤੀ ਨਾਲ ਕਰਨੀ ਹੋਵੇਗੀ। ਭਾਰਤ 'ਚ ਕੋਰੋਨਾ ਵਾਇਰਸ ਦੇ ਤੇਜ਼ੀ ਨਾਲ ਵਧ ਰਹੇ ਮਾਮਲਿਆਂ ਨੇ ਸਰਕਾਰਾਂ ਦੇ ਨਾਲ-ਨਾਲ ਲੋਕਾਂ 'ਚ ਇਕ ਵਾਰ ਫਿਰ ਬੇਚੈਨੀ ਵਧਾ ਦਿੱਤੀ ਹੈ। ਵਿਗਿਆਨੀ ਇਸ ਗੱਲ ਨਾਲ ਇਕਮੱਤ ਹਨ, ਕਿ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਟੀਕਾਕਰਨ (**Vaccinations**) ਦੇ ਨਾਲ-ਨਾਲ ਸਾਵਧਾਨੀਆਂ ਹੀ ਸਭ ਤੋਂ ਸਰਬੋਤਮ ਉਪਾਅ ਹਨ ਭਾਰਤ 'ਚ 16 ਜਨਵਰੀ 2021 ਨੂੰ ਕਰੋਨਾ ਵਾਇਰਸ (ਕੋਵਿਡ-19) ਖਿਲਾਫ ਵਿਸ਼ਵ ਦੀ ਸਭ ਤੋਂ ਵੱਡੀ ਟੀਕਾਕਰਨ (**Vaccinations**) ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਸੀ , ਇਹ 2 ਟੀਕਿਆਂ ਦੀ ਖੁਰਾਕ ਹੁੰਦੀ ਹੈ ਅਤੇ ਮਾਹਿਰਾਂ ਮੁਤਾਬਿਕ ਕੋਰੋਨਾ ਵਾਇਰਸ ਟੀਕਾਕਰਨ ਬਿਮਾਰੀ ਫੈਲਣ ਤੋਂ ਰੋਕਣ 'ਚ ਸਮਰੱਥ ਹੈ। ਸਰਕਾਰ ਵਲੋਂ ਚਲਾਇਆ ਜਾ ਰਿਹਾ ਕੋ-ਵਿਨ ਸਿਸਟਮ ਆਪਣੇ ਡਿਜੀਟਲ ਪਲੈਟਫਾਰਮ ਰਾਹੀਂ ਟੀਕਾ ਲਗਵਾਉਣ ਵਾਲਿਆਂ ਦੀ ਰਜਿਸਟ੍ਰੇਸ਼ਨ ਕਰ ਪ੍ਰਮਾਣ-ਪੱਤਰ ਵੀ ਜਾਰੀ ਕਰ ਰਹੇ ਹਨ। ਸਰਕਾਰ ਵਲੋਂ ਟੀਕਾਕਰਨ ਕਰਵਾਉਣ ਵਾਲੇ ਨੂੰ ਤਕਰੀਬਨ 30 ਮਿੰਟ ਤੱਕ ਟੀਕਾਕਰਨ ਕੇਂਦਰ 'ਤੇ ਮਾਹਿਰ ਡਾਕਟਰਾਂ ਦੀ ਟੀਮ ਦੀ ਨਿਗਰਾਨੀ ਹੇਠ ਰੱਖਣ ਦੇ ਦਿਸ਼ਾ-ਨਿਰਦੇਸ਼ ਹਨ। ਸਮਾਜ ਭਲਾਈ ਹਿਤ ਕੋਰੋਨਾ ਵਾਇਰਸ ਦੀ ਰੋਕਥਾਮ ਬੇਹੱਦ ਜ਼ਰੂਰੀ ਹੈ ਅਤੇ ਸਰਕਾਰ ਵੱਲੋਂ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਜਾਰੀ ਸਿਹਤ ਸਲਾਹਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਉਣਾ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ।

# ਖ਼ਾਲਸਾ ਪੰਥ ਦੀ ਸਿਰਜਣਾ ਦਾ ਇਤਿਹਾਸਕ ਪੁਰਬ - ਵਿਸਾਖੀ

**ਡਾਕਟਰ ਜਸਪਾਲ ਸਿੰਘ**





ਖ਼ਾਲਸਾ ਪੰਥ ਦੀਆਂ ਖ਼ੂਬੀਆਂ ਦੱਸਦਿਆਂ ਗਿਆਨੀ ਗਿਆਨ ਸਿੰਘ ਦਾ ਕਥਨ ਹੈ ਕਿ ਖ਼ਾਲਸਾ ਪੰਥ ਇਕ ਅਕਾਲ ਪੁਰਖ ਦਾ ਉਪਾਸਕ ਹੈ ਅਤੇ ਸ਼ਸਤਰ ਵਿਦਿਆ ਨਾਲ ਉਸ ਨੂੰ ਗਹਿਰਾ ਪਿਆਰ ਹੈ। ਆਪਣੇ ਸਮੂਹਕ ਉਦੇਸ਼ ਦੀ ਪ੍ਰਾਪਤੀ ਲਈ ਖ਼ਾਲਸਾ ਪੰਥ ਸਾਰੇ ਸੰਸਾਰਕ ਬੰਧਨਾਂ ਦਾ ਤਿਆਗ ਕਰ ਦਿੰਦਾ ਹੈ।

1699 ਈ: ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਇਕ ਐਸੀ ਬਚਿੱਤਰ ਅਤੇ ਕ੍ਰਿਸ਼ਮਾਈ ਘਟਨਾ ਵਾਪਰੀ ਜਿਸ ਨੇ ਇਤਿਹਾਸ ਦੇ ਨਕਸ਼ ਅਤੇ ਭਵਿੱਖ ਦਾ ਮੁਹਾਂਦਰਾ ਬਦਲ ਦਿੱਤਾ ਸੀ। ਹੱਥ ਵਿਚ ਕਿਰਪਾਨ ਲਈ ਹਜ਼ਾਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਆਪਣੇ ਸਿੱਖਾਂ ਪਾਸੋਂ ਪੰਜ ਵਾਰ ਸਿਰਾਂ ਦੀ ਮੰਗ ਕੀਤੀ ਅਤੇ ਪੰਜੇ ਵਾਰ ਸੰਗਤਾਂ ਦੇ ਇਕੱਠ ਵਿਚੋਂ ਉਠ ਕੇ ਮਰਜੀਵੜੇ ਸਿੱਖਾਂ ਨੇ ਆਪਣਾ ਸੀਸ ਭੇਟ ਕਰ ਦਿੱਤਾ। ਲਾਹੌਰ ਦਾ ਰਹਿਣ ਵਾਲਾ ਦਇਆ ਰਾਮ, ਹਸਤਨਾਪੁਰ ਦਾ ਧਰਮ ਚੰਦ, ਦਵਾਰਕਾ ਦਾ ਮੋਹਕਮ ਚੰਦ, ਬਿਦਰ ਦਾ ਸਾਹਿਬ ਚੰਦ ਅਤੇ ਜਗਨਨਾਥ ਪੁਰੀ ਦਾ ਹਿੰਮਤ ਰਾਇ ਵਾਰੋ-ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਪੇਸ਼ ਹੋ ਕੇ, ਆਪਣਾ ਸੀਸ ਭੇਟ ਕਰ ਕੇ ਗੁਰੂ ਦੇ ਪਿਆਰੇ ਬਣ ਗਏ। ਗੁਰੂ ਸਾਹਿਬ ਨੇ ਪੰਜਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਅਤੇ ਉਨਾਂ ਨੂੰ 'ਪੰਜ ਪਿਆਰੇ' ਦਾ ਖਿਤਾਬ ਦੇ ਕੇ ਖ਼ਾਲਸਾ ਪੰਥ ਦੀ ਸਿਰਜਣਾ ਕਰ ਦਿੱਤੀ। ਫਿਰ 'ਆਪੇ ਗੁਰ ਚੇਲਾ' ਕਹਾਉਣ ਵਾਲੇ ਗੁਰੂ ਜੀ ਨੇ ਇਨਾਂ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣੇ-ਆਪ ਨੂੰ ਖ਼ਾਲਸੇ ਵਿਚ ਅਭੇਦ ਕਰ ਦਿੱਤਾ।

ਇਤਿਹਾਸ ਗਵਾਹ ਹੈ ਕਿ ਖ਼ਾਲਸਾ ਪੰਥ ਦੀ ਜਥੇਬੰਦੀ ਵਿਚ ਸ਼ਾਮਲ ਲੋਕਾਂ ਦੇ ਸਾਰੇ ਬੰਧਨ ਗੁਰੂ ਸਾਹਿਬ ਨੇ ਤੋੜ ਦਿੱਤੇ ਸਨ, ਖ਼ਾਸ ਤੌਰ 'ਤੇ ਉਹ ਬੰਧਨ ਜਿਹੜੇ ਮਨੁੱਖ ਤੇ ਮਨੁੱਖ ਵਿਚਕਾਰ ਭੇਦ ਉਤਪੰਨ ਕਰਦੇ ਹਨ। ਇਕ ਜਾਤੀਹੀਨ, ਵਰਗਹੀਨ ਸਮਾਜ ਦੀ ਸਥਾਪਨਾ ਦੀ ਨੀਂਹ ਰੱਖ ਦਿੱਤੀ ਸੀ-ਗੁਰੂ ਸਾਹਿਬ ਨੇ। ਗੁਰੂ ਸਾਹਿਬ ਦਾ ਸਪੱਸ਼ਟ ਇਰਾਦਾ ਸੀ ਕਿ ਉਨਾਂ ਦੇ ਪੈਰੋਕਾਰ ਪੁਰਾਣੀ ਵਿਤਕਰੇ-ਭਰਪੂਰ ਵਿਵਸਥਾ ਨਾਲੋਂ ਨਾਤਾ ਤੋੜ ਲੈਣ। ਪੰਜਾਂ ਪਿਆਰਿਆਂ ਦੇ ਅੰਮ੍ਰਿਤ ਛਕਣ ਤੋਂ ਬਾਅਦ, ਇਸ ਦ੍ਰਿੜ ਇਰਾਦੇ ਦਾ ਪ੍ਰਗਟਾਅ ਕਰਦਿਆਂ, ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਅਨੁਸਾਰ-ਗੁਰੂ ਸਾਹਿਬ ਨੇ ਫ਼ਰਮਾਇਆ ਸੀ :

ਗੁਰੂ ਘਰ ਜਨਮ ਤੁਮਾਰੇ ਹੋਏ।
ਪਿਛਲੇ ਜਾਤਿ-ਵਰਨ ਸਭ ਖੋਏ।
ਜਨਮ ਕੇਸਗੜ ਵਾਸਿ ਅਨੰਦ ਪੁਰ।
ਹੋਏ ਪੂਤ ਜਾਤਿ ਤੁਲਿ ਸਤਿਗੁਰ।
ਚਾਰ ਵਰਨ ਦੇ ਏਕੋ ਭਾਈ।
ਧਰਮ ਖ਼ਾਲਸਾ ਪਦਵੀ ਪਾਈ।
ਹਿੰਦੂ ਤੁਰਕ ਤੈ ਯਾਹਿ ਨਿਆਰਾ।
ਸਿੰਘ ਮਜਬ ਅਬ ਤੁਮਨੇ ਧਾਰਾ।

ਖ਼ਾਲਸਾ ਕੌਣ ਹੈ ? ਉਸ ਦੀ ਪਛਾਣ ਕੀ ਹੈ ? ਖ਼ਾਲਸਾ ਹੋ ਜਾਣ ਲਈ ਕਿਹੜੇ ਗੁਣ ਜ਼ਰੂਰੀ ਹਨ ? ਖ਼ਾਲਸੇ ਦੇ ਵਿਲੱਖਣ ਗੁਣਾਂ ਦੀ ਇਕ ਲੰਮੀ ਫਹਿਰਿਸ਼ਤ ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ 'ਤਨਖ਼ਾਹਨਾਮਾ' ਵਿਚ ਦਰਜ ਕੀਤੀ ਹੈ। ਰਚਨਾ ਦੀਆਂ ਇਹ ਸਤਰਾਂ ਖ਼ਾਸ ਤੌਰ 'ਤੇ ਪੜਨ ਵਾਲੀਆਂ ਹਨ :

**ਖਾਲਸਾ ਸੋਇ ਨਿਰਧਨ ਕੋ ਪਾਲੈ।**
**ਖਾਲਸਾ ਸੋਇ ਦੁਸਟ ਕੋ ਗਾਲੈ।**
**ਖਾਲਸਾ ਸੋਇ ਨਾਮ ਜਪ ਕਰੈ।**
**ਖਾਲਸਾ ਸੋਇ ਮਲੇਛ ਪਰ ਚੜੈ।**
**ਖਾਲਸਾ ਸੋਇ ਨਾਮ ਸਿਉਂ ਜੋੜੈ।**
**ਖਾਲਸਾ ਸੋਇ ਬੰਧਨ ਕਉ ਤੋੜੈ।**
**ਖਾਲਸਾ ਸੋਇ ਜੋ ਚੜੈ ਤੁਰੰਗ।**
**ਖਾਲਸਾ ਸੋ ਜੋ ਕਰੈ ਨਿਤ ਜੰਗ।**
**ਖਾਲਸਾ ਸੋਇ ਸ਼ਸਤਰ ਕੋ ਧਾਰੈ।**
**ਖਾਲਸਾ ਸੋਇ ਦੁਸ਼ਟਿ ਕੋ ਮਾਰੈ।**

ਕਵੀ ਸੈਨਾਪਤੀ ਅਨੁਸਾਰ ਖ਼ਾਲਸਾ ਉਹ ਹੈ ਜਿਸ ਦੇ ਹਿਰਦੇ ਵਿਚ ਕਿਸੇ ਕਿਸਮ ਦਾ ਭਰਮ ਨਹੀਂ। ਭਰਮ ਭੇਖ ਤੋਂ ਨਿਆਰਾ ਵਿਅਕਤੀ ਹੀ ਖ਼ਾਲਸਾ ਅਖਵਾ ਸਕਦਾ ਹੈ :

**ਖਾਲਸਾ ਖਾਸ ਕਹਾਵੈ ਸੋਈ,**
**ਜਾ ਕੈ ਹਿਰਦੈ ਭਰਮ ਨ ਹੋਈ।**
**ਭਰਮ ਭੇਖ ਤੇ ਰਹੈ ਨਿਆਰਾ,**
**ਸੋ ਖਾਲਸਾ ਸਤਿਗੁਰੂ ਹਮਾਰਾ।**

ਭਈ ਰਤਨ ਸਿੰਘ ਭੰਗੂ ਨੇ ਖ਼ਾਲਸਾ ਸ਼ਬਦ ਨੂੰ ਵੱਖਰੇ ਢੰਗ ਨਾਲ ਪਰਭਾਸ਼ਿਤ ਕੀਤਾ ਹੈ। ਉਸ ਅਨੁਸਾਰ ਖ਼ਾਲਸਾ ਪੂਰਨ ਪ੍ਰਭੂਸੱਤਾ ਦਾ ਮਾਲਕ ਹੈ। ਖ਼ੁਦਮੁਖਤਿਆਰ ਹੈ। ਕਿਸੇ ਦੀ ਈਨ ਮੰਨਣਾ ਉਸ ਦੇ ਸੁਭਾਅ ਵਿਚ ਸ਼ਾਮਿਲ ਨਹੀਂ। ਉਹ ਆਪ ਖ਼ੁਦਾਈ ਸ਼ਕਤੀ ਦਾ ਪ੍ਰਤੀਕ ਹੈ ਅਤੇ ਖ਼ੁਦਾਈ ਗੁਣਾਂ ਦਾ ਧਾਰਨੀ ਹੈ :

**ਖਾਲਸੋ ਹੋਵੇ ਖ਼ੁਦ ਖ਼ੁਦਾ,**
**ਜਿਸ ਖ਼ੂਬੀ ਖ਼ੂਬ ਖ਼ੁਦਾਇ।**
**ਆਨ ਨ ਮਾਨੇ ਆਨ ਕੀ,**
**ਇਕ ਸਚੇ ਬਿਨ ਪਾਤਿਸਾਹੁ।**

ਖ਼ਾਲਸਾ ਪੰਥ ਦੀਆਂ ਖ਼ੂਬੀਆਂ ਦਸਦਿਆਂ ਗਿਆਨੀ ਗਿਆਨ ਸਿੰਘ ਦਾ ਕਥਨ ਹੈ ਕਿ ਖ਼ਾਲਸਾ ਪੰਥ ਇਕ ਅਕਾਲ ਪੁਰਖ ਦਾ ਉਪਾਸ਼ਕ ਹੈ ਅਤੇ ਸ਼ਸਤਰ ਵਿੱਦਿਆ ਨਾਲ ਉਸ ਨੂੰ ਗਹਿਰਾ ਪਿਆਰ ਹੈ। ਆਪਣੇ ਸਮੂਹਿਕ ਉਦੇਸ਼ ਦੀ ਪ੍ਰਾਪਤੀ ਲਈ ਖ਼ਾਲਸਾ ਪੰਥ ਸਾਰੇ ਸੰਸਾਰਕ ਬੰਧਨਾਂ ਦਾ ਤਿਆਗ ਕਰ ਦਿੰਦਾ ਹੈ :

**ਇਕ ਅਕਾਲ ਕੀ ਕਰਤ ਬੰਦਗੀ।**
**ਸ਼ਸਤਰ ਬਿਦਿਯਾ ਬਹੁ ਪਸ਼ਿੰਦਗੀ।**
**ਨਾਮ ਸਿੰਘ ਬਨ ਮਜਬ ਖਾਲਸਾ।**
**ਛੋਡ ਦੇਤ ਸਭ ਜਵਤ ਜਾਲਸਾ।**

ਇਕ ਹੋਰ ਨੁਕਤੇ ਦਾ ਜ਼ਿਕਰ ਇਥੇ ਜ਼ਰੂਰੀ ਹੈ। ਇਸ ਇਤਿਹਾਸਕ ਹਕੀਕਤ ਨੂੰ ਹਮੇਸ਼ਾ ਚੇਤੇ ਰੱਖਣਾ ਚਾਹੀਦਾ ਹੈ ਕਿ ਜੋ ਕੁਝ 1699 ਦੀ ਵਿਸਾਖੀ ਵਾਲੇ ਦਿਨ ਵਾਪਰਿਆ ਸੀ, ਉਸ ਨੇ ਭਾਰਤ ਦੀ ਤਕਦੀਰ ਬਦਲ ਦਿੱਤੀ ਸੀ। ਜਿਹੜਾ ਹਿੰਦੁਸਤਾਨੀ ਸਮਾਜ ਸਦੀਆਂ ਤੋਂ ਗੁਲਾਮੀ ਦਾ ਸੰਤਾਪ ਭੋਗ ਰਿਹਾ ਸੀ, ਉਸ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਟੁੱਟਣੀਆਂ ਸ਼ੁਰੂ ਹੋ ਗਈਆਂ ਸਨ। ਲੋਕੀ ਆਜ਼ਾਦੀ ਅਤੇ ਖ਼ੁਦਮੁਖਤਿਆਰੀ ਦੀ ਰਾਹ 'ਤੇ ਤੁਰ ਪਏ ਸਨ। ਅਸਲ ਵਿਚ, ਦਸਮ ਪਿਤਾ ਦੇ ਮਨ-ਮੰਦਰ ਵਿਚ ਇਕ ਸੰਕਲਪ, ਇਕ ਨਿਸਚਾ, ਇਕ ਭਰੋਸਾ ਡੂੰਘਾ ਸਮੋਇਆ ਹੋਇਆ ਸੀ ਕਿ ਇਕ ਦਿਨ ਐਸਾ ਜ਼ਰੂਰ ਆਵੇਗਾ ਜਦੋਂ ਸਦੀਆਂ ਤੋਂ ਵਿਤਕਰੇ ਅਤੇ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਦੀ ਪਾਤਸ਼ਾਹੀ ਕਾਇਮ ਹੋਵੇਗੀ। ਉਨਾਂ ਦੀ ਪਾਤਸ਼ਾਹੀ ਸਥਾਪਤ ਹੋਵੇਗੀ, ਜਿਨਾਂ ਨੇ ਰਾਜਨੀਤਕ ਸੱਤਾ ਵਿਚ ਭਾਗੀਦਾਰੀ ਦਾ ਸੁਖ ਤਾਂ ਕੀ ਭੋਗਣਾ ਸੀ, ਕਦੇ ਸਮਾਜ ਵਿਚ ਸਮਾਨਤਾ ਦੇ ਅਹਿਸਾਸ ਦਾ ਸੁਖ ਵੀ ਨਹੀਂ ਸੀ ਭੋਗਿਆ। ਆਪਣੇ ਨਾਲ ਹੋ ਰਹੇ ਅਨਿਆਂ ਨੂੰ ਜਿਨਾਂ ਨੇ ਆਪਣੀ ਕਿਸਮਤ ਤੇ ਰੱਬੀ ਇੱਛਾ ਮੰਨ ਲਿਆ ਸੀ। ਕੁਇਰ ਸਿੰਘ ਦੇ ਗੁਰ ਬਿਲਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਦ੍ਰਿੜ ਇਰਾਦੇ ਦਾ ਜ਼ਿਕਰ ਮਿਲਦਾ ਹੈ। ਜੇ ਬਾਜ ਚਿੜੀ ਨੂੰ ਮਾਰੇ ਤਾਂ ਕੋਈ ਪ੍ਰਭੁਤਾ ਵਾਲੀ ਗੱਲ ਨਹੀਂ, ਮੇਰਾ ਇਰਾਦਾ ਤਾਂ ਚਿੜੀਆਂ ਪਾਸੋਂ ਬਾਜ ਤੁੜਾਉਣ ਦਾ ਹੈ:

**ਮੈ ਅਸਪਾਨਿਜ ਤਬ ਲਖੋ ਕਰੋ ਐਸ ਯੋ ਕਾਮ॥**
**ਚਿੜੀਅਨ ਬਾਜ ਤੁਰਾਯ ਹੋ ਸਸੇ ਕਰੋ ਸਿੰਘ ਸਾਮ॥**
**ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੁ ਨਾਹ॥**
**ਤਾਤੈ ਕਾਜ ਕੀਓ ਇਹੈ ਬਾਜ ਹਨੈ ਚਿੜੀਆਹ॥**

ਇਸੇ ਸੰਦਰਭ ਵਿਚ, ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਵਿਚ ਦਰਜ ਇਕ ਘਟਨਾ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ। ਉਨਾਂ ਅਨੁਸਾਰ, ਖ਼ਾਲਸਾ ਪੰਥ ਨੂੰ ਸੰਗਠਤ ਕਰਨ ਦੀ ਪ੍ਰਕਿਰਿਆ ਦੌਰਾਨ ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਨੂੰ ਖ਼ਾਲਸਾ ਪੰਥ ਦੀ ਮੁਹਿੰਮ ਵਿਚ ਸ਼ਾਮਿਲ ਹੋਣ ਦਾ ਖੁੱਲਾ ਸੱਦਾ ਦਿੱਤਾ ਸੀ। ਪਰ ਪਹਾੜੀ ਰਾਜੇ ਆਪਣੀ ਵੱਡੀ ਕੁੱਲ ਅਤੇ ਜਾਤੀ ਦੇ ਅਹੰਕਾਰ ਕਾਰਨ ਇਸ ਪੇਸ਼ਕਸ਼ ਨੂੰ ਮੰਨਣ ਤੋਂ ਮੁਨਕਰ ਹੋ ਗਏ। ਉਨਾਂ ਦੀ ਦਲੀਲ ਸੀ ਕਿ ਗੁਰੂ ਖ਼ਾਲਸਾ ਪੰਥ, ਚਾਰੇ ਵਰਨਾਂ ਨੂੰ ਇਕੋ ਮੰਨਦਾ ਹੈ ਅਤੇ ਜਾਤ-ਭੇਦ ਵਿਚ ਵਿਸ਼ਵਾਸ ਨਹੀਂ ਰੱਖਦਾ। ਐਸੀ ਮੁਹਿੰਮ ਨੂੰ ਹੁੰਗਾਰਾ ਦੇ ਕੇ ਉਹ ਨੀਵੀਂ ਜਾਤ ਦੇ ਲੋਕਾਂ ਅਤੇ ਸ਼ੂਦਰਾਂ ਵਿਚ ਸ਼ਾਮਿਲ ਨਹੀਂ ਹੋ ਸਕਦੇ। ਇਸ ਸਥਿਤੀ ਵਿਚ ਪਹਾੜੀ ਰਾਜਿਆਂ ਨੂੰ ਚਿਤਾਵਨੀ ਦਿੰਦਿਆਂ ਗੁਰੂ ਸਾਹਿਬ ਨੇ ਆਪਣੇ ਦ੍ਰਿੜ ਨਿਸ਼ਚੇ ਦਾ ਪ੍ਰਗਟਾਵਾ ਕਰਦਿਆਂ ਕਿਹਾ ਸੀ ਕਿ ਜਿਨਾਂ ਨੂੰ ਤੁਸੀਂ ਸ਼ੂਦਰ ਕਹਿੰਦੇ ਹੋ, ਉਨਾਂ ਦੀਨਾਂ ਨੂੰ ਰਾਜ-ਸ਼ਕਤੀ ਦਾ ਮਾਲਕ ਬਣਾਉਣਾ ਹੀ ਮੇਰਾ ਮੁੱਖ ਉਦੇਸ਼ ਹੈ। ਇਕ ਦਿਨ ਸਮਾਜ ਦੇ ਹਾਸ਼ੀਏ 'ਤੇ ਰਹਿ ਗਏ ਇਨਾਂ ਲੋਕਾਂ ਦਾ, ਯਮੁਨਾ ਤੋਂ ਕਾਬਲ ਤੱਕ ਰਾਜ ਕਾਇਮ ਹੋਵੇਗਾ ਅਤੇ ਜਿਨਾਂ ਨੂੰ ਤੁਸੀਂ ਨੀਵਾਂ ਕਹਿੰਦੇ ਹੋ, ਉਹ ਰਾਜੇ ਹੋਣਗੇ ਅਤੇ ਤੁਸੀਂ ਉਨਾਂ ਦੀ ਪਰਜਾ ਬਣ ਕੇ ਰਹੋਗੇ :

**ਪਰਜਾ ਤੇ ਹਾਕਮ ਕਰ ਦੀਨੇ,**
**ਹਿੰਦੂ ਤੁਰਕ ਤੈਂ ਨਿਆਰੇ।**
**ਜਮਨਾ ਤੇ ਕਾਬਲ ਲੋ ਇਨ ਕਾ,**
**ਰਾਜ ਹੋਇ ਹੈ ਸਾਰੇ।**
**ਤੁਮ ਭੀ ਇਨਕੀ ਪਰਜਾ ਥੈਹੋ,**
**ਸੂਦ੍ਰ ਜਿਨੈ ਬਤੈ ਹੋ।**
**ਦੀਨ ਬੰਧ ਮੈਂ ਤਬੈਂ ਸਦਾਓਂ,**
**ਦੀਨਨ ਰਾਜ ਭੁਗੈ ਹੋ।**

ਆਖ਼ਿਰ ਵਿਚ, ਭਾਈ ਵੀਰ ਸਿੰਘ ਦੀਆਂ ਲਿਖੀਆਂ ਇਨਾਂ ਸਤਰਾਂ ਨਾਲ ਆਪਣੀ ਗੱਲ ਸਮਾਪਤ ਕਰਨਾ ਚਾਹੁੰਦਾ ਹਾਂ। ਭਾਈ ਸਾਹਿਬ ਖ਼ਾਲਸਾ ਪੰਥ ਦੀ ਸਿਰਜਣਾ ਦੇ ਸਾਰੇ ਵਰਤਾਰੇ ਨੂੰ ਨਿਵੇਕਲੇ ਪ੍ਰਸੰਗ ਵਿਚ ਪੇਸ਼ ਕਰਦੇ ਹਨ। ਉਨਾਂ ਦੀ ਇਹ ਇਬਾਰਤ ਇਥੇ ਉਚੇਚੇ ਤੌਰ 'ਤੇ ਪੜਨ ਵਾਲੀ ਹੈ :

'ਅਸੀਂ ਉਨਾਂ ਵਿਚੋਂ ਹੀ ਨਿਕਲੇ ਹਾਂ, ਜਿਨਾਂ ਦੀਆਂ ਸਦੀਆਂ ਦੀਆਂ ਬੇਬੱਸ ਮੌਤਾਂ ਦੇ ਕਾਰਨ ਇਕ ਪਹਾੜ ਦਾ ਨਾਂਅ ਹੀ 'ਹਿੰਦੂ ਕੁਸ਼' ਰੱਖ ਦਿੱਤਾ ਗਿਆ ਹੈ। ਜਿਥੋਂ ਲੰਘਦੇ ਹਿੰਦੂ ਕੈਦੀ ਸਰਦੀ ਨਾ ਝੱਲ ਸਕਣ ਕਰ ਕੇ ਮਰ ਜਾਂਦੇ ਹਨ ਤੇ ਜਰਵਾਨਿਆਂ ਨੇ ਉਸ ਪਹਾੜ ਦਾ ਨਾਂਅ ਹਿੰਦੂ ਕੁਸ਼ ਧਰ ਦਿੱਤਾ ਹੈ। ਵਾਹ ਉਇ ਸਾਹਿਬਾ ! ਸੁਹਣੇ ਕੁੰਡਿਲਆਲੇ ਕੇਸਾਂ ਵਾਲੇ ਕਲਗੀਧਰ ! ਧੰਨ ਤੇਰੀ ਜਿੰਦ ! ਤੇ ਜਿੰਦ ਪਾਣ ਦੀ ਰੱਬੀ ਤਾਕਤ ! ਇਨਾਂ ਮਰ ਮਿਟਿਆਂ ਹਿੰਦੀਆਂ ਵਿਚ ਤੂੰ ਕਿਹੜੀ ਅਮਰ, ਅਝੁੱਕ, ਸਦਾ ਬਲਦੀ ਜ਼ਿੰਦਗੀ ਫੂਕ ਦਿੱਤੀ ਹੈ ਜਿਸ ਦੇ ਬੱਚੇ ਵੀ, ਤੇਰੇ ਆਪਣੇ ਬੱਚਿਆਂ ਵਾਲੀ, ਬੀਰਤਾ ਦਿਖਾਲਦੇ ਹਨ। ਹਾਂ, ਸੋਹਣੇ ਕੇਸਾਂ ਵਾਲਿਆ ! ਤੂੰ ਹੀ ਆਪਣੇ ਜਾਏ, ਸਾਡੇ ਪਾਪਾਂ ਦੀ ਜਗਵੇਦੀ ਤੇ ਬਲੀ ਦੇ ਕੇ ਆਖਿਆ ਸੀ ਕਿ ਇਹ ਮੇਰੇ ਚਾਰ ਪੁਤ੍ਰ ਸ਼ਹੀਦ ਹੋਏ ਹਨ, ਪਰ ਮੇਰੇ ਲੱਖਾਂ ਪੁਤ੍ਰ ਹੋਰ ਹਨ-ਜੋ ਖਾਲਸਾ ਕਹੀਦੇ ਹਨ ਤੇ ਇਹ ਮੇਰੇ ਖਾਲਸਾ ਜੀ ਇਕ 'ਪੁਤ੍ਰ ਸੋਮਾ' ਹੈ। ਮੇਰਾ ਇਹ ਪੁੱਤਰ-ਅਮਰ ਪੁੱਤਰ ਹੈ, ਸਦਾ ਜੀਏ ਗਾ। 'ਖਾਲਸਾ' ਅਮਰ ਹੈ।

---

# ਮਨੁੱਖਤਾ ਦੀ ਬਰਾਬਰੀ ਦਾ ਆਦਰਸ਼ : ਵਿਸਾਖੀ

**ਹਰਕੀਰਤ ਕੌਰ**
**9779118066**

ਵਿਸਾਖੀ ਦਾ ਤਿਉਹਾਰ ਭਾਰਤੀ ਇਤਹਾਸ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਵਿੱਚ ਤਾਂ ਵਿਸਾਖੀ ਨੂੰ ਨਵ-ਜਾਗ੍ਰਿਤੀ ਦਾ ਦਿਵਸ ਸਵੀਕਾਰ ਕੀਤਾ ਗਿਆ ਹੈ। ਇਸ ਪਾਵਨ ਦਿਹਾੜੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ ਚਰਨੁ ਪਾਹੁਲ ਦੀ ਜਗਾ ਖੰਡੇ ਬਾਟੇ ਦੇ ਅੰਮ੍ਰਿਤ ਦਾ ਪ੍ਰਵਾਹ ਸ਼ੁਰੂ ਹੋਇਆ। ਵਿਸਾਖੀ ਦਾ ਦਿਨ ਖਾਲਸਾ ਸਿਰਜਣਾ ਦਿਵਸ ਦੇ ਸਰੂਪ ਵਿੱਚ ਨੀਯਤ ਹੈ। ਖਾਲਸਾ ਪੰਥ ਦੀ ਸਿਰਜਣਾ ਦੇ ਦੌਰ ਦੀ ਗੱਲ ਕਰੀਏ ਤਾਂ ਪੂਰਾ ਸਮਾਜ ਆਮ ਤੇ ਖਾਸ, ਵਰਣਾਂ, ਜਾਤੀਆਂ, ਧਰਮਾਂ, ਬਾਰਾਦਰੀਆਂ ਵਿੱਚ ਵੰਡਿਆ ਹੋਇਆ ਸੀ, ਅੱਜ ਵੀ ਹੈ। ਇੱਥੇ ਮਨੁੱਖ ਦੀ ਪਛਾਣ ਉਸਦੇ ਮਜ਼ਹਬ ਅਤੇ ਜਾਤੀ ਦੇ ਅਧਾਰ ਤੇ ਹੁੰਦੀ ਰਹੀ ਹੈ। ਜਦ ਤੱਕ ਅਸੀਂ ਬੰਦੇ ਦੀ ਜਾਤੀ ਨਾ ਪਤਾ ਕਰ ਲਈਏ, ਸਾਨੂੰ ਉਸਨੂੰ ਜਾਣਨਾ ਅਧੂਰਾ ਲੱਗਦਾ ਰਹਿੰਦਾ ਹੈ। ਇਸ ਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਇਸੇ ਅਧਾਰ 'ਤੇ ਅਸੀਂ ਫ਼ੈਸਲਾ ਕਰਦੇ ਹਾਂ ਕਿ ਇਸ ਬੰਦੇ ਨਾਲ ਸਾਡੇ ਸਬੰਧਾਂ ਦਾ ਮੂੰਹ ਮੁਹਾਂਦਰਾ ਕਿਹੋ ਜਿਹਾ ਹੋਵੇਗਾ। ਉਸ ਨੂੰ ਅਸੀਂ ਆਪਣੀ ਜਾਤੀ ਤੋਂ ਉੱਚਾ ਸਮਝਾਂਗੇ ਜਾਂ ਨੀਵਾਂ ! ਉਹ ਸਾਡੇ ਨਾਲ ਇਕੋ ਮੰਜੇ ਤੇ ਬੈਠਣ ਦੇ ਕਾਬਿਲ ਹੈ ਜਾਂ ਨਹੀਂ, ਸਾਡੇ ਨਾਲ ਇਕੋ ਪੰਗਤ ਵਿੱਚ ਬਹਿ ਕੇ ਖਾਣਾ ਖਾ ਸਕਦਾ ਕਿ ਨਹੀਂ, ਸਾਡੇ ਨਾਲ ਉਸ ਦੀ ਕੋਈ ਰਿਸ਼ਤੇਦਾਰੀ ਬਣ ਸਕਦੀ ਕਿ ਨਹੀਂ ! ਇਸ ਦੇਸ਼ ਵਿੱਚ ਜਾਤੀ ਪ੍ਰਥਾ ਦੇ ਨਤੀਜੇ ਵਜੋਂ ਮਨੁੱਖ ਜਿਹੜਾ ਮਨੁੱਖ ਬਣਿਆ ਉਹ ਗੈਰ ਬਰਾਬਰੀ ਦੀ ਮਾਨਸਿਕਤਾ ਲੈ ਕੇ ਹੀ ਬਣਿਆ। ਸਮਾਜ ਸ਼ਾਸ਼ਤਰੀ ਇਸ ਨੂੰ ਪੌੜੀ ਵਿਵਸਥਾ ਕਹਿੰਦੇ ਹਨ। ਇੱਕ ਵਰਗ ਸਭ ਤੋਂ ਉਤਲੀ ਪੌੜੀ 'ਤੇ ਖੜਾ ਹੈ, ਫਿਰ ਪੌੜੀ ਦਰ ਪੌੜੀ ਉਹ ਥੱਲੇ ਵੱਲ ਤੁਰਦਾ ਜਾਂਦਾ ਹੈ। ਕਿਸੇ ਨੂੰ ਨਹੀਂ ਪਤਾ ਕਿ ਸਭ ਤੋਂ ਅਖੀਰਲੀ ਪੌੜੀ ਕਿਹੜੀ ਹੈ।

ਅਜਿਹੀ ਗੈਰ ਬਰਾਬਰੀ ਵਿੱਚ ਇੱਕ ਵਰਗ ਦੂਸਰੇ ਵਰਗ ਦੀ ਅਧੀਨਤਾ ਅਤੇ ਤਾਨਾਸ਼ਾਹੀ ਰੂਪ ਨੂੰ ਸਹਾਰਦਾ ਆਇਆ ਹੈ। ਮਨੁੱਖੀ ਗੈਰ ਬਰਾਬਰੀ ਦੀ ਮਾਨਤਾ ਪੂਰੀ ਦੁਨੀਆਂ ਵਿੱਚ ਛਾਈ ਹੋਈ ਹੈ।

ਪਰ ਗੁਰੂ ਨਾਨਕ ਦੇਵ ਜੀ ਨੇ ਇੱਕ ਅਜਿਹਾ ਰੱਬੀ ਮਿਸ਼ਨ ਚਲਾਇਆ ਜਿਸ ਵਿੱਚ ਸਿੱਖ ਧਰਮ ਦੇ ਪੈਗੰਬਰ ਨਿਮਾਣਿਆਂ ਦੇ ਮਾਣ ਤੇ ਨਿਤਾਣਿਆਂ ਦੇ ਤਾਣ ਬਣੇ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਨੀਚ ਤੇ ਸ਼ੂਦਰ ਅਖਵਾਉਣ ਵਾਲਿਆਂ ਨੂੰ ਗਲ਼ ਨਾਲ ਲਾਇਆ ਅਤੇ ਕਿਹਾ

'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥'

ਨਾਲ ਹੀ ਕਿਹਾ –

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਭਾਵ ਕਿ ਪ੍ਰਮਾਤਮਾ ਦੀ ਬਖਸ਼ਿਸ਼ ਦੀ ਦ੍ਰਿਸ਼ਟੀ ਉੱਥੇ ਪੈਂਦੀ ਹੈ, ਜਿੱਥੇ ਨੀਚ ਸਮਝੇ ਜਾਣ ਵਾਲੇ ਲੋਕਾਂ ਨੂੰ ਸੰਭਾਲਿਆ ਜਾਂਦਾ ਹੈ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਖਾਲਸਾ ਪੰਥ ਪ੍ਰਗਟ ਕਰ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭੇ ਮਿਸ਼ਨ ਨੂੰ ਸੰਪੂਰਨਤਾ ਬਖਸ਼ੀ। ਜਿਸ ਸਚਿਆਰ ਅਥਵਾ ਗੁਰਮੁਖ ਦੀ ਘਾੜਤ, ਸ਼ਬਦ ਦੀ ਸੱਚੀ ਟਕਸਾਲ ਵਿੱਚ ਬਾਬੇ ਨੇ ਘੜੀ, ਜਿਸ ਨੂੰ ਨੌਂ ਗੁਰੂ ਸਹਿਬਾਨਾਂ ਨੇ ਸਜਾਇਆ, ਸਵਾਰਿਆ ਅਤੇ ਸ਼ਿੰਗਾਰਿਆ, ਦਸਮ ਪਾਤਸ਼ਾਹ ਨੇ ਉਸ ਆਦਰਸ਼ਕ ਮਨੁੱਖ ਦੀ ਅਗੰਮੀ ਪ੍ਰੀਖਿਆ ਲੈਣ ਉਪਰੰਤ ਉਸਨੂੰ ਖਾਲਸਾ ਦੇ ਨਾਂ ਅਤੇ ਪਦਵੀ ਨਾਲ ਸ਼ੁਸ਼ੋਭਿਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜੇ ਪੰਜ ਬੰਦਿਆਂ ਨੂੰ ਅੰਮ੍ਰਿਤ ਛਕਾਇਆ, ਉਨਾਂ ਵਿੱਚੋਂ ਚਾਰ ਸ਼ੂਦਰ ਸਮਝੇ ਜਾਂਦੇ ਸਨ। ਪਹਾੜੀ ਰਾਜਪੂਤ ਰਾਜੇ ਗੁਰੂ ਗੋਬਿੰਦ ਸਿੰਘ ਨਾਲ ਖਾਰ ਇਸ ਕਰਕੇ ਖਾਂਦੇ ਸਨ ਕਿਉਂਕਿ ਗੁਰੂ ਸਾਹਿਬ ਅਤੇ ਰਾਜਪੂਤਾਂ ਦੇ ਵਿਚਾਰਾਂ ਵਿੱਚ ਇੱਕ ਬੁਨਿਆਦੀ ਫ਼ਰਕ ਸੀ। ਗੁਰੂ ਗੋਬਿੰਦ ਸਿੰਘ ਜੀ ਮਨੁੱਖੀ ਬਰਾਬਰੀ ਦੇ ਅਲੰਬਰਦਾਰ ਸਨ। ਉਹਨਾਂ ਦੇ ਸਿੱਖਾਂ ਵਿੱਚ ਬਹੁ ਗਿਣਤੀ ਉਨਾਂ ਦੀ ਸੀ, ਜਿਨਾਂ ਨੂੰ ਰਾਜਪੂਤ, ਰਾਜੇ ਜਾਂ ਮੁਗਲ ਸ਼ੂਦਰ ਅਤੇ ਨੀਵੀਂ ਜਾਤੀ ਵਾਲੇ ਸਮਝ ਕੇ ਧੁਤਕਾਰਦੇ ਸਨ, ਆਪਣੇ ਨੇੜੇ ਨਹੀਂ ਸਨ ਲੱਗਣ ਦਿੰਦੇ। ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਸੀ, ਉਸ ਵਿੱਚ ਉਨਾਂ ਲੋਕਾਂ ਦੀ ਗਿਣਤੀ ਜ਼ਿਆਦਾ ਸੀ ਜਿਨਾਂ ਸਿੱਖ ਬਣਨ ਤੋਂ ਪਹਿਲਾਂ ਕਦੇ ਹੱਥ ਵਿੱਚ ਤਲਵਾਰ ਨਹੀਂ ਸੀ ਫੜੀ। ਮੁਗਲਾਂ ਤੇ ਰਾਜਿਆਂ ਨੇ ਕਦੇ ਨਹੀਂ ਸੀ ਸੋਚਿਆ ਕਿ ਨੀਵੀਂ ਜਾਤ ਦੇ ਸਮਝੇ ਜਾਣ ਵਾਲੇ ਸ਼ੂਦਰ ਲੋਕ ਕਦੇ ਤਲਵਾਰਾਂ ਫੜ ਉਨਾਂ ਦਾ ਮੁਕਾਬਲਾ ਕਰਨਗੇ।

**ਬਾਕੀ ਸਫ਼ਾ 31 'ਤੇ**

# ਵਿਸਾਖੀ ਦਾ ਪਵਿੱਤਰ ਦਿਹਾੜਾ ਸਿੱਖ ਕੌਮ ਲਈ ਬੇਹੱਦ ਖ਼ਾਸ।



**ਹਰਮਨਪ੍ਰੀਤ ਸਿੰਘ,**
**9855010005**

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥੨੦॥**

ਇਹ ਸ਼ਬਦ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਆਖੇ ਜਦੋ ਉਨਾਂ ਅਨੰਦਪੁਰ ਸਾਹਿਬ (ਪੰਜਾਬ) ਦੀ ਧਰਤੀ ਤੇ 13 ਅਪ੍ਰੈਲ 1699ਈ: ਨੂੰ ਇਕ ਵਿਸ਼ਾਲ ਸਮਾਗ਼ਮ ਰੱਖਿਆ ਸੀ। ਉਨਾਂ ਵਲੋਂ ਇਸ ਦਿਨ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ। ਇਸ ਦਿਨ ਅਨੰਦਪੁਰ ਸਾਹਿਬ ਦੀ ਧਰਤੀ ਤੇ ਗੁਰੂ ਦੁਆਰਾ ਸ੍ਰੀ ਕੇਸਗੜ ਸਾਹਿਬ ਵਿਖੇ ਭਾਰੀ ਦੀਵਾਨ ਸਜੇ ਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸ਼ਬਦ-ਕੀਰਤਨ ਦਾ ਅਨੰਦ ਮਾਣ ਰਿਹਾ ਸੀ। ਇਸ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਜੇ ਦੀਵਾਨ (ਸਜੇ ਪੰਡਾਲ) 'ਚ ਆਪਣੀ ਕ੍ਰਿਪਾਨ ਮਿਆਨੋ ਬਾਹਰ ਕੱਢ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਿਤ ਹੋ ਕੇ ਕਿਹਾ ਕਿ ਅੱਜ ਮੇਰੀ ਕ੍ਰਿਪਾਨ ਨੂੰ ਸਿਰਾਂ ਦੀ ਲੋੜ ਹੈ, ਕੋਈ ਹੈ, ਜੋ ਆਪਣਾ ਸੀਸ ਭੇਂਟ ਕਰ ਸਕਦਾ ਹੈ। ਇਹ ਵਾਕ ਸੁਣਦੇ ਹੀ ਸਜੇ ਦੀਵਾਨ 'ਚ ਚੁੱਪੀ ਛਾ ਗਈ, ਤੇ ਦੂਜੀ ਵਾਰ ਫਿਰ ਗੁਰੂ ਸਾਹਿਬ ਨੇ ਕਿਹਾ, ਕੋਈ ਹੈ, ਜੋ ਆਪਣਾ ਸੀਸ ਭੇਂਟ ਕਰਨ ਲਈ ਤਿਆਰ ਹੈ,ਪ੍ਰੰਤੂ ਸਾਰੇ ਪਾਸੇ ਚੁੱਪੀ ਛਾਈ ਹੋਈ ਸੀ। ਗੁਰੂ ਸਾਹਿਬ ਵਲੋਂ ਇਹੋ ਵਾਕ ਤੀਜੀ ਵਾਰ ਦੁਹਰਾਉਣ ਤੇ ਸਜੇ ਦੀਵਾਨ ਵਿੱਚੋਂ ਇੱਕ ਵਿਅਕਤੀ ਉੱਠਿਆ, ਇਹ ਸੀ ਭਾਈ ਦਇਆ ਰਾਮ ਜੀ, ਗੁਰੂ ਜੀ ਉਸ ਨੂੰ ਤੰਬੂ ਦੇ ਅੰਦਰ ਲੈ ਗਏ ਤੇ ਕੁਝ ਸਮਾਂ ਬੀਤਣ ਤੇ ਤੰਬੂ ਤੋਂ ਬਾਹਰ 'ਆ ਖ਼ੂਨ ਨਾਲ ਲੱਥ-ਪੱਥ ਕ੍ਰਿਪਾਨ ਹਵਾ ਵਿਚ ਲਹਿਰਾਈ ਤੇ ਸਜੇ ਦੀਵਾਨ 'ਚ ਬੈਠੀ ਸੰਗਤ ਤੋਂ ਇੱਕ ਸੀਸ ਭੇਟਾ ਦੀ ਹੋਰ ਮੰਗ ਕੀਤੀ, ਤਾਂ ਭਾਈ ਧਰਮ ਰਾਮ ਜੀ ਸੀਸ ਭੇਟਾ ਲਈ ਅੱਗੇ ਆਏ। ਇਸੇ ਤਰਾਂ ਗੁਰੂ ਜੀ ਨੇ ਤੰਬੂ ਤੋਂ ਫਿਰ ਬਾਹਰ ਆਏ ਤੇ ਤੀਜੇ ਸੀਸ ਦੀ ਮੰਗ ਕੀਤੀ, ਤਾਂ ਭਾਈ ਹਿੰਮਤ ਰਾਏ ਜੀ ਅੱਗੇ ਆਏ, ਚੌਥੀ ਵਾਰੀ ਸੀਸ ਭੇਟਾ ਦੀ ਮੰਗ ਤੇ, ਭਾਈ ਮੋਹਕਮ ਚੰਦ ਜੀ ਤੇ ਪੰਜਵੀਂ ਵਾਰ ਭਾਈ ਸਾਹਿਬ ਚੰਦ ਜੀ ਸੀਸ ਭੇਟਾ ਲਈ ਅੱਗੇ ਆਏ, ਕੁਝ ਸਮਾਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਭੇਟਾ ਕਰਨ ਵਾਲੇ ਪੰਜਾਂ ਸਿੱਖਾਂ ਨੂੰ ਸੁੰਦਰ ਸ਼ਸ਼ਤਰ-ਵਸਤਰ ਪਹਿਨਾ ਤੰਬੂ ਤੋਂ ਬਾਹਰ ਸੰਗਤਾਂ ਸਾਹਮਣੇ ਲਿਆਂਦਾ, ਗੁਰੂ ਜੀ ਨੇ ਸਰਬ-ਲੋਹ ਦੇ ਬਾਟੇ 'ਚ ਅੰਮ੍ਰਿਤ ਤਿਆਰ ਕਰ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾ, ਜਾਤ-ਪਾਤ ਤੇ ਉਚ-ਨੀਚ ਦੇ ਬੰਦਨਾਂ ਤੋਂ ਮੁਕਤ ਕਰਦੇ ਹੋਏ, ਸਭ ਦੇ ਨਾਮ ਨਾਲ ਸਿੰਘ ਸ਼ਬਦ ਲਗਾਇਆ। ਇਹ ਉਹ ਹੀ ਦਿਨ ਸੀ 13 ਅਪ੍ਰੈਲ 1699 ਈ: ਦਾ ਜਿਸ ਦਿਨ ਖਾਲਸੇ ਦਾ ਜਨਮ ਹੋਇਆ ਤੇ ਗੁਰੂ ਜੀ ਨੇ ਇਨਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ ਤੇ ਆਪ ਇਸੇ ਵਿਸਾਖੀ



ਵਾਲੇ ਦਿਨ ਇਨਾਂ ਤੋਂ ਆਪ ਵੀ ਅੰਮ੍ਰਿਤ ਛਕਿਆ, ਖਾਲਸੇ ਦੀ ਸਾਜਨਾ ਨਾਲ ਇਕ ਨਵੀਂ ਲਹਿਰ ਦਾ ਵਿਕਾਸ ਹੋਇਆ ਤੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਖਾਲਸੇ ਦੀ ਜਨਮ ਭੂਮੀ ਵਜੋਂ ਪ੍ਰਸਿੱਧ ਹੋਈ।

ਇਸੇ ਤਰਾਂ 13 ਅਪ੍ਰੈਲ 1919 ਈ: ਦਾ ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਦੂਰ-ਦੂਰ ਤੋਂ ਲੋਕ ਸ੍ਰੀ ਦਰਬਾਰ ਸਾਹਿਬ ਪੁਹੰਚੇ ਹੋਏ ਸਨ। ਇਸੇ ਦਿਨ ਦੇਸ਼ ਨੂੰ ਅੰਗ੍ਰੇਜ਼ ਹਕੂਮਤ ਤੋਂ ਅਜ਼ਾਦ ਕਰਵਾਉਣ ਲਈ ਸੰਘਰਸ਼ ਕਰ ਰਹੇ ਕ੍ਰਾਂਤੀਕਾਰੀਆਂ ਨੇ ਜੱਲਿਆਂਵਾਲਾ ਬਾਗ਼ ਵਿਖੇ ਇਕ ਸਭਾ ਬੁਲਾਈ, ਇਹ ਸਭਾ ਡਾ. ਸੈਫਉਦਦੀਨ ਕਿਚਲੂ ਤੇ ਡਾ. ਸੱਤਪਾਲ ਜੀ ਦੀ ਰਿਹਾਈ ਅਤੇ ਅੰਗ੍ਰੇਜ਼ ਹਕੂਮਤ ਵਲੋਂ 10 ਮਾਰਚ 1919 ਈ: ਨੂੰ ਪਾਸ ਕੀਤੇ ਰੋਲਟ ਐਕਟ ਜਿਸ ਨੂੰ ਭਾਰਤੀ ਲੋਕਾਂ ਵਲੋਂ ਕਾਲੇ ਕਾਨੂੰਨ ਦਾ ਨਾਮ ਦਿਤਾ ਗਿਆ ਸੀ ਦੇ ਸਬੰਧ ਵਿਚ ਇਕੱਠੇ ਹੋਏ ਸੀ, ਅੰਗ੍ਰੇਜ਼ ਹਕੂਮਤ ਨੂੰ ਭਾਰਤ ਵਿਚ ਉੱਠ ਰਹੀ ਅਜ਼ਾਦੀ ਦੀ ਲਹਿਰ ਨੂੰ ਦਬਾਉਣ ਦੇ ਮਕਸਦ ਲਈ ਰੋਲਟ ਐਕਟ ਕਾਨੂੰਨ ਰਾਹੀਂ ਇਹ ਅਧਿਕਾਰ ਮਿਲ ਗਿਆ ਸੀ, ਕਿ ਉਹ ਕਿਸੇ ਨੂੰ ਵੀ ਅਦਾਲਤੀ ਕਾਰਵਾਈ ਤੋਂ ਬਿਨਾਂ ਜੇਲ ਵਿਚ ਡੱਕ ਸਕਦੇ ਸਨ। ਭਾਰਤੀ ਲੋਕਾਂ ਨੇ ਇਸ ਰੋਲਟ ਐਕਟ ਵਿਰੁੱਧ ਇਕ ਹੋ ਕੇ ਵਿਰੋਧ ਕੀਤਾ। ਅੰਗਰੇਜ਼ ਹਕੂਮਤ ਨੂੰ ਇਹ ਨਾ ਪਸੰਦ ਹੋਣ ਕਾਰਨ, ਵਿਸਾਖੀ ਵਾਲੇ ਦਿਨ 13 ਅਪ੍ਰੈਲ 1919 ਈ: ਨੂੰ ਅੰਗ੍ਰੇਜ਼ ਜਨਰਲ ਰੇਜ਼ੀਨਲ੍ਡ ਡਾਇਰ ਨੇ ਅੰਮ੍ਰਿਤਸਰ ਦੀ ਧਰਤੀ 'ਤੇ ਜਲਿਆਂਵਾਲਾ ਬਾਗ਼ ਵਿਖੇ ਕ੍ਰਾਂਤੀਕਾਰੀਆਂ ਵਲੋਂ ਕੀਤੀ ਜਾ ਰਹੀ ਸਭਾ (ਜਲਸੇ) 'ਤੇ ਅੰਨੇਵਾਹ ਗੋਲੀ ਚਲਾ ਬਹੁਤ ਵੱਡਾ ਕਤਲੇਆਮ ਕੀਤਾ। ਜਲਿਆਂਵਾਲਾ ਬਾਗ਼ ਦਾ ਪੁਰਾਤਨ ਸਬੰਧ ਜ਼ਿਲਾ ਫ਼ਤਹਿਗੜ ਸਾਹਿਬ ਦੇ ਸਰਹਿੰਦ ਬਲਾਕ 'ਚ ਪੈਂਦੇ ਪਿੰਡ ਜੱਲਾ ਨਾਲ ਵੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਕ ਅਹੁਦੇਦਾਰ ਹਿੰਮਤ ਸਿੰਘ ਸੀ ਜੋ ਕਿ ਪਿੰਡ ਜੱਲਾ ਨਾਲ ਸਬੰਧਤ ਸੀ, ਇਸ ਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਬਾਗ਼ ਰੂਪੀ ਇਕ ਜਮੀਨ ਦਾ ਟੁਕੜਾ ਸੀ ਜਿਸ ਵਿਚ ਫੁੱਲ, ਬੂਟਿਆਂ ਤੋਂ ਇਲਾਵਾ ਇਕ ਖੂਹ ਵੀ ਸੀ। ਇਨਾਂ ਦੇ ਪਰਿਵਾਰ ਨੂੰ ਜਲਿਆਂਵਾਲੇ ਕਿਹਾ ਜਾਂਦਾ ਜੋ ਸਮਾਂ ਬੀਤਣ ਦੇ ਨਾਲ ਇਸ ਬਾਗ ਨੂੰ ਜਲਿਆਂਵਾਲਾ ਬਾਗ਼ ਕਿਹਾ ਜਾਣ ਲੱਗਾ। 13 ਅਪ੍ਰੈਲ 1919 ਈ: ਨੂੰ ਵਿਸਾਖੀ ਦਾ ਦਿਹਾੜਾ ਹੋਣ ਕਾਰਨ ਅੰਮ੍ਰਿਤਸਰ ਸ਼ਹਿਰ ਤੇ ਜਲਿਆਂਵਾਲਾ ਬਾਗ਼ ਵਿਚ ਚਹਿਲ -ਪਹਿਲ ਆਮ ਦਿਨਾ ਨਾਲੋਂ ਕਾਫੀ ਜ਼ਿਆਦਾ ਸੀ। ਬਾਅਦ ਦੁਪਹਿਰ ਤਕਰੀਬਨ ਚਾਰ ਵਜੇ ਕ੍ਰਾਂਤੀਕਾਰੀਆਂ ਦੀ ਸਭਾ ਸ਼ੁਰੂ ਹੋਈ ਤੇ ਇਸ ਦੌਰਾਨ ਜਲਿਆਂਵਾਲਾ ਬਾਗ਼ ਤੋਂ ਬਾਹਰ ਜਾਣ ਵਾਲੇ ਰਸਤੇ ਅੰਗ੍ਰੇਜ਼ ਹਕੂਮਤ ਦੇ ਫੌਜੀ ਦਸਤਿਆਂ ਨੇ ਬੰਦ ਕਰ, ਕਿਸੇ ਵੀ ਚਿਤਾਵਨੀ ਤੋਂ ਬਗੈਰ ਸ਼ਾਂਤਮਈ ਚੱਲ ਰਹੀ ਸਭਾ 'ਚ ਬੈਠੇ ਨਿਹੱਥੇ ਬਜ਼ੁਰਗ, ਬੱਚੇ, ਨੌਜਵਾਨਾਂ ਤੇ ਔਰਤਾਂ ਤੇ ਤਾਬੜ-ਤੋੜ ਗੋਲੀ ਚਲਾ ਦਿੱਤੀ। ਇਹ ਗੋਲੀ ਤਕਰੀਬਨ ਦਸ ਮਿੰਟ ਬਿਨਾਂ ਰੁਕੇ ਚੱਲੀ, ਇਸ ਦੌਰਾਨ ਹੋਈ ਭਗਦੜ ਅਤੇ ਗੋਲੀਆਂ ਲੱਗਣ ਕਾਰਨ ਕਾਫੀ ਮੌਤਾਂ ਹੋਈਆਂ। ਗੋਲੀ ਤੋਂ ਆਪਣੀ ਜਾਣ ਬਚਾਉਣ ਲਈ ਕਾਫੀ ਲੋਕਾਂ ਨੇ ਜਲਿਆਂਵਾਲਾ ਬਾਗ਼ ਵਿਚ ਬਣੇ ਖ਼ੂਹ ਵਿੱਚ ਛਾਲਾਂ ਮਾਰ ਦਿੱਤੀਆਂ। 13 ਅਪ੍ਰੈਲ 1919 ਈ: ਨੂੰ ਵਿਸਾਖੀ ਵਾਲੇ ਦਿਨ ਵਾਪਰੇ ਇਸ ਖ਼ੂਨੀ ਸਾਕੇ ਨੂੰ ਤਕਰੀਬਨ ਉਨੀ ਸਾਲ ਦੇ ਇਕ ਮੁੱਛ-ਫੁਟ ਗੱਬਰੂ ਨੇ ਆਪਣੀਆਂ ਅੱਖਾਂ ਵਿੱਚ ਕੈਦ ਕਰ ਲਿਆ ਸੀ। ਉਹ ਗੱਬਰੂ ਸੀ, ਸਰਦਾਰ ਊਧਮ ਸਿੰਘ ਜੋ ਉਸ ਸਮੇਂ ਸਭਾ ਵਿਚ ਸ਼ਾਮਲ ਸਨ। ਉਨਾਂ ਤਕਰੀਬਨ ਇੱਕੀ ਸਾਲ ਬਾਅਦ ਜਲਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਬਦਲਾ ਮਾਇਕਲ ਓਡਵਾਇਰ ਨੂੰ 13 ਮਾਰਚ 1940 ਵਾਲੇ ਦਿਨ ਕੇਕਸਟਲ ਹਾਲ ਲੰਡਨ ਵਿਚ ਗੋਲੀ ਮਾਰ ਕੇ ਲਿਆ। ਇਸੇ ਲਈ ਜਲਿਆਂਵਾਲਾ ਬਾਗ਼ ਦਾ ਖ਼ੂਨੀ ਸਾਕਾ ਵਿਸਾਖੀ ਵਾਲੇ ਦਿਨ ਹੋਣ ਕਾਰਨ, ਵਿਸਾਖੀ ਨਾਲ ਗੂੜਾ ਸਬੰਧ ਹੈ।

ਇਸੇ ਤਰਾਂ ਕਿਸਾਨ ਤੇ ਵਿਸਾਖ ਰੁੱਤ ਦਾ ਆਪਸ ਵਿਚ ਬੜਾ ਗੂੜਾ ਸਬੰਧ ਹੈ। ਵਿਸਾਖ ਚੜਦੇ ਹੀ ਖੇਤਾਂ 'ਚ ਪੂਰੇ ਜੋਬਨ 'ਤੇ ਆਈਆਂ ਫਸਲਾਂ ਵਾਤਾਵਰਨ ਵਿਚ ਆਪਣੀ ਖ਼ੂਬਸੂਰਤੀ ਵਿਛਾਉਂਦੀਆਂ ਨਜ਼ਰ ਆਉਂਦੀਆਂ ਹਨ। ਮੌਸਮ 'ਚ ਆਏ ਬਦਲਾਅ ਕਾਰਨ ਹਰੀਆਂ ਕਣਕਾਂ ਸੋਨੇ ਰੰਗੀ ਹੋ ਝੂਮਦੀਆਂ ਹਨ। ਦਿਨ-ਰਾਤ ਰਾਖੀ ਕਰਨ ਤੋਂ ਬਾਅਦ ਪੁੱਤਾਂ ਵਾਂਗ ਪਾਲੀ ਫ਼ਸਲ ਨੂੰ ਖੇਤਾਂ 'ਚ ਝੂਮਦੀਆਂ ਦੇਖ ਕਿਸਾਨਾਂ ਦੇ ਚਿਹਰੇ ਵੀ ਖਿੜ ਉੱਠਦੇ ਹਨ। ਕਣਕ ਦੀ ਫ਼ਸਲ ਵਿਸਾਖੀ ਤੱਕ ਪੱਕ ਕੇ ਵਾਢੀ ਲਈ ਤਿਆਰ ਹੋ ਜਾਂਦੀ ਹੈ। ਕਿਸਾਨਾਂ ਵਲੋਂ ਵਾਢੀ ਦੀ ਸ਼ੁਰੂਆਤ 13 ਅਪ੍ਰੈਲ ਵਿਸਾਖੀ ਵਾਲੇ ਦਿਨ ਕਰਨੀ ਸ਼ੁਭ ਮੰਨੀ ਜਾਂਦੀ ਹੈ। ਇਤਿਹਾਸਕ ਮਹੱਤਤਾ ਰੱਖਣ ਵਾਲਾ ਇਹ ਤਿਉਹਾਰ ਹਾੜੀ ਦੀ ਫ਼ਸਲ ਕਣਕ ਦੇ ਪੱਕ ਕੇ ਤਿਆਰ ਹੋਣ ਕਾਰਨ, ਕਿਸਾਨਾਂ ਦੇ ਫਸਲੀ ਤਿਉਹਾਰ ਵਜੋਂ ਵੀ ਮੰਨਿਆ ਤੇ ਹਰ ਸਾਲ ਵਿਸਾਖ ਮਹੀਨੇ ਦੀ ਸੰਗ੍ਰਾਦ ਨੂੰ ਬੜੀ ਧੂਮਧਾਮ ਨਾਲ ਵਿਸਾਖੀ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਵਿਸਾਖ ਮਹੀਨਾ ਕਿਸਾਨਾਂ ਲਈ ਕਾਫੀ ਰੁਝੇਵਿਆਂ ਭਰਿਆ ਹੁੰਦਾ ਹੈ, ਕਣਕ ਦੀ ਵਾਢੀ ਮਗਰੋਂ , ਕਣਕ ਦੀ ਸਾਂਭ-ਸੰਭਾਲ, ਮਾਲ-ਡੰਗਰਾਂ ਲਈ ਤੂੜੀ- ਤੰਦ ਦੀ ਸੰਭਾਲ, ਸ਼ਾਹੂਕਾਰਾਂ ਦਾ ਲੈਣ-ਦੇਣ ਕਰਨਾ ਆਦਿ। ਕਿਸਾਨ ਦੀ ਫ਼ਸਲ ਮੰਡੀ ਆਉਂਦੀ ਹੈ ਤਾਂ ਬਜਾਰਾਂ ਵਿਚ ਵੀ ਰੌਣਕ ਆ ਜਾਂਦੀ ਹੈ। ਖੇਤੀ ਨਾਲ ਹਜਾਰਾਂ ਹੀ ਲੋਕਾਂ ਦੇ ਰੁਜ਼ਗਾਰ ਜੁੜੇ ਹੋਏ ਹਨ। ਪੁਰਾਣੇ ਸਮਿਆਂ 'ਚ ਕਿਹਾ ਜਾਂਦਾ ਸੀ ਕਿ, 'ਉੱਤਮ ਖੇਤੀ, ਮੱਧਮ ਵਿਉਪਾਰ' ਕਿਸਾਨ ਦੀ ਦਿਨ-ਰਾਤ ਦੀ ਮਿਹਨਤ ਸਦਕਾ ਹੀ ਖੇਤੀ ਨੇ ਉੱਤਮ ਅਖਵਾਉਣ ਦਾ ਦਰਜਾ ਪਾਇਆ ਹੈ। 13 ਅਪ੍ਰੈਲ ਵਿਸਾਖੀ ਵਾਲੇ ਦਿਨ ਬਿਕ੍ਰਮੀ ਸੰਮਤ ਦੇ ਸ਼ੁਰੂ ਹੋਣ ਨਾਲ ਵਿਉਪਾਰੀ ਵਰਗ ਵੀ ਨਵੇਂ ਵਹੀ-ਖਾਤੇ ਖੋਲਦੇ ਹਨ। ਵਿਸਾਖੀ ਦੇ ਇਸ ਤਿਉਹਾਰ ਦੇ ਨਾਲ ਸਾਡੇ ਇਤਿਹਾਸ ਦੇ ਅਨੇਕਾਂ ਪੰਨੇ ਜੁੜੇ ਹੋਏ ਹਨ। ਕਵੀ ਧਨੀ ਰਾਮ ਚਾਤ੍ਰਿਕ ਜੀ ਆਪਣੀ ਇਕ ਕਵਿਤਾ 'ਚ ਪੰਜਾਬੀ ਸਭਿਆਚਾਰ ਦੇ ਰੰਗ ਨੂੰ ਇਉਂ ਬਿਆਨ ਕਰਦੇ ਹਨ ;

ਪੱਕ ਪਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਹਿਣੀਆਂ ਦੇ ਭਾਰ ਨੇ ।
ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜੀਆਂ,
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ ।
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ ।

13 ਅਪ੍ਰੈਲ ਵਿਸਾਖੀ ਦਾ ਇਹ ਦਿਹਾੜਾ ਸਾਡੇ ਲਈ ਬੇਹੱਦ ਖਾਸ ਇਸ ਲਈ ਵੀ ਹੈ ਕਿਉਂਕਿ ਇਸ ਦਿਨ ਖਾਲਸਾ ਪੰਥ ਦੀ ਸਿਰਜਣਾ ਹੋਈ, ਇਸ ਦਿਨ ਜਲਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ 'ਚ ਅਨੇਕਾਂ ਸ਼ਹੀਦੀਆਂ ਹੋਈਆਂ ਅਤੇ ਖੇਤੀ ਸਾਡਾ ਮੁੱਖ ਕਿੱਤਾ ਹੋਣ ਕਾਰਨ ਇਸ ਵਿਸਾਖ ਮਹੀਨੇ ਫਸਲ ਦਾ ਆਉਣਾ ਵੀ ਖਾਸ ਅਹਿਮਿਅਤ ਰੱਖਦਾ ਹੈ।

# ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪੁਰ ਵਿਚ ਵਿਸਾਖੀ ਦਾ ਦਿਹਾੜਾ ਮਨਾਇਆ

**ਮਲੇਸ਼ੀਆ/ਏ.ਟੀ.ਨਿਊਜ਼ :** ਮਲੇਸ਼ੀਆ ਦੇ ਸ਼ਹਿਰ ਕੁਆਲੰਲਪੁਰ ਵਿਖੇ ਸਥਿਤ ਗੁਰਦੁਆਰਾ ਪੁਲਿਸ ਜਿਸ ਦੀ ਸਥਾਪਨਾ 1890 ਵਿਚ ਸਿੱਖ ਸੰਗਤਾਂ ਵਲੋਂ ਕੀਤੀ ਗਈ ਸੀ ਵਿਖੇ ਖ਼ਾਲਸੇ ਦਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਤਿਓਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਬੰਧੀ ਡਾ. ਸੁਖਵਿੰਦਰ ਸਿੰਘ ਠੱਕਰਵਾਲ ਨੇ ਦੱਸਿਆ ਕਿ ਮਲੇਸ਼ੀਆ ਵਿੱਚ ਪਹਿਲੀ ਵਾਰ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ । ਵਿਸਾਖੀ ਦੇ ਤਿਉਹਾਰ ਉਤੇ ਇਕ ਵਿਲੱਖਣ ਗੱਲ ਇਹ ਸੀ ਕਿ ਆਰਮੀ ਅਤੇ ਨੇਵੀ ਦੇ ਰਿਟਾਇਰਡ ਅਫਸਰਾਂ ਵੱਲੋਂ ਇਸ ਮੌਕੇ ਉੱਤੇ ਪ੍ਰੇਡ ਕੀਤੀ ਗਈ। ਕੈਪਟਨ ਜਸਵੀਰ ਸਿੰਘ ਨੇ ਵੀਅਤਨਾਮ ਸਿੱਖ ਐਸੋਸੀਏਸ਼ਨ ਆਫ ਮਲੇਸ਼ੀਆ ਦੇ ਇਤਿਹਾਸ ਉੱਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਗੁਰਦੁਆਰਾ ਸਾਹਿਬ ਪੁਲਿਸ ਹਾਈ ਸਟ੍ਰੀਟ, ਜਿਵੇਂ ਕਿ ਇਹ ਪਹਿਲਾਂ ਤੋਂ ਜਾਣਿਆ ਜਾਂਦਾ ਸੀ, ਕੁਆਲਾਲੰਪੁਰ ਵਿੱਚ ਬਣਾਇਆ ਜਾਣ ਵਾਲਾ ਦੂਜਾ ਪੁਲਿਸ ਗੁਰਦੁਆਰਾ ਹੈ। ਇਹ ਗੁਰਦੁਆਰਾ ਸੰਨ 1898 ਵਿੱਚ ਫੈਡਰਟੇਡ ਮਲੇਸ਼ੀਆ ਸਟੇਟਸ ਪੁਲਿਸ (ਐਫ. ਐੱਸ.




ਐਸ. ਪੁਲਿਸ) ਦੁਆਰਾ ਬਣਾਇਆ ਗਿਆ ਸੀ। ਇਸ ਗੁਰਦੁਆਰੇ ਦੀ ਦੇਖ-ਰੇਖ ਅਤੇ ਗ੍ਰੰਥੀ ਦੀ ਤਨਖਾਹ ਸ਼ੁਰੂ ਵਿਚ ਅੰਸ਼ਿਕ ਤੌਰ 'ਤੇ ਐਫਐਮਐਸ ਪੁਲਿਸ ਅਤੇ ਬਾਅਦ ਵਿਚ 1969 ਤੱਕ ਮਲੇਸ਼ੀਆ ਦੇ ਪੁਲਿਸ ਵਿਭਾਗ ਦੁਆਰਾ ਦਿੱਤੀ ਜਾਂਦੀ ਸੀ। 1910 ਵਿਚ, ਨਾਭਾ, ਪੰਜਾਬ ਦੇ ਗੁਰੂਸਰ ਜੈਲਕਾ ਪਿੰਡ ਦੇ ਮਰਹੂਮ ਬਾਬਾ ਸ਼ਾਮ ਸਿੰਘ ਨੂੰ ਇਸ ਗੁਰਦੁਆਰਾ ਸਾਹਿਬ ਵਿਚ ਪਹਿਲੇ ਗ੍ਰੰਥੀ ਨਿਯੁਕਤ ਕੀਤਾ ਗਿਆ ਸੀ। ਉਨਾਂ ਨੇ 1910 ਤੋਂ 1966 ਤੱਕ ਲਗਭਗ 56 ਵਰੇ ਇਸ ਗੁਰਦੁਆਰਾ ਸਾਹਿਬ ਵਿੱਚ ਇੱਕ ਗ੍ਰੰਥੀ ਵਜੋਂ ਸੇਵਾ ਨਿਭਾਈ।

ਵਿਸਥਾਰਤ ਜਾਣਕਾਰੀ ਦਿੰਦਿਆਂ ਉਨਾਂ ਦਸਿਆ ਕਿ ਹਰ ਤਰਾਂ ਦੇ ਧਾਰਮਿਕ ਸਮਾਗਮਾਂ ਅਤੇ ਸਮਾਜਿਕ ਸਮਾਗਮਾਂ ਦਾ ਪ੍ਰਬੰਧਨ ਗੁਰਦੁਆਰਾ ਸਾਹਿਬ ਪੁਲਿਸ ਵਿਖੇ ਕੀਤਾ ਜਾਂਦਾ ਹੈ। ਇਸੇ ਤਰਾਂ, ਪੁਲਿਸ ਦਿਵਸ (24 ਮਾਰਚ) ਅਤੇ ਮਲੇਸ਼ੀਆ ਦਾ ਰਾਸਟਰੀ ਦਿਵਸ (31 ਅਗਸਤ) ਵੀ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ.

ਆਮ ਹਫਤਾਵਾਰੀ ਅਰਦਾਸ ਹਰ ਐਤਵਾਰ ਸਵੇਰੇ 6.00 ਵਜੇ ਤੋਂ ਸਵੇਰੇ 8.00 ਵਜੇ ਤੱਕ, ਆਸਾ ਦੀ ਵਾਰ ਕੀਰਤਨ ਦੇ ਪਾਠ ਨਾਲ ਹੁੰਦੀ ਹੈ। ਦੂਸਰੇ ਧਾਰਮਿਕ ਪ੍ਰੋਗਰਾਮ ਜਦੋਂ ਵੀ ਜਰੂਰੀ ਸਮਝੇ ਜਾਂਦੇ ਹਨ, ਕਰਵਾਏ ਜਾਂਦੇ ਹਨ।





# ਸਿਹਤ ਸੰਭਾਲ




# ਕੇਲ-ਬੇਸ਼ਕੀਮਤੀ ਪੱਤਾ



ਡਾ. ਹਰਸ਼ਿੰਦਰ ਕੌਰ, ਐਮ. ਡੀ.

ਕੇਲ ਦਾ ਕੋਈ ਪੰਜਾਬੀ ਨਾਂ ਹਾਲੇ ਤੱਕ ਰੱਖਿਆ ਹੀ ਨਹੀਂ ਗਿਆ ਕਿਉਂਕਿ ਪਹਿਲਾਂ ਪੰਜਾਬ ਵਿਚ ਇਹ ਬੀਜਿਆ ਨਹੀਂ ਸੀ ਜਾਂਦਾ। ਮੂਲੀ, ਸਰੋਂ ਤੇ ਪੱਤਾ ਗੋਭੀ ਦੇ ਮਿਸ਼ਰਨ ਵਰਗਾ ਕੇਲ ਪੱਤਾ ਏਨੇ ਕਮਾਲ ਦੇ ਗੁਣਕਾਰੀ ਤੱਤ ਲੁਕਾਈ ਬੈਠਾ ਹੈ ਕਿ ਹੁਣ ਪੂਰੀ ਦੁਨੀਆ ਵਿਚ ਚੋਟੀ ਦੇ ਲਾਜਵਾਬ 11 ਖਾਣਿਆਂ ਵਿਚ ਇਸ ਦਾ ਨਾਂ ਸ਼ੁਮਾਰ ਹੋ ਗਿਆ ਹੈ। ਇੱਕ ਨਹੀਂ, ਅਨੇਕ ਖੋਜਾਂ ਵਿਚ ਦਿਲ ਅਤੇ ਕੈਂਸਰ ਦੇ ਮਰੀਜ਼ਾਂ ਲਈ ਬਿਹਤਰੀਨ ਦਵਾਈ ਸਾਬਤ ਹੋ ਚੁੱਕੇ ਹਲਕੇ ਅਤੇ ਗੂੜੇ ਹਰੇ ਰੰਗ ਦੇ ਗੁਣਕਾਰੀ ਪੱਤੇ ਹੁਣ ਸਰੀਰ ਦੇ ਕਈ ਅੰਗਾਂ ਦੇ ਕੰਮਕਾਰ ਨੂੰ ਸਹੀ ਰੱਖਣ ਵਿਚ ਵੀ ਸਹਾਈ ਸਾਬਤ ਹੋ ਰਹੇ ਹਨ।

ਹਾਲੇ ਤੱਕ ਦੇ ਮਿਲੇ ਇਤਿਹਾਸਕ ਤੱਥਾਂ ਅਨੁਸਾਰ ਰੋਮ ਵਿਚ ਪਹਿਲੀ ਵਾਰ ਕਿਸੇ ਮਨੁੱਖ ਨੇ ਇਨਾਂ ਪੱਤਿਆਂ ਨੂੰ ਚੱਖਿਆ ਤੇ ਉਸ ਨੂੰ ਏਨੇ ਫ਼ਾਇਦੇ ਦਿਸੇ ਕਿ ਉਸ ਨੇ ਆਪ ਬੀਜਣ ਦਾ ਫ਼ੈਸਲਾ ਕਰ ਲਿਆ। ਬਸ ਫਿਰ ਕੀ ਸੀ! ਹਰ ਘਰ ਵਿਚ ਕੇਲ ਪੱਤਿਆਂ ਦੀਆਂ ਕਿਆਰੀਆਂ ਤਿਆਰ ਹੋ ਗਈਆਂ।

ਪੁਰਾਣੇ ਸਮਿਆਂ ਵਿਚ ਸੋਮ ਰਸ ਪੀਣ ਬਾਅਦ ਚੜੇ ਨਸ਼ੇ ਨੂੰ ਲਾਹੁਣ ਲਈ ਕੇਲ ਪੱਤਿਆਂ ਨੂੰ ਉਬਾਲ ਕੇ ਉਸਦਾ ਪਾਣੀ ਪੀ ਲਿਆ ਜਾਂਦਾ ਸੀ। ਜੇ ਰੋਮਨ ਵਿਚ ਲਿਖੇ ਪੁਰਾਣੇ ਪਤਰੇ ਪੜੇ ਜਾਣ ਤਾਂ ਲਿਖਿਆ ਮਿਲਦਾ ਹੈ ਕਿ 'ਬਰਾਸਿਕਾ' ਸਿਹਤਮੰਦ ਖ਼ੁਰਾਕ ਹੈ। ਬਰਾਸਿਕਾ ਵਿਚ ਸ਼ਲਗਮ, ਪੱਤਗੋਭੀ ਤੇ ਕੇਲ ਸ਼ਾਮਲ ਕੀਤੇ ਗਏ ਸਨ। ਹਲਕੇ ਜਾਮਨੀ ਤੋਂ ਲੈ ਕੇ ਹਲਕੇ ਹਰੇ ਰੰਗ ਦੇ ਖਿਲਰੀ ਪੱਤ ਗੋਭੀ ਵਾਂਗ, ਪਰ ਸਿਰਿਆਂ ਤੋਂ ਘੁੰਘਰਾਲੇ ਕੇਲ ਪੱਤੇ ਕੁਦਰਤ ਦੀ ਕੀਤੀ ਕਾਰੀਗਰੀ ਦੀ ਖ਼ੂਬਸੂਰਤ ਮਿਸਾਲ ਹਨ।

ਇਸੇ ਲਈ ਅਨੇਕ ਲੋਕ ਇਨਾਂ ਨੂੰ ਬਾਗ਼ ਵਿਚ ਜਾਂ ਗਮਲਿਆਂ ਵਿਚ ਘਰ ਦੀ ਖ਼ੂਬਸੂਰਤੀ ਵਧਾਉਣ ਲਈ ਵੀ ਲਾ ਲੈਂਦੇ ਹਨ।

ਈਸਾ ਮਸੀਹ ਤੋਂ 2000 ਸਾਲ ਪਹਿਲਾਂ ਤੋਂ ਹੀ ਕੇਲ ਪੱਤੇ ਉਗਾਏ ਜਾਣ ਲੱਗ ਪਏ ਸਨ। ਯੂਰਪ ਵਿਚ ਤੇਹਰਵੀਂ ਸਦੀ ਵਿਚ ਕੇਲ ਨੂੰ 'ਸਿਰਲੱਥ ਗੋਭੀ' ਵਜੋਂ ਜਾਣਿਆ ਜਾਂਦਾ ਸੀ ਕਿਉਂਕਿ ਪੱਤੇ ਤਾਂ ਪੱਤਗੋਭੀ ਨਾਲ ਰਲਦੇ ਸਨ ਪਰ ਗੋਭੀ ਵਾਂਗ ਗੰਢ ਕੋਈ ਹੈ ਹੀ ਨਹੀਂ ਸੀ।

ਰੂਸੀ ਕੇਲ ਤਾਂ ਏਨੀ ਖ਼ੂਬਸੂਰਤ ਹੁੰਦੀ ਹੈ ਜਿਵੇਂ ਕਿਸੇ ਮੁਟਿਆਰ ਦੇ ਹਵਾ ਦੇ ਬੁੱਲੇ ਨਾਲ ਘੁੰਘਰਾਲੇ ਵਾਲ ਖਿਲਰ ਗਏ ਹੋਣ। ਉਨੀਂਵੀਂ ਸਦੀ ਵਿਚ ਰੂਸ ਤੋਂ ਕੇਲ ਪੱਤੇ ਅਮਰੀਕਾ ਤੇ ਕੈਨੇਡਾ ਵਿਖੇ ਲਿਜਾਏ ਗਏ ਸਨ।

'ਡੇਵਿਡ ਫੇਅਰਚਾਈਲਡ', ਜੋ ਬਨਸਪਤੀ ਦਾ ਡਾਕਟਰ ਸੀ, ਨੂੰ ਪੱਤਗੋਭੀ ਜਾਂ ਕੇਲ ਉੱਕਾ ਹੀ ਖਾਣੇ ਪਸੰਦ ਨਹੀਂ ਸਨ। ਖੋਜਾਂ ਦੌਰਾਨ ਉਸ ਨੂੰ ਪਤਾ ਲੱਗਿਆ ਕਿ ਕੇਲ ਪੱਤੇ ਧਰਤੀ ਹੇਠਲਾ ਵਾਧੂ ਲੂਣ ਖਿੱਚ ਲੈਂਦੇ ਹਨ ਤੇ ਧਰਤੀ ਉਪਜਾਊ ਬਣਾ ਦਿੰਦੇ ਹਨ। ਸੌਖੇ ਉੱਗ ਜਾਣ ਵਾਲੇ ਇਨਾਂ ਪੱਤਿਆਂ ਨੂੰ ਕਰੋਸ਼ੀਆ ਤੋਂ ਅਮਰੀਕਾ ਲਿਆ ਕੇ ਬਹੁਤ ਵੱਡੀ ਪੱਧਰ ਉੱਤੇ ਉਗਾਉਣ ਵਿਚ ਡੇਵਿਡ ਦਾ ਹੀ ਹੱਥ ਹੈ।

ਅਮਰੀਕਨ ਉਦੋਂ ਤੱਕ ਇਨਾਂ ਪੱਤਿਆਂ ਨੂੰ ਖ਼ੂਬਸੂਰਤੀ ਵਜੋਂ ਹੀ ਉਗਾਉਂਦੇ ਤੇ ਵਰਤਦੇ ਰਹੇ ਜਦ ਤਕ ਸੰਨ 1990 ਵਿਚ ਇਸ ਵਿਚਲੇ ਕੁਦਰਤੀ ਗੁਣਾਂ ਦੇ ਖਜ਼ਾਨੇ ਬਾਰੇ ਪਤਾ ਨਾ ਲੱਗਿਆ। ਬਸ ਫਿਰ ਕੀ ਸੀ! ਧੜਾਧੜ ਇਸ ਦੀ ਵਰਤੋਂ ਹਰ ਰਜ਼ ਦੇ ਖਾਣਿਆਂ ਵਿਚ ਹਣ ਲੱਗ ਪਈ।

ਵਿਸ਼ਵ ਜੰਗ ਦੂਜੀ ਵਿਚ ਇੰਗਲੈਂਡ ਵਿਚ ਫੌਜੀਆਂ ਦੀ ਸਿਹਤ ਠੀਕ ਰੱਖਣ ਅਤੇ ਖ਼ੁਰਾਕ ਦੀ ਕਮੀ ਨਾਲ ਜੂਝਣ ਲਈ ਕੇਲ ਪੱਤੇ ਹੀ ਖਾਣ ਲਈ ਦਿੱਤੇ ਜਾਂਦੇ ਰਹੇ ਸਨ।

ਗਰਮੀ ਸਰਦੀ ਦੇ ਮੌਸਮ ਨੂੰ ਜਰਨ ਲਈ ਕੇਲ ਪੱਤੇ ਤਗੜੇ ਹਨ। ਕੁਦਰਤ ਨੇ ਮਨਫ਼ੀ 15 ਡਿਗਰੀ ਸੈਲਸੀਅਸ ਤੱਕ ਦੀ ਬਰਫੀਲੀ ਠੰਡ ਵਿਚ ਵੀ ਕੇਲ ਪੱਤਿਆਂ ਨੂੰ ਸੁਰੱਖਿਅਤ ਰਹਿਣ ਦੀ ਜਾਚ ਸਿਖਾਈ ਹੋਈ ਹੈ। ਸਗੋਂ ਬਰਫ਼ ਪੈਣ ਬਾਅਦ ਕੇਲ ਪੱਤਿਆਂ ਦਾ ਨਿਖ਼ਾਰ ਦੁਗਣਾ ਹੋ ਜਾਂਦਾ ਹੈ ਤੇ ਇਹ



ਖਾਣ ਵਿਚ ਵੀ ਹੋਰ ਮਿੱਠੇ ਹੋ ਜਾਂਦੇ ਹਨ। ਇਨਾਂ ਦਾ ਰੰਗ ਵੀ ਹੋਰ ਗੂੜਾ ਜਾਮਨੀ ਤੇ ਭੂਰਾ ਹੋ ਜਾਂਦਾ ਹੈ।

ਹਲਕਾ ਜਿਹਾ ਰੰਗ ਦਾ ਹੇਰ ਫੇਰ ਹੀ ਕੇਲ ਪੱਤਿਆਂ ਨੂੰ ਢੇਰ ਸਾਰੇ ਵੱਖੋ-ਵੱਖ ਨਾਂ ਦੇ ਦਿੰਦਾ ਹੈ। ਕੋਈ ਘੁੰਘਰਾਲੇ ਪੱਤੇ, ਕਾਲੀ ਗੋਭੀ, ਲੈਸੀਨਾਟੋ, ਡਾਇਨਾਸੋਰ ਕੇਲ, ਟਸਕਨ ਕੇਲ, ਕਵੋਲੋ ਨੀਰੋ (ਇਟਲੀ ਵਿਚ), ਸਕਾਟ ਕੇਲ, ਨੀਲੀ ਘੁੰਘਰਾਲੀ ਕੇਲ, ਚਿੱਟੀ ਰੂਸੀ ਕੇਲ, ਲਾਲ ਰੂਸੀ ਕੇਲ ਤੇ ਕੋਈ ਸਖ਼ਤ ਜਾਨ ਕੇਲ ਦੇ ਨਾਂ ਨਾਲ ਕੇਲ ਨੂੰ ਜਾਣਦੇ ਹਨ। ਕਈ ਥਾਈਂ ਤਾਂ ਕੇਲ ਪੱਤੇ ਵਧੀਆ ਤੋਂ ਵਧੀਆ ਫੁੱਲ ਦੀ ਖ਼ੂਬਸੂਰਤੀ ਨੂੰ ਵੀ ਮਾਤ ਪਾਉਂਦੇ ਹਨ। ਬਾਹਰੋਂ ਹਰੇ ਤੇ ਅੰਦਰੋਂ ਹਲਕੇ ਗੁਲਾਬੀ, ਲਾਲ, ਜਾਮਨੀ ਜਾਂ ਚਿੱਟੇ ਗੋਲੇ ਮਨ ਮੋਹ ਲੈਂਦੇ ਹਨ। ਇਸ ਕਿਸਮ ਦੀ ਕੇਲ ਨੂੰ 'ਮੋਰ ਕੇਲ', ਕਾਮੋਨ ਕੋਰਲ ਰਾਣੀ, ਕੋਰਲ ਰਾਜਾ ਆਦਿ ਵੀ ਕਿਹਾ ਜਾਂਦਾ ਹੈ। ਇਹ ਜਿੰਨੀ ਖਾਣ ਲਈ ਫ਼ਾਇਦੇਮੰਦ ਹੋਣ ਕਾਰਨ ਵਰਤੀ ਜਾ ਰਹੀ ਹੈ, ਓਨੀ ਹੀ ਵਿਆਹਾਂ ਵਿਚ ਸਜਾਵਟ ਲਈ ਵਰਤੀ ਜਾਂਦੀ ਹੈ।

ਰਤਾ ਝਾਤ ਮਾਰੀਏ ਕਿ ਰੱਬ ਨੇ ਵਿਹਲੇ ਵੇਲੇ ਬਹਿ ਕੇ ਕੇਲ ਪੱਤਿਆਂ ਵਿਚ ਭਰਿਆ ਕੀ ਹੈ?

ਸੌ ਗ੍ਰਾਮ ਤਾਜ਼ੇ ਪੱਤਿਆਂ ਵਿਚ :-

- 49 ਕੈਲਰੀਆਂ
- 2.3 ਗ੍ਰਾਮ ਮਿੱਠਾ
- 3.6 ਗ੍ਰਾਮ ਫਾਈਬਰ
- 0.9 ਗ੍ਰਾਮ ਥਿੰਦਾ
- 4.3 ਗ੍ਰਾਮ ਪ੍ਰੋਟੀਨ
- ਵਿਟਾਮਿਨ ਏ
- ਵਿਟਾਮਿਨ ਬੀ ਇੱਕ, ਦੋ, ਤਿੰਨ, ਪੰਜ, ਛੇ
- ਫੋਲੇਟ
- ਕੋਲੀਨ
- ਵਿਟਾਮਿਨ ਸੀ (120 ਮਿਲੀਗ੍ਰਾਮ)
- ਵਿਟਾਮਿਨ ਕੇ (390 ਮਾਈਕਰੋਗ੍ਰਾਮ)
- ਵਿਟਾਮਿਨ ਈ
- 150 ਮਿਲੀਗ੍ਰਾਮ ਕੈਲਸ਼ੀਅਮ
- ਲੋਹ ਕਣ
- ਮੈਗਨੀਸ਼ੀਅਮ
- ਮੈਂਗਨੀਜ਼
- ਫੌਸਫੋਰਸ, ਪੋਟਾਸ਼ੀਅਮ, ਸੀਲੀਨੀਅਮ
- ਸੋਡੀਅਮ, ਜ਼ਿੰਕ
- 84 ਗ੍ਰਾਮ ਪਾਣੀ

ਬਾਕੀ ਸਫ਼ਾ 29 'ਤੇ

# ਰਸਾਇਣਕ ਖਾਦਾਂ ਕਾਰਣ ਹੋ ਰਹੀ ਨਵੀਆਂ ਬਿਮਾਰੀਆਂ ਦੀ ਉਤਪਤੀ

ਅੰਮ੍ਰਿਤ ਸਾਗਰ

ਪੰਜਾਬੀ ਸ਼ੁਰੂ ਤੋਂ ਹੀ ਖਾਣ-ਪੀਣ ਦੇ ਸ਼ੌਕੀਨ ਸਨ। ਸਰੋਂ ਦੇ ਸਾਗ ਅਤੇ ਮੱਕੀ ਦੀ ਰੋਟੀ ਨੇ ਵਿਦੇਸ਼ਾਂ ਵਿਚ ਵੀ ਲੋਹਾ ਮੰਨਵਾਇਆ। ਚੰਗੀ ਖੁਰਾਕ ਅਤੇ ਚੰਗੇ ਪਕਵਾਨ ਜੋ ਕਿ ਸਾਰੇ ਤੱਤਾਂ ਨਾਲ ਭਰਪੂਰ ਹੁੰਦੇ ਸਨ, ਨੇ ਪੰਜਾਬੀਆਂ ਦੀ ਸਿਹਤ ਨੂੰ ਚਾਰ ਚੰਨ ਲਾਏ ਅਤੇ ਜੋਸ਼ੀਲੇ ਹੋਣ ਵਿਚ ਅਹਿਮ ਯੋਗਦਾਨ ਪਾਇਆ। ਪਰ ਖਾਣ-ਪੀਣ ਅਤੇ ਖੇਤੀ ਦੇ ਤਰੀਕਿਆਂ ਵਿਚ ਆਈਆਂ ਤਬਦੀਲੀਆਂ ਨੇ ਸਭ ਬਦਲ ਕੇ ਰੱਖ ਦਿੱਤਾ। ਤਰਾਂ-ਤਰਾਂ ਦੀਆਂ ਨਵੀਆਂ ਰਸਾਇਣਕ ਖਾਦਾਂ ਨੇ ਬਿਮਾਰੀਆਂ ਅਤੇ ਵਿਦੇਸ਼ੀ ਖਾਣਿਆਂ ਨੇ ਜੁਸ਼ੀਲੇ ਸਰੀਰਾਂ ਨੂੰ ਸੁਸਤੀ ਨਾਲ ਢਾਹ ਲਿਆ। ਪਹਿਲਾਂ ਪਹਿਲ ਹਰੀਆਂ ਸਬਜ਼ੀਆਂ ਅਤੇ ਪਕਾਉਣ ਦੇ ਸਾਦੇ ਢੰਗ ਖਾਣੇ ਨੂੰ ਵਿਟਾਮਿਨ ਭਰਪੂਰ ਰੱਖਦੇ ਸਨ ਪਰ ਹੌਲੀ-ਹੌਲੀ ਚਾਈਨੀਜ਼ ਅਤੇ ਇਟਾਲੀਅਨ ਖਾਣਿਆਂ ਦੇ ਸ਼ੌਕੀਨ ਪੰਜਾਬੀਆਂ ਦੇ ਖਾਣਿਆਂ ਵਿਚੋਂ ਤੱਤ ਗਾਇਬ ਕਰ ਦਿੱਤੇ। ਅਜਿਹੇ ਖਾਣੇ ਤਿਆਰ ਕਰਨ ਲਈ ਵਰਤੇ ਜਾਂਦੇ ਤੇਲਾਂ ਤੇ ਮਸਾਲਿਆਂ ਨੇ ਸਿਹਤ 'ਤੇ ਹਾਨੀਕਾਰਕ ਪ੍ਰਭਾਵ ਵੀ ਪਾਏ। ਤੇਲ ਵਾਲੇ ਖਾਣਿਆਂ ਨਾਲ ਚਰਬੀ ਨਾੜਾਂ ਵਿਚ ਜੰਮਣ ਨਾਲ ਹਾਈ ਬੀ ਪੀ, ਦਿਲ ਦੀਆਂ ਬਿਮਾਰੀਆਂ, ਮਿਹਦੇ ਦੀਆਂ ਬਿਮਾਰੀਆਂ, ਪਾਚਣ ਪ੍ਰਣਾਲੀ ਦਾ ਵਿਗੜਨਾ ਆਦਿ ਇਸ ਸਭ ਕੁਝ ਨੇ ਸਰੀਰਾਂ ਲਈ ਜੰਗਾਲ ਦਾ ਕੰਮ ਕੀਤਾ। ਦੂਜੇ ਪਾਸੇ ਮਹਿੰਗਾਈ ਦੀ ਮਾਰ ਕਰਕੇ ਫ਼ਸਲਾਂ ਤੋਂ ਵੱਧ ਝਾੜ ਲੈ ਕੇ ਵੱਧ ਕਮਾਈ ਦੇ ਲਾਲਚ ਨੇ ਸਿਹਤ ਨਾਲ ਹੋਰ ਵੀ ਖਿਲਵਾੜ ਕੀਤਾ। ਰਸਾਇਣਕ ਖਾਦਾਂ ਨੇ ਜਿਥੇ ਫ਼ਸਲ ਦੀ ਪੈਦਾਵਾਰ ਵਧਾਈ, ਉਥੇ ਹੀ ਮਿੱਟੀ ਪ੍ਰਦੂਸ਼ਣ ਵੀ ਵਧਾਇਆ ਅਤੇ ਮਿੱਟੀ ਵਿਚਲੇ ਪੌਸ਼ਿਕ ਤੱਤਾਂ ਨੂੰ ਵੀ ਖ਼ਤਮ ਕੀਤਾ। ਧਰਤੀ ਵਿਚ ਸਮਾ ਕੇ ਪ੍ਰਦੂਸ਼ਿਤ ਪਾਣੀ ਅਤੇ ਰਸਾਇਣਾਂ ਨੇ ਧਰਤੀ ਵਿਚਲੇ ਪਾਣੀਆਂ ਨੂੰ ਵੀ ਜ਼ਹਿਰੀਲਾ ਕਰ ਦਿੱਤਾ। ਇਸ ਨਾਲ ਤਰਾਂ-ਤਰਾਂ ਦੀਆਂ ਨਵੀਆਂ ਬਿਮਾਰੀਆਂ ਵੀ ਪੈਦਾ ਹੋਈਆਂ। ਜੈਵਿਕ ਖਾਦਾਂ ਦਾ ਅਸਰ ਧੀਮਾ ਹੈ ਪਰ ਇਨਾਂ ਦਾ ਕਿਸੇ ਵੀ ਤਰਾਂ ਦਾ ਕੋਈ ਵੀ ਬੁਰਾ ਪ੍ਰਭਾਵ ਨਹੀਂ ਪੈਂਦਾ। ਬੇਸ਼ੱਕ ਜੈਵਿਕ ਖਾਦਾਂ ਨਾਲ ਝਾੜ ਘੱਟ ਨਿਕਲਦਾ ਹੈ ਜੋ ਕਿ ਰਸਾਇਣਕ ਖਾਦਾਂ ਦੇ ੧੦੦ ਫ਼ੀਸਦੀ ਦੇ ਮੁਕਾਬਲੇ ੮੦ ਫ਼ੀਸਦੀ ਹੈ ਪਰ ਇਨਾਂ ਨਾਲ ਸਿਹਤ 'ਤੇ ਕੋਈ ਵੀ ਬੁਰਾ ਪ੍ਰਭਾਵ ਨਹੀਂ ਪੈਂਦਾ, ਸਗੋਂ ਸਰੀਰ ਨੂੰ ਤੰਦਰੁਸਤ ਕਰਨ ਵਿਚ ਇਹ ਮਦਦ ਕਰਦੀਆਂ ਹਨ।ਦੂਜੇ ਪਾਸੇ ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ ਨਾਲ ਖੇਤਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਚਮੜੀ ਦੀਆਂ ਬਿਮਾਰੀਆਂ ਹੋ ਜਾਂਦੀਆਂ ਹਨ ਅਤੇ ਸਰੀਰ ਵਿਚ ਜਾ ਕੇ ਸਾਹ ਦੀਆਂ ਬਿਮਾਰੀਆਂ, ਹੀਮੋਗਲੋਬਿਨ ਦੀ ਘਾਟ, ਸ਼ੂਗਰ ਅਤੇ ਉੱਚ ਰਕਤ ਚਾਪ ਵਰਗੀਆਂ ਨਾ ਮੁਰਾਦ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ। ਅਸੀਂ ਸਭ ਜਾਣਦੇ ਹਾਂ ਕਿ ਜੋ ਵਿਅਕਤੀ ਏਨੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੈ ਉਹ ਨੱਚ-ਕੁੱਦ ਨਹੀਂ ਸਕਦਾ ਅਤੇ ਦਵਾਈਆਂ ਦੇ ਚੱਕਰਵਿਊ ਵਿਚ ਫਸ ਕੇ ਆਪਣੀ ਜ਼ਿੰਦਗੀ ਦਾ ਅਨੰਦ ਨਹੀਂ ਮਾਣ ਸਕਦਾ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਜਿਥੇ ਮਿੱਟੀ ਦੀਆਂ ਵਿਸ਼ੇਸ਼ਤਾਵਾਂ ਖ਼ਤਮ ਕਰ ਰਹੀਆਂ ਹਨ, ਉਥੇ ਹੀ ਇਨਸਾਨੀ ਸਰੀਰ ਦਾ ਘਾਣ ਵੀ ਕਰ ਰਹੀਆਂ ਹਨ। ਸਿਆਣੇ ਅਕਸਰ ਆਖਦੇ ਹਨ, 'ਭੱਠ ਪਿਆ ਸੋਨਾ ਜੋ ਕੰਨਾਂ ਨੂੰ ਖਾਵੇ' ਮਤਲਬ ਇਹੋ ਜਿਹੇ ਜ਼ਿਆਦਾ ਝਾੜ ਨਾਲੋਂ ਘੱਟ ਝਾੜ ਹੀ ਠੀਕ ਹੈ ਜੋ ਕਿ ਸਰੀਰਾਂ ਅਤੇ ਮਿੱਟੀ ਲਈ ਲਾਹੇਵੰਦ ਹੈ। ਸਰਕਾਰਾਂ ਨੂੰ ਵੀ ਇਸ ਲਈ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ ਅਤੇ ਕਿਸਾਨਾਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਜੈਵਿਕ ਖਾਦਾਂ ਵਰਤ ਕੇ ਫ਼ਸਲਾਂ ਦੀ ਗੁਣਵੱਤਾ ਵਧਾਈ ਜਾਵੇ, ਨਾ ਕਿ ਇਕੱਲਾ ਝਾੜ ਦੇਖਿਆ ਜਾਵੇ ਜੋ ਕਿ ਸਿਰਫ ਅਤੇ ਸਿਰਫ ਹਾਨੀਕਾਰਕ ਹੈ। ਜੈਵਿਕ ਖਾਦਾਂ ਦੀ ਵਰਤੋਂ ਨਾਲ ਮਿੱਟੀ ਅਤੇ ਇਨਸਾਨੀ ਜੀਵਨ ਦੋਵੇਂ ਵਧਣ ਫੁੱਲਣਗੇ। ਇਨਸਾਨ ਦੀ ਸਿਹਤ ਹੀ ਉਸ ਦਾ ਗਹਿਣਾ ਹੈ, ਜੇਕਰ ਸਿਹਤ ਹੀ ਠੀਕ ਨਹੀਂ ਹੋਵੇਗੀ ਤਾਂ ਪੈਸਾ ਜਾਂ ਹੋਰ ਦੁਨਿਆਵੀ ਚੀਜ਼ਾਂ ਉਸ ਦੇ ਕਿਸੇ ਵੀ ਕੰਮ ਦੀਆਂ ਨਹੀਂ।

ਇਸ ਲਈ ਸਾਨੂੰ ਲੋੜ ਹੈ ਸੋਚਣ ਦੀ ਅਤੇ ਵਾਪਸ ਉਨਾਂ ਖਾਣਿਆਂ ਨੂੰ ਅਪਣਾਉਣ ਦੀ ਜੋ ਸਾਡੇ ਪੁਰਖਿਆਂ ਨੇ ਸਾਨੂੰ ਦਿੱਤੇ ਅਤੇ ਇਹ ਫਾਸਟ ਫੂਡ ਸਮਾਂ ਤਾਂ ਬਚਾ ਦਿੰਦੇ ਹਨ, ਪਰ ਸਾਡੀ ਸਿਹਤ ਦਾ ਨਾਸ਼ ਕਰ ਰਹੇ ਹਨ। ਜ਼ਿਆਦਾਤਰ ਫਾਸਟ ਫੂਡ ਤਿਆਰ ਕਰਨ ਵਿਚ ਮੈਦੇ ਅਤੇ ਆਟੇ ਦੀ ਵਰਤੋਂ ਹੁੰਦੀ ਹੈ, ਜੋ ਕਿ ਅੰਤੜੀਆਂ ਉੱਤੇ ਗੂੰਦ ਵਾਂਗ ਚਿਪਕ ਕੇ ਮੋਟਾਪਾ, ਐਸਿਡਟੀ, ਪਾਚਣ ਤੰਤਰ ਵਿਚ ਵਿਗਾੜ ਆਦਿ ਦਾ ਕਾਰਨ ਬਣਦੇ ਹਨ। ਇਹ ਸਭ ਖਾਧ ਪਦਾਰਥ ਸਾਡੀ ਉਮਰ ਘਟਾਉਂਦੇ ਹਨ ਅਤੇ ਮਰ-ਮਰ ਕੇ ਜੀਣ ਵਾਲੀ ਸਥਿਤੀ ਪੈਦਾ ਕਰ ਦਿੰਦੇ ਹਨ। ਆਉ ਰਸਾਇਣਕ ਖਾਦਾਂ ਅਤੇ ਬੇਤੁਕੇ ਖਾਣਿਆਂ ਤੋਂ ਪਰਹੇਜ਼ ਕਰਕੇ ਵਧੀਆ ਜ਼ਿੰਦਗੀ ਦੀ ਸ਼ੁਰੂਆਤ ਕਰੀਏ ਤਾਂ ਕਿ ਕੁਦਰਤ ਤੋਂ ਮਿਲੀ ਇਸ ਸ੍ਰੇਸ਼ਠ ਜ਼ਿੰਦਗੀ ਦਾ ਅਨੰਦ ਮਾਣ ਸਕੀਏ।

# 'ਆਓ ਜਾਣੀਏ ਚੰਗੀ ਸਿਹਤ ਦਾ ਰਾਜ'

ਸਿੱਕੀ ਝੱਜੀ ਪਿੰਡ ਵਾਲਾ (ਇਟਲੀ)

ਕੁਦਰਤ ਦੀ ਬਖਸ਼ੀ ਹੋਈ ਅਨਮੋਲ ਜ਼ਿੰਦਗੀ ਜਦੋਂ ਵੀ ਸਿੱਧੇ ਰਸਤੇ ਪੈਂਦੀ ਹੈ ਤਦ ਉਸ ਦੀ ਸਿਹਤ ਵੀ ਚੰਗੀ ਰਹਿੰਦੀ ਹੈ ਕਹਿਣ ਤੋਂ ਭਾਵ, ਸੱਚ ਦੇ ਰਸਤੇ ਉੱਤੇ ਚੱਲਿਆ ਮਨੁੱਖ ਚਿੰਤਾ ਮੁਕਤ ਹੁੰਦਾ ਹੈ, ਕਿਉਂ ਕੀ ਉਸ ਦਾ ਭਰੋਸਾ ਉਸ ਅਕਾਲ ਪੁਰਖ ਉੱਤੇ ਐਨਾ ਪ੍ਰਪੱਕ ਹੁੰਦਾ ਹੈ, ਕਿ ਆਉਣ ਵਾਲੀਆਂ ਮੁਸ਼ਕਲਾਂ ਵੀ ਉਸ ਤੋਂ ਰਸਤਾ ਮੋੜ ਲੈਂਦੀਆਂ ਹਨ ਇਸੇ ਲਈ ਜਦੋਂ ਮਨੁੱਖ ਚਿੰਤਾਮੁਕਤ ਹੁੰਦਾ ਹੈ ਤਾਂ ਉਸ ਦੀ ਸਰੀਰਿਕ ਸਿਹਤ ਵੀ ਚੰਗੀ ਹੁੰਦੀ ਹੈ ਅਤੇ ਮਾਨਸਿਕ ਤੇ ਸੋਚਣ ਸ਼ਕਤੀ ਦੂਜਿਆਂ ਤੋਂ ਵਧੇਰੇ ਹੁੰਦੀ ਹੈ। ਅਜਿਹਾ ਚੰਗਾ ਸਿਹਤਮੰਦ ਵਿਅਕਤੀ ਤੰਦਰੁਸਤ ਜੀਵਨ ਬਤੀਤ ਕਰਨ ਦੇ ਨਾਲ ਲੰਮੀ ਉਮਰ ਭੋਗਦਾ ਹੈ। ਪ੍ਰਮਾਤਮਾ ਦੇ ਬਖਸ਼ੇ ਸਰੀਰ ਨੂੰ ਸਾਂਭਣਾ ਸਾਡਾ ਆਪਣਾ ਫਰਜ਼ ਹੈ। ਸਮੇਂ ਸਮੇਂ ਆਉਂਦੇ ਬਦਲਾਅ ਨੇ ਆਮ ਜਿੰਦਗੀ 'ਤੇ ਵੀ ਆਪਣਾ ਡੂੰਘਾ ਪ੍ਰਭਾਵ ਪਾਇਆ ਹੈ। ਜਿਸਦਾ ਅਸਰ ਸਿੱਧਾ ਸਾਡੇ ਸਰੀਰ 'ਤੇ ਪੈਂਦਾ ਹੈ। ਤਾਜ਼ਾ ਅਤੇ ਪ੍ਰੋਟੀਨ ਖਾਣਾ ਚੰਗੀ ਸਿਹਤ ਲਈ ਬਹੁਤ ਲਾਹੇਵੰਦ ਹੈ। ਰੋਜਾਨਾ ਤੜਕਸਾਰ ਉੱਠ ਕੇ ਅੰਮ੍ਰਿਤ ਬਾਣੀ ਨਾਲ ਜੁੜਦਾ ਹੈ ਉਸ ਤੋਂ ਬਾਅਦ ਰੋਜ਼ਾਨਾ ਦੀ ਜ਼ਿੰਦਗੀ ਨਾਲ ਦਸਤਪੰਜਾ ਲੈਂਦਾ ਹੋਇਆ ਵੀਵਫੁੱਲ ਵਾਂਗ ਖਿੜਿਆ ਰਹਿੰਦਾ ਹੈ।

ਅਧਿਆਤਮਿਕ ਪੱਖ ਤੋਂ ਬਾਅਦ ਜੇਕਰ ਦੁਨਿਆਵੀ ਪੱਖ ਵਿੱਚ ਸਿਹਤ ਦੀ ਗੱਲ ਕੀਤੀ ਜਾਵੇ ਤਾਂ ਮਨੁੱਖੀ ਜੀਵਨ ਵਿੱਚ ਸਵੇਰ ਦੀ ਸੈਰ ਅਤੇ ਕਸਰਤ ਵੀ ਸਰੀਰ ਨੂੰ ਦਿਨੋਂ ਦਿਨ ਤਰੋਤਾਜ਼ਾ ਰੱਖਦੀ ਹੈ ਅਤੇ ਉਸ ਦੇ ਨਾਲ ਖਾਣਾ ਵੀ ਸੌਖੇ ਢੰਗ ਨਾਲ ਪਚਦਾ ਹੈ ਜੋ ਕਿ ਬੇਹੱਦ ਜ਼ਰੂਰੀ ਹੈ। ਕੋਸ਼ਿਸ਼ ਕਰੋ ਕਿ ਤਲਿਆ ਹੋਇਆ ਭੋਜਨ ਨਾ ਖਾਧਾ ਜਾਵੇ ਜੋ ਕਿ ਮੋਟਾਪੇ ਦੇ ਨਾਲ ਬਿਮਾਰੀਆਂ ਨੂੰ ਵੀ ਸੱਦਾ ਦਿੰਦਾ ਹੈ। ਤਾਜ਼ਾ ਮੌਸਮੀ ਫਲ ਅਤੇ ਹਰੀਆਂ ਸਬਜੀਆਂ ਹੀ ਖਾਣੀਆਂ ਚਾਹੀਦੀਆਂ ਹਨ। ਬਜਾਰਾਂ 'ਚ ਵਿਕਦੇ ਤਰਾਂ ਤਰਾਂ ਦੇ ਪਕਵਾਨਾਂ ਤੋਂ ਵੀ ਪ੍ਰਹੇਜ ਕਰਨਾ ਚਾਹੀਦਾ ਹੈ ਕਿਉਂਕਿ ਮਸਾਲੇਦਾਰ ਖਾਣਾ ਜਿਸਨੂੰ ਪਚਾਉਣਾ ਔਖਾ ਹੁੰਦਾ ਹੈ ਜੋ ਕਿ ਸਿਹਤ ਲਈ ਹਾਨੀਕਾਰਕ ਵੀ ਹੈ। ਇਹ ਗੱਲ ਤਾਂ ਸਭ ਜਾਣਦੇ ਹਨ ਕਿ ਸਰੀਰ ਇੱਕ ਕਿਰਾਏ ਦੇ ਮਕਾਨ ਦੇ ਵਾਂਗਰਾ ਹੈ ਪਰ ਇਸ ਦੀ ਕਿਸ ਤਰਾਂ ਸੰਭਾਲ ਕਰਨੀ ਸਾਡੇ ਆਪਣੇ 'ਤੇ ਨਿਰਭਰ ਕਰਦਾ ਹੈ। ਹੱਥੀਂ ਮਿਹਨਤ ਕਰਦੇ ਕਿਰਤੀ ਕਾਮਿਆਂ ਦੀ ਜਿੱਥੇ ਇੱਕ ਤਰਾਂ ਕਸਰਤ ਹੁੰਦੀ ਰਹਿੰਦੀ ਹੈ ਉਥੇ ਹੀ ਮਸ਼ੀਨੀ ਯੁੱਗ ਨੇ ਇਨਸਾਨ ਨੂੰ ਸਰੀਰਕ ਤੌਰ 'ਤੇ ਕਮਜੋਰ ਕਰਕੇ ਰੱਖ ਦਿੱਤਾ ਹੈ। ਮੋਬਾਇਲ ਅਤੇ ਕੰਪਿਊਟਰ ਦੀ ਵਰਤੋਂ ਬਿਨਾਂ ਲੋੜ ਤੋਂ ਨਹੀਂ ਕਰਨੀ ਚਾਹੀਦੀ। ਜਿਆਦਾ ਦੇਰ ਮੋਬਾਇਲ ਵੇਖਣ ਨਾਲ ਵੀ ਸਾਡੀਆਂ ਅੱਖਾਂ 'ਤੇ ਬਹੁਤ ਡੂੰਘਾ ਅਸਰ ਪੈਂਦਾ ਹੈ। ਰੋਜਾਨਾ ਸਾਈਕਲ ਚਲਾਉਣਾ ਵੀ ਇੱਕ ਚੰਗੇ ਸਿਹਤਮੰਦ ਵਿਅਕਤੀ ਲਈ ਬਹੁਤ ਹੀ ਚੰਗਾ ਸਿੱਧ ਹੁੰਦਾ ਹੈ ਜਿਸ ਨਾਲ ਗੋਡਿਆਂ ਦੀ ਕਸਰਤ ਹੁੰਦੀ ਰਹਿੰਦੀ ਹੈ। ਮਾਨਸਿਕ ਤੌਰ 'ਤੇ ਵੀ ਆਪਣੇ ਆਪ ਨੂੰ ਤੰਦਰੁਸਤ ਰੱਖਣਾ ਬਹੁਤ ਜਰੂਰੀ ਹੈ। ਤਣਾਅ ਨਾਲ ਭਰੀ ਜਿੰਦਗੀ ਬਹੁਤੀ ਲੰਮੀ ਨਹੀਂ ਹੁੰਦੀ। ਹੱਥਾਂ ਨੂੰ ਵਾਰ ਵਾਰ ਧੋਣਾਂ ਚਾਹੀਦਾ ਹੈ ਤਾਂ ਕਿ ਖਾਣਾ ਖਾਣ ਵੇਲੇ ਗੰਦਗੀ ਸਾਡੇ ਸਰੀਰ ਅੰਦਰ ਨਾ ਜਾਵੇ। ਕੁਦਰਤ ਦੀ ਇਸ ਅਨਮੋਲ ਦਾਤ ਨੂੰ ਅਸੀਂ ਆਪਣੇ ਆਪ ਹੀ ਸੁਚੱਜੇ ਢੰਗ ਨਾਲ ਤੰਦਰੁਸਤ ਰੱਖ ਕੇ ਇਕ ਖੁਸ਼ੀ ਭਰਪੂਰ ਜੀਵਨ ਬਤੀਤ ਕਰ ਸਕਦੇ ਹਾਂ। ਆਓ ਉਪਰੋਕਤ ਗੱਲਾਂ ਨੂੰ ਆਪਣੀ ਜਿੰਦਗੀ ਦਾ ਹਿੱਸਾ ਬਣਾ ਕੇ ਇੱਕ ਚੰਗਾ ਤੇ ਤੰਦਰੁਸਤ ਜੀਵਨ ਬਤੀਤ ਕਰੀਏ।

# ਸਿਹਤ ਵਿਗਿਆਨ ਮੈਡੀਕਲ ਫਿਲਾਸਫੀ, ਸਿਰ ਤੋਂ ਪੈਰਾਂ ਤੱਕ ਦੀਆਂ ਬਿਮਾਰੀਆਂ ਦੇ ਕਾਰਨ


**ਗੁਰਦੀਪ ਸਿੰਘ ਸੰਧੂ,**
**ਹੋਮੀਓਪੈਥਿਕ ਕੰਸਲਟੈਂਟ**
408-687-1899


ਅੰਮ੍ਰਿਤਸਰ ਟਾਈਮਜ਼ ਦੀ ਮੈਨੇਜਮੈਂਟ ਦੀ ਹਮੇਸ਼ਾ ਹੀ ਇਸ ਕੋਸ਼ਿਸ਼ ਵਿਚ ਹੁੰਦੀ ਹੈ ਕਿ ਉਹ ਆਪਣੇ ਪੜਨ ਵਾਲਿਆਂ ਸਰੋਤਿਆਂ ਨੂੰ ਅਜਿਹੀ ਜਾਣਕਾਰੀ ਮੁਹੱਈਆ ਕਰਵਾਉਣ ਜੋ ਉਨਾਂ ਨੂੰ ਇੱਕ ਚੰਗੀ ਸੇਧ ਦੇਵੇ । ਇਸ ਗੱਲ ਨੂੰ ਹੀ ਮੁੱਖ ਰੱਖਦਿਆਂ ਸਿਹਤ ਵਿਗਿਆਨ ਲੈਕਚਰ ਦੀ ਲੜੀ ਨੂੰ ਸਿਲਸਿਲੇਵਾਰ ਸ਼ੁਰੂ ਕਰ ਰਹੇ ਹਾਂ ਜਿਸ ਵਿੱਚ ਸਿਹਤ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

ਅੰਮ੍ਰਿਤਸਰ ਟਾਈਮਜ਼ ਦੀ ਸਾਰੀ ਟੀਮ ਵੱਲੋਂ ਡਾ. ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕੰਸਲਟੈਂਟ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ ਜਿਨਾਂ ਦੀ ਬਦੌਲਤ ਅਸੀਂ ਸਿਹਤ ਵਿਗਿਆਨ ਦੀ ਲੜੀ ਨੂੰ ਆਰੰਭ ਕਰ ਰਹੇ ਹਨ। ਸਾਨੂੰ ਇਹ ਦਸਦਿਆਂ ਦਿਲੋਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਡਾ. ਗੁਰਦੀਪ ਸਿੰਘ ਸੰਧੂ 1973 ਤੋਂ ਹੋਮਿਓਪੈਥਿਕ ਦੀ ਪ੍ਰੈਕਟਿਸ ਕਰ ਰਹੇ ਹਨ ।ਪੰਜਾਬ ਦੇ ਹੋਮਿਓਪੈਥਿਕ ਮੈਡੀਕਲ ਕਾਲਜਾਂ ਵਿਚ ਬਤੌਰ ਪ੍ਰੋਫੈਸਰ ਤੇ ਚੀਫ਼ ਮੈਡੀਕਲ ਅਫ਼ਸਰ ਦੇ ਉਚ ਅਹੁਦਿਆਂ 'ਤੇ ਵੀ ਕੰਮ ਕਰ ਰਹੇ ਹਨ। ਅਜੋਕੇ ਸਮੇਂ ਚੱਲ ਰਹੀਆਂ ਮਨੁੱਖੀ ਬਿਮਾਰੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਿਹਤ ਵਿਗਿਆਨ ਦੀ ਲੜੀ ਛਾਪਣ ਦਾ ਸਿਲਸਿਲਾ ਸ਼ੁਰੂ ਕੀਤਾ ਹੈ।

**ਅੰਮ੍ਰਿਤਸਰ ਟਾਈਮਜ਼**

**ਇਲਾਜ ਤੇ ਜਾਣਕਾਰੀ**

ਮੈਨੂੰ ਇਹ ਲਿਖਦਿਆਂ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਅੰਮ੍ਰਿਤਸਰ ਟਾਈਮਜ ਅਖਬਾਰ ਦੀ ਮੈਨੇਜਮੈਂਟ ਨੇ ਮੈਨੂੰ ਅਖਬਾਰ ਦਾ 'ਸਿਹਤ ਵਿਗਿਆਨ' ਕਾਲਮ ਨਵੀਸ ਹੋਣ ਦਾ ਮਾਣ ਬਖ਼ਸ਼ਿਆ ਹੈ। ਸਿਲਸਿਲੇ ਵਾਰ ਸਿਹਤ ਸਬੰਧੀ ਲਿਖਦਿਆਂ ਮੈਂ ਪਾਠਕਾਂ ਨੂੰ ਯਕੀਨ ਦਿਵਾਉਣਾ ਚਹੁੰਦਾ ਹਾਂ ਕਿ ਮੇਰੀ ਜਿੰਦਗੀ ਦੇ ਸੱਤਰ ਸਾਲਾਂ ਵਿੱਚੋਂ ਤਕਰੀਬਨ ਸੰਤਾਲੀ ਸਾਲ ਮੈਡੀਕਲ ਪੇਸ਼ੇ ਨਾਲ ਸਬੰਧਤ ਰਹਿੰਦਿਆਂ ਤੇ ਹੋਮਿਓਪੈਥਿਕ ਮੈਡੀਕਲ ਕਾਲਜਾਂ ਤੇ ਹਸਪਤਾਲਾਂ ਵਿੱਚ ਵਿੱਚ ਵੱਖ-ਵੱਖ ਪ੍ਰੋਫੈਸਰ, ਚੀਫ ਮੈਡੀਕਲ ਅਫਸਰ ਤੇ ਪ੍ਰਿੰਸੀਪਲ ਵਰਗੇ ਅਹੁਦਿਆਂ 'ਤੇ ਕੰਮ ਕਰਦਿਆਂ ਜੋ ਜਾਣਕਾਰੀ ਸਿਹਤ ਸਬੰਧੀ ਮੈਂ ਹੁਣ ਤੱਕ ਇਕੱਤਰ ਕੀਤੀ ਹੈ ਤੇ ਮੈਡੀਕਲ ਸਾਇੰਸ ਆਪਣੇ ਸ਼ੁਰੂਆਤ ਤੋਂ ਵਰਤਮਾਨ ਤੱਕ ਜਿਨਾਂ ਪੜਾਵਾਂ ਵਿੱਚੋਂ ਲੰਘ ਕੇ ਅੱਜ ਤੱਕ ਪਹੁੰਚੀ ਹੈ ਉਨਾਂ ਦਾ ਵੇਰਵਾ ਤੁਹਾਡੇ ਨਾਲ ਲੜੀਵਾਰ ਸਾਂਝਾ ਕਰਦਾ ਜਾਵਾਂਗਾ । ਤੇ ਨਾਲ ਹੀ ਨਾਲ ਆਉਣ ਵਾਲੇ ਮੈਡੀਕਲ ਸਾਇੰਸ ਦੇ ਭਵਿੱਖ ਦੀਆਂ ਕੀ ਕਲਪਨਾਵਾਂ ਹਨ ਉਨਾਂ ਬਾਰੇ ਉਪਲਭਧ ਜਾਣਕਾਰੀ ਸਾਂਝੀ ਕਰਦਾ ਜਾਵਾਂਗਾ।

ਇਸ ਸਿਲਸਿਲੇਵਾਰ ਜਾਣਕਾਰੀ ਦੇ ਨਾਲ ਨਾਲ ਸਮੇਂ ਸਮੇਂ ਤੇ ਆਉਂਦੇ ਤੁਹਾਡੇ ਸਿਹਤ ਸਬੰਧੀ ਸਵਾਲਾਂ ਦੇ ਜਵਾਬ ਵੀ ਇਸੇ ਅਖਬਾਰ ਵਿੱਚ ਤੁਹਾਡੀ ਜਾਣਕਾਰੀ ਲਈ ਛਾਪੇ ਜਾਇਆ ਕਰਨਗੇ, ਅੰਮ੍ਰਿਤਸਰ ਅਖਬਾਰ ਦੇ ਨਾਲ ਨਾਲ ਅਜਿਹੀਆ ਜਾਣਕਾਰੀਆਂ ਜੋ ਆਮ ਤੌਰ 'ਤੇ ਮੈਡੀਕਲ ਕਾਲਜਾਂ ਵਿੱਚ ਪੜਾਈ ਦਾ ਸਿਲਸਿਲਾ ਹੁੰਦਾ ਹੈ ਉਸ ਅਨੁਸਾਰ ਲੈਕਚਰਾਂ ਰਾਹੀਂ ਤੁਸੀਂ ਸਿਹਤ ਸਬੰਧੀ ਜਾਣਕਾਰੀ ਵੱਖ ਵੱਖ ਸਮਿਆਂ 'ਤੇ ਲੈ ਸਕੋਗੇ ।

ਆਉ ਸ਼ੁਰੂਆਤ ਕਰਦੇ ਹਾਂ 'ਸਿਹਤ ਵਿਗਿਆਨ'
ਦੇ ਪਹਿਲੇ ਲੈਕਚਰ ਦੀ :

**ਸਿਹਤ ਵਿਗਿਆਨ ਲੈਕਚਰ-1**

**ਜੀਵਨ ਤੋਂ ਜੀਵਨ ਦੀ ਉਤਪਤੀ**

ਜੀਵਨ ਜਦੋਂ ਤੋਂ ਹੋਂਦ ਵਿੱਚ ਆਇਆ ਹੈ ਉਦੋਂ ਤੋਂ ਹੀ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਉਪਰਾਲੇ ਕਰਦਾ ਆ ਰਿਹਾ ਹੈ । ਸਿਹਤ ਵਿਗਿਆਨ ਜਾਂ ਮੈਡੀਕਲ ਸਾਇੰਸ ਦਾ ਇਤਿਹਾਸ ਬੇਸ਼ੱਕ ਅਸੀਂ ਉਦੋਂ ਤੋਂ ਮੰਨਦੇ ਹਾਂ ਜਦੋਂ ਤੋਂ ਇਸਦਾ ਲਿਖਤ ਇਤਿਹਾਸ ਸਾਨੂੰ ਉਪਲਬਧ ਹੈ ਪਰ ਸਿਹਤ ਵਿਗਿਆਨ ਦੇ ਉਪਰਾਲੇ ਉਦੋਂ ਤੋਂ ਹੀ ਸ਼ੁਰੂ ਸਨ ਜਦੋਂ ਤੋਂ ਜੀਵਨ ਦੀ ਸ਼ੁਰੂਆਤ ਹੋਈ

ਕਿਉਂਕਿ ਜੀਵਨ ਚੱਲਣ ਦਾ ਨਾਂ ਹੈ ਤੇ ਸਥਿਰਤਾ 'ਚੋਂ ਚੱਲਣਾ ਸ਼ੁਰੂ ਕਰਨਾ ਇਕ ਮੁਸ਼ਕਲ ਕੰਮ। ਹਰ ਮੁਸ਼ਕਲ ਕੰਮ ਦੀ ਸ਼ੁਰੂਆਤ ਨੂੰ ਦੱਸਣ ਦਾ ਮਨੁੱਖ ਕੋਲ ਕੇਵਲ ਇੱਕੋ ਇਕ ਅਸਾਨ ਲਫ਼ਜ਼ ਹੈ 'ਪੀੜ' ਸੋ ਜੀਵਨ ਪੀੜ ਦੀ ਪੈਦਾਇਸ਼ ਹੈ । ਦੂਸਰੇ ਲਫਜ਼ਾਂ ਵਿੱਚ ਕਹਾਂ ਤਾਂ ਕਹਿ ਸਕਦਾ ਹਾਂ ਕਿ ਇਹ ਬ੍ਰਹਿਮੰਡ ਜੋ ਤੁਸੀਂ ਦੇਖਦੇ ਹੋ ਇਸ ਵਿੱਚ ਜੋ ਚਲੰਤ ਜੀਵਨ ਤੁਸੀਂ ਵੇਖਦੇ ਹੋ ਉਹ ਸੁੰਨਤਾਂ ਵਿੱਚੋਂ ਹੀ ਪੈਦਾ ਹੋਇਆ ਹੈ । ਮਿਸਾਲ ਦੇ ਤੌਰ 'ਤੇ ਬਰਫ ਇਕ ਸੁੰਨਤਾਂ ਦੀ ਪ੍ਰਤੀਕ ਹੈ ਜਿਵੇਂ ਹੀ ਗਰਮ ਹੋਈ ਪੰਘਰਨ ਲੱਗੀ

ਸੁਨ ਸੀ, ਸ਼ਾਂਤ ਸੀ, ਪਿਘਲਨ ਲੱਗੀ ਪਾਣੀ ਬਣ ਵਹਿਣ ਲੱਗੀ ਤਾਂ ਪਾਣੀ ਦੀ ਉਤਪਤੀ ਬਰਫ 'ਚੋਂ ਨਿਕਲੀ ਗਰਮੀ ਸਹਿ ਕੇ ਗਰਮੀ ਦਾ ਦਰਦ ਉਠਾ ਕੇ ਹੀ ਪਾਣੀ ਦੀ ਪ੍ਰਾਪਤੀ ਹੋਈ ਹੈ । ਸੋ ਇਹ ਪ੍ਰਾਪਤੀ ਆਪਣੇ ਆਪ ਵਿੱਚ ਦਰਦ ਦੀ ਹੀ ਪ੍ਰਤੀਕ ਹੈ । ਠੀਕ ਉਵੇਂ ਹੀ ਜਿਵੇਂ ਤੁਸੀਂ ਸ਼ਾਂਤ ਚਿੱਤ ਮੰਜੇ 'ਤੇ ਲੇਟੇ ਜਾ ਬੈਠੇ ਹੋਵੋ ਤੇ ਕੋਈ ਤੁਹਾਨੂੰ ਕਹੇ ਕਿ ਉਠੋ ਜਾਂ ਉਠੋ ਤੇ ਚਲੋ। ਇਹ ਆਰਾਮ ਨਾਲ ਸਥਿਰ ਬੈਠੇ ਰਹਿਣ ਨਾਲ਼ੋਂ ਤਾਂ ਤਕਲੀਫਦੇਹ ਹੀ ਹੈ ਨਾ। ਬੇਸ਼ੱਕ ਬਹੁਤੀਆਂ ਤਕਲੀਫ਼ਾਂ ਜੋ ਜੀਵਨ ਦੇ ਨਾਲ ਨਾਲ ਚੱਲਦੀਆਂ ਹਨ ਜੀਵਨ ਉਨਾਂ ਦਾ ਆਦੀ ਹੋ ਜਾਂਦਾ ਹੈ ਤੇ ਉਨਾਂ ਦੀ ਗਿਣਤੀ ਤਕਲੀਫ ਜਾਂ ਦਰਦ ਵਿੱਚ ਨਹੀਂ ਕਰਦਾ, ਪਰ ਹਰ ਹਰਕਤ, ਹਰ ਚਾਲ, ਹਰ ਮੂਵਮੈਂਟ ਹੈ ਤਾਂ ਤਕਲੀਫਦੇਹ ਹੀ ਨਾ, ਹੈ ਤਾਂ ਦਰਦ ਦੀ ਹੀ ਲਖਾਇਕ ਹੀ ਨਾ ? ਸੋ ਜੀਵਨ ਇਸੇ ਤਰਾਂ ਬਰਫ ਦੀ ਗਰਮੀ ਨਾਲ ਪਿਘਲ ਕੇ ਪਾਣੀ ਬਨਣ ਵਾਂਗ ਕਾਇਨਾਤ ਦੀ ਸਥਿਰਤਾ ਵਿੱਚੋਂ ਪੈਦਾ ਹੋਇਆ ਹੈ ਤੇ ਜੋ ਵੀ ਬ੍ਰਹਿਮੰਡ ਵਿੱਚ ਤੁਸੀਂ ਦੇਖਦੇ ਹੋ ਜਿਸਦੀ ਵੀ ਹੋਂਦ ਹੈ ਉਹ ਦਰਦ ਦਾ ਹੀ ਨਤੀਜਾ ਹੈ।ਦਰਦ ਵਿੱਚੋਂ ਉੱਭਰ ਕੇ ਹੀ ਇਕ ਰੂਪ ਲੈ ਕੇ ਸਾਡੇ ਸਾਹਮਣੇ ਇਕ ਵਜੂਦ ਬਣ ਕੇ ਖੜਾ ਹੈ। ਸ਼ਾਂਤ ਕਾਇਨਾਤ ਬਰਫ ਦੀ ਨਿਆਈਂ ਸੀ, ਕਾਇਨਾਤ ਬ੍ਰਹਿਮੰਡ ਦੀ ਉਤਪਤੀ ਕਾਇਨਾਤ ਦੀ ਸਥਿਰਤਾ ਵਿੱਚੋਂ ਪੀੜ ਰਾਹੀਂ ਰੂਪਮਾਨ ਹੋਈ ਹੈ ।ਜਿਵੇਂ ਇਕ ਬੀਜ ਧਰਤੀ ਦੇ ਗਰਭ ਵਿੱਚੋਂ ਜਦ ਪੁੰਗਰ ਕੇ ਬਾਹਰ ਆਉਂਦਾ ਹੈ ਤਾਂ ਇਹ ਅਸਾਨ ਕਿਰਿਆ ਨਹੀਂ ਹੁੰਦੀ। ਇਹ ਦਰਦ ਸਹਿ ਕੇ, ਦਰਦ ਦੇ ਕੇ ਹੀ ਬਾਹਰ ਆਉਂਦਾ ਹੈ । ਠੀਕ ਇਵੇਂ ਹੀ ਹੈ ਸਾਡਾ ਜੀਵਨ ਦਰਦ ਵਿੱਚੋਂ ਪੈਦਾ ਹੋਇਆ ਤੇ ਦਰਦ ਹੀ ਇਸ ਜੀਵਨ ਦੇ ਹਰ ਕਰਮ ਨਾਲ ਸਬੰਧਤ ਹੈ। ਉਨਾਂ ਦਰਦਾਂ ਦੀ ਕਹਾਣੀ ਹੀ ਹੈ ਮੈਡੀਕਲ ਸਾਇੰਸ ਤੇ ਉਨਾਂ ਦਾ ਸਹਿ ਜਾਣਾ ਜਾਂ ਉਨਾਂ ਨੂੰ ਸਹਿਣਯੋਗ ਬਨਾਉਣ ਦੀ ਜੋ ਜਾਣਕਾਰੀ ਹੈ ਉਹ ਹੈ ਸਾਡਾ 'ਸਿਹਤ ਵਿਗਿਆਨ' ਜਿਸ ਦੀ ਜਾਣਕਾਰੀ ਸਿਲਸਿਲੇਵਾਰ ਤੁਸੀਂ ਇਨਾਂ ਕਾਲਮਾਂ ਵਿੱਚ ਪੜਨੀ ਹੈ ।

ਆਉ ਇਕ ਵੇਰ ਫਿਰ ਪਿਛੇ ਲੈ ਚੱਲਦਾ ਹਾਂ, ਬਰਫ ਸਥਿਰਤਾ ਸੀ ਸੁੰਨ ਸੀ, ਤਕਲੀਫ ਰਹਿਤ ਸੀ । ਬਰਫ ਗਰਮੀ ਦੇ ਸੇਕ ਦੇ ਦਰਦ ਵਿੱਚੋਂ ਲੰਘੀ ਤੇ ਪਿਘਲੀ ਪਿਘਲ ਕੇ ਪਾਣੀ ਬਣੀ ਵਹਿ ਤੁਰੀ, ਬਲਕਿ ਵਹਿਣਾ ਉਹਦੀ ਮਜਬੂਰੀ ਬਣ ਗਈ। ਜਿਵੇਂ ਹੀ ਪਾਣੀ ਬਣ ਵਹਿ ਤੁਰੀ ਉਸ ਵਿੱਚ ਆਬੋ ਹਵਾ ਇਨਵਾਇਰਨਮੈਂਟ ਦੇ ਪ੍ਰਦੂਸ਼ਨ ਨੇ ਸ਼ਮੂਲੀਅਤ ਕੀਤੀ, ਵਿਕਾਰ ਸ਼ੁਰੂ ਹੋਏ, ਬਰਫ ਵਿੱਚੋਂ ਬਣੇ ਪਾਣੀ ਦੀ ਪਵਿੱਤਰਤਾ ਭੰਗ ਹੋ ਗਈ, ਦਰਦ ਹੋਰ ਨਵੀਂ ਸ਼ਾਮਲ ਹੋ ਗਈ। ਠੀਕ ਇਸੇ ਤਰਾਂ ਹੀ ਜੀਵਨ ਦਰਦ 'ਚੋਂ ਨਿਕਲ ਕੇ ਰਵਾਂ ਹੋਇਆ ਤਾਂ ਇਹਦੇ ਵਿੱਚ ਆਬੋ ਹਵਾ ਰਹਿਣ ਸਹਿਣ ਖਾਣ ਪਾਣ ਨਾਲ ਵਿਕਾਰ ਸ਼ਾਮਲ ਹੋ ਗਏ । ਬੇਸ਼ੱਕ ਜੀਵਨ ਲਈ ਆਬੋ ਹਵਾ ਖਾਣ ਪਾਣ ਰਹਿਣ ਸਹਿਣ ਜ਼ਰੂਰੀ ਸੀ ਜੀਵਨ ਨੂੰ ਚੱਲਦਾ ਰੱਖਣ ਲਈ, ਪਰ ਇਨਾਂ ਨੇ ਜੰਮਣ ਸਮੇਂ ਸ਼ੁਰੂਆਤ ਹੋਈ ਪੀੜ ਨੂੰ ਘੱਟ ਨਹੀਂ ਕੀਤਾ ਬਲਕਿ ਸਮੇਂ ਸਮੇਂ ਹੋਰ ਪੀੜਾਂ ਇਸ ਵਿੱਚ ਸ਼ਾਮਲ ਹੁੰਦੀਆਂ ਗਈਆਂ। ਬੇਸ਼ੱਕ ਜੰਮਣ ਸਮੇਂ ਸ਼ੁਰੂ ਹੋਈਆਂ ਪੀੜਾਂ ਦਾ ਜੀਵਨ ਸਹਿੰਦੜ ਹੋ ਗਿਆ ਸੀ ਤੇ ਸਮੇਂ ਸਮੇਂ ਹੋਰ ਵੀ ਆਉਂਦੀਆਂ ਪੀੜਾਂ ਨੂੰ ਸਹਿਣ ਦਾ ਆਦੀ ਹੁੰਦਾ ਜਾਂਦਾ ਹੈ ਤੇ ਉਨਾਂ ਪੀੜਾਂ ਨੂੰ ਪੀੜਾਂ ਨਾ ਸਮਝ ਕੇ ਨਾਰਮਲ ਜੀਵਨ ਦਾ ਚੱਲਣ ਸਮਝ ਕੇ ਸਹਿਣ ਦਾ ਆਦੀ ਹੁੰਦਾ ਜਾਂਦਾ ਹੈ, ਪਰ ਪੀੜ ਤਾਂ ਪੀੜ ਹੀ ਰਹਿੰਦੀ ਹੈ ਨਾ। ਜਦੋਂ ਕਿਸੇ ਵੀ ਪੀੜ ਦੀ ਤੀਬਰਤਾ ਮਨੁੱਖੀ ਜੀਵਨ ਦੀ ਸਹਿਣ ਸ਼ਕਤੀ ਤੋਂ ਬਾਹਰ ਹੁੰਦੀ ਜਾਂਦੀ ਹੈ ਤਦ ਤਦ ਉਹ ਇਸ ਨੂੰ ਪੀੜ ਸਮਝ ਕੇ ਬਿਆਨ ਕਰਦਾ ਹੈ ਤੇ ਉਸੇ ਨੂੰ ਅਸੀਂ ਬਿਮਾਰੀ ਨਿਸ਼ਾਨੀਆਂ ਕਹਿੰਦੇ ਹਾਂ, ਭਾਵ ਬਿਮਾਰੀ ਨੂੰ ਬਿਆਨ ਕਰਨ ਦਾ ਛੋਟੇ ਤੋ ਛੋਟਾ ਲਫ਼ਜ਼ ਹੈ 'ਦਰਦ' ਯਾਨੀ ਪੀੜ ਤੇ ਅੱਗੇ ਵਧਦੀ ਇਸ ਪੀੜ ਦੀ ਹਾਲਤ ਨੂੰ ਅਸੀਂ ਬਿਮਾਰੀ ਕਹਿੰਦੇ ਹਾਂ । ਮਿਸਾਲ ਦੇ ਤੌਰ 'ਤੇ ਮਾਂ ਦੇ ਪੇਟ ਵਿੱਚ ਬੱਚੇ ਦਾ ਮੂੰਹ ਬੰਦ ਹੁੰਦਾ ਹੈ ਤੇ ਧੁੰਨੀ ਰਾਹੀਂ ਹੀ ਉਹਨੂੰ ਖ਼ੁਰਾਕ ਜਾਂਦੀ ਹੈ ।ਜਦ ਮਾਂ ਦੇ ਗਰਭ ਵਿੱਚੋਂ ਬਾਹਰ ਆਉਂਦਾ ਹੈ, ਪੈਦਾ ਹੁੰਦਾ ਹੈ ਤਾਂ ਸਾਡੇ ਬਾਹਰੀ ਇਨਵਾਇਰਨਮੈਂਟ ਦਾ 480 ਮਿਲੀਮੀਟਰ ਮਰਕਰੀ ਦਾ ਲਗਾਤਾਰ ਬਣਿਆ ਹੋਇਆ ਪਰੈਸ਼ਰ ਉਹਦੇ ਲਈ ਇਕਦਮ ਬਰਦਾਸ਼ਤ ਕਰਨਾ ਮੁਸ਼ਕਲ ਹੁੰਦਾ ਹੈ, ਕਿਉਂਕਿ ਮਾਂ ਦੇ ਪੇਟ ਵਿੱਚ ਇਹ ਪਰੈਸ਼ਰ ਮਾਂ ਦੇ ਪੇਟ ਦੀਆਂ ਮਾਸਪੇਸ਼ੀਆਂ ਤੇ ਬੱਚੇਦਾਨੀ ਦੀਆਂ ਮਾਸਪੇਸ਼ੀਆਂ ਆਪ ਸਹਿ ਲੈਂਦੀਆਂ ਹਨ ਤੇ ਬੱਚੇ ਤੱਕ ਉਹਦਾ ਅਸਰ ਨਹੀਂ ਹੁੰਦਾ ਪਰ ਬਾਹਰ ਨਿਕਲਦਿਆਂ ਹੀ ਇਹ ਪਰੈਸ਼ਰ ਖ਼ੁਦ ਬੱਚੇ ਨੂੰ ਸਹਿਣਾ ਪੈਂਦਾ ਹੈ ਤੇ ਉਹ ਚੀਕਦਾ ਹੈ। **ਬਾਕੀ ਸਫ਼ਾ 31 'ਤੇ**

---

# ਸਿਹਤ ਸੁਰੱਖਿਆ ਦਾ ਬਦਲਦਾ ਰੂਪ


**ਅਮਰਜੀਤ ਸਿੰਘ ਗਰੇਵਾਲ**


ਜੇ ਬਿਮਾਰੀ ਜਹਾਜ਼ ਤੇ ਚੜ ਕੇ ਆ ਰਹੀ ਹੈ ਤਾਂ ਉਸਦੀ ਰੋਕਥਾਮ ਦੇ ਤਰੀਕਿਆਂ ਦੀ ਜਾਣਕਾਰੀ ਰੋਸ਼ਨੀ ਦੀ ਰਫਤਾਰ ਨਾਲ ਬਿਮਾਰੀ ਤੋਂ ਪਹਿਲਾਂ ਪਹੁੰਚਣੀ ਚਾਹੀਦੀ ਸੀ। ਸਾਨੂੰ ਇਸ ਬਿਮਾਰੀ ਤੋਂ ਇਲਾਜ ਨਹੀਂ, ਪ੍ਰਹੇਜ਼ ਬਚਾ ਰਿਹਾ ਹੈ। ਪ੍ਰਹੇਜ਼ ਦਾ ਤਦ ਹੀ ਕੋਈ ਅਰਥ ਹੁੰਦਾ ਹੈ ਜੇ ਉਹ ਬਿਮਾਰੀ ਤੋਂ ਪਹਿਲਾਂ ਪਹੁੰਚੇ। ਬੱਸ, ਇਹੋ ਹੀ ਉਹ ਕੇਂਦਰੀ ਨੁਕਤਾ ਹੈ ਜਿਸਨੇ ਬਦਲ ਰਹੇ ਸਿਹਤ ਸੁਰੱਖਿਆ ਪ੍ਰਬੰਧ ਦਾ ਆਧਾਰ ਬਣਨਾ ਹੈ।

ਕੋਰੋਨਾ ਦੀ ਲਾਇਲਾਜ ਮਹਾਂਮਾਰੀ ਵਿਰੁਧ, ਜਿਸ ਯੁਧਨੀਤੀ ਨਾਲ ਕਰੋੜਾਂ ਲੋਕਾਂ ਦੀ ਜਾਨ ਬਚਾਈ ਜਾ ਰਹੀ ਹੈ, ਉਸ ਯੁਧਨੀਤੀ ਦਾ ਨਾਮ ਹੈ ਅੰਕੜਾ ਵਿਗਿਆਨ (ਡੇਟਾ ਸਾਇੰਸ)। ਦੂਰ-ਇਲਾਜ (ਟੈਲੀ ਮੈਡੀਸਨ) ਉਸਦਾ ਸਾਥ ਦੇ ਰਹੀ ਹੈ। ਇਨਾਂ ਦੋਹਾਂ ਨੂੰ ਦੂਰ-ਸਿਹਤ-ਸੁਰੱਖਿਆ (ਟੈਲੀ ਹੈਲਥ ਕੇਅਰ) ਤਕਨਾਲੋਜੀ ਦਾ ਨਾਮ ਦਿਤਾ ਜਾ ਸਕਦਾ ਹੈ।

ਬਿਮਾਰੀ ਦੇ ਵਿਸ਼ਵ ਭਰ ਵਿਚ ਫੈਲਾਅ ਦੀ ਸਮਝ, ਲੋਕਾਂ ਦੀ ਆਵਾਜਾਈ ਉਪਰ ਕੰਟਰੋਲ, ਪ੍ਰਭਾਵਿਤ ਇਲਾਕਿਆਂ ਦੀ ਪਛਾਣ, ਸੀਮਤ ਵਸੀਲਿਆਂ ਦੀ ਵੰਡ, ਸਿਹਤ ਕਰਮਚਾਰੀਆਂ ਲਈ ਦਿਸ਼ਾ ਨਿਰਦੇਸ਼ ਅਤੇ ਜਨਤਕ ਜਾਗਰੂਕਤਾ, ਆਦਿ ਕੁਝ ਅਜਿਹੇ ਕਾਰਜ ਹਨ, ਜਿਨਾਂ ਬਗੈਰ ਇਹ ਲੜਾਈ ਲੜੀ ਨਹੀਂ ਸੀ ਜਾ ਸਕਦੀ। ਇਹ ਸਾਰੇ ਕਾਰਜ ਡੇਟਾ ਦੇ ਉਤਪਾਦਨ, ਗੁਣਵੰਤਾ, ਪੜਚੋਲ ਅਤੇ ਉਸ ਵਿਚੋਂ ਪੈਦਾ ਹੋਣ ਵਾਲੀ ਸੂਝ ਉਪਰ ਨਿਰਭਰ ਕਰਦੇ ਹਨ।

ਏਨਾ ਹੀ ਜ਼ਰੂਰੀ ਹੈ ਡੇਟਾ ਅਤੇ ਉਸ ਵਿਚੋਂ ਪੈਦਾ ਹੋਣ ਵੀਆਂ ਸਿਆਣਪਾਂ ਦਾ ਹਰ ਕਿਸੇ ਕੋਲ ਪਹੁੰਚਣਾ। ਜਿਹੜੀ ਬਿਮਾਰੀ ਜਹਾਜ਼ਾਂ 'ਤੇ ਚੜ ਕੇ ਆ ਰਹੀ ਹੋਵੇ, ਉਸਦੀ ਰੋਕਥਾਮ ਦੇ ਤਰੀਕਿਆਂ ਦੀ ਜਾਣਕਾਰੀ ਉਸਤੋਂ ਵੀ ਵੱਧ ਰਫਤਾਰ ਨਾਲ, ਬਿਮਾਰੀ ਤੋਂ ਪਹਿਲਾਂ ਪਹੁੰਚਣੀ ਚਾਹੀਦੀ ਸੀ। ਸਾਨੂੰ ਇਸ ਬਿਮਾਰੀ ਤੋਂ ਇਲਾਜ ਨਹੀਂ ਪਰਹੇਜ਼ ਬਚਾ ਰਿਹਾ ਹੈ। ਪ੍ਰਹੇਜ਼ ਦਾ ਤਦ ਹੀ ਕੋਈ ਅਰਥ ਹੁੰਦਾ ਹੈ ਜੇ ਉਹ ਬਿਮਾਰੀ ਤੋਂ ਪਹਿਲਾਂ ਪਹੁੰਚੇ। ਸੋ ਇਸ ਲੜਾਈ ਵਿਚ ਭਾਗੀਦਾਰ ਸਭਨਾ ਧਿਰਾਂ ਦਾ ਡੇਟਾ ਦੇ ਆਦਾਨ ਪ੍ਰਦਾਨ ਅਤੇ ਉਸਦੇ ਸੰਚਾਰ ਪਾਸਾਰ ਲਈ ਆਪਸੀ ਸਹਿਯੋਗ ਉਪਰ ਆਧਾਰਤ ਸਾਂਝੇ ਪਲੇਟਫਾਰਮ ਦਾ ਨਿਰਮਾਣ ਜ਼ਰੂਰੀ ਹੋ ਜਾਂਦਾ ਹੈ।

ਜਦੋਂ ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਵਿਅਕਤੀਆਂ, ਪਰਿਵਾਰਾਂ, ਸ਼ਹਿਰਾਂ, ਸੂਬਿਆਂ ਅਤੇ ਮੁਲਕਾਂ ਦੀਆਂ ਤਾਲਾਬੰਦੀਆਂ ਅਤੇ ਸਰੀਰਕ ਦੂਰੀਆਂ ਹੀ ਪ੍ਰਮੁਖ ਉਪਾਅ ਬਣ ਗਈਆਂ ਹੋਣ, ਤਾਂ ਅਜਿਹੀ ਸਥਿਤੀ ਵਿਚ ਕੇਵਲ ਦੂਰ-ਸਿਹਤ ਸੁਰੱਖਿਆਂ ਦੀ ਵਿਧਾ ਹੀ ਸਹਾਈ ਹੋ ਸਕਦੀ ਸੀ। ਇਸ ਭੂਮਿਕਾ ਕਾਰਨ ਦੂਰ-ਸਿਹਤ ਸੁਰੱਖਿਆ ਪ੍ਰੰਪਰਾਗਤ ਮਰੀਜ ਇਲਾਜ ਪ੍ਰਣਾਲੀ ਦੇ ਸਮਾਨੰਤਰ ਸਥਾਪਤ ਤਾਂ ਹੋ ਗਿਆ ਹੈ। ਪਰ ਇਹ ਜਾਨਣ ਤੋਂ ਬਾਅਦ ਕਿ ਉਸਦੀ ਇਸ ਸਫਲਤਾ ਪਿਛੇ ਡਿਜੀਟਲ ਸਰਵੇਲੈਂਸ ਕੰਮ ਕਰ ਰਹੀ ਸੀ, ਯੂਵਲ ਹਾਰਾਰੀ ਵਰਗੇ ਕਈ ਲੋਕ ਪਰਦੇਦਾਰੀ (ਪਰਾਈਵੇਸੀ) ਦੀ ਉਲੰਘਣਾ ਦਾ ਮਸਲਾ ਉਠਾ ਕੇ ਇਸਦਾ ਵਿਰੋਧ ਕਰਨ ਲੱਗ ਪਏ ਹਨ। ਵਿਰੋਧ ਦੀ ਪੜਤਾਲ ਕਰਨ ਤੋਂ ਪਹਿਲਾਂ ਇਸ ਡੇਟਾ ਅਧਾਰਿਤ ਸਿਹਤ ਸੁਰੱਖਿਆਂ ਪ੍ਰਬੰਧ ਦੇ ਨਿਰਮਾਣ ਅਤੇ ਇਸ ਦੀਆਂ ਸੰਭਾਵਨਾਵਾਂ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ।

ਮਰੀਜ਼-ਕੇਂਦ੍ਰਿਤ ਸਿਹਤ ਸੰਭਾਲ:

ਸਿਹਤ ਸੰਭਾਲ ਦੇ ਖੇਤਰ ਵਿਚ ਅੰਕੜਾ ਵਿਗਿਆਨ ਦੀ ਆਮਦ ਨੇ ਡਾਕਟਰ-ਕੇਂਦ੍ਰਿਤ ਵਿਅਕਤੀਗਤ ਇਲਾਜਾਂ ਨੂੰ ਮਰੀਜ਼-ਕੇਂਦ੍ਰਿਤ ਸਿਹਤ ਸੁਰੱਖਿਆ ਪ੍ਰਬੰਧ ਵਿਚ ਰੂਪਾਂਤ੍ਰਿਤ ਕਰ ਦਿੱਤਾ ਹੈ। ਇਸ ਨਵੇਂ ਪ੍ਰਬੰਧ ਦੀ ਸਫਲਤਾ ਲਈ ਲੱਖਾਂ ਮਰੀਜ਼ ਆਪਣੀ ਮੈਡੀਕਲ ਹਿਸਟਰੀ ਅਤੇ ਵਰਤਮਾਨ ਬਿਮਾਰੀ ਦੀਆਂ ਅਲਾਮਤਾਂ, ਪਛਾਣ, ਇਲਾਜ ਅਤੇ ਮੌਜੂਦਾ ਸਥਿਤੀ ਦੀ ਜਾਣਕਾਰੀ ਸਾਂਝੀ ਕਰਕੇ, ਕੇਵਲ ਇਕ ਦੂਜੇ ਨੂੰ ਹੌਸਲਾ ਹੀ ਨਹੀਂ ਦਿੰਦੇ, ਸਗੋਂ ਉਸ ਬਿਮਾਰੀ ਦੇ ਪੁਖਤਾ ਇਲਾਜ ਅਤੇ ਅਗਾਊਂ ਖੋਜ ਵਿਚ ਵੀ ਸਹਾਈ ਹੁੰਦੇ ਹਨ। ਪਰੈਸ਼ਰ ਗਰੁਪ ਦੇ ਰੂਪ ਵਿਚ ਸਰਕਾਰਾਂ, ਬੀਮਾ ਕੰਪਨੀਆਂ, ਫਰਮਾਂ, ਇੰਡਸਟਰੀ ਅਤੇ ਸਮੁਚੇ ਡਾਕਟਰੀ ਭਾਈਚਾਰੇ ਨੂੰ ਉਸ ਬਿਮਾਰੀ ਦੇ ਇਲਾਜ ਨਾਲ ਜੁੜੀਆਂ ਧਾਰਨਾਵਾਂ ਵਿਚ ਸੁਧਾਰ ਲਿਆਉਣ ਲਈ ਪ੍ਰੇਰਿਤ ਕਰਦੇ ਹਨ।

ਡਾਕਟਰ ਅਤੇ ਮਰੀਜ਼ ਦੇ ਨਿੱਜੀ ਰਿਸ਼ਤੇ ਉਪਰ ਟਿਕੀ ਰਵਾਇਤੀ ਇਲਾਜ ਪ੍ਰਣਾਲੀ, ਜਿਸ ਵਿਚ ਮਰੀਜ਼ ਕੇਵਲ ਡਾਕਟਰ ਦੇ ਨਿਰਦੇਸ਼ਾਂ ਦੀ ਪਾਲਣਾ ਹੀ ਕਰਦਾ ਸੀ ਨੂੰ ਮਰੀਜ਼, ਡਾਕਟਰ, ਖੋਜਕਰਤਾ ਅਤੇ ਹੋਰ ਅਨੇਕਾਂ ਸਿਹਤ-ਸੰਭਾਲ ਪ੍ਰਦਾਤਿਆ ਦੇ ਸਹਿਯੋਗੀ-ਨੈਟਵਰਕ ਦੇ ਰੂਪ ਵਿਚ ਉਸਾਰ ਕੇ ਇਸ ਨਵੀਂ ਵਿਧੀ ਨੇ ਡਾਕਟਰੀ ਧੰਦੇ ਦੇ ਸਿਧਾਂਤ ਅਤੇ ਅਭਿਆਸ ਨੂੰ ਹੀ ਨਵੇਂ ਸਿਰੇ ਤੋਂ ਸੋਚਣ ਵਿਚਾਰਨ ਲਈ ਮਜਬੂਰ ਕਰ ਦਿੱਤਾ ਹੈ।




ਮਰੀਜ਼-ਕੇਂਦ੍ਰਿਤ ਸਿਹਤ ਸੁਰੱਖਿਆ ਉਦੋਂ ਸ਼ੁਰੂ ਹੋਈ, ਜਦੋਂ ਲੋਕਾਂ ਨੇ ਆਪਣੀ ਬਿਮਾਰੀ ਸਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਇੰਟਰਨੈਟ ਉਪਰ ਭਾਲ ਸ਼ੁਰੂ ਕੀਤੀ। ਇਸ ਭਾਲ ਦੌਰਾਨ ਉਨਾਂ ਨੂੰ ਜਿਹੜੇ ਸਮਾਨ ਅਲਾਮਤਾਂ ਵਾਲੇ ਲੋਕ ਮਿਲੇ, ਉਨਾਂ ਨਾਲ ਆਪਣੇ ਤਜਰਬੇ ਸਾਂਝੇ ਕਰਨ ਲਈ ਵੈਬਸਾਈਟਾਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ। ਮੌਜੂਦਾ ਇਲਾਜ ਤੋਂ ਨਾਖੁਸ਼ ਗੰਭੀਰ ਬਿਮਾਰੀ ਵਾਲੇ ਲੋਕਾਂ ਨੇ ਜਦੋਂ ਬਦਲਵੇਂ ਇਲਾਜਾਂ ਬਾਰੇ ਜਾਨਣਾ ਚਾਹਿਆ ਤਾਂ ਡਾਕਟਰ ਅਤੇ ਹੋਰ ਸਿਹਤ-ਸੰਭਾਲ ਪ੍ਰਦਾਤਿਆਂ ਨੇ ਵੀ ਇਨਾਂ ਸਾਂਝੇ-ਸਮੂਹਾਂ ਵਿਚ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ।

ਛੇਤੀ ਹੀ ਅਨੇਕਾਂ ਸੋਸ਼ਲ ਮੀਡੀਆ ਵੈਬਸਾਈਟਾਂ ਸਾਹਮਣੇ ਆਉਣ ਲੱਗੀਆਂ ਜਿਥੇ ਅਣਗਿਣਤ ਲੋਕ ਡਾਕਟਰੀ ਇਲਾਜ ਅਤੇ ਜਨਤਕ ਸਿਹਤ-ਸੰਭਾਲ ਵਿਚ ਅੱਗੇ ਵਧਣ ਲਈ ਇਕ ਦੂਸਰੇ ਦਾ ਸਮਰਥਨ ਪ੍ਰਾਪਤ ਕਰ ਰਹੇ ਸਨ। ਉਦਾਹਰਣ ਦੇ ਤੌਰ 'ਤੇ ਇੰਟਰਨੈਟ ਉਪਰ ਪੇਸ਼ੰਟਸ ਲਾਈਕ ਮੀ, ਏ ਸੀ ਓ ਆਰ, ਐਲ ਏ ਐਮ ਫਾਊਂਡੇਸ਼ਨ, ਕਿਉਰ ਟੁਗੈਦਰ ਵਰਗੀਆਂ ਇਸ ਤਰਾਂ ਦਾ ਕੰਮ ਕਰਨ ਵਾਲੀਆਂ ਅਨੇਕਾਂ ਸਾਈਟਾਂ ਮੌਜੂਦ ਹਨ।

ਕਿਸੇ ਬਿਮਾਰੀ ਦੇ ਲੱਖਾਂ ਮਰੀਜ ਜੋ ਤਜਰਬੇ ਸਾਂਝੇ ਕਰਦੇ ਹਨ, ਉਨਾਂ ਤਜਰਬਿਆਂ ਨੂੰ ਪਹਿਲਾਂ ਡਿਜੀਟਲ ਡੇਟਾ ਵਿਚ ਤਬਦੀਲ ਕਰ ਲਿਆ ਜਾਂਦਾ ਹੈ। ਫੇਰ ਬਹੁਤ ਹੀ ਘੱਟ ਸਮੇ ਅਤੇ ਪੈਸੇ ਨਾਲ, ਆਰਟੀਫੀਸ਼ਲ ਇੰਟੈਲੀਜੈਂਸ ਦੇ ਅਲਗੋਰਿਦਮਾਂ ਰਾਹੀਂ ਉਸ ਡੇਟਾ ਵਿਚੋਂ ਬਿਮਾਰੀ ਸਬੰਧੀ ਜੋ ਸਿਆਣਪਾਂ ਕਸ਼ੀਦ ਕੀਤੀਆਂ ਜਾਂਦੀਆਂ ਹਨ, ਉਹ ਸਿਆਣਪਾਂ ਪ੍ਰੰਪਰਾਗਤ ਖੋਜ ਵਿਧੀਆਂ ਰਾਹੀਂ ਪ੍ਰਾਪਤ ਕਰਨੀਆਂ ਸੰਭਵ ਹੀ ਨਹੀਂ ਸਨ। ਇਸ ਵਿਧੀ ਨੂੰ ਕਰਾਊਡ ਸੋਰਸਿੰਗ ਦਾ ਨਾਮ ਦਿਤਾ ਜਾਂਦਾ ਹੈ। ਹੌਲੀ ਹੌਲੀ ਇਨਾਂ ਵੈਬਸਾਈਟਾਂ ਨੇ ਪਲੈਟਫਾਰਮਾਂ ਦੇ ਰੂਪ ਵਿਚ ਵਿਕਸਤ ਹੋਣਾ ਸ਼ੁਰੂ ਕਰ ਦਿੱਤਾ ਜਿਥੇ ਇਲਾਜ ਵਿਚ ਭਾਗੀਦਾਰੀ (ਪਾਰਟੀਸੀਪੇਟਰੀ ਮੈਡੀਸਨ) ਦੇ ਮੌਡਲ ਰਾਹੀਂ ਸਿਹਤ ਸੁਰੱਖਿਆ ਨਾਲ ਸਬੰਧਤ ਵੱਖ ਵੱਖ ਧਿਰਾਂ ਜਿਵੇਂ ਕਿ ਮਰੀਜ਼ਾਂ, ਡਾਕਟਰਾਂ, ਖੋਜਕਰਤਾਵਾਂ, ਸਿਹਤ ਵਿਭਾਗ ਦੇ ਅਫਸਰਾਂ, ਮੈਡੀਕਲ ਉਪਕਰਨ ਬਣਾਉਣ ਵਾਲੀਆਂ ਕੰਪਨੀਆਂ, ਫਰਮਾਂ, ਉਦਯੋਗ ਅਤੇ ਵਿੱਤੀ ਸੰਸਥਾਵਾਂ, ਆਦਿ ਸਭ ਨੇ ਸਾਂਝ-ਸਮੂਹਾਂ (ਕੌਮਨਜ਼) ਦੇ ਰੁਪ ਵਿਚ, ਸਿਹਤ ਸੰਭਾਲ ਦੀਆਂ ਤੁਰੰਤ, ਅਸਰਦਾਰ ਅਤੇ ਕਿਫਾਇਤੀ ਸੇਵਾਵਾਂ ਨੂੰ ਸਭਨਾ ਦੀ ਪਹੁੰਚ ਵਿਚ ਲਿਆਉਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਹਨ।

ਡਾਕਟਰ ਜੇਬ ਵਿਚ:

ਪੰਜਾਬ ਦੇ ਸ਼ਹਿਰਾਂ ਵਿਚ ਵਿਸ਼ਵ ਪੱਧਰ ਦੇ ਕਈ ਹਸਪਤਾਲ ਮੌਜੂਦ ਹਨ, ਜਿਨਾਂ ਦੀ ਬਦੌਲਤ ਇਹ ਮੈਡੀਕਲ ਟੂਰਿਜ਼ਮ ਦਾ ਡੈਸਟੀਨੇਸਨ ਵੀ ਬਣਿਆ ਹੋਇਆ ਹੈ। ਪਰ ਅਜਿਹੇ ਹਸਪਤਾਲਾਂ ਦੀ ਗਿਣਤੀ ਬਹੁਤ ਘੱਟ ਹੈ। ਮਹਿੰਗੇ ਹੋਣ ਕਰਕੇ ਇਹ ਆਮ ਆਦਮੀ ਦੀ ਪਹੁੰਚ ਤੋਂ ਵੀ ਦੂਰ ਹਨ। ਕੇਵਲ ਇਨਾਂ ਹਸਪਤਲਾਂ ਤੱਕ ਪਹੁੰਚ ਦੀ ਗੱਲ ਨਹੀਂ। ਜੇਕਰ ਸਾਰੇ ਹਸਪਤਾਲਾਂ ਨੂੰ ਧਿਆਨ ਵਿਚ ਰੱਖ ਲਈਏ, ਤਾਂ ਵੀ ਮਰੀਜ਼ਾਂ ਦੀ ਗਿਣਤੀ ਦੇ ਮੁਕਾਬਲੇ ਸਾਡੇ ਹਸਪਤਾਲਾਂ ਦੇ ਬਿਸਤਰਿਆਂ ਦੀ ਗਿਣਤੀ ਏਨੀ ਘੱਟ ਹੈ ਕਿ ਕੇਵਲ ਸ਼ਰਮਿੰਦਾ ਹੀ ਹੋਇਆ ਜਾ ਸਕਦਾ ਹੈ। ਇਕੱਲੇ ਪੰਜਾਬ ਦੀ ਨਹੀਂ, ਸਾਰੇ ਮੁਲਕ ਦੀ ਇਹੋ ਸਥਿਤੀ ਹੈ। ਇਕੋ ਵਿਕਲਪ ਬਚਦਾ ਹੈ ਕਿ ਲੋਕਾਂ ਨੂੰ ਘਰ ਬੈਠਿਆਂ ਹੀ ਵੱਧ ਤੋਂ ਵੱਧ ਡਾਕਟਰੀ ਸਹਾਇਤਾ ਉਪਲਬਧ ਕਰਵਾਈ ਜਾਵੇ।

ਪਰ ਇਹ ਸੁਵਿਧਾ ਤਾਂ ਕੇਵਲ ਦੂਰ-ਸਿਹਤ ਸੁਰੱਖਿਆ ਪ੍ਰਣਾਲੀ ਦੀ ਤਕਨਾਲੋਜੀ ਰਾਹੀ ਹੀ ਸੰਭਵ ਬਣਾਈ ਜਾ ਸਕਦੀ ਹੈ। **ਬਾਕੀ ਸਫ਼ਾ 32 'ਤੇ**


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਜਾਅਲੀ ਏਜੰਟਾਂ ਰਾਹੀਂ ਬਰਤਾਨੀਆ ਅਤੇ ਯੂਰਪ ਵਿਚ ਆਵਾਸ ਲਈ ਪਰਵਾਸ ਸਮੱਸਿਆ

### ਹਰਜੀਤ ਅਟਵਾਲ

ਬਰਤਾਨੀਆ ਅਤੇ ਯੂਰਪ ਦੇ ਵਿਚਕਾਰ ਪੈਂਦੇ ਸਮੁੰਦਰ ਨੂੰ ਇੰਗਲਿਸ਼ ਚੈਨਲ ਕਹਿੰਦੇ ਹਨ। ਛੱਬੀ ਮੀਲ ਦਾ ਇਹ ਸਮੁੰਦਰ ਦੁਨੀਆ ਦੇ ਨਕਸ਼ੇ ’ਤੇ ਬਹੁਤ ਮਹੱਤਵਪੂਰਨ ਹੈ। ਯੂਰਪ ਅਤੇ ਇੰਗਲੈਂਡ ਨੂੰ ਜੋੜਨ ਲਈ ਸਭ ਤੋਂ ਨੇੜਲੀਆਂ ਬੰਦਰਗਾਹਾਂ ਫਰਾਂਸ ਦੀ ਕੈਲੇ ਤੇ ਇੰਗਲੈਂਡ ਦੀ ਡੋਵਰ ਹੈ। ਫੈਰੀ ਰਾਹੀਂ ਪੈਂਤੀ ਕੁ ਮਿੰਟ ਲਗਦੇ ਹਨ। ਹੁਣ ਯੌਰੋਟਨਲ, ਸਮੁੰਦਰ ਹੇਠਾਂ ਸੁਰੰਗ ਬਣਨ ਤੋਂ ਬਾਅਦ ਟਰੇਨ ਵੀ ਚੱਲ ਪਈ ਹੈ। ਅਜੇ ਵੀ ਤੁਸੀਂ ਫਰਾਂਸ ਨੂੰ ਕਾਰ ਚਲਾ ਕੇ ਨਹੀਂ ਜਾ ਸਕਦੇ। ਕਾਰ ਨੂੰ ਟਰੇਨ ਜਾਂ ਫੈਰੀ (ਪਾਣੀ ਵਾਲੇ ਜਹਾਜ਼) ਵਿਚ ਲੱਦ ਕੇ ਲਿਜਾਣਾ ਪੈਂਦਾ ਹੈ। ਵੈਸੇ ਏਨਾ ਕੁ ਸਮੁੰਦਰ ਤਾਂ ਕਈ ਲੋਕ ਸ਼ਰਤਾਂ ਲਾ ਕੇ ਤੈਰ ਕੇ ਵੀ ਪਾਰ ਕਰ ਲੈਂਦੇ ਹਨ ਪਰ ਕੁਝ ਲੋਕਾਂ ਲਈ ਇਹ ਕਬਰਸਤਾਨ ਹੈ। ਜਦ ਤੋਂ ਮਨੁੱਖੀ-ਤਸਕਰਾਂ ਨੇ ਬੰਦੇ ਇੰਗਲੈਂਡ ਲੰਘਾਉਣ ਲਈ ਇਹ ਰੂਟ ਵਰਤਣਾ ਸ਼ੁਰੂ ਕੀਤਾ ਹੈ, ਇੰਗਲਿਸ਼ ਚੈਨਲ ਦਾ ਭਵਸਾਗਰ ਵਾਲਾ ਰੂਪ ਸਾਫ ਸਾਹਮਣੇ ਆ ਗਿਆ ਹੈ। ਅਣਗਿਣਤ ਲੋਕਾਂ ਨੂੰ ਇਹ ਸਮੁੰਦਰ ਨਿਗਲ ਰਿਹਾ ਹੈ।

ਪਿਛਲੇ ਸੱਠ ਸਾਲ ਤੋਂ ਹੀ ਲੋਕ ਗੈਰ-ਕਾਨੂੰਨੀ ਢੰਗ ਨਾਲ ਇੰਗਲੈਂਡ ਵਿਚ ਦਾਖਲ ਹੁੰਦੇ ਆਏ ਹਨ। ਬਹੁਤ ਸਾਰੇ ਰਾਹ ਅਪਣਾਉਂਦਿਆਂ ਲੋਕਾਂ ਨੇ ਲਗਭਗ 1990 ਤੋਂ ਇੰਗਲਿਸ਼ ਚੈਨਲ ਵਾਲਾ ਰਾਹ ਲੈਣਾ ਸ਼ੁਰੂ ਕਰ ਦਿੱਤਾ। ਏਸ਼ੀਆ, ਅਫਰੀਕਾ ਤੋਂ ਲੋਕ ਯੂਰਪ ਰਾਹੀਂ ਹੁੰਦੇ ਹੋਏ ਕੈਲੇ ਪੁੱਜ ਜਾਂਦੇ ਹਨ, ਉਥੇ ਜੰਗਲਾਂ ਵਿਚ ਕੈਂਪ ਲਾ ਕੇ ਬਹਿ ਜਾਂਦੇ ਹਨ ਤੇ ਇਹ ਚੈਨਲ ਪਾਰ ਕਰਨ ਦੇ ਮੌਕੇ ਦੀ ਉਡੀਕ ਕਰਦੇ ਰਹਿੰਦੇ ਹਨ। ਇਹ ਇੰਗਲੈਂਡ ਲੰਘਣ ਲਈ ਕਿਵੇਂ ਜਾਨ ਦੀ ਬਾਜ਼ੀ ਲਾ ਦਿੰਦੇ ਹਨ।

ਕੁਝ ਜਾਅਲੀ ਆਵਾਸੀ ਤਜਰਬਾ ਹੋ ਜਾਣ ’ਤੇ ਖੁਦ ਵੀ ਲੰਘਣ ਦੀਆਂ ਕੋਸ਼ਿਸ਼ਾਂ ਕਰਨ ਲਗਦੇ ਹਨ, ਨਹੀਂ ਤਾਂ ਕੈਲੇ ਤੇ ਹੋਰ ਥਾਵਾਂ ਤੇ ਮਨੁੱਖੀ-ਤਸਕਰ ਬੈਠੇ ਹਨ। ਇਹ ਕਾਫੀ ਸਾਰੇ ਪੈਸੇ ਲੈ ਕੇ ਇਨਾਂ ਜਾਅਲੀਆਂ ਨੂੰ ਇੰਗਲੈਂਡ ਪੁੱਜਣ ਵਿਚ ਮਦਦ ਕਰਦੇ ਹਨ। ਪਹਿਲਾਂ ਤਸਕਰ ਲੌਰੀਆਂ, ਸ਼ਿਪਿੰਗ ਕੰਟੇਨਰਾਂ, ਬੱਸਾਂ, ਟਰੇਨਾਂ ਵਿਚ ਵੀ ਇਨਾਂ ਨੂੰ ਇੰਗਲੈਂਡ ਭੇਜਣ ਦੀ ਕੋਸ਼ਿਸ਼ ਕਰਦੇ ਸਨ। ਕਈ ਵਾਰ ਇਹ ਲੰਘਣ ਵਿਚ ਕਾਮਯਾਬ ਹੋ ਜਾਂਦੇ ਹਨ ਤੇ ਕਈ ਵਾਰ ਫੈਰੀ ਵਿਚ ਚੜਨ ਤੋਂ ਪਹਿਲਾਂ ਹੀ ਫੜੇ ਜਾਂਦੇ ਹਨ। ਕਾਨੂੰਨੀ ਤੌਰ ਤੇ ਇਸ ਕੋਸ਼ਿਸ਼ ਦੀ ਕੋਈ ਸਜ਼ਾ ਨਹੀਂ ਹੁੰਦੀ, ਇਸ ਲਈ ਮੁੜ ਕੋਸ਼ਿਸ਼ਾਂ ਕਰਨ ਲਗਦੇ ਹਨ, ਕਿੰਗ ਬਰੂਸ ਵਾਲੀ ਕਹਾਣੀ ਵਾਂਗ ‘ਟਰਾਈ ਟਰਾਈ ਅਗੇਨ।’

ਇਨਾਂ ਜਾਅਲੀ ਏਜੰਟਾਂ ਦੇ ਬਣਾਏ ਹੋਏ ਕੈਂਪ ਤਾਂ ਫਰਾਂਸ ਤੇ ਬਰਤਾਨਵੀ ਸਰਕਾਰਾਂ ਦੇ ਸਾਂਝੇ ਯਤਨਾਂ ਕਰ ਕੇ ਪੰਜ ਕੁ ਸਾਲ ਪਹਿਲਾਂ ਚੁੱਕ ਦਿੱਤੇ ਗਏ ਹਨ ਪਰ ਅੱਜ ਵੀ ਹਜ਼ਾਰਾਂ ਨਹੀਂ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਏਸ਼ੀਅਨ ਜਾਂ ਅਫਰੀਕਨ ਲੋਕ ਕੈਲੇ ਦੀ ਬੰਦਰਗਾਹ ਨੇੜੇ ਜਾਂ ਸ਼ਹਿਰ ਵਿਚ ਫਿਰਦੇ ਦੇਖੇ ਜਾ ਸਕਦੇ ਹਨ। ਇਹ ਹਰ ਵੇਲੇ ਆਪਣੀ ਕਿਸਮਤ ਅਜ਼ਮਾਉਣ ਦੇ ਯਤਨਾਂ ਵਿਚ ਸਰਗਰਮ ਰਹਿੰਦੇ ਹਨ। ਦਿਲਚਸਪ ਗੱਲ ਇਹ ਕਿ ਕੈਲੇ ਸ਼ਹਿਰ ਦੇ ਲੋਕ ਇਨਾਂ ਦੀ ਮਦਦ ਕਰਦੇ ਰਹੇ ਹਨ। ਕੁਝ ਪੈਸੇ ਫਰਾਂਸ ਸਰਕਾਰ ਵਲੋਂ ਇਨਾਂ ਨੂੰ ਮਿਲਣ ਲਗਦੇ ਹਨ ਤੇ ਕੁਝ ਸਥਾਨਕ ਲੋਕਾਂ ਵਲੋਂ ਵੀ ਸਹਾਇਤਾ ਮਿਲ ਜਾਂਦੀ। ਬੰਦਰਗਾਹ ਨੇੜੇ ਇਨਾਂ ਜਾਅਲੀਆਂ ਨੂੰ ਰੋਕਣ ਲਈ ਵਾੜ ਵੀ ਲਾਈ ਗਈ ਜਿਸ ’ਤੇ 12 ਮਿਲੀਅਨ ਪੌਂਡ ਯੂ.ਕੇ. ਨੇ ਖਰਚਿਆ ਸੀ।

ਯੂਰਪ ਤੋਂ ਸਮਾਨ ਦੀਆਂ ਭਰੀਆਂ ਹਜ਼ਾਰਾਂ ਲਾਰੀਆਂ ਯੂ.ਕੇ. ਆਉਂਦੀਆਂ ਹਨ, ਜਾਅਲੀਆਂ ਲਈ ਇਹ ਜ਼ਰੀਆ ਸਭ ਤੋਂ ਵੱਧ ਕਾਰਗਾਰ ਹਨ। ਕਿੰਨੀਆਂ ਕੁ ਲਾਰੀਆਂ ਦੀ ਤਲਾਸ਼ੀ ਲਈ ਜਾ ਸਕਦੀ ਹੈ? ਲਾਰੀਆਂ ਵਿਚ ਲੰਘਣ ਲਈ ਇਹ ਲੋਕ ਸਾਹ ਘੁੱਟ ਹੋਣ ਦਾ ਜੋਖ਼ਮ ਲੈਂਦੇ ਹਨ। ਦੋ ਕੁ ਸਾਲ ਪਹਿਲਾਂ ਫਰਿੱਜ ਵਾਲੀ ਲੌਰੀ ਵਿਚ ਲੁਕ ਕੇ ਆ ਰਹੇ 39 ਵੀਅਤਨਾਮੀਆਂ ਦੀ ਮੌਤ ਹੋ ਗਈ ਜਿਸ ਨੇ ਯੂਰਪ ਅਤੇ ਯੂ.ਕੇ. ਵਿਚ ਹੰਗਾਮਾ ਖੜਾ ਕਰ ਦਿੱਤਾ। ਇਨਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਚੌਕਸ ਕਰ ਦਿੱਤਾ। ਇਸ ਤਰਾਂ ਇਨਾਂ ਲੋਕਾਂ ਨੂੰ ਲੈ ਕੇ ਜਾਣ ਵਾਲੀਆਂ ਲਾਰੀਆਂ ਦੇ ਮਾਲਕਾਂ ਤੇ ਡਰਾਈਵਰਾਂ ਨੂੰ ਲੰਮੀਆਂ ਸਜ਼ਾਵਾਂ ਹੋਣ ਲੱਗੀਆਂ। ਸੋ ਇਸ ਰਾਹ ਉਪਰ ਬਹੁਤ ਸਖਤੀਆਂ ਹੋਣ ਲਗੀਆਂ। ਇਸ ਤਰਾਂ ਮਨੁੱਖੀ-ਤਸਕਰ ਜਾਅਲੀਆਂ ਨੂੰ ਇੰਗਲੈਂਡ ਲੰਘਾਉਣ ਦੇ ਨਵੇਂ ਨਵੇਂ ਸਾਧਨ ਲੱਭਣ ਲੱਗੇ। ਇੰਗਲਿਸ਼ ਚੈਨਲ ਵਾਲਾ ਸਮੁੰਦਰੀ ਰਾਹ ਵੀ ਇਸੇ ਦਾ ਬਦਲ ਹੈ ਪਰ ਹੈ ਬਹੁਤ ਖਤਰਨਾਕ।

ਯੂ.ਕੇ. ਦੇ ਚਾਰੇ ਪਾਸੇ ਸਮੁੰਦਰ ਲਗਦਾ ਹੈ। ਏਡੇ ਵੱਡੇ ਸਮੁੰਦਰੀ ਤੱਟ ਨੂੰ ਹਰ ਵੇਲੇ ਗਾਰਡ ਕੀਤਾ ਨਹੀਂ ਜਾ ਸਕਦਾ। ਬਾਰਡਰ ਫੋਰਸ ਭਾਵੇਂ ਚੇਤੰਨ ਰਹਿੰਦੀ ਹੈ, ਫਿਰ ਵੀ ਕਿਤੇ ਨਾ ਕਿਤੇ ਵਿਰਲ ਰਹਿ ਜਾਂਦੀ ਹੈ। ਤਸਕਰ ਤਾੜ ਰੱਖਦੇ ਹਨ ਤੇ ਉਧਰੋਂ ਲੋਕਾਂ ਨੂੰ ਕੱਢਣ ਦੀ ਕੋਸ਼ਿਸ਼ ਕਰਦੇ ਹਨ। ਸਮੁੰਦਰ ਦਾ ਇਹ ਪਾੜ ਛੱਬੀ ਮੀਲ ਤਾਂ ਇਕ ਜਗਾ ’ਤੇ ਹੀ ਹੈ, ਬਾਕੀ ਥਾਵਾਂ ’ਤੇ ਇਸ ਤੋਂ ਵੱਧ ਹੈ। ਜਿਨਾਂ ਕਿਸ਼ਤੀਆਂ ਰਾਹੀਂ ਇਹ ਲੋਕ ਸਮੁੰਦਰ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹਨ, ਬਹੁਤ ਸਾਧਾਰਨ ਹੁੰਦੀਆਂ ਹਨ ਤੇ ਇਨਾਂ ਵਿਚ ਲੋਕ ਸਮਰਥਾ ਤੋਂ ਵੱਧ ਚੜਦੇ ਹਨ। ਜੇ ਕਿਸੇ ਪ੍ਰੋਫੈਸ਼ਨਲ ਜਾਂ ਰਜਿਸਟਰ ਕਿਸ਼ਤੀ ਰਾਹੀਂ ਲੰਘਦੇ ਫੜੇ ਜਾਣ ਤਾਂ ਕਿਸ਼ਤੀ ਦੇ ਮਾਲਕ ਨੂੰ ਜੁਰਮਾਨਾ ਜਾਂ ਜੇਲ ਵੀ ਹੋ ਸਕਦੀ ਹੈ। ਇਸ ਲਈ ਇਹ ਸਾਧਾਰਨ, ਬਿਨਾਂ ਕਿਸੇ ਮਾਰਕ ਵਾਲੀਆਂ ਕਿਸ਼ਤੀਆਂ ਰਾਹੀਂ ਲੰਘਦੇ ਹਨ। ਆਮ ਤੌਰ ’ਤੇ ਇਹ ਛੋਟੇ ਇੰਜਣਾਂ ਵਾਲੀਆਂ ਕਿਸ਼ਤੀਆਂ ਹੁੰਦੀਆਂ ਹਨ। ਅਕਸਰ ਹਵਾ ਭਰਨ ਵਾਲੀਆਂ ਕਿਸ਼ਤੀਆਂ ਨੂੰ ਹੀ ਇੰਜਣ ਫਿੱਟ ਕਰ ਲਿਆ ਜਾਂਦਾ ਹੈ। ਕੁਝ ਲੋਕ ਇੰਨੇ ਸਿਰਲੱਥ ਹੋ ਜਾਂਦੇ ਹਨ ਕਿ ਟੁਆਏ-ਬੋਟ ਰਾਹੀਂ ਲੰਘਣ ਦੀਆਂ ਕੋਸ਼ਿਸ਼ਾਂ ਕਰਦੇ ਹਨ। ਹੁਣ ਤਾਂ ਫਿਰ ਵੀ ਸੇਫਟੀ-ਜੈਕਟਾਂ ਪਾਉਣ ਲੱਗੇ ਹਨ, ਪਹਿਲਾਂ ਤਾਂ ਇਵੇਂ ਹੀ ਕਿਸ਼ਤੀਆਂ ਲੈ ਕੇ ਠਿੱਲ ਪੈਂਦੇ ਸਨ। ਕਈ ਵਾਰ ਇਹ ਪਾਰ ਵੀ ਨਹੀਂ ਲੰਘ ਸਕਦੇ, ਕਿਸ਼ਤੀ ਰਾਹ ਵਿਚ ਹੀ ਰਹਿ ਜਾਂਦੀ ਹੈ। ਇਹ ਲੋਕ ਕਿਸ਼ਤੀ ਚਲਾਉਣ ਜਾਂ ਸਮੁੰਦਰੀ ਰਾਹਾਂ ਦੇ ਮਾਹਰ ਨਹੀਂ ਹੁੰਦੇ, ਰਾਹ ਵੀ ਭੁੱਲ ਸਕਦੇ ਹਨ। ਇਸ ਜਗਾ ਦਾ ਸਮੁੰਦਰ ਵੀ ਕਈ ਵਾਰ ਬਹੁਤ ਗੁੱਸੇ ਵਿਚ ਹੁੰਦਾ ਹੈ ਤੇ ਸਾਧਾਰਨ ਕਿਸ਼ਤੀਆਂ ਨੂੰ ਉਲਟਾ ਮਾਰਦਾ ਹੈ। ਸੋ ਇਸ ਸਫਰ ਨੂੰ ਸਾਰੇ ਸਰ ਕਰ ਸਕਣਗੇ, ਇਸ ਦੀ ਕੋਈ ਗਰੰਟੀ ਨਹੀਂ। ਇਨਾਂ ਵਿਚੋਂ ਕੁਝ ਦੀਆਂ ਦੇਹਾਂ ਸਮਾਂ ਪਾ ਕੇ ਕੰਢੇ ਆ ਲਗਦੀਆਂ ਹਨ। ਸਮੁੰਦਰੀ ਤੱਟ ਉਪਰ ਪੈਂਦੇ ਪਿੰਡਾਂ ਦੇ ਲੋਕਾਂ ਵਿਚ ਇਨਾਂ ਬੇਪਛਾਣ ਲਾਸ਼ਾਂ ਦੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਪਿੱਛੇ ਜਿਹੇ ਬੀਬੀਸੀ ਉਪਰ ਲੜੀਵਾਰ ਡਰਾਮਾ ‘ਡੋਂਟ ਫੌਰਗੈਟ ਦਾ ਡਰਾਈਵਰ’ ਚੱਲ ਰਿਹਾ ਸੀ ਜਿਸ ਦੀ ਕਹਾਣੀ ਸਮੁੰਦਰੀ ਕੰਢਲੇ ਪਿੰਡ ਬੌਗਨੌਰ ਰੈਜਿਜ਼ ਤੇ ਆਧਾਰਤ ਹੈ। ਇਸ ਡਰਾਮੇ ਵਿਚ ਬੱਸ ਡਰਾਈਵਰ ਬੱਸ ਲੈ ਕੇ ਫਰਾਂਸ ਜਾਂਦਾ ਰਹਿੰਦਾ ਹੈ ਤੇ ਕਦੀ ਕਦੀ ਕਿਸੇ ਜਾਅਲੀ ਆਵਾਸੀ ਨੂੰ ਵੀ ਲੈ ਆਉਂਦਾ ਹੈ। ਉਸ ਪਿੰਡ ਦੇ ਆਮ ਲੋਕਾਂ ਦੀ ਗੱਲਬਾਤ ਵਿਚ ਗੈਰ-ਕਾਨੂੰਨੀਆਂ ਬਾਰੇ ਤੇ ਕੰਢੇ ਲਗਦੀਆਂ ਬੇਪਛਾਣ ਲਾਸ਼ਾਂ ਬਾਰੇ ਚਰਚਾ ਹੁੰਦੀ ਹੈ। ਪਿਛਲੇ ਸਾਲ ਦਿੱਤੇ ਅੰਕੜਿਆਂ ਅਨੁਸਾਰ ਕੁਲ ਤਿੰਨ ਸੌ ਲਾਸ਼ਾਂ ਸਮੁੰਦਰ ਵਿਚੋਂ ਚੁੱਕੀਆਂ ਗਈਆਂ ਸਨ ਜਿਨਾਂ ਵਿਚੋਂ ਛੱਤੀ ਬੱਚਿਆਂ ਦੀਆਂ ਸਨ। ਸਹੀ ਅੰਕੜੇ ਭਾਵ ਜੋ ਡੁੱਬ ਗਈਆਂ ਜਾਂ ਨਹੀਂ ਮਿਲੀਆਂ, ਉਨਾਂ ਦੀ ਕੋਈ ਗਿਣਤੀ ਨਹੀਂ। ਫਰਾਂਸ ਤੇ ਯੂ.ਕੇ. ਦੀਆਂ ਸਰਕਾਰਾਂ ਬਹੁਤ ਰੌਲਾ ਪਾਉਂਦੀਆਂ ਹਨ ਕਿ ਇੰਗਲਿਸ਼ ਚੈਨਲ ਕਬਰਸਤਾਨ ਹੈ, ਇਸ ਵਿਚ ਨਾ ਜਾਓ ਪਰ ਕੋਈ ਨਹੀਂ ਸੁਣਦਾ।

ਕੁਝ ਕਿਸ਼ਤੀਆਂ ਕਿਨਾਰੇ ਲੱਗ ਵੀ ਜਾਂਦੀਆਂ ਹੋਣਗੀਆਂ ਤਾਂ ਹੀ ਤਾਂ ਹੋਰ ਕਿਸ਼ਤੀਆਂ ਨੂੰ ਠੱਲਣ ਦਾ ਹੌਂਸਲਾ ਮਿਲਦਾ ਹੋਵੇਗਾ। ਬਹੁਤ ਵਾਰੀ ਬਾਰਡਰ ਫੋਰਸ ਵਾਲੇ ਇਨਾਂ ਨੂੰ ਫੜ ਵੀ ਲੈਂਦੇ ਹਨ। ਕਈ ਵਾਰ ਕਿਸ਼ਤੀਆਂ ਡੁੱਬ ਜਾਂਦੀਆਂ ਹਨ ਤੇ ਇਹ ਲੋਕ ਪਾਣੀ ਉਪਰ ਤੈਰ ਰਹੇ ਹੁੰਦੇ ਹਨ ਜਾਂ ਕਿਸ਼ਤੀ ਡੁੱਬਣ ਕਿਨਾਰੇ ਹੁੰਦੀ ਹੈ, ਅਜਿਹੇ ਵੇਲੇ ਕੋਈ ਨਾ ਕੋਈ ਸੇਫਟੀ ਬੋਟ ਇਨਾਂ ਨੂੰ ਆ ਕੇ ਬਚਾਉਂਦੀ ਹੈ। ਜੇ ਇਹ ਬ੍ਰਿਟਿਸ਼ ਬਾਰਡਰ ਫੋਰਸ ਹੱਥ ਚੜ ਜਾਣ ਤਾਂ ਇਨਾਂ ਦੀਆਂ ਪੌ-ਬਾਰਾਂ ਹੋ ਜਾਂਦੀਆਂ ਹਨ, ਇਹ ਉਸੇ ਵੇਲੇ ਸਿਆਸੀ ਸ਼ਰਨ ਮੰਗ ਲੈਂਦੇ ਹਨ। ਅਜਿਹੀ ਹਾਲਤ ਵਿਚ ਯੂ.ਕੇ. ਸਰਕਾਰ ਨੂੰ ਉਨਾਂ ਉਪਰ ਕੇਸ ਚਲਾਉਣਾ ਪੈਂਦਾ ਹੈ ਕਿ ਵਾਕਿਆ ਹੀ ਉਹ ਸਿਆਸੀ ਸ਼ਰਨ ਦੇ ਹੱਕਦਾਰ ਹਨ ਕਿ ਨਹੀਂ। ਜਦ ਤੱਕ ਕੇਸ ਚਲਦਾ ਹੈ, ਉਨਾਂ ਨੂੰ ਆਰਜ਼ੀ ਤੌਰ ’ਤੇ ਯੂ.ਕੇ. ਵਿਚ ਰਹਿਣ ਦੀ ਆਗਿਆ ਮਿਲ ਜਾਂਦੀ ਹੈ। ਇਨਾਂ ਵਿਚੋਂ ਬਹੁਤੇ ਪੱਕੇ ਵੀ ਹੋ ਜਾਂਦੇ ਹਨ। ਇਹ ਕਾਨੂੰਨੀ ਪ੍ਰਕਿਰਿਆ ਬਹੁਤ ਮਹਿੰਗੀ ਹੁੰਦੀ ਹੈ ਜਿਸ ਦੇ ਖਰਚੇ ਦਾ ਸਾਰਾ ਭਾਰ ਸਰਕਾਰ ਰਾਹੀਂ ਆਮ ਲੋਕਾਂ ’ਤੇ ਪੈਂਦਾ ਹੈ।

ਕਿਸ਼ਤੀਆਂ ਰਾਹੀਂ ਚੋਰੀ ਛੁਪੇ ਲੰਘਣ ਦੀਆਂ ਖ਼ਬਰਾਂ ਢਾਈ ਤਿੰਨ ਸਾਲ ਕੁ ਤੋਂ ਹੀ ਉਭਰ ਕੇ ਸਾਹਮਣੇ ਆਉਣ ਲੱਗੀਆਂ ਹਨ। ਅੰਕੜਿਆਂ ਮੁਤਾਬਕ 2020 ਵਿਚ 8500 ਗੈਰ-ਕਾਨੂੰਨੀ ਲੋਕ ਕਿਸ਼ਤੀਆਂ ਰਾਹੀਂ ਯੂ.ਕੇ. ਪੁੱਜੇ ਹਨ। ਇਸ ਨਾਲ ਸਿਆਸੀ ਸ਼ਰਨ ਮੰਗਣ ਵਾਲੇ ਲੋਕਾਂ ਵਿਚ ਬਹੁਤ ਵਾਧਾ ਹੋ ਗਿਆ ਹੈ। ਇਕ ਲੱਖ ਤੋਂ ਕਿਤੇ ਉਪਰ ਲੋਕ ਇਸ ਵੇਲੇ ਸਿਆਸੀ ਸ਼ਰਨ ਦੀਆਂ ਆਪਣੀਆਂ ਅਰਜ਼ੀਆਂ ਦੇ ਫੈਸਲੇ ਦੀ ਉਡੀਕ ਕਰ ਰਹੇ ਹਨ।

ਅੱਜ ਕੱਲ ਕਿਸ਼ਤੀਆਂ ਰਾਹੀਂ ਲੰਘਣ ਵਾਲੇ ਲੋਕਾਂ ਨੂੰ ਲੈ ਕੇ ਖ਼ਬਰਾਂ ਬਹੁਤ ਸਰਗਰਮ ਹਨ। ਯੂ.ਕੇ. ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਸਿਆਸੀ ਸ਼ਰਨ ਵਾਲਾ ਕਾਨੂੰਨ ਬਦਲਣ ਦੀ ਤਿਆਰੀ ਕਰ ਰਹੀ ਹੈ। ਪਹਿਲਾਂ ਇੰਗਲੈਂਡ ਯੂਰਪੀਅਨ ਯੂਨੀਅਨ ਵਿਚ ਹੋਣ ਕਰ ਕੇ ਉਨਾਂ ਦੇ ਕਾਨੂੰਨ ਮੰਨਦਾ ਸੀ, ਹੁਣ ਇੰਗਲੈਂਡ ਆਜ਼ਾਦ ਹੈ ਤੇ ਆਪਣੇ ਹਿਸਾਬ ਨਾਲ ਸਿਆਸੀ ਸ਼ਰਨ ਵਾਲੇ ਕਾਨੂੰਨ ਨੂੰ ਬਦਲਣ ਦੀ ਤਿਆਰੀ ਸ਼ੁਰੂ ਹੈ। ਇਸ ਵੇਲੇ ਇੰਝ ਫੜੇ ਗਏ ਲੋਕਾਂ ਨੂੰ ਸਿਆਸੀ ਸ਼ਰਨ ਦੇ ਕੇਸ ਚਲਾਉਣ ਲਈ ਉਨਾਂ ਨੂੰ ਯੂ.ਕੇ. ਦੀ ਥਾਵੇਂ ਕਿਸੇ ਹੋਰ ਮੁਲਕ ਵਿਚ ਭੇਜਣ ਦੀ ਤਿਆਰੀ ਹੋ ਰਹੀ ਹੈ। ਇਕ ਤਾਂ ਇਹ ਤਰੀਕਾ ਸੋਚਿਆ ਜਾ ਰਿਹਾ ਹੈ ਕਿ ਉਨਾਂ ਨੂੰ ਉਥੇ ਹੀ ਵਾਪਸ ਭੇਜਿਆ ਜਾਵੇ ਜਿਥੋਂ ਉਹ ਆਏ ਹਨ। ਬਹੁਤੇ ਫਰਾਂਸ ਵਿਚੋਂ ਹੀ ਆਉਂਦੇ ਹਨ,

**ਬਾਕੀ ਸਫ਼ਾ 31 ’ਤੇ**

# ਚਿੰਤਾ ਰੋਗ

### ਹਰਕੀਰਤ ਕੌਰ
੯੭੭੯੧੧੮੦੬੬

ਸੰਸਾਰ ਵਿੱਚ ਚਿੰਤਾ ਰੋਗ ਬਹੁਤ ਵੱਧ ਚੁੱਕਾ ਹੈ। ਹਰ ਕਿਸੇ ਨੂੰ ਕੋਈ ਨਾ ਕੋਈ ਚਿੰਤਾ ਲੱਗੀ ਹੀ ਰਹਿੰਦੀ ਹੈ। ਚਿੰਤਾ ਅੱਜ ਕੱਲ ਮਨੁੱਖੀ ਜੀਵਨ ਦਾ ਇੱਕ ਅੰਗ ਬਣ ਗਈ ਹੈ। ਚਿੰਤਾ ਇੱਕ ਭੈੜੀ, ਤਬਾਹ ਤੇ ਨਾਸ਼ ਕਰ ਦੇਣ ਵਾਲੀ ਆਦਤ ਹੈ, ਜਿਹੜੀ ਕਿ ਮਨੁੱਖ ਨੇ ਸੱਭਿਅਤਾ ਦੇ ਦੌਰਾਨ ਵਿੱਚ ਆਪਣੇ ਗਲ ਪਾ ਲਈ ਹੈ। ਸੱਭਿਅਤਾ ਦੇ ਆਉਣ ਤੋਂ ਪਹਿਲਾਂ ਮਨੁੱਖੀ ਜੀਵਨ ਵਿੱਚ ਵਿੱਚ ਚਿੰਤਾ ਦਾ ਨਾਮ ਨਿਸ਼ਾਨ ਨਹੀਂ ਸੀ। ਜੰਗਲਾਂ ਅਤੇ ਗੁਫ਼ਾਵਾਂ ਵਿੱਚ ਰਹਿਣ ਵਾਲਾ ਨੰਗ-ਮਨੁੰਗਾ ਪ੍ਰਾਚੀਨ ਮਨੁੱਖ ਕਦੇ ਚਿੰਤਾ ਨਹੀਂ ਸੀ ਕਰਦਾ ਅਤੇ ਨਾ ਹੀ ਉਸ ਨੂੰ ਪਤਾ ਸੀ ਕਿ ਚਿੰਤਾ ਕੀ ਹੈ। ਉਹ ਸਦਾ ਖੁਸ਼ ਤੇ ਸੰਤੁਸ਼ਟ ਰਹਿੰਦਾ ਸੀ। ਜੇ ਕਿਤੇ ਪ੍ਰਾਚੀਨ ਮਨੁੱਖ ਵੀ ਚਿੰਤਤ ਹੁੰਦਾ ਤਾਂ ਸੱਚ ਜਾਣੋ ਕਿ ਮਨੁੱਖੀ ਨਸਲ ਇਸ ਵੇਲੇ ਤਕ ਧਰਤੀ ਤੋਂ ਕਦੇ ਦੀ ਅਲੋਪ ਹੋ ਚੁੱਕੀ ਹੁੰਦੀ।

ਅਸਲ ਵਿੱਚ ਚਿੰਤਾ ਅੱਜ ਕੱਲ ਦੇ ਗੁੰਝਲਦਾਰ ਜੀਵਨ ਦਾ ਫਲ ਹੈ। ਗੁੰਝਲਦਾਰ ਜੀਵਨ ਦੇ ਕਾਰਨ ਹਰ ਆਦਮੀ ਦੀਆਂ ਆਪਣੀਆਂ ਆਪਣੀਆਂ ਸਮੱਸਿਆਵਾਂ ਤੇ ਔਕੜਾਂ ਹਨ। ਪਰ ਚਿੰਤਾ ਕਰਨਾ ਕਿਸੇ ਔਕੜ ਦਾ ਹੱਲ ਨਹੀਂ। ਇਸ ਨਾਲ ਔਕੜਾਂ ਹੋਰ ਵੱਧਦੀਆਂ ਹਨ।

ਅੱਜ ਕੱਲ ਮਨੁੱਖ ਦੀ ਸਫਲਤਾ ਅਸਫਲਤਾ ਕੇਵਲ ਉਸਦੇ ਬਲ ਅਤੇ ਹਿੰਮਤ ਤੇ ਹੀ ਨਿਰਭਰ ਨਹੀਂ, ਇਹ ਨਵੀਆਂ ਤਾਕਤਾਂ ਉੱਤੇ ਵੀ ਨਿਰਭਰ ਹੈ। ਜਿਹੜੀਆਂ ਕਿ ਵਰਤਮਾਨ ਸੱਭਿਅਤਾ ਦੇ ਨਾਲ ਨਾਲ ਪੈਦਾ ਹੋ ਰਹੀਆਂ ਹਨ। ਅੱਜ ਕੱਲ ਦਾ ਮਨੁੱਖ ਕੋਈ ਕੰਮ ਵੀ ਇਕੱਲਾ ਨਹੀਂ ਕਰ ਸਕਦਾ। ਉਹ ਕੀ ਕਮਾਵੇਗਾ ਅਤੇ ਕੀ ਖਾਵੇਗਾ, ਇਹ ਉਸਦੀ ਕਲਾ, ਮਿਹਨਤ ਜਾਂ ਕੰਮ ਤੇ ਨਿਰਭਰ ਨਹੀਂ ਬਲਕਿ ਉਸਦੇ ਇਰਦ ਗਿਰਦ ਦੀਆਂ ਸਮਾਜਿਕ ਅਤੇ ਆਰਥਿਕ ਤਾਕਤਾਂ ਉੱਪਰ ਨਿਰਭਰ ਹੈ।

ਨਵੀ ਸੱਭਿਅਤਾ ਨੇ ਜਿੱਥੇ ਬਹੁਤ ਤਰਾਂ ਦੇ ਸੁੱਖ ਅਰਾਮ ਦਿੱਤੇ ਹਨ, ਉੱਥੇ ਮਨੁੱਖ ਦਾ ਲਹੂ ਪੀਣ ਵਾਲੀ ਚਿੰਤਾ ਵੀ ਸਾਡੀ ਝੋਲੀ ਪਾ ਦਿੱਤੀ। ਚਿੰਤਾ ਜੀਵਨ ਦੇ ਹਰ ਪਹਿਲੂ ਉੱਪਰ ਅਸਰ ਪਾ ਰਹੀ ਹੈ। ਇਹ ਮਨੁੱਖ ਦੇ ਪਰਿਵਾਰਿਕ ਅਤੇ ਸਮਾਜਿਕ ਸਬੰਧਾਂ ਨੂੰ ਵਿਗਾੜ ਰਹੀ ਹੈ। ਜਿਵੇਂ ਜਿਵੇਂ ਵਰਤਮਾਨ ਸੱਭਿਅਤਾ ਅਗਾਂਹ ਵੱਧ ਰਹੀ ਹੈ, ਤਿਉਂ ਤਿਉਂ ਚਿੰਤਾ ਵੀ ਵੱਧਦੀ ਜਾ ਰਹੀ ਹੈ। ਸੱਭਿਅਤਾ ਅਤੇ ਚਿੰਤਾ ਦੋਵੇਂ ਨਾਲ ਨਾਲ ਹੀ ਚੱਲਦੀਆਂ ਹਨ, ਫ਼ਰਕ ਸਿਰਫ਼ ਏਨਾ ਹੈ ਕਿ ਸੱਭਿਅਤਾ ਅੱਗੇ ਹੋ ਤੁਰਦੀ ਹੈ ਅਤੇ ਚਿੰਤਾ ਉਸਦੇ ਪਿੱਛੇ ਪਿੱਛੇ । ਚਿੰਤਾ ਇੱਕ ਬਹੁਤ ਹੀ ਨਕਾਰੀ ਅਤੇ ਹਾਨੀਕਾਰਕ ਆਦਤ ਹੈ, ਜਿਹੜੀ ਮਨੁੱਖ ਅਣਭੋਲ ਹੀ ਆਪਣੇ ਗਲ ਪਾ ਲੈਂਦਾ ਹੈ। ਜੇਕਰ ਚਿੰਤਾ ਦੇ ਮੁੱਲ ਦਾ ਅਨੁਮਾਨ ਲਗਾਉਣਾ ਹੋਵੇ ਤਾਂ ਡਾਕਟਰਾਂ, ਨਰਸਾਂ ਅਤੇ ਹਸਪਤਾਲਾਂ ਦੇ ਤੁਸੀਂ ਉਹ ਬਿੱਲ ਵੇਖੋ ਜਿਹੜੇ ਚਿੰਤਾ ਰੋਗੀ ਨੂੰ ਦੇਣੇ ਪੈਂਦੇ ਹਨ। ਇਸਦਾ ਹਾਨੀਕਾਰਕ ਅਸਰ ਵੇਖਣਾ ਹੋਵੇ ਤਾਂ ਉਹ ਸੁਨਹਿਰੀ ਮੌਕੇ ਵੇਖੋ ਜਿਹੜੇ ਕਿ ਚਿੰਤਾਵਾਨ ਆਪਣੇ ਹੱਥੋਂ ਗਵਾ ਬਾਕੀ ਦੁਨੀਆ ਤੋਂ ਪਿੱਛੇ ਰਹਿ ਚੁੱਕਾ ਹੁੰਦਾ।

ਚਿੰਤਾ ਸੱਭਿਅਤਾ ਤੋਂ ਪੈਦਾ ਹੁੰਦੀ ਹੈ। ਇਸ ਲਈ ਚਿੰਤਾ ਨੂੰ ਦੂਰ ਕਰਨ ਦੇ ਦੋ ਹੀ ਤਰੀਕੇ ਹਨ, ਜਾਂ ਤਾਂ ਸੱਭਿਅਤਾ ਬਦਲ ਦੇਈਏ ਜਾਂ ਫਿਰ ਸੱਭਿਅਤਾ ਦੇ ਨਾਲ ਨਾਲ ਆਪਣੇ ਆਪ ਨੂੰ ਬਦਲ ਲਈਏ। ਹੁਣ ਏਥੇ ਇਹ ਗੱਲ ਵੀ ਗੌਰ ਫਰਮਾਉਣ ਵਾਲੀ ਹੈ ਕਿ ਸੱਭਿਅਤਾ ਨੂੰ ਅਸੀਂ ਬਦਲ ਨਹੀਂ ਸਕਦੇ, ਕਿਉਂਕਿ ਇਹ ਸਾਡੀ ਤਾਕਤ ਤੋਂ ਬਾਹਰ ਦੀ ਗੱਲ ਹੈ। ਇਸ ਲਈ ਚਿੰਤਾ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਆਪਣੇ ਆਪ ਨੂੰ ਹੀ ਬਦਲਣਾ ਪਵੇਗਾ।

ਕਈ ਵਾਰ ਮਨੁੱਖ ਦੀ ਜਿੰਦਗੀ ਵਿੱਚ ਅਜਿਹੇ ਹਾਲਾਤ ਬਣ ਜਾਂਦੇ ਹਨ ਕਿ ਉਨਾਂ ਨੂੰ ਬਦਲਣਾ ਮਨੁੱਖੀ ਹਸਤੀ ਤੋਂ ਬਾਹਰ ਹੁੰਦਾ ਹੈ, ਜਦੋਂ ਅਸੀਂ ਇਨਾਂ ਹਲਾਤਾਂ ਨੂੰ ਬਦਲਣ ਵਿੱਚ ਨਾਕਾਮਯਾਬ ਹੁੰਦੇ ਹਾਂ ਤਾਂ ਚਿੰਤਾ ਕਰਨ ਦੀ ਬਜਾਏ ਆਪਣੇ ਆਪ ਨੂੰ ਉਨਾਂ ਦੇ ਅਨੁਸਾਰ ਬਦਲ ਲੈਣਾ, ਹਾਰ ਨਹੀਂ ਬਲਕਿ ਜਿੱਤ ਅਖਵਾਉਂਦਾ ਹੈ। ਸਾਨੂੰ ਇੱਕ ਸਿਆਣੇ ਜਰਨੈਲ ਦੀ ਤਰਾਂ ਹੋਣਾ ਚਾਹੀਦਾ ਹੈ, ਕਿਉਂਕਿ ਇੱਕ ਸੂਝਵਾਨ ਜਰਨੈਲ ਹੀ ਜਾਣਦਾ ਹੈ ਕਿ ਕਿਸ ਵੇਲੇ ਪਿਛਾਂਹ ਮੁੜਨ ਵਿੱਚ ਉਸਦੀ ਫ਼ੌਜ ਦਾ ਲਾਭ ਹੈ।

ਜੇਕਰ ਅਸੀਂ ਜੀਵਨ ਯੁੱਧ ਨੂੰ ਚੰਗੀ ਤਰਾਂ ਲੜਨਾ ਹੈ ਤਾਂ ਸਾਨੂੰ ਘੱਟ ਤੋਂ ਘੱਟ ਚਿੰਤਾ ਕਰਨੀ ਚਾਹੀਦੀ ਹੈ। ਮਨੁੱਖ ਕੋਲ ਤਿੰਨ ਰਸਤੇ ਹੁੰਦੇ ਹਨ, ਜਾਂ ਤਾਂ ਹਾਲਾਤ ਨੂੰ ਬਦਲ ਲਵੇ, ਜਾਂ ਫਿਰ ਹਾਲਾਤ ਬਾਰੇ ਸੋਚ ਕੇ ਚਿੰਤਾ ਕਰੇ ਜਾਂ ਫਿਰ ਹਾਲਾਤ ਨਾਲ ਸਮਝੌਤਾ ਕਰੇ ਅਤੇ ਜਿਨਾਂ ਹਲਾਤਾਂ ਨੂੰ ਬਦਲ ਨਹੀਂ ਸਕਦਾ ਉਨਾਂ ਵਿਚੋਂ ਹੀ ਖੁਸ਼ੀ ਲੱਭਣ ਦਾ ਯਤਨ ਕਰੇ।ਜੋ ਸਾਡੇ ਅਤੇ ਸਾਡੇ ਪਰਿਵਾਰ ਲਈ ਬਹੁਤ ਲਾਭਦਾਇਕ ਹੋਵੇਗੀ। ਅਖੀਰ ਵਿੱਚ ਫਿਰ ਦੁਹਰਾ ਦੇਣਾ ਚਾਹਾਂਗੀ ਕਿ ਨਵੀਂ ਸੱਭਿਅਤਾ ਅਤੇ ਵਿਕਾਸ ਜੋ ਸਮੇਂ ਦੀ ਚਿੰਤਾ ਦਾ ਮੂਲ ਕਾਰਨ ਹੈ, ਇਸ ਨੂੰ ਨਾ ਤਾਂ ਅਸੀਂ ਬਦਲ ਸਕਦੇ ਹਾਂ ਤੇ ਨਾ ਹੀ ਉੱਕਾ ਖਤਮ ਕਰ ਸਕਦੇ ਹਾਂ। ਇਸ ਲਈ ਸਿਆਣਪ ਇਸੇ ਵਿੱਚ ਹੈ ਕਿ ਅਸੀਂ ਨਵੀਂ ਸੱਭਿਅਤਾ ਦੇ ਵਿਕਾਸ ਤੋਂ ਪੈਦਾ ਹੋ ਰਹੇ ਨਵੇਂ ਹਾਲਾਤਾਂ ਦੇ ਅਨੁਸਾਰ ਆਪਣੇ ਆਪ ਵਿੱਚ ਤਬਦੀਲੀ ਲੈ ਕੇ ਆਈਏ ਤਾਂ ਜੋ ਵੱਧ ਰਹੀਆਂ ਬੇਲੋੜੀਆਂ ਚਿੰਤਾਵਾਂ ਅਤੇ ਹਾਨੀਕਾਰਕ ਬੋਝ ਤੋਂ ਕੁਝ ਹੱਦ ਤੱਕ ਬਚ ਸਕੀਏ।



# ਮਾਤ ਭਾਸ਼ਾਵਾਂ ਕਿਉਂ ਮਰ ਰਹੀਆਂ ਨੇ

**ਪਰਮਜੀਤ ਸਿੰਘ ਢੀਂਗਰਾ**

ਮਾਤ ਭਾਸ਼ਾ ਮਨੁੱਖ ਦੇ ਸੱਭਿਆਚਾਰ ਦੀ ਵੀ ਪਛਾਣ ਹੁੰਦੀ ਹੈ। ਉਹ ਦੁਨੀਆ ਦੇ ਕਿਸੇ ਵੀ ਖਿੱਤੇ ਵਿਚ ਚਲਾ ਜਾਵੇ ਮਾਤ ਭਾਸ਼ਾ ਉਸ ਦੇ ਨਾਲ-ਨਾਲ ਸਫ਼ਰ ਕਰਦੀ ਹੈ। ਪਰ ਦੁਨੀਆ ਵਿਚ ਹੋਏ ਰਾਜ ਪਲਟਿਆਂ ਅਤੇ ਜਿੱਤਾਂ ਦੀ ਲਾਲਸਾ ਨੇ ਮਨੁੱਖੀ ਮਾਨਸਿਕਤਾ ਨੂੰ ਗੁਲਾਮ ਬਣਾਉਣ ਦਾ ਰਾਹ ਫੜਿਆ। ਇਹ ਗੱਲ ਸੌ ਫ਼ੀਸਦੀ ਸੱਚ ਹੈ ਕਿ ਮਾਤ ਭਾਸ਼ਾ ਮਨੁੱਖ ਦਾ ਗੌਰਵ, ਸਵੈਮਾਣ ਤੇ ਉਹਦੀ ਤਾਕਤ ਹੁੰਦੀ ਹੈ। ਜੇ ਉਹਦੇ ਕੋਲੋਂ ਉਹਦੀ ਭਾਸ਼ਾ ਖੋਹ ਲਈ ਜਾਵੇ ਤਾਂ ਉਹ ਅਪੰਗ ਹੋ ਜਾਂਦਾ ਹੈ। ਮਨੁੱਖ ਦਾ ਸੁਭਾਵਿਕ ਵਿਕਾਸ ਤੇ ਚਰਿੱਤਰ ਨਿਰਮਾਣ ਮਾਤ ਭਾਸ਼ਾ ਰਾਹੀਂ ਹੀ ਹੁੰਦਾ ਹੈ। ਮਾਤ ਭਾਸ਼ਾ ਮਨੁੱਖ ਅੰਦਰ ਸਹਿਜ ਗੁਣਾਂ ਦਾ ਸੰਚਾਰ ਹੀ ਨਹੀਂ ਕਰਦੀ ਸਗੋਂ ਉਹਦੀ ਸ਼ਖ਼ਸੀਅਤ ਨੂੰ ਘੜਨ ਤੇ ਬੌਧਿਕ ਵਿਕਾਸ ਨੂੰ ਤੇਜ਼ ਕਰਨ ਦਾ ਸੰਦ ਵੀ ਬਣਦੀ ਹੈ। ਸਦੀਆਂ ਦਾ ਇਤਿਹਾਸ ਦੱਸਦਾ ਹੈ ਕਿ ਇਕ ਪਾਸੇ ਮਨੁੱਖ ਤਰੱਕੀ ਵੱਲ ਵਧਿਆ ਦੂਜੇ ਪਾਸੇ ਇਕ ਮਨੁੱਖੀ ਧਿਰ ਨੇ ਦੂਜੀ ਧਿਰ ਨੂੰ ਲਤਾੜਨ ਤੇ ਗੁਲਾਮ ਬਣਾਉਣ ਲਈ ਉਹਦੀ ਭਾਸ਼ਾ, ਗਿਆਨ, ਸੱਭਿਆਚਾਰ ਤੇ ਉਹਦੀ ਮਨੁੱਖਤਾ ਨੂੰ ਤਬਾਹ ਕੀਤਾ।

ਇੱਕੀਵੀਂ ਸਦੀ ਨੂੰ ਮਾਤ ਭਾਸ਼ਾਵਾਂ ਦੀ ਸਦੀ ਕਿਹਾ ਜਾ ਰਿਹਾ ਹੈ। ਕਾਰਨ ਇਹ ਹੈ ਕਿ ਇਸ ਸਦੀ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਅਲੋਪ ਹੋ ਰਹੀਆਂ ਹਨ। ਇਸ ਲਈ ਮਰ ਰਹੀਆਂ ਮਾਤ ਭਾਸ਼ਾਵਾਂ ਨੂੰ ਬਚਾਉਣ ਦਾ ਹੋਕਾ ਦਿੱਤਾ ਜਾ ਰਿਹਾ ਹੈ। ਅੱਜ ਮਨੁੱਖ ਕੋਲ ਤਕਨੀਕੀ ਤੌਰ 'ਤੇ ਪੁਖਤਾ ਗਿਆਨ ਤੇ ਤਕਨਾਲੋਜੀ ਹੈ ਜਿਸ ਨਾਲ ਮਰ ਰਹੀਆਂ ਭਾਸ਼ਾਵਾਂ ਨੂੰ ਸਾਂਭਿਆ ਜਾ ਸਕਦਾ ਹੈ। ਮੌਤ ਸਿਰਫ ਭਾਸ਼ਾ ਦੀ ਹੀ ਨਹੀਂ ਹੁੰਦੀ ਸਗੋਂ ਉਸ ਨਾਲ ਜੁੜਿਆ ਇਤਿਹਾਸ, ਸੱਭਿਆਚਾਰ, ਗਿਆਨ, ਲੋਕ ਪਰੰਪਰਾਵਾਂ ਸਭ ਕੁਝ ਨਸ਼ਟ ਹੋ ਜਾਂਦਾ ਹੈ। ਜਦੋਂ ਯੂਨੈਸਕੋ ਨੇ ਬੰਗਲਾ ਦੇਸ਼ ਵਿਚ ਮਾਤ ਭਾਸ਼ਾ ਦਾ ਹੱਕ ਮੰਗਦੇ ਮਾਰੇ ਗਏ ਲੋਕਾਂ ਦੀ ਯਾਦ ਵਿਚ ਸੰਨ 2000 ਵਿਚ 221 ਫਰਵਰੀ ਨੂੰ ਕੌਮਾਂਤਰੀ ਮਾਤ ਭਾਸ਼ਾ ਦਿਵਸ ਮਨਾਉਣ ਦਾ ਐਲਾਨ ਕੀਤਾ ਸੀ ਤਾਂ ਇਹਦਾ ਵੱਡਾ ਕਾਰਨ ਮਰ ਰਹੀਆਂ ਭਾਸ਼ਾਵਾਂ ਦੀ ਚਿੰਤਾ ਵੀ ਸੀ ਤੇ ਲੋਕਾਂ ਨੂੰ ਆਪਣੀਆਂ ਮਾਤ ਭਾਸ਼ਾਵਾਂ ਬਾਰੇ ਜਾਗਰੂਕ ਕਰਨਾ ਵੀ ਸੀ। ਜੇ ਨਜ਼ਰ ਮਾਰੀਏ ਤਾਂ ਪੂਰੀ ਦੁਨੀਆ ਵਿਚ ਕੁੱਲ 7000 ਭਾਸ਼ਾਵਾਂ ਰਜਿਸਟਰ ਕੀਤੀਆਂ ਗਈਆਂ ਹਨ ਪਰ ਇਨਾਂ ਤੋਂ ਕਿਤੇ ਵਧੇਰੇ ਉਹ ਮਾਂ ਬੋਲੀਆਂ ਹਨ ਜੋ ਦੂਰ-ਦੁਰਾਡੇ ਦੇ ਕਬਾਇਲੀ ਇਲਾਕਿਆਂ ਵਿਚ ਬੋਲੀਆਂ ਜਾਂਦੀਆਂ ਹਨ। ਇਹ ਵਧੇਰੇ ਕਰਕੇ ਮੌਖਿਕ ਹਨ। ਜੇ ਇਕੱਲੇ ਭਾਰਤ ਨੂੰ ਹੀ ਲਈਏ ਤਾਂ ਉੱਤਰ-ਪੂਰਬ, ਛੱਤੀਸਗੜ, ਮੱਧ ਪ੍ਰਦੇਸ਼, ਓਡੀਸ਼ਾ, ਉੱਤਰਾਖੰਡ, ਪੱਛਮੀ-ਬੰਗਾਲ ਤੇ ਅੰਡੇਮਾਨ-ਨਿਕੋਬਾਰ ਟਾਪੂਆਂ 'ਤੇ ਹਿੰਦੀ ਤੇ ਅੰਗਰੇਜ਼ੀ ਦੇ ਗਲਬੇ ਨੇ ਕਬਾਇਲੀ ਖੇਤਰਾਂ ਦੀਆਂ ਬੋਲੀਆਂ ਨੂੰ ਹਾਸ਼ੀਏ 'ਤੇ ਧੱਕ ਦਿਤਾ ਹੈ। ਅਜਿਹੀ ਸਥਿਤੀ ਦੁਨੀਆ ਦੇ ਦੂਸਰੇ ਮੁਲਕਾਂ ਦੇ ਕਬਾਇਲੀ ਖੇਤਰਾਂ ਵਿਚ ਵੀ ਨਜ਼ਰ ਆਉਂਦੀ ਹੈ। ਮਸਲਨ ਅਫਰੀਕਾ, ਦੱਖਣੀ ਅਮਰੀਕਾ, ਨਿਊਜ਼ੀਲੈਂਡ ਤੇ ਆਸਟ੍ਰੇਲੀਆ ਦੇ ਮੂਲ ਨਿਵਾਸੀ ਆਪਣੇ ਪ੍ਰਕਿਰਤਕ ਧਰਮ ਅਤੇ ਬੋਲੀਆਂ ਦਾ ਤਿਆਗ ਕਰਨ ਲਈ ਮਜਬੂਰ ਕੀਤੇ ਗਏ ਹਨ। ਉਹ ਇਸਾਈ ਜਾਂ ਮੁਸਲਮਾਨ ਬਣਾ ਦਿੱਤੇ ਗਏ ਹਨ। ਉਨਾਂ ਦੀਆਂ ਭਾਸ਼ਾਵਾਂ ਤੇ ਪਰੰਪਰਾਵਾਂ ਖੋਹ ਕੇ ਉਨਾਂ ਉਪਰ ਅੰਗਰੇਜ਼ੀ ਦਾ ਝੁੱਲ ਪਾ ਦਿੱਤਾ ਗਿਆ ਹੈ। ਉਨਾਂ ਕਬਾਇਲੀਆਂ ਦੀ ਮਾਨਸਿਕਤਾ ਇਸ ਹੱਦ ਤੱਕ ਜੜ ਕਰ ਦਿੱਤੀ ਗਈ ਹੈ ਕਿ ਉਹ ਹੁਣ ਖ਼ੁਦ ਨੂੰ ਵੀ ਕਬਾਇਲੀ ਸੱਦਿਆ ਜਾਣਾ ਪਸੰਦ ਨਹੀਂ ਕਰਦੇ।

26 ਜਨਵਰੀ, 2010 ਵਾਲੇ ਦਿਨ ਜਦੋਂ ਸਮੁੱਚਾ ਭਾਰਤ ਦੇਸ਼ ਗਣਤੰਤਰ ਦਿਵਸ ਦੀਆਂ ਖ਼ੁਸ਼ੀਆਂ ਮਨਾ ਰਿਹਾ ਸੀ। ਸੰਵਿਧਾਨ ਵਿਚ ਮਿਲੇ ਭਾਸ਼ਾਈ ਅਧਿਕਾਰਾਂ ਕਰਕੇ ਹਰ ਪ੍ਰਦੇਸ਼ ਦੀਆਂ ਝਾਕੀਆਂ ਆਪਣੇ ਸੱਭਿਆਚਾਰ ਨੂੰ ਲੈ ਕੇ ਰਾਜ ਪੱਥ 'ਤੇ ਅਲਖ ਜਗਾ ਰਹੀਆਂ ਸਨ ਤਾਂ ਉਸ ਵੇਲੇ ਦੇਸ਼ ਦੀ ਰਾਜਧਾਨੀ ਤੋਂ ਚਾਰ ਹਜ਼ਾਰ ਕਿਲੋਮੀਟਰ ਦੂਰ ਅੰਡੇਮਾਨ ਟਾਪੂਆਂ 'ਤੇ 'ਬੋ' ਕਬੀਲੇ ਦੀ ਇਕ ਵਡੇਰੀ ਉਮਰ ਦੀ ਔਰਤ ਬੋ ਸੀਨੀਅਰ ਦੁਨੀਆ ਨੂੰ ਅਲਵਿਦਾ ਕਹਿ ਗਈ। ਸਵਾਲ ਇਹ ਹੈ ਕਿ ਹਰ ਰੋਜ਼ ਬਿਮਾਰੀਆਂ, ਮਹਾਂਮਾਰੀਆਂ, ਦੁਰਘਟਨਾਵਾਂ ਵਿਚ ਬਥੇਰੇ ਲੋਕ ਮਰ ਜਾਂਦੇ ਹਨ ਤਾਂ ਫਿਰ ਇਕ ਕਬਾਇਲੀ ਔਰਤ ਦੀ ਮੌਤ ਦਾ ਜ਼ਿਕਰ ਮੈਂ ਕਿਉਂ ਕਰ ਰਿਹਾ ਹਾਂ। ਉਹ ਇਸ ਲਈ ਕਿ 'ਬੋ' ਭਾਸ਼ਾ ਬੋਲਣ ਵਾਲੀ ਉਹ ਔਰਤ ਉਸ ਕਬੀਲੇ ਦੀ ਆਖਰੀ ਵਿਅਕਤੀ ਸੀ। ਭਾਸ਼ਾ ਵਿਗਿਆਨੀ ਅਨਵਿਤਾ ਆਬੀ ਅਨੁਸਾਰ 'ਬੋ' ਭਾਸ਼ਾ 65 ਹਜ਼ਾਰ ਵਰੇ ਪੁਰਾਣੀ ਹੈ ਤੇ ਉਸ ਦੇ ਆਖਰੀ ਬੁਲਾਰੇ ਦੀ ਮੌਤ ਨਾਲ ਏਨੇ ਲੰਬੇ ਯੁੱਗ ਦਾ ਇਤਿਹਾਸ, ਸੱਭਿਆਚਾਰ, ਪਰੰਪਰਾਵਾਂ, ਭਾਸ਼ਾ ਸਭ ਕੁਝ ਲੁਪਤ ਹੋ ਗਿਆ।

ਇਤਿਹਾਸ ਗਵਾਹ ਹੈ ਕਿ ਲਗਪਗ ਡੇਢ ਸੌ ਵਰੇ ਪਹਿਲਾਂ ਅੰਡੇਮਾਨ ਵਿਚ ਦਸ ਭਾਸ਼ਾ ਸਮੁਦਾਇ 'ਗ੍ਰੇਟ ਅੰਡੇਮਾਨ' ਦੇ ਰੂਪ ਵਿਚ ਜਾਣੇ ਜਾਂਦੇ ਸਨ। ਉਦੋਂ ਉਨਾਂ ਦੀ ਆਬਾਦੀ ਲਗਭਗ ਪੰਜ ਹਜ਼ਾਰ ਸੀ ਪਰ ਹੁਣ ਸਿਰਫ ਪੰਜਾਹ ਰਹਿ ਗਈ ਹੈ। ਭਾਵ ਡੇਢ ਸਦੀ ਵਿਚ ਸੁੰਗੜ ਕੇ ਇਕ ਪ੍ਰਤੀਸ਼ਤ ਰਹਿ ਜਾਣਾ ਚਿੰਤਾ ਦਾ ਵਿਸ਼ਾ ਹੈ। ਦੂਜੀ ਚਿੰਤਾ ਇਹ ਹੈ ਕਿ ਦਸ ਕਬਾਇਲੀ ਭਾਸ਼ਾਵਾਂ ਵਿਚੋਂ ਸੱਤ ਅਲੋਪ ਹੋ ਗਈਆਂ ਹਨ। 'ਬੋ' ਵਰਗੀ ਭਾਸ਼ਾ ਇਨਾਂ ਵਿਚੋਂ ਇਕ ਹੈ ਜੋ ਸੀਨੀਅਰ




ਬੋ ਦੀ ਮੌਤ ਨਾਲ ਖ਼ਤਮ ਹੋ ਗਈ। ਅਜਿਹੀਆਂ ਕਬਾਇਲੀ ਮਾਂ ਬੋਲੀਆਂ ਨੂੰ ਬਚਾਉਣ ਲਈ ਕੋਈ ਯਤਨ ਨਹੀਂ ਕੀਤਾ ਗਿਆ। ਇਤਿਹਾਸਕਾਰ ਇਹ ਗੱਲ ਮੰਨਦੇ ਹਨ ਕਿ ਕਬਾਇਲੀ ਪ੍ਰੰਪਰਾਵਾਂ ਵਿਚ ਦੁਨੀਆ ਦੇ ਪ੍ਰਾਚੀਨ ਇਤਿਹਾਸ ਤੇ ਮਨੁੱਖੀ ਵਿਕਾਸ ਯਾਤਰਾ ਦੇ ਸ੍ਰੋਤ ਪਏ ਹਨ।

'ਬੋ' ਭਾਸ਼ਾ ਵਾਂਗ ਹੀ ਮੈਕਸੀਕੋ ਦੀ ਇਕ ਪ੍ਰਾਚੀਨ ਭਾਸ਼ਾ 'ਇਆਪਾਨੇਕੋ' 2012 ਵਿਚ ਅਲੋਪ ਹੋ ਗਈ ਕਿਉਂਕਿ ਉਸ ਸਮੇਂ ਤੱਕ ਇਸ ਭਾਸ਼ਾ ਨੂੰ ਬੋਲਣ ਵਾਲੇ ਦੋ ਬੱਚੇ ਹੀ ਬਚੇ ਸਨ। ਪਰ ਉਹ ਵੀ ਇਸ ਭਾਸ਼ਾ ਵਿਚ ਗੱਲਬਾਤ ਕਰਨ ਦੀ ਬਜਾਏ ਦੂਜੀ ਭਾਸ਼ਾ ਵਰਤਣ ਲੱਗ ਪਏ। ਇਆਪਾਨੇਕੋ, ਬੋਲੀ ਦਾ ਮਹੱਤਵ ਇਸ ਪੱਖੋਂ ਵੀ ਹੈ ਕਿ ਮੈਕਸੀਕੋ 'ਤੇ ਸਪੈਨਿਸ਼ ਜਿੱਤ ਦੀ ਇਸ ਨੂੰ ਗਵਾਹ ਮੰਨਿਆ ਜਾਂਦਾ ਹੈ। ਇਹ ਜ਼ਰੂਰ ਹੈ ਕਿ ਇੰਡੀਆਨਾ ਯੂਨੀਵਰਸਿਟੀ ਦੇ ਇਕ ਵਿਦਵਾਨ ਨੇ ਸਮਾਂ ਰਹਿੰਦਿਆਂ ਇਸ ਦਾ ਇਕ ਕੋਸ਼ ਤਿਆਰ ਕਰ ਲਿਆ।

ਯੂਨੈਸਕੋ ਅਨੁਸਾਰ 2001 ਵਿਚ ਸੰਸਾਰ ਦੀਆਂ ਮਰ ਚੁੱਕੀਆਂ ਭਾਸ਼ਾਵਾਂ ਦੀ ਗਿਣਤੀ 900 ਸੀ ਜੋ ਕਿ ਇਕ ਦਹਾਕੇ ਬਾਅਦ ਵਧ ਕੇ 2700 ਹੋ ਗਈ। ਸੰਸਾਰ ਦੀਆਂ 199 ਬੋਲੀਆਂ ਬੋਲਣ ਵਾਲਿਆਂ ਵਿਚੋਂ ਹਰੇਕ ਦੀ ਗਿਣਤੀ ਬਾਰਾਂ ਤੋਂ ਘੱਟ ਹੈ। ਯੂਕਰੇਨ ਦੀ 'ਕੈਰੇਮ' ਬੋਲੀ ਬੋਲਣ ਵਾਲੇ ਸਿਰਫ਼ ਛੇ ਲੋਕ ਬਚੇ ਹਨ। ਓਕਲਾਹਾਮਾ ਵਿਚ 'ਵਿਚਿਤਾ' ਬੋਲੀ ਬੋਲਣ ਵਾਲੇ ਸਿਰਫ਼ ਦਸ ਜਣੇ ਬਚੇ ਹਨ ਤੇ ਇੰਡੋਨੇਸ਼ੀਆ ਵਿਚ 'ਲੈਂਗਿਲੂ' ਬੋਲੀ ਬੋਲਣ ਵਾਲੇ ਸਿਰਫ਼ ਚਾਰ ਜਣੇ ਰਹਿ ਗਏ ਹਨ। ਦੁਨੀਆ ਦੀਆਂ 178 ਬੋਲੀਆਂ ਬੋਲਣ ਵਾਲਿਆਂ ਦੀ ਗਿਣਤੀ ਸਿਰਫ ਡੇਢ ਸੌ ਰਹਿ ਗਈ ਹੈ। ਭਾਰਤ ਵਿਚ 196 ਭਾਸ਼ਾਵਾਂ ਦੀ ਹੋਂਦ ਖ਼ਤਰੇ ਵਿਚ ਹੈ। 1770 ਈਸਵੀ ਵਿਚ ਸਇਏਗਾ ਨੇਵਾਦਾ ਵਿਚ ਇਕ ਹਜ਼ਾਰ ਮੂਲ ਨਿਵਾਸੀ ਇੰਡੀਅਨਜ਼ 'ਤੂਬਾਤੂਲਾਬਲ' ਭਾਸ਼ਾ ਬੋਲਦੇ ਸਨ ਤੇ ਅਠਾਰਵੀਂ ਸਦੀ ਤੱਕ 'ਕੂਪੇਨੋ' ਵੀ ਬੋਲੀ ਜਾਂਦੀ ਸੀ ਪਰ ਹੁਣ ਇਹ ਦੋਵੇਂ ਸੁੰਗੜ ਕੇ ਸਾਨ ਲੂਈ ਰੇ ਦੇ ਛੋਟੇ ਜਿਹੇ ਹਿੱਸੇ ਤੱਕ ਸੀਮਤ ਹੋ ਗਈਆਂ ਹਨ। ਸੋਲਵੀਂ ਸਦੀ ਦੇ ਅੱਧ ਵਿਚ ਉੱਤਰ-ਪੱਛਮੀ ਨਿਕਾਰਾਗੂਆ ਅਤੇ ਵਰਤਮਾਨ ਹੋਂਡੂਰਾਸ ਵਿਚ 'ਮਾਤਗਲਪਾ' ਭਾਸ਼ਾ ਪ੍ਰਚੱਲਿਤ ਸੀ ਪਰ ਹੁਣ ਅਲੋਪ ਹੋਣ ਦੇ ਕੰਢੇ ਹੈ। ਉਤਰੀ ਮੈਕਸੀਕੋ ਅਤੇ ਪ੍ਰਸ਼ਾਂਤ ਤੱਟ ਦੇ ਕੰਢੇ ਬੋਲੀਆਂ ਜਾਣ ਵਾਲੀਆਂ ਪੁਰਾਤਨ ਭਾਸ਼ਾਵਾਂ ਟੋਮਾਟੇਕਾ, ਕਕੋਮਾ, ਕੂਚਾਰੇਟੋ ਆਦਿ ਅਲੋਪ ਹੋ ਗਈਆਂ ਹਨ।

ਇਸ ਪ੍ਰਸੰਗ ਵਿਚ ਜਾਰਜ ਸਟੇਨਰ ਲਿਖਦਾ ਹੈ ਕਿ ਅਫਰੀਕਾ, ਭਾਰਤ ਅਤੇ ਦੱਖਣੀ ਅਮਰੀਕਾ ਵਿਚ ਮਿਲਦੀਆਂ ਭਾਸ਼ਾਈ ਵਿਭਿੰਨਤਾਵਾਂ ਤੇ ਮਨੁੱਖਾਂ ਦਾ ਇਕ-ਦੂਜੇ ਨੂੰ ਚੰਗੀ ਤਰਾਂ ਨਾ ਸਮਝਣਾ, ਇਕ ਦਾ ਦੂਜੇ ਨਾਲ ਨਫ਼ਰਤ ਕਰਨਾ ਬੜਾ ਕਸ਼ਟਦਾਇਕ ਹੈ। ਜੇਤੂਆਂ ਅਤੇ ਆਧੁਨਿਕ ਸੱਭਿਅਤਾ ਦੁਆਰਾ ਕਬਾਇਲੀਆਂ ਦੀਆਂ ਭਾਸ਼ਾਵਾਂ ਨੂੰ ਜ਼ਬਰਦਸਤੀ ਖੋਹਣਾ, ਉਨਾਂ ਦੇ ਅਵਿਕਸਿਤ ਸੱਭਿਆਚਾਰਾਂ ਦੇ ਦਮਨ ਕਾਰਨ ਉਨਾਂ ਦੀ ਪਛਾਣ ਪੁਨਰ ਜੀਵਤ ਨਹੀਂ ਹੋ ਸਕੀ। ਸੰਖੇਪ ਵਿਚ ਕਿਹਾ ਜਾਵੇ ਤਾਂ ਸਮੁੱਚੇ ਮਨੁੱਖੀ ਇਤਿਹਾਸ ਵਿਚ ਭਾਸ਼ਾਵਾਂ ਦੂਸਰੇ ਲੋਕਾਂ ਲਈ ਖਮੋਸ਼ੀ ਦੇ ਖੇਤਰ ਅਤੇ ਵੰਡ ਦੇ ਰੂਪ ਵਿਚ ਬਹੁਤ ਵੱਡੇ ਸੰਕਟਾਂ ਵਾਂਗ ਰਹੀਆਂ ਹਨ।

**ਬਾਕੀ ਸਫ਼ਾ 33 'ਤੇ**

# ਅਲੋਪ ਹੋ ਗਿਆ ਪੰਜਾਬੀ ਸੱਭਿਆਚਾਰ ਦਾ ਮਹੱਤਵਪੂਰਨ ਚਿੰਨ "ਸੰਦੂਕ"



**ਰਵਨਜੋਤ ਕੌਰ ਸਿੱਧੂ ਰਾਵੀ**
**ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ**

**ਕਿਹੜੇ ਪਿੰਡ ਮੁਕਲਾਵੇ ਜਾਣਾ**
**ਨੀਂ ਨਿੰਮ ਦੇ ਸੰਦੂਕ ਵਾਲੀਏ।**

ਸੰਦੂਕ ਪੰਜਾਬੀ ਸੱਭਿਆਚਾਰ ਦਾ ਮਹੱਤਵਪੂਰਨ ਚਿੰਨ ਹੈ। ਇਕ ਸਮਾਂ ਅਜਿਹਾ ਵੀ ਸੀ ਜਦੋਂ ਹਰ ਘਰ ਵਿਚ ਸੰਦੂਕ ਦੀ ਸਰਦਾਰੀ ਹੁੰਦੀ ਸੀ। ਸੰਦੂਕ ਲੱਕੜੀ ਦਾ ਬਣਿਆ ਇੱਕ ਵਰਗਾਕਾਰ ਬਕਸਾ ਹੁੰਦਾ ਹੈ। ਭਾਵੇਂ ਅੱਜ ਕੱਲ ਲੜਕੀ ਨੂੰ ਦਾਜ ਵਿੱਚ ਲੋਹੇ ਦੀ ਪੇਟੀ ਜਾਂ ਅਲਮਾਰੀ ਦਿੱਤੀ ਜਾਂਦੀ ਹੈ ਪਰ ਪੁਰਾਤਨ ਸਮੇਂ ਵਿੱਚ ਸੰਦੂਕ ਦਾਜ ਵਿੱਚ ਦੇਣ ਵਾਲੀ ਇੱਕ ਅਹਿਮ ਵਸਤੂ ਹੁੰਦਾ ਸੀ। ਉੱਥੇ ਹੀ ਇਕ ਜ਼ਰੂਰੀ ਘਰੇਲੂ ਵਸਤੂ ਵੀ ਸੀ, ਜਿਸ ਵਿਚ ਸੁਆਣੀਆਂ ਆਪਣੇ ਪਹਿਨਣ ਵਾਲੇ ਕੱਪੜੇ, ਫੁਲਕਾਰੀਆਂ, ਪੱਖੀਆਂ, ਭਾਂਡੇ, ਬਿਸਤਰੇ, ਝੋਲੇ ਅਤੇ ਹਾਰ-ਸ਼ਿੰਗਾਰ ਆਦਿ ਦਾ ਸਾਮਾਨ ਰੱਖਦੀਆਂ ਸਨ। ਸੰਦੂਕ ਅਕਸਰ ਵਧੀਆ ਅਤੇ ਮਜ਼ਬੂਤ ਲੱਕੜੀ ਦਾ ਕਿਸੇ ਮਾਹਿਰ ਕਾਰੀਗਰ ਵੱਲੋਂ ਤਿਆਰ ਕੀਤਾ ਜਾਂਦਾ ਸੀ। ਇਸ ਲਈ ਕਾਲੀ ਟਾਹਲੀ, ਨਿੰਮ ਜਾਂ ਕਿੱਕਰ ਦੀ ਲੱਕੜ ਵਰਤੀ ਜਾਂਦੀ ਸੀ। ਸੰਦੂਕ ਲਈ ਕਾਲੀ ਟਾਹਲੀ ਦੀ ਲੱਕੜ ਸਭ ਤੋਂ ਉੱਤਮ ਮੰਨੀ ਜਾਂਦੀ ਸੀ ਪਰ ਟਾਹਲੀ ਨੂੰ ਕਾਲੀ ਹੋਣ 'ਤੇ ਬਹੁਤ ਸਮਾਂ ਲੱਗਦਾ ਸੀ। ਇਸ ਲਈ ਇਹ ਲੱਕੜ ਬਹੁਤ ਮੁਸ਼ਕਿਲ ਨਾਲ ਮਿਲਦੀ ਸੀ। ਇਸ ਤੋਂ ਬਣੇ ਸੰਦੂਕ ਬਹੁਤ ਸੋਹਣੇ, ਚਮਕਦਾਰ ਤੇ ਮਜ਼ਬੂਤ ਹੁੰਦੇ ਸਨ। ਲੱਕੜੀ ਦੇ ਕੰਮ ਵਿੱਚ ਨਿਪੁੰਨ ਕਾਰੀਗਰ ਸੰਦੂਕ ਨੂੰ ਬੜੀਆਂ ਰੀਝਾਂ ਨਾਲ ਬਣਾਉਂਦੇ ਸਨ। ਜਦੋਂ ਸੰਦੂਕ ਦਾਜ ਵਿੱਚ ਦੇਣ ਲਈ ਤਿਆਰ ਕਰਨਾ ਹੁੰਦਾ ਸੀ ਤਾਂ ਵਿਆਹ ਤੋਂ ਦੋ ਤਿੰਨ ਮਹੀਨੇ ਪਹਿਲਾਂ ਮਾਹਿਰ ਤਰਖਾਣ ਨੂੰ ਘਰ ਬਿਠਾਇਆ ਜਾਂਦਾ ਸੀ। ਤਰਖਾਣ ਕਾਰੀਗਰ ਆਪਣੀ ਪੂਰੀ ਕਲਾ ਕਿਰਤ ਅਤੇ ਮਹੀਨ ਮੀਨਾਕਾਰੀ ਰਾਹੀਂ ਸੰਦੂਕ ਤਿਆਰ ਕਰਦੇ ਸਨ। ਸੰਦੂਕ ਦਾ ਪਿਛਲਾ ਹਿੱਸਾ ਬਿਲਕੁਲ ਸਾਫ਼ ਅਤੇ ਸਾਧਾਰਨ ਰੱਖਿਆ ਜਾਂਦਾ ਸੀ। ਸਾਹਮਣੇ ਵਾਲੇ ਪਾਸੇ ਅਤੇ ਪਾਸਿਆਂ ਵਾਲੇ ਹਿੱਸੇ ਉੱਤੇ ਵਰਗਾਕਾਰ ਡੱਬੇ ਬਣਾਏ ਜਾਂਦੇ ਸਨ। ਸੰਦੂਕ ਨੂੰ ਹੋਰ ਸ਼ਿੰਗਾਰਨ ਲਈ ਮਾਹਿਰ ਕਾਰੀਗਰ ਪਿੱਤਲ ਦੀਆਂ ਮੇਖਾਂ, ਸ਼ੀਸ਼ਿਆਂ ਦੇ ਟੁੱਕੜੇ ਅਤੇ ਰੰਗਾਂ ਦਾ ਪ੍ਰਯੋਗ ਵੀ ਕਰਦੇ ਸਨ।



ਸੰਦੂਕਾਂ ਉੱਪਰ ਹਾਰ-ਸ਼ਿੰਗਾਰ ਲਈ ਵੱਡਾ ਸ਼ੀਸਾ ਜਾਂ ਗੁਰੂਆਂ ਦੀਆਂ ਤਸਵੀਰਾਂ ਵੀ ਫਿੱਟ ਕਰ ਦਿੱਤੀਆਂ ਜਾਂਦੀਆਂ ਸਨ।

**ਗੱਡੀ ਵਿਚ ਆ ਗਿਆ ਸੰਦੂਕ ਮੁਟਿਆਰ ਦਾ**
**ਸ਼ੀਸ਼ਿਆਂ ਜੜਤ ਚਮਕਾਰੇ ਪਿਆ ਮਾਰਦਾ।**

ਸੰਦੂਕ ਦੀ ਪਾਵਿਆਂ ਸਮੇਤ ਉਚਾਈ ਲਗਭਗ 6 ਫ਼ੁੱਟ ਹੁੰਦੀ ਹੈ ਅਤੇ ਲੰਬਾਈ ਚੌੜਾਈ ਕ੍ਰਮਵਾਰ 5/6 ਤੇ 3/8 ਫ਼ੁੱਟ ਹੁੰਦੀ ਸੀ। ਸੰਦੂਕ ਦੇ ਸਾਹਮਣੇ ਵਾਲੇ ਹਿੱਸੇ ਵਿੱਚ 7/8 ਕੁ ਇੰਚ ਦੇ ਡੱਬੇ ਬਣੇ ਹੁੰਦੇ ਸਨ। ਦੋ ਛੱਤਾਂ ਵਾਲੇ ਸੰਦੂਕ ਦੇ ਅੰਦਰ ਵਿਚਕਾਰ ਇੱਕ ਫੱਟਾ ਲਗਾ ਦਿੱਤਾ ਜਾਂਦਾ ਸੀ ਤੇ ਦੋ ਟਾਕੀਆਂ ਲਗਾ ਦਿੱਤੀਆਂ ਜਾਂਦੀਆਂ ਸਨ। ਦੋ ਛੱਤੇ ਸੰਦੂਕਾਂ ਦੇ ਹੇਠਲੇ ਪਾਸੇ ਬਿਸਤਰੇ ਜਿਵੇ ਦਰੀਆਂ, ਖੇਸ, ਰਜਾਈਆਂ, ਗਦੈਲੇ ਰੱਖੇ ਜਾਂਦੇ ਸਨ। ਉਪਰਲੇ ਖਾਨੇ ਵਿੱਚ ਘਰ ਜਾਂ ਔਰਤ ਦੇ ਨਿੱਤ ਵਰਤੋਂ ਦਾ ਸਾਮਾਨ ਸਾਂਭਿਆ ਜਾਂਦਾ ਸੀ। ਸੰਦੂਕ ਵਿੱਚ ਇੱਕ-ਦੋ ਸ਼ੈਲਫਾਂ ਵੀ ਪਾਈਆਂ ਜਾਂਦੀਆਂ ਸਨ, ਜਿਨਾਂ ਨੂੰ ਫੱਟੀਆਂ ਕਿਹਾ ਜਾਂਦਾ ਸੀ। ਇਨਾਂ ਫੱਟੀਆਂ ਉੱਪਰ ਪੰਜਾਬਣ ਮੁਟਿਆਰ ਆਪਣੇ ਹਾਰ-ਸ਼ਿੰਗਾਰ ਦਾ ਸਾਮਾਨ ਰੱਖਦੀ ਸੀ, ਜਿਸ ਵਿੱਚ 'ਸੁਹਾਗ ਪਿਟਾਰੀ' ਦਾ ਅਹਿਮ ਸਥਾਨ ਸੀ। ਸੁਹਾਗ ਪਿਟਾਰੀ ਅੱਜ-ਕੱਲ ਦੇ 'ਮੇਕਅੱਪ ਬਾਕਸ' ਵਾਂਗ ਲੱਕੜੀ ਦਾ ਇੱਕ ਢੱਕਣ ਵਾਲਾ ਡੱਬਾ ਹੁੰਦਾ ਸੀ, ਜਿਸ ਨੂੰ ਗੋਟੇ-ਕਿਨਾਰੀਆਂ 'ਤੇ ਰੰਗਦਾਰ ਕੱਪੜੇ ਖਾਸ ਕਰਕੇ ਲਾਲ-ਸੂਹੇ ਨਾਲ ਸ਼ਿੰਗਾਰਿਆ ਹੁੰਦਾ ਸੀ। ਇਸ ਦੇ ਵਿਚਕਾਰ ਢੱਕਣ ਦੇ ਅੰਦਰਲੇ ਪਾਸੇ ਇੱਕ ਸ਼ੀਸ਼ਾ ਜੜਤ ਹੁੰਦਾ ਸੀ। ਇਨਾਂ ਫੱਟੀਆਂ ਉੱਪਰ ਨਾਲੇ, ਪਰਾਂਦੀਆਂ, ਚੂੜੀਆਂ, ਗਹਿਣੇ, ਦੰਦਾਸਾ, ਮਹਿੰਦੀ ਅਤੇ ਸੁਰਮੇਦਾਨੀ ਵਰਗੇ ਸ਼ਿੰਗਾਰ ਸਾਧਨ ਰੱਖੇ ਹੁੰਦੇ ਸਨ। ਸੰਦੂਕ ਨੂੰ ਕਮਰੇ ਦੇ ਦਰਵਾਜ਼ੇ ਵਾਂਗ ਨਿੱਕੇ ਤਖ਼ਤਿਆਂ ਵਾਲਾ ਇੱਕ ਦਰਵਾਜ਼ਾ ਲੱਗਿਆ ਹੁੰਦਾ ਸੀ, ਜਿਸ ਨੂੰ ਲੋਹੇ ਦਾ ਇੱਕ ਕੁੰਡਾ ਲਾਇਆ ਜਾਂਦਾ ਸੀ। ਪੁਰਾਤਨ ਸੰਦੂਕਾਂ ਨੂੰ ਆਮ ਕਰਕੇ ਮੁੱਠੀਨੁਮਾ ਜਿੰਦੇ ਲਗਾਏ ਜਾਂਦੇ ਸਨ ਜਿਸ ਦੀ ਚਾਬੀ ਮਾਲਕਣ ਨਿਗਰਾਨੀ ਹੇਠ ਰੱਖਦੀ ਸੀ। ਕਦੇ-ਕਦੇ ਸੁਆਣੀਆਂ ਚਾਬੀ ਆਪਣੀ ਪਰਾਂਦੀ ਨਾਲ ਹੀ ਬੰਨ ਲੈਂਦੀਆਂ ਸਨ। ਸੰਦੂਕ ਹਰ ਵਸਦੇ-ਰਸਦੇ ਘਰ ਦੀ ਨਿਸ਼ਾਨੀ ਹੁੰਦੇ ਸਨ। ਵੱਡੇ ਕੱਚੀ ਸਬਾਤ ਵਿੱਚ ਪਏ ਸੰਦੂਕ ਘਰ ਦਾ ਸ਼ਿੰਗਾਰ ਮੰਨੇ ਜਾਂਦੇ ਸਨ। ਜਿਵੇਂ ਪੁਰਾਤਨ ਬਰਾਤਾਂ ਅਤੇ ਮੇਲ ਊਠ ਗੱਡੀਆਂ ਜਾਂ ਬੈਲ ਗੱਡੀਆਂ 'ਤੇ ਹੀ ਆਉਂਦਾ ਸੀ। ਇਸ ਤਰਾਂ ਵਿਆਹ ਸਮੇਂ ਦਾਜ ਦਾ ਸਾਮਾਨ ਵੀ ਇਨਾਂ ਗੱਡੀਆਂ ਉੱਪਰ ਹੀ ਲਿਆਂਦਾ ਜਾਂਦਾ ਸੀ। ਗੱਡੀ ਵਿੱਚ ਆ ਗਿਆ ਸੰਦੂਕ ਮੁਟਿਆਰ ਦਾ, ਸ਼ੀਸ਼ਿਆਂ ਜੜਤ ਚਮਕਾਰੇ ਪਿਆ ਮਾਰਦਾ।

ਜੇ ਸੰਦੂਕ ਲਈ ਢੁੱਕਵੀਂ ਲੱਕੜ ਨਾ ਮਿਲਦੀ ਜਾਂ ਨਿਪੁੰਨ ਕਾਰੀਗਰ ਨਾ ਮਿਲਦਾ ਤਾਂ ਵਿਆਹ-ਸਾਹੇ ਮਿਥਣ ਵਿੱਚ ਵੀ ਦੇਰੀ ਹੋ ਜਾਂਦੀ ਕਿਉਂਕਿ ਕੁੜੀ ਦੇ ਵਿਆਹ ਦਾ ਸਾਰਾ ਸਾਮਾਨ ਸੰਦੂਕ ਵਿੱਚ ਪਾ ਕੇ ਹੀ ਤੋਰਨਾ ਹੁੰਦਾ ਸੀ। ਪਰ ਜੇਕਰ ਲੜਕੀ ਨੂੰ ਦਾਜ ਵਿਚ ਕੋਈ ਮਾਂ- ਬਾਪ ਸੰਦੂਕ ਨਾ ਦੇ ਪਾਉਂਦੇ ਜਾਂ ਬਾਅਦ ਵਿਚ ਸੰਦੂਕ ਦੇਣ ਦਾ ਵਾਅਦਾ ਕਰਕੇ ਡੋਲੀ ਤੋਰ ਦਿੰਦੇ ਸਨ ਤਾਂ ਲੜਕੀ ਨੂੰ ਸਹੁਰੇ ਘਰ ਵਿਚ ਸੰਦੂਕ ਕਾਰਨ ਕਈ ਵਾਰ ਤਾਅਨੇ-ਮਿਹਣੇ ਵੀ ਸੁਣਨੇ ਪੈਂਦੇ ਸਨ

ਗੱਡੀ ਆ ਗਈ ਸੰਦੂਕੋਂ ਖਾਲੀ
ਨੀਂ ਬਹੁਤਿਆਂ ਭਰਾਵਾਂ ਵਾਲੀਏ।

ਸਹੁਰਿਆਂ ਦੇ ਅਜਿਹੇ ਤਿੱਖੇ ਬੋਲ ਸਹਾਰਦੀ ਤੇ ਆਪਣੇ ਆਪ ਨੂੰ ਹੀਣੀ ਮਹਿਸੂਸ ਕਰਦੀ ਉਹ ਅੱਗੋਂ ਵੀਰ ਨੂੰ ਉਲਾਂਭਾ ਦਿੰਦੀ ਹੈ

**ਭੈਣ ਤੁਰਗੀ ਸੰਦੂਕੋਂ ਸੱਖਣੀ,**
**ਵੀਰਾ ਵੇ ਮੁਰੱਬੇ ਵਾਲਿਆ।**

ਧੀ ਬਾਬਲ ਨੂੰ ਵੀ ਸੂਟ, ਘੱਗਰੇ, ਫੁਲਕਾਰੀਆਂ ਨਾਲ ਭਰਿਆ ਸੰਦੂਕ ਦੇਣ ਅਤੇ ਚੰਗਾ ਵਰ-ਘਰ ਟੋਲਣ ਦੀ ਅਰਜ਼ੋਈ ਕਰਦੀ ਹੈ, ਜਿੱਥੇ ਉਹ ਸੰਦੂਕ ਵਿੱਚੋਂ ਕੱਢ ਕੇ ਨਿੱਤ ਬਦਲਵੇਂ ਬਾਣੇ ਪਾ ਸਕੇ।

**ਦੇਈਂ ਵੇ ਬਾਬਲ ਉਸ ਘਰੇ,**
**ਜਿੱਥੇ ਦਰਜੀ ਸੀਵੇ ਪੱਟ।**
**ਇੱਕ ਲਾਹਾਂ ਇੱਕ ਪਾਵਾਂ,**
**ਮੇਰਾ ਵਿੱਚ ਸੰਦੂਕਾਂ ਦੇ ਹੱਥ।**
**ਬਾਬਲ ਤੇਰਾ ਪੁੰਨ ਹੋਵੇ...।**

**ਬਾਕੀ ਸਫ਼ਾ 33 'ਤੇ**

# ਖ਼ਾਲਸਾ ਪੰਥ ਦੇ ਪ੍ਰਥਮ ਮਰਜੀਵੜੇ ਪੰਜ ਪਿਆਰੇ

## ਪ੍ਰਿੰ. ਕੁਲਵੰਤ ਸਿੰਘ ਅਣਖੀ

ਸੰਮਤ 1756 ਦੀ ਵਿਸਾਖੀ (30 ਮਾਰਚ ਸੰਨ 1699) ਵਾਲੇ ਸ਼ੁਭ ਦਿਨ 'ਖ਼ਾਲਸਾ ਪੰਥ' ਦੀ ਸਾਜਨਾ ਦੇ ਸੰਕਲਪ ਦੀ ਘਾੜਤ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ 'ਚ ਨਵੰਬਰ 1675 ਦੌਰਾਨ ਹੀ ਘੜੀ ਗਈ ਸੀ, ਜਿਸ ਦਿਨ ਭਾਈ ਜੈਤਾ ਜੀ ਨੌਵੇਂ ਗੁਰਦੇਵ ਗੁਰੂ ਤੇਗ ਬਹਾਦਰ ਜੀ ਦੀ ਚਾਂਦਨੀ ਚੌਕ ਦਿੱਲੀ 'ਚ ਸ਼ਹੀਦੀ ਉਪਰੰਤ ਸਤਿਗੁਰਾਂ ਦਾ ਸੀਸ ਅਨੰਦਪੁਰ ਸਾਹਿਬ ਲੈ ਕੇ ਆਏ ਸਨ। ਗੁਰੂ-ਪਿਤਾ ਜੀ ਦੇ ਪਾਵਨ ਸੀਸ ਦੇ ਸਸਕਾਰ ਤੋਂ ਅਗਲੇ ਦਿਨੀਂ ਜਦੋਂ ਦਸਮ ਗੁਰੂ ਨੇ ਭਾਈ ਜੈਤਾ ਜੀ ਪਾਸੋਂ ਸ਼ਹੀਦੀ ਸਾਕੇ ਵਕਤ ਦਿੱਲੀ ਦੀ ਸਿੱਖ ਸੰਗਤ ਦੀ ਮਨੋ-ਦਸ਼ਾ ਅਤੇ ਪ੍ਰਤੀਕਰਮ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਗਹਿਰੇ ਸਦਮੇ ਤੇ ਭਰੇ ਗਲ ਨਾਲ ਦੱਸਿਆ ਕਿ ਉਸ ਕਹਿਰ ਦੇ ਸਮੇਂ ਸਿੱਖ-ਸੇਵਕਾਂ ਦੇ ਮਨਾਂ ਵਿਚ ਡੂੰਘਾ ਸਹਿਮ ਸੀ। ਬਹੁ-ਗਿਣਤੀ ਸਿੱਖ-ਸੇਵਕ ਤਾਂ ਗੁਰੂ ਦੇ ਸਿੱਖ ਹੋਣ ਤੋਂ ਵੀ ਮੁਨਕਰ ਸਨ। ਤਮਾਸ਼ਬੀਨਾਂ 'ਚ ਹਾਜ਼ਰ ਸਿੱਖਾਂ ਦੇ ਚਿਹਰਿਆਂ 'ਤੇ ਮੁਰਦੇਹਾਣੀ ਛਾਈ ਹੋਈ ਸੀ ਤੇ ਉਹ ਉੱਚਾ ਸਾਹ ਵੀ ਨਹੀਂ ਲੈ ਰਹੇ ਸਨ। ਇਹ ਸੁਣ ਕੇ ਦਸਮ ਪਾਤਸ਼ਾਹ ਨੇ ਪੱਕਾ ਨਿਸ਼ਚਾ ਕਰ ਲਿਆ ਕਿ ਸਿੱਖਾਂ ਨੂੰ ਇਹੋ ਜਿਹਾ ਵਿਲੱਖਣ ਤੇ ਨਿਵੇਕਲਾ ਰੂਪ ਦਿੱਤਾ ਜਾਵੇਗਾ ਕਿ ਉਹ ਲੱਖਾਂ ਵਿਚ ਵੀ ਨਿਰਾਲੇ ਹੋਣਗੇ ਤੇ ਆਪਣੀ ਪਛਾਣ 'ਤੇ ਮਾਣ ਮਹਿਸੂਸ ਕਰਨਗੇ, ਲੁਕਾਉਣਗੇ ਨਹੀਂ। ਸਿੱਖ ਚੱਜ-ਅਚਾਰੀ, ਨਿਰਭਉ, ਨਿਰਸੁਆਰਥ, ਵਿਕਾਰ ਰਹਿਤ ਅਤੇ ਬੁਲੰਦ ਰੂਹ-ਆਤਮਾ ਦੇ ਧਾਰਨੀ ਹੋ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਗੁਰ-ਸਿਧਾਂਤ ਉੱਤੇ ਪੂਰੇ-ਸੂਰੇ ਉਤਰਨਗੇ।

ਆਚਰਣਕ ਨਿਰਮਲਤਾ ਤੇ ਉੱਚਤਾ ਦੇ ਉਦੇਸ਼ ਨੂੰ ਸਨਮੁੱਖ ਰੱਖ ਕੇ ਸਿੱਖਾਂ ਦੇ ਖ਼ਾਲਸ ਚਰਿੱਤਰ ਨਿਰਮਾਣ ਨੂੰ ਮਾਨਵਤਾ ਦੇ ਮਾਪ-ਦੰਡਾਂ ਉੱਤੇ ਖਰਾ ਉਸਾਰਨ ਹਿੱਤ ਦਸਮੇਸ਼ ਪਿਤਾ ਨੇ ਖ਼ਾਲਸਾ ਪੰਥ ਸਾਜਣ ਦਾ ਕਾਰਜ ਨਿਸ਼ਚਿਤ ਕਰ ਲਿਆ। ਜੰਗਾਂ-ਯੁੱਧਾਂ ਵਿਚ ਬਾਦਸ਼ਾਹ ਦਰਵੇਸ਼ ਦਾ ਕਾਫ਼ੀ ਵਕਤ ਬਤੀਤ ਹੋ ਗਿਆ। ਅਖੀਰ ਖ਼ਾਲਸਾ ਪੰਥ ਦੀ ਸਾਜਨਾ ਦੇ ਉੱਤਮ ਉਦੇਸ਼ ਦੀ ਪੂਰਤੀ ਅਤੇ ਪ੍ਰਾਪਤੀ ਲਈ ਪਹਿਲੀ ਵੈਸਾਖ ਸੰਮਤ 1756 ਦਾ ਦਿਨ ਮੁਕੱਰਰ ਕੀਤਾ। ਇਸ ਸੁਭਾਗੇ ਦਿਨ ਦਸਵੇਂ ਗੁਰਾਂ ਵੱਲੋਂ ਭੇਜੇ ਪ੍ਰੇਮ-ਸੰਦੇਸ਼ਾਂ ਨੂੰ ਸਿਰ-ਮੱਥੇ ਪ੍ਰਵਾਨ ਕਰਦਿਆਂ ਹੋਇਆਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤੀ ਰੂਪ ਵਿਚ ਅਨੰਦਪੁਰ ਸਾਹਿਬ ਗੁਰੂ ਚਰਨੀਂ ਆ ਹਾਜ਼ਰ ਹੋਏ। ਵਿਸਾਖੀ ਵਾਲੇ ਦਿਨ ਨਿੱਤਨੇਮ ਅਤੇ ਕਥਾ ਕੀਰਤਨ ਦੀ ਸਮਾਪਤੀ ਉਪਰੰਤ ਗੁਰੂ ਜੀ ਨੇ ਸ੍ਰੀ ਕੇਸਗੜ੍ਹ ਉੱਤੇ ਖਲੋ ਮਿਆਨ 'ਚੋਂ ਲਿਸ਼ਕਦੀ ਕਿਰਪਾਨ ਕੱਢ ਕੇ ਸਾਹਮਣੇ ਦੀਵਾਨ ਵਿਚ ਬੈਠੇ ਸਿੱਖਾਂ ਨੂੰ ਜੋਸ਼ ਭਰੀ ਆਵਾਜ਼ 'ਚ ਇਕ ਸੀਸ ਅਰਪਣ ਕਰਨ ਦੀ ਵੰਗਾਰ ਪਾਈ। ਇਤਿਹਾਸਕਾਰਾਂ ਅਨੁਸਾਰ ਇਸ ਅਸਚਰਜ ਤੇ ਅਣਕਿਆਸੀ ਵੰਗਾਰ ਨੂੰ ਸੁਣ ਕੇ ਦੀਵਾਨ 'ਚ ਘਬਰਾਹਟ ਭਰਿਆ ਸੰਨਾਟਾ ਛਾ ਗਿਆ। ਕੁਝ ਹੀ ਪਲਾਂ ਪਿੱਛੋਂ ਭਾਈ ਦਯਾ ਰਾਮ ਜੀ ਬੜੀ ਆਜਿਜ਼ੀ ਅਤੇ ਹਲੀਮੀ ਸਹਿਤ ਨੀਵੀਂ ਪਾਈ ਸਤਿਗੁਰਾਂ ਦੇ ਚਰਨਾਂ ਵਿਚ ਸੀਸ ਅਰਪਣ ਕਰਨ ਲਈ ਪੇਸ਼ ਹੋ ਗਏ। ਕੁਝ ਪਲ ਹੋਈ ਦੇਰੀ ਲਈ ਭਾਈ ਸਾਹਿਬ ਨੇ ਸਤਿਗੁਰਾਂ ਪਾਸੋਂ ਖਿਮਾ ਯਾਚਨਾ ਕੀਤੀ। ਦਸਮੇਸ਼ ਪਿਤਾ ਜੀ ਭਾਈ ਸਾਹਿਬ ਨੂੰ ਨਵੇਂ ਸਜਾਏ ਤੰਬੂ ਵਿਚ ਲੈ ਗਏ। ਛਿਣਾਂ ਬਾਅਦ ਹੀ ਦੀਵਾਨ 'ਚ ਬੈਠੀ ਸੰਗਤ ਨੂੰ ਕਿਰਪਾਨ ਨਾਲ ਕੀਤੇ ਝਟਕੇ ਦੀ ਭੈਅਭੀਤ ਕਰਨ ਵਾਲੀ ਆਵਾਜ਼ ਆਈ। ਅਗਲੇ ਹੀ ਪਲ ਸਤਿਗੁਰ ਜੀ ਲਹੂ ਲਿੱਬੜੀ ਕਿਰਪਾਨ ਲੈ ਕੇ ਫਿਰ ਦੀਵਾਨ 'ਚ ਹਾਜ਼ਰ ਹੋ ਗਏ ਤੇ ਦੂਜੇ ਸੀਸ ਲਈ ਗੜਕਵੀਂ ਲਲਕਾਰ ਪਾਈ। ਇਸ ਵਾਰੀ ਹੱਥ ਜੋੜ ਕੇ ਭਾਈ ਧਰਮ ਚੰਦ ਜੀ ਤੇ ਫਿਰ ਤੀਜਾ ਸੀਸ ਲੈ ਕੇ ਭਾਈ ਹਿੰਮਤ ਰਾਇ ਜੀ, ਚੌਥੀ ਵਾਰ ਭਾਈ ਸਾਹਿਬ ਚੰਦ ਜੀ ਤੇ ਪੰਜਵਾਂ ਸੀਸ ਭਾਈ ਮੋਹਕਮ ਚੰਦ ਜੀ ਗੁਰੂ ਚਰਨਾਂ 'ਚ ਭੇਟ ਕਰਨ ਲਈ ਹਾਜ਼ਰ ਹੋਏ।

ਹਰੇਕ ਮਰਜੀਵੜੇ ਨੂੰ ਦਸਮੇਸ਼ ਪਿਤਾ ਤੰਬੂ 'ਚ ਲੈ ਜਾਂਦੇ ਤੇ ਕਿਰਪਾਨ ਨਾਲ ਕੀਤੇ ਝਟਕੇ ਦੀ ਆਵਾਜ਼ ਸੰਗਤ ਸੁਣਦੀ। ਵੱਡਾ ਤੇ ਇਤਿਹਾਸਕ ਇਨਕਲਾਬ ਲਿਆਉਣ ਲਈ ਤਿਆਰ ਇਨਕਲਾਬੀਆਂ ਦਾ ਇਮਤਿਹਾਨ ਵੀ ਤਾਂ ਅਨੋਖਾ ਅਤੇ ਰੱਤੜਾ ਹੁੰਦਾ ਹੈ। ਦੀਵਾਨ ਵਿਚ ਪੱਸਰੀ ਸ਼ਾਂਤੀ ਅਤੇ ਸਹਿਮ ਭਰੀ ਚੁੱਪ ਉਸ ਵੇਲੇ ਹਰਸ਼-ਉਲਾਸ 'ਚ ਤਬਦੀਲ ਹੋ ਗਈ ਜਦੋਂ ਗੁਰਦੇਵ ਪਿਤਾ ਕਮਰਕੱਸਿਆਂ 'ਚ ਬੱਝੇ ਨਵੇਂ ਚੋਲਿਆਂ ਵਿਚ ਅਤੇ ਨਵੀਆਂ ਦਸਤਾਰਾਂ ਸਜਾਈ ਪੰਜਾਂ ਮਰਜੀਵੜਿਆਂ ਸਮੇਤ ਤੰਬੂ 'ਚੋਂ ਦੀਵਾਨ 'ਚ ਹਾਜ਼ਰ ਹੋ ਗਏ। ਗੁਰੂ ਸਾਹਿਬ ਨੇ ਇਨ੍ਹਾਂ ਪੰਜ 'ਗੁਰੂ ਸਵਾਰਿਆਂ' ਨੂੰ 'ਪੰਜ ਪਿਆਰੇ' ਦੇ ਖ਼ਿਤਾਬ ਨਾਲ ਨਿਵਾਜ਼ਿਆ ਤੇ ਆਪਣੀ ਛਾਤੀ ਨਾਲ ਲਾ ਕੇ ਮਿਹਰ ਭਰੀ ਨਜ਼ਰ ਨਾਲ ਉਨ੍ਹਾਂ ਦੇ ਨਿਮਰ ਚਿਹਰਿਆਂ 'ਤੇ ਕਿਰਪਾ ਦ੍ਰਿਸ਼ਟੀ ਬਖ਼ਸ਼ਿਸ਼ ਕੀਤੀ। ਗੁਰੂ ਗ਼ਰੀਬ-ਨਿਵਾਜ਼ ਸਤਿਗੁਰ ਜੀ ਨੇ 'ਬੀਰ-ਆਸਣ' ਹੋ ਸਰਬ-ਲੋਹ ਦੇ ਬਾਟੇ 'ਚ ਨਿਰਮਲ ਜਲ ਨੂੰ ਸਰਬ-ਲੋਹ ਦੇ ਖੰਡੇ ਨਾਲ ਹਿਲਾਉਣਾ ਸ਼ੁਰੂ ਕੀਤਾ। ਖੰਡਾ ਫੇਰਦੇ ਹੋਏ ਗੁਰਦੇਵ ਆਪਣੇ ਮੁਖਾਰਬਿੰਦ ਤੋਂ ਬਾਣੀ ਦਾ ਉਚਾਰਨ ਕਰਦੇ ਰਹੇ। ਗੁਰੂ ਜੀ ਵੱਲੋਂ ਜਪੁਜੀ ਸਾਹਿਬ, ਜਾਪੁ ਸਾਹਿਬ, ਪੰਜ ਸਵੈਯੇ, ਚੌਪਈ ਸਾਹਿਬ ਤੇ ਅਨੰਦ ਸਾਹਿਬ ਦੇ ਪਾਠ ਉਚਾਰਦਿਆਂ ਮਾਤਾ ਜੀਤੋ ਜੀ ਨੇ ਸਰਬ-ਲੋਹ ਦੇ ਬਾਟੇ ਵਿਚਲੇ ਨਿਰਮਲ ਜਲ 'ਚ ਪਤਾਸੇ ਪਾ ਕੇ 'ਅੰਮ੍ਰਿਤ' ਤਿਆਰ ਕਰ ਦਿੱਤਾ। ਗੁਰੂ ਜੀ ਵੱਲੋਂ ਅੰਮ੍ਰਿਤ ਤਿਆਰ ਕਰਦੇ ਵਕਤ ਪੰਜ ਪਿਆਰੇ 'ਵਾਹਿਗੁਰੂ' ਦਾ ਜਾਪ ਕਰਦੇ ਰਹੇ। ਪੰਜ ਬਾਣੀਆਂ ਦੇ ਪਾਠ ਦਾ ਭੋਗ ਪਾ ਕੇ ਅਰਦਾਸਾ ਸੋਧ ਕੇ ਪੰਜ ਪਿਆਰਿਆਂ ਨੂੰ ਗੁਰੂ ਗੋਬਿੰਦ ਰਾਇ ਜੀ ਨੇ ਬੀਰ ਆਸਣ ਹੋ ਕੇ ਸਜਣ ਲਈ ਫ਼ੁਰਮਾਇਆ । ਬੀਰ-ਆਸਣ ਮੁਦਰਾ 'ਚ ਸਜੇ ਪੰਜ ਪਿਆਰਿਆਂ ਨੂੰ ਦਸਮੇਸ਼ ਪਿਤਾ ਨੇ ਆਪਣੇ ਕਰ-ਕਮਲਾਂ ਨਾਲ ਪੰਜ ਪੰਜ ਚੂਲੇ ਅੰਮ੍ਰਿਤ ਦੇ ਛਕਾਏ। ਹਰੇਕ ਚੂਲਾ ਛਕਾਉਣ ਪਿੱਛੋਂ ਗੁਰੂ ਜੀ ਬੁਲੰਦ ਆਵਾਜ਼ ਵਿਚ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ' ਗਜਾਉਂਦੇ। ਨਵੇਂ ਸਜੇ ਪੰਜ ਪਿਆਰਿਆਂ ਨੇ ਉਸੇ ਲਹਿਜ਼ੇ 'ਚ ਫਤਿਹ ਦਾ ਪੂਰੇ ਜਲੌ 'ਚ ਜਵਾਬ ਦਿੱਤਾ। ਇਸ ਪਿੱਛੋਂ ਪੰਜ-ਪੰਜ ਚੂਲੇ ਪੰਜ ਪਿਆਰਿਆਂ ਦੇ ਨੇਤਰਾਂ ਅਤੇ ਕੇਸਾਂ ਉੱਪਰ ਕਲਗੀਧਰ ਪਾਤਸ਼ਾਹ ਨੇ ਆਪ ਛਿੜਕੇ।

ਫਿਰ ਗੁਰੂ ਸਾਹਿਬ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਸੰਦੇਸ਼ ਦਿੱਤਾ ਕਿ ਹੁਣ ਪੰਜ ਪਿਆਰੇ ਸਿੱਖ ਕੌਮ ਦੇ ਰਹਿਨੁਮਾ ਹੋਣਗੇ। ਖ਼ਾਲਸਾ ਪੰਥ ਲਈ ਪੰਜ ਕਕਾਰਾਂ, ਕੇਸ, ਕੰਘਾ, ਕੜਾ, ਕਿਰਪਾਨ ਤੇ ਕਛਹਿਰੇ ਦਾ ਧਾਰਨੀ ਹੋਣਾ ਲਾਜ਼ਮੀ ਕਰ ਦਿੱਤਾ। ਅਕਾਲ ਪੁਰਖ ਦੀ ਰਜ਼ਾ 'ਚ ਰਾਜ਼ੀ ਰਹਿੰਦਿਆਂ ਅਤੇ ਸਿਰ ਤਲੀ ਉੱਤੇ ਰੱਖਣ ਦੇ ਉਦੇਸ਼ ਦੀ ਪੂਰਤੀ ਲਈ ਹੇਠ ਲਿਖੀਆਂ ਚਾਰ ਬੱਜਰ ਕੁਰਹਿਤਾਂ ਤੋਂ ਵਰਜਿਆ :

1. ਪਰਾਈ ਔਰਤ ਦੇ ਸੰਗ ਤੋਂ ਬਚਣਾ। ਇੱਥੋਂ ਤਕ ਕਿ ਵੈਰੀ ਦੀ ਔਰਤ ਵੱਲ ਵੀ ਮੈਲੀ ਨਜ਼ਰ ਨਹੀਂ ਰੱਖਣੀ।
2. ਕੁੱਠਾ ਮਾਸ ਨਹੀਂ ਖਾਣਾ।
3. ਤੰਬਾਕੂ ਵਰਤਣ ਦੀ ਪੱਕੀ ਮਨਾਹੀ।
4. ਕੇਸਾਂ ਦੀ ਬੇਅਦਬੀ ਨਹੀਂ ਕਰਨੀ।

ਦਸਮੇਸ਼ ਪਿਤਾ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਉਨ੍ਹਾਂ ਅੰਦਰ ਨਵਾਂ ਆਤਮਿਕ ਹੁਲਾਰਾ ਇਹ ਫ਼ੁਰਮਾ ਕੇ ਪੈਦਾ ਕੀਤਾ ਕਿ ਖ਼ਾਲਸੇ ਦੀ ਕੇਵਲ ਮਾਨਸ ਜਾਤ ਹੈ। ਜਾਤਾਂ ਦੇ ਬੰਧਨ ਕੱਟ ਕੇ ਉਨ੍ਹਾਂ ਦੇ ਨਾਂਵਾਂ ਨਾਲ 'ਸਿੰਘ' ਜੋੜ ਕੇ ਜਾਤੀ ਆਧਾਰਿਤ ਊਚ-ਨੀਚ ਦਾ ਭੇਦ ਮਿਟਾ ਦਿੱਤਾ। ਪੰਜ ਪਿਆਰਿਆਂ ਦੇ ਨਾਂ ਭਾਈ ਦਇਆ ਸਿੰਘ ,ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਮੋਹਕਮ ਸਿੰਘ ਰੱਖ ਦਿੱਤੇ। ਇਸ ਮੌਕੇ ਗੁਰੂ ਜੀ ਨੇ ਅਨੋਖੀ ਖੇਡ ਵਰਤਾ ਦਿੱਤੀ। ਸਤਿਗੁਰ ਜੀ ਖ਼ੁਦ ਬੀਰ ਆਸਣ ਮੁਦਰਾ 'ਚ ਸਜ ਗਏ ਤੇ ਪੰਜ ਪਿਆਰਿਆਂ ਨੂੰ ਅਰਜ਼ੋਈ ਕੀਤੀ ਕਿ ਉਨ੍ਹਾਂ ਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ਣ ਦੀ ਕ੍ਰਿਪਾਲਤਾ ਕੀਤੀ ਜਾਵੇ। ਪੰਜਾਂ ਪਿਆਰਿਆਂ ਲਈ ਇਹ ਨਵੀਂ ਪਰਖ ਸੀ, ਜਿਸ ਵਿਚ ਉਹ ਪੂਰੇ ਉੱਤਰੇ। ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਰਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਸਿੱਖੀ ਮਹੱਲ ਦੀ ਨੀਂਹ ਰੱਖੀ, ਅੱਠ ਨਾਨਕ-ਜੋਤ ਗੁਰੂ ਸਾਹਿਬਾਨ ਨੇ ਨਿੱਗਰ ਉਸਾਰੀ ਜਾਰੀ ਰੱਖੀ ਤੇ ਦਸਵੇਂ ਜਾਮੇ 'ਚ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਤੀ ਕਰ ਦਿੱਤੀ। ਪੰਜ ਪਿਆਰਿਆਂ ਸਬੰਧੀ ਸੰਖੇਪ ਵੇਰਵਾ ਭਾਈ ਮੰਗਲ ਸਿੰਘ ਉਪਦੇਸ਼ਕ ਨੇ 'ਜਨਮਸਾਖੀ ਬਾਬਾ ਬੁੱਢਾ ਜੀ' ਵਿਚ ਦਿੱਤਾ ਹੈ :



**ਭਾਈ ਮੋਹਕਮ ਸਿੰਘ**

ਭਾਈ ਮੋਹਕਮ ਸਿੰਘ ਜੀ ਦਾ ਜਨਮ 1720 ਬਿਕ੍ਰਮੀ ਨੂੰ ਦੁਆਰਕਾ (ਗੁਜਰਾਤ) 'ਚ ਭਾਈ ਤੀਰਥ ਚੰਦ ਛੀਂਬੇ ਦੇ ਘਰ ਮਾਤਾ ਦੇਵਾ ਬਾਈ ਦੀ ਕੁੱਖੋਂ ਜਨਮੇ। ਉਨ੍ਹਾਂ ਦਾ ਪਰਿਵਾਰ ਸੰਨ 1685 'ਚ ਅਨੰਦਪੁਰ ਸਾਹਿਬ ਆ ਵੱਸਿਆ। ਉਨ੍ਹਾਂ ਨੇ ਪਹਾੜੀ ਰਾਜਿਆਂ ਤੇ ਔਰੰਗਜ਼ੇਬ ਦੀਆਂ ਫ਼ੌਜਾਂ ਵਿਰੁੱਧ ਲੜਾਈਆਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਉਹ 7 ਪੋਹ 1761 ਬਿਕ੍ਰਮੀ ਨੂੰ ਸ੍ਰੀ ਚਮਕੌਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ।

**ਭਾਈ ਸਾਹਿਬ ਸਿੰਘ**

ਭਾਈ ਸਾਹਿਬ ਸਿੰਘ ਜੀ ਸੰਮਤ 1719 ਨੂੰ ਬਿਦਰ ਪੁਰੀ (ਕਰਨਾਟਕ) 'ਚ ਭਾਈ ਚਮਨੇ ਨਰਾਇਣਾ ਜੀ ਨਾਈ ਦੇ ਘਰ ਮਾਤਾ ਸੋਨਾਬਾਈ ਤੋਂ ਜਨਮੇ। ਭਾਈ ਸਾਹਿਬ 16 ਸਾਲ ਦੀ ਉਮਰ 'ਚ ਸੰਨ 1681 'ਚ ਅਨੰਦਪੁਰ ਸਾਹਿਬ ਆ ਗਏ ਅਤੇ ਗੁਰੂ ਗੋਬਿੰਦ ਜੀ ਦੇ ਸੇਵਕ ਬਣ ਗਏ। ਉਨ੍ਹਾਂ ਨੇ ਅੰਮ੍ਰਿਤ ਛਕਣ ਤੋਂ ਪਹਿਲਾਂ ਵੀ ਧਰਮਯੁੱਧਾਂ 'ਚ ਹਿੱਸਾ ਲਿਆ। ਭੰਗਾਣੀ ਦੇ ਯੁੱਧ 'ਚ ਉਨ੍ਹਾਂ ਨੇ ਵੱਡੀ ਵੀਰਤਾ ਦਿਖਾਈ। ਆਪ ਜੀ 7 ਪੋਹ 1762 ਬਿਕ੍ਰਮੀ ਵਾਲੇ ਦਿਨ ਚਮਕੌਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ।

**ਭਾਈ ਹਿੰਮਤ ਸਿੰਘ**

ਭਾਈ ਹਿੰਮਤ ਸਿੰਘ ਜੀ ਦਾ ਜਨਮ 1718 ਬਿਕ੍ਰਮੀ ਨੂੰ ਜਗਨ ਨਾਥ ਪੁਰੀ (ਉੜੀਸਾ) ਵਿਖੇ ਭਾਈ ਗੁਲਜ਼ਾਰੇ ਝੀਵਰ ਦੇ ਘਰ ਮਾਤਾ ਧਨਬਾਈ ਦੀ ਕੁੱਖੋਂ ਹੋਇਆ। ਆਪ ਜੀ 17 ਸਾਲ ਦੀ ਉਮਰੇ ਸੰਨ 1678 'ਚ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਏ। ਆਪ ਜੀ ਪਹਾੜੀ ਰਾਜਿਆਂ ਅਤੇ ਮੁਗਲਈ ਹਕੂਮਤ ਵੱਲੋਂ ਛੇੜੀਆਂ ਲੜਾਈਆਂ 'ਚ ਗੁਰੂ ਦੇ ਬਹਾਦਰ ਯੋਧੇ ਵਜੋਂ ਹਿੱਸਾ ਲੈਂਦੇ ਰਹੇ। ਆਪ ਜੀ 7 ਪੋਹ 1761 ਬਿਕ੍ਰਮੀ ਨੂੰ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋਏ।'

ਗੁਰੂ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਪੰਜਾਬੀ ਅਣਖ ,ਗੈਰਤ ਅਤੇ ਸਵੈ-ਮਾਣ ਨੂੰ ਪੁਨਰ- ਸੁਰਜੀਤ ਕਰ ਦਿੱਤਾ। ਇਸ ਜਜ਼ਬੇ ਸਦਕਾ ਹੀ ਨਾਦਿਰ ਸ਼ਾਹ, ਅਹਿਮਦ ਸ਼ਾਹ ਅਬਦਾਲੀ, ਤੈਮੂਰ ਸ਼ਾਹ ਜਿਹੇ ਜ਼ਾਲਮ ਹਮਲਾਵਰਾਂ ਦਾ ਸਿੱਖਾਂ ਨੇ ਅਜਿਹਾ ਕੁਰਬ ਰੋਲਿਆ ਕਿ ਦੱਰਾ ਖ਼ੈਬਰ ਤੋਂ ਪੰਜਾਬ ਦਾ ਰਸਤਾ ਉਨ੍ਹਾਂ ਵਾਸਤੇ ਸਦਾ ਲਈ ਬੰਦ ਹੋ ਗਿਆ। ਫਿਰੰਗੀ ਸਾਮਰਾਜੀਆਂ ਨੂੰ ਵੀ ਹਿੰਦੁਸਤਾਨ 'ਚੋਂ ਟਿੰਡ-ਫੁਹੜੀ ਵਲੇਟਣ ਲਈ ਮੁੱਖ ਤੌਰ 'ਤੇ ਸਿੱਖ ਇਨਕਲਾਬੀਆਂ ਨੇ ਹੀ ਮਜਬੂਰ ਕੀਤਾ। ਪੰਜ ਪਿਆਰੇ ਤੇ ਖ਼ਾਲਸਾ ਸਾਜਨਾ ਜਿਹਾ ਕਾਇਨਾਤੀ, ਕ੍ਰਾਂਤੀਕਾਰੀ ਸੁਰਖ਼, ਚਿਰੰਜੀਵੀ, ਇਤਿਹਾਸਕ ਅਤੇ ਨਿਵੇਕਲਾ ਵਰਤਾਰਾ ਮਾਨਵਤਾ ਲਈ ਨਰੋਆ ਮਾਰਗ-ਦਰਸ਼ਨ ਹੈ।

**ਭਾਈ ਦਇਆ ਸਿੰਘ**

ਭਾਈ ਦਇਆ ਸਿੰਘ ਜੀ ਸੰਮਤ 1726 ਬਿਕ੍ਰਮੀ ਨੂੰ ਲਾਹੌਰ (ਪੰਜਾਬ) ਵਿਖੇ ਬੁੱਧੂ ਦੇ ਆਵੇ ਕੋਲ ਸੋਬਤੀ ਖੱਤਰੀ ਭਾਈ ਸੁੱਧੇ ਦੇ ਘਰ ਮਾਤਾ ਦਿਆਲੀ ਦੀ ਕੁੱਖੋਂ ਜਨਮੇ। ਭਾਈ ਸੁਧਾ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ ਸ਼ਰਧਾਲੂ ਸਨ ਅਤੇ ਪਰਿਵਾਰ ਸਮੇਤ 1677 'ਚ ਅਨੰਦਪੁਰ ਸਾਹਿਬ 'ਚ ਆ ਕੇ ਵੱਸ ਗਏ ਸਨ। ਉਹ ਪੰਜਾਂ ਪਿਆਰਿਆਂ ਦੇ ਜਥੇਦਾਰ ਥਾਪੇ ਗਏ। ਉਨ੍ਹਾਂ ਨੇ ਮੁਗਲ ਹਕੂਮਤ ਅਤੇ ਪਹਾੜੀ ਰਾਜਿਆਂ ਵੱਲੋਂ ਥੋਪੀਆਂ ਸਾਰੀਆਂ ਜੰਗਾਂ 'ਚ ਭਾਗ ਲਿਆ। ਉਹ ਔਰੰਗਜ਼ੇਬ ਕੋਲ ਜ਼ਫ਼ਰਨਾਮਾ ਲੈ ਕੇ ਗਏ ਸਨ। ਸਾਰੀ ਉਮਰ ਗੁਰੂ ਸੇਵਾ 'ਚ ਲਾ ਕੇ 7 ਅੱਸੂ ਸੰਮਤ 1765 ਨੂੰ ਗੋਦਾਵਰੀ ਨਦੀ ਦੇ ਕਿਨਾਰੇ ਹਜ਼ੂਰ ਸਾਹਿਬ ਵਿਖੇ ਚਲਾਣਾ ਕਰ ਗਏ।

**ਭਾਈ ਧਰਮ ਸਿੰਘ**

ਭਾਈ ਧਰਮ ਸਿੰਘ ਜੀ ਦਾ ਜਨਮ ਸੰਮਤ 1723 'ਚ ਹਸਤਨਾਪੁਰ (ਜ਼ਿਲਾ ਮੇਰਠ, ਉੱਤਰ ਪ੍ਰਦੇਸ਼) ਵਿਖੇ ਭਾਈ ਸੰਤ ਰਾਮ ਜਵੰਧੇ ਜੱਟ ਦੇ ਘਰ ਮਾਤਾ ਸਾਭੋ ਜੀ ਦੀ ਕੁੱਖੋਂ ਹੋਇਆ। ਬਚਪਨ 'ਚ ਹੀ ਉਹ ਸਿੱਖ ਧਰਮ ਪ੍ਰਤੀ ਸ਼ਰਧਾਵਾਨ ਹੋ ਗਏ ਅਤੇ 1698 'ਚ ਅਨੰਦਪੁਰ ਸਾਹਿਬ ਆ ਗਏ ਸਨ। ਔਰੰਗਜ਼ੇਬ ਕੋਲ ਜ਼ਫ਼ਰਨਾਮਾ ਪਹੁੰਚਾਉਣ ਲਈ ਉਹ ਭਾਈ ਦਇਆ ਸਿੰਘ ਦੇ ਨਾਲ ਸਨ। ਸੰਮਤ 1774 ਬਿਕ੍ਰਮੀ ਨੂੰ ਗੋਦਾਵਰੀ ਨਦੀ ਦੇ ਕਿਨਾਰੇ ਹਜ਼ੂਰ ਸਾਹਿਬ ਵਿਖੇ ਚਲਾਣਾ ਕਰ ਗਏ।




# ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ, ਇਤਿਹਾਸ ਤੇ ਮਨੋਰਥ

**ਜਗਤਾਰ ਸਿੰਘ**

ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਸਮੇਤ ਵਿੱਦਿਅਕ ਅਦਾਰਿਆਂ ਦਾ ਪ੍ਰਬੰਧ ਸੰਭਾਲਣ ਵਾਲੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ 25 ਅਪ੍ਰੈਲ 2021 ਨੂੰ ਹੋਣਗੀਆਂ, ਜਿਸ ਦੇ ਨਤੀਜੇ 28 ਅਪ੍ਰੈਲ ਨੂੰ ਐਲਾਨੇ ਜਾਣਗੇ। ਦਿੱਲੀ ਗੁਰਦੁਆਰਾ ਐਕਟ-1971 ਲਾਗੂ ਹੋਣ ਤੋਂ ਬਾਅਦ ਹੁਣ 8ਵੀਂ ਵਾਰੀ ਦਿੱਲੀ ਗੁਰਦੁਆਰਾ ਚੋਣਾਂ ਹੋ ਰਹੀਆਂ ਹਨ ਅਤੇ 25 ਅਪ੍ਰੈਲ, 2021 ਨੂੰ ਦਿੱਲੀ ਦੇ ਸਿੱਖ ਵੋਟਰ ਆਪਣੀ ਵੋਟ ਦੇ ਹੱਕ ਦੀ ਵਰਤੋਂ ਕਰਦੇ ਹੋਏ ਦਿੱਲੀ ਦੇ 46 ਚੋਣ ਹਲਕਿਆਂ ਲਈ ਨੁਮਾਇੰਦੇ ਚੁਣਨਗੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਰਤ ਸਰਕਾਰ ਵਲੋਂ ਦਿੱਲੀ ਗੁਰਦੁਆਰਾ ਐਕਟ-1971 ਦੀ ਧਾਰਾ 3 ਦੇ ਤਹਿਤ ਸਥਾਪਿਤ ਕੀਤੀ ਗਈ ਹੈ ਅਤੇ ਕਮੇਟੀ ਦਾ ਮੁੱਖ ਕਾਰਜ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਅਤੇ ਕਮੇਟੀ ਅਧੀਨ ਵਿੱਦਿਅਕ ਅਦਾਰਿਆਂ ਦੀ ਸੇਵਾ-ਸੰਭਾਲ ਕਰਨਾ ਹੈ। ਜਦੋਂ ਦਿੱਲੀ ਗੁਰਦੁਆਰਾ ਐਕਟ ਲਾਗੂ ਹੋਇਆ ਸੀ ਤਾਂ ਉਸ ਦੇ ਨਿਯਮਾਂ ਦੀ ਪਾਲਣਾ ਤਹਿਤ 30 ਮਾਰਚ, 1975 ਨੂੰ ਪਹਿਲੀ ਵਾਰੀ ਦਿੱਲੀ ਗੁਰਦੁਆਰਾ ਚੋਣਾਂ ਕਰਵਾਈਆਂ ਗਈਆਂ ਸਨ ਅਤੇ 28 ਅਪ੍ਰੈਲ, 1975 ਨੂੰ ਪਹਿਲੀ ਵਾਰੀ ਦਿੱਲੀ ਗੁਰਦੁਆਰਾ ਕਮੇਟੀ ਹੋਂਦ ਵਿਚ ਆਈ ਸੀ।

ਇਥੇ ਜਿਕਰਯੋਗ ਹੈ ਕਿ ਦਿੱਲੀ ਗੁਰਦੁਆਰਾ ਐਕਟ ਮੁਤਾਬਿਕ ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣ ਵਿਭਾਗ ਵਲੋਂ ਹਰ 4 ਸਾਲ ਬਾਅਦ ਆਮ ਚੋਣਾਂ ਕਰਵਾਏ ਜਾਣ ਦਾ ਨਿਯਮ ਹੈ। ਇਸੇ ਨਿਯਮ ਮੁਤਾਬਿਕ ਅਪ੍ਰੈਲ 2021 'ਚ ਆਮ ਚੋਣਾਂ ਕਰਵਾਈਆਂ ਜਾ ਰਹੀਆਂ ਹਨ, ਪਿਛਲੀਆਂ ਆਮ ਚੋਣਾਂ 2017 ਵਿਚ ਹੋਈਆਂ ਸਨ। ਇਸ ਵਾਰੀ ਗੁਰਦੁਆਰਾ ਚੋਣਾਂ ਤੈਅ ਸਮੇਂ 'ਤੇ ਹੀ ਹੋ ਰਹੀਆਂ ਹਨ ਜਦਕਿ ਪਹਿਲਾਂ ਕਈ ਕਾਰਨਾਂ ਕਰਕੇ ਅਕਸਰ ਹੀ ਗੁਰਦੁਆਰਾ ਚੋਣਾਂ ਵਿਚ ਦੇਰੀ ਹੁੰਦੀ ਰਹੀ ਹੈ। ਇਹੀ ਕਾਰਨ ਹੈ ਕਿ ਹਰ 4 ਸਾਲ ਬਾਅਦ ਆਮ ਚੋਣਾਂ ਕਰਵਾਏ ਜਾਣ ਦੇ ਨਿਯਮ ਮੁਤਾਬਿਕ ਜਿਹੜੀਆਂ ਚੋਣਾਂ ਹੁਣ ਤੱਕ 12 ਵਾਰੀ ਹੋ ਸਕਦੀਆਂ ਸਨ, ਉਹ ਹਾਲੇ ਤੱਕ ਸਿਰਫ 7 ਵਾਰੀ ਹੀ ਹੋ ਸਕੀਆਂ ਹਨ। ਦਿੱਲੀ ਗੁਰਦੁਆਰਾ ਐਕਟ -1971 ਲਾਗੂ ਹੋਣ ਤੋਂ ਬਾਅਦ ਪਹਿਲੀ ਵਾਰੀ 1975 ਵਿਚ ਆਮ ਚੋਣਾਂ ਹੋਈਆਂ ਸਨ ਫਿਰ 4 ਸਾਲ ਦੇ ਨਿਯਮ ਮੁਤਾਬਿਕ 1979 'ਚ ਦੂਜੀ ਵਾਰ ਚੋਣਾਂ ਕਰਵਾਈਆਂ ਗਈਆਂ। ਪ੍ਰੰਤੂ ਇਸ ਤੋਂ ਬਾਅਦ ਤੀਜੀਆਂ ਚੋਣਾਂ ਲਈ 16 ਸਾਲ ਦੀ ਉਡੀਕ ਕਰਨੀ ਪਈ ਭਾਵ ਤੀਜੀ ਵਾਰ ਆਮ ਚੋਣਾਂ 1995 'ਚ ਹੋਈਆਂ ਸਨ। ਇਸ ਤੋਂ ਬਾਅਦ 2002, 2007, 2013, 2017 ਵਿਚ ਆਮ ਚੋਣਾਂ ਹੋਈਆਂ ਸਨ ਅਤੇ ਹੁਣ 2021 'ਚ ਚੋਣਾਂ ਹੋ ਰਹੀਆਂ ਹਨ।



ਤਕਰੀਬਨ 50 ਸਾਲ ਪਹਿਲਾਂ ਐਕਟ ਮੁਤਾਬਿਕ ਗੁਰਦੁਆਰਾ ਚੋਣਾਂ ਲਈ ਪੂਰੀ ਦਿੱਲੀ ਨੂੰ 46 ਹਲਕਿਆਂ 'ਚ ਵੰਡਿਆ ਗਿਆ ਸੀ ਅਤੇ ਹੁਣ ਵੀ ਦਿੱਲੀ ਦੇ ਸਿੱਖ ਵੋਟਰ ਆਪਣੀਆਂ ਵੋਟਾਂ ਰਾਹੀਂ 46 ਨੁਮਾਇੰਦਿਆਂ ਦੀ ਚੋਣ ਕਰਨਗੇ। ਹਾਲਾਂਕਿ ਸਮੇਂ ਦੇ ਨਾਲ-ਨਾਲ ਸਿੱਖਾਂ ਦੀ ਆਬਾਦੀ ਦੇ ਹਿਸਾਬ ਨਾਲ ਇਨਾਂ ਸਾਰੇ 46 ਚੋਣ ਹਲਕਿਆਂ 'ਚ ਕੁਲ ਵੋਟਾਂ ਸਬੰਧੀ ਕਾਫੀ ਫ਼ਰਕ ਆ ਚੁੱਕਾ ਸੀ, ਕਿਸੇ ਹਲਕੇ 'ਚ ਸਿਰਫ 1500 ਵੋਟਰ ਸਨ ਜਦ ਕਿ ਕਿਸੇ ਹੋਰ ਹਲਕੇ 'ਚ ਵੋਟਰਾਂ ਦੀ ਗਿਣਤੀ 35 ਹਜ਼ਾਰ ਤੋਂ ਜ਼ਿਆਦਾ ਹੋ ਚੁੱਕੀ ਸੀ। ਇਸੇ ਕਰਕੇ ਤਕਰੀਬਨ 5 ਸਾਲ ਪਹਿਲਾਂ ਇਨਾਂ ਸਾਰੇ ਹਲਕਿਆਂ ਦੀ ਮੁੜ ਤੋਂ ਹੱਦਬੰਦੀ ਕਰਕੇ ਸਾਰਿਆਂ ਨੂੰ ਵੋਟਾਂ ਦੀ ਗਿਣਤੀ ਦੇ ਹਿਸਾਬ ਨਾਲ ਲਗਭਗ ਬਰਾਬਰੀ 'ਤੇ ਲਿਆਂਦਾ ਗਿਆ ਹੈ। ਹਾਲਾਂਕਿ ਕੁਝ ਹਲਕਿਆਂ ਵਿਚ ਇਸ ਵਾਰੀ ਵੀ ਥੋੜਾ ਜਿਹਾ ਬਦਲਾਅ ਕੀਤਾ ਗਿਆ ਹੈ, ਜਿਸ ਨੂੰ ਲੈ ਕੇ ਸਬੰਧਤ ਆਗੂਆਂ ਵਲੋਂ ਸਵਾਲ ਵੀ ਉਠਾਏ ਗਏ ਸਨ।

ਸਿੱਖ ਵੋਟਰਾਂ ਰਾਹੀਂ ਚੁਣੇ ਗਏ 46 ਮੈਂਬਰਾਂ ਸਮੇਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁੱਲ ਮੈਂਬਰਾਂ ਦੀ ਗਿਣਤੀ 55 ਹੁੰਦੀ ਹੈ। ਚੁਣੇ ਹੋਏ 46 ਮੈਂਬਰਾਂ ਤੋਂ ਇਲਾਵਾ 4 ਤਖ਼ਤਾਂ ਦੇ ਜਥੇਦਾਰ ਸਾਹਿਬਾਨ ਸਮੇਤ ਕੁੱਲ 9 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ, ਹਾਲਾਂਕਿ ਚਾਰੇ ਜਥੇਦਾਰ ਸਾਹਿਬਾਨਾਂ ਨੂੰ ਦਿੱਲੀ ਕਮੇਟੀ ਦੇ ਅਹੁਦੇਦਾਰ ਚੁਣਨ ਲਈ ਵੋਟ ਦਾ ਅਧਿਕਾਰ ਨਹੀਂ ਹੁੰਦਾ। ਜਦੋਂ ਆਮ ਚੋਣਾਂ ਰਾਹੀਂ 46 ਮੈਂਬਰਾਂ ਦੇ ਚੁਣੇ ਜਾਣ ਦੀ ਪ੍ਰਕਿਰਿਆ ਪੂਰੀ ਹੋ ਜਾਂਦੀ ਹੈ ਤਾਂ ਇਨਾਂ 46 ਮੈਂਬਰਾਂ ਵਲੋਂ ਵੋਟਾਂ ਰਾਹੀਂ ਚੁਣ ਕੇ ਦਿੱਲੀ ਦੇ 2 ਸਿੱਖ ਨੁਮਾਇੰਦਿਆਂ ਨੂੰ ਨਾਮਜ਼ਦ ਕੀਤਾ ਜਾਂਦਾ ਹੈ ਅਤੇ ਦਿੱਲੀ ਦੀਆਂ ਰਜਿਸਟਰਡ ਗੁਰਦੁਆਰਾ ਸਿੰਘ ਸਭਾਵਾਂ ਦੇ 2 ਪ੍ਰਧਾਨਾਂ ਨੂੰ ਲਾਟਰੀ (ਪਰਚੀ) ਰਾਹੀਂ ਮਨੋਨੀਤ ਕੀਤਾ ਜਾਂਦਾ ਹੈ, ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵਲੋਂ ਭੇਜੇ ਗਏ 1 ਨੁਮਾਇੰਦੇ ਨੂੰ ਕਮੇਟੀ ਮੈਂਬਰ ਵਜੋਂ ਨਾਮਜ਼ਦ ਕੀਤਾ ਜਾਂਦਾ ਹੈ। ਇਸ ਤਰਾਂ ਕੁੱਲ ਮੈਂਬਰਾਂ ਦੀ ਗਿਣਤੀ 51 (46+5=51) ਹੋ ਜਾਂਦੀ ਹੈ। 4 ਤਖ਼ਤਾਂ ਦੇ ਜਥੇਦਾਰ ਸਾਹਿਬਾਨ ਸਮੇਤ 55 ਮੈਂਬਰੀ ਦਿੱਲੀ ਕਮੇਟੀ ਤਿਆਰ ਹੋ ਜਾਂਦੀ ਹੈ। ਇਸ ਤੋਂ ਬਾਅਦ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਵਲੋਂ 15 ਦਿਨ ਦੇ ਅੰਦਰ ਸਾਰੇ ਮੈਂਬਰਾਂ ਦੀ ਮੀਟਿੰਗ ਸੱਦੀ ਜਾਂਦੀ ਹੈ। ਇਸ ਮੀਟਿੰਗ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ, ਮੀਤ ਸਕੱਤਰ ਅਤੇ 10 ਮੈਂਬਰੀ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਜਾਂਦੀ ਹੈ। ਇਹੀ ਕਾਰਜਕਾਰਨੀ ਕਮੇਟੀ, ਗੁਰਦੁਆਰਾ ਪ੍ਰਬੰਧ ਨਾਲ ਜੁੜੇ ਸਾਰੇ ਮਹੱਤਵਪੂਰਨ ਫ਼ੈਸਲੇ ਲੈਂਦੀ ਹੈ। ਅਹੁਦੇਦਾਰਾਂ ਤੇ ਕਾਰਜਕਾਰਨੀ ਕਮੇਟੀ ਦੀ ਮਿਆਦ 2 ਸਾਲ ਦੀ ਹੁੰਦੀ ਹੈ ਅਤੇ 2 ਸਾਲ ਬਾਅਦ ਗੁਰਦੁਆਰਾ ਚੋਣ ਡਾਇਰੈਕਟਰ ਵਲੋਂ ਅਗਲੇ ੨ ਸਾਲਾਂ ਲਈ ਨਵੇਂ ਅਹੁਦੇਦਾਰ ਤੇ ਕਾਰਜਕਾਰਨੀ ਕਮੇਟੀ ਦੀ ਚੋਣ ਕਰਵਾਈ ਜਾਂਦੀ ਹੈ।

ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ ਮੁਤਾਬਿਕ ਇਸ ਵਾਰੀ ਸਿੱਖ ਵੋਟਰਾਂ ਦੀ ਕੁਲ ਗਿਣਤੀ 3 ਲੱਖ 42 ਹਜ਼ਾਰ 65 ਹੈ। ਜਿਸ ਵਿਚ ਮਰਦ ਵੋਟਰ 1 ਲੱਖ 70 ਹਜ਼ਾਰ 695 ਜਦ ਕਿ ਔਰਤ ਵੋਟਰ 1 ਲੱਖ 71 ਹਜ਼ਾਰ 370 ਹਨ। ਪਿਛਲੀ ਵਾਰੀ ਭਾਵ 2017 'ਚ ਹੋਈਆਂ ਆਮ ਚੋਣਾਂ ਵਿਚ ਸਿੱਖ ਵੋਟਰਾਂ ਦੀ ਕੁਲ ਗਿਣਤੀ 3 ਲੱਖ 80 ਹਜ਼ਾਰ 91 ਸੀ। ਜਿਸ ਵਿਚੋਂ 1 ਲੱਖ 92 ਹਜ਼ਾਰ 691 ਮਰਦ ਅਤੇ 1 ਲੱਖ 87 ਹਜ਼ਾਰ 691 ਔਰਤ ਵੋਟਰ ਸਨ। ਪਿਛਲੀ ਵਾਰ ਦੇ ਮੁਕਾਬਲੇ ਇਸ ਵਾਰੀ ਗੁਰਦੁਆਰਾ ਚੋਣਾਂ ਲਈ ਸਿੱਖ ਵੋਟਰਾਂ ਦੀ ਗਿਣਤੀ 38 ਹਜ਼ਾਰ ਦੇ ਕਰੀਬ ਘੱਟ ਹੋਈ ਹੈ। ਚੋਣ ਡਾਇਰੈਕਟੋਰੇਟ ਮੁਤਾਬਿਕ ਇਸ ਵਾਰੀ 203 ਥਾਵਾਂ 'ਤੇ 554 ਬੂਥ ਸਥਾਪਤ ਕੀਤੇ ਜਾਣਗੇ, ਜਿੱਥੇ ਵੋਟਿੰਗ ਦੌਰਾਨ ਕੋਵਿਡ-19 ਦੇ ਤਹਿਤ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪੂਰੀ ਪਾਲਣਾ ਕੀਤੀ ਜਾਵੇਗੀ। ਦਿੱਲੀ ਗੁਰਦੁਆਰਾ ਚੋਣਾਂ ਵਿਚ ਹਿੱਸਾ ਲੈਣ ਲਈ ਉਮੀਦਵਾਰ ਦੀ ਉਮਰ 25 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਹ ਭਾਰਤ ਦਾ ਨਾਗਰਿਕ ਹੋਵੇ ਅਤੇ ਉਸ ਦਾ ਨਾਮ ਗੁਰਦੁਆਰਾ ਵੋਟਰ ਸੂਚੀ ਵਿਚ ਦਰਜ ਹੋਣ ਦੇ ਨਾਲ ਨਾਲ ਉਸ ਦਾ ਅੰਮ੍ਰਿਤਧਾਰੀ ਹੋਣਾ ਵੀ ਲਾਜ਼ਮੀ ਹੈ। ਇਸ ਤੋਂ ਇਲਾਵਾ ਉਹ ਦਿੱਲੀ ਕਮੇਟੀ ਦਾ ਮੁਲਾਜ਼ਮ ਨਾ ਹੋਵੇ, ਉਸ ਨੂੰ ਪੰਜਾਬੀ ਭਾਸ਼ਾ ਪੜਨੀ ਤੇ ਲਿਖਣੀ ਆਉਂਦੀ ਹੋਵੇ ਅਤੇ ਪਤਿਤ, ਪਾਗਲ, ਦਿਵਾਲੀਆ ਜਾਂ ਸਜ਼ਾਯਾਫਤਾ ਨਹੀਂ ਹੋਣਾ ਚਾਹੀਦਾ।

# ਦੇਸ਼ ਦੀਆਂ ਬਿਮਾਰੂ ਸਰਕਾਰਾਂ

**ਹਰਕੀਰਤ ਕੌਰ**
**੯੭੭੯੧੧੮੦੯੯**




ਦੇਸ਼ ਦੇ ਹਾਲਾਤ ਅਜਿਹੇ ਹੋਏ ਹਨ ਕਿ ਜਿੱਥੇ ਵੀ ਲੋਕ ਜੁੜ ਖੜਦੇ ਹਨ, ਸਰਕਾਰਾਂ ਦੇ ਤਾਨਾਸ਼ਾਹੀ ਰਵੱਈਏ ਦੀ ਹੀ ਗੱਲਬਾਤ ਚੱਲ ਰਹੀ ਹੁੰਦੀ ਹੈ। ਪਿੰਡ ਦੀਆਂ ਬੀਬੀਆਂ ਕਹਿਣ ਨੂੰ ਭਾਵੇਂ ਅਨਪੜ ਹੀ ਹੋਣ ਪਰ ਆਪਣੀ ਸੋਚ ਤੇ ਜਾਣਕਾਰੀ ਅਨੁਸਾਰ ਉਹ ਵੀ ਸਰਕਾਰਾਂ ਨੂੰ ਲਾਹਨਤਾਂ ਪਾ ਆਉਣ ਦਾ ਮੌਕਾ ਨਹੀਂ ਜਾਣ ਦਿੰਦੀਆਂ। ਕੁਝ ਗਿਣੇ ਚੁਣੇ ਅਖਬਾਰਾਂ, ਟੀਵੀ ਚੈਨਲਾਂ ਉੱਪਰ, ਸ਼ੋਸ਼ਲ ਮੀਡੀਆ ਉੱਪਰ ਲੇਖਕਾਂ ਦੀਆਂ ਲਿਖਤਾਂ ਰਾਹੀਂ ਸਰਕਾਰ ਦੀ ਮਰ ਚੁੱਕੀ ਜਮੀਰ ਨੂੰ ਹਲੂਣਾ ਦੇਣ ਦਾ ਯਤਨ ਜਾਰੀ ਹੈ।

ਕੇਂਦਰ ਦੇ ਇੱਕ ਵਿਸ਼ੇਸ਼ ਵਿਭਾਗ 'ਚੰਗੀ ਸਰਕਾਰ ਸੂਚਕ ਅੰਕ' ਵਿੱਚ ਦੇਸ਼ ਦੀਆਂ ਰਾਜ ਸਰਕਾਰਾਂ, ਸੂਬਾਈ ਸਰਕਾਰਾਂ ਦੇ ਕੰਮਕਾਜ ਦੇ ਹਰੇਕ ਪਹਿਲੂ ਦਾ ਲੇਖਾ ਜੋਖਾ ਕੀਤਾ ਜਾਂਦਾ ਹੈ। ਜਿਸ ਦਾ ਮਕਸਦ ਸਰਕਾਰਾਂ ਨੂੰ ਆਪਣੀ ਕਾਰਗੁਜ਼ਾਰੀ ਵਿੱਚ ਰਹਿ ਚੁੱਕੀਆਂ ਕਮੀਆਂ ਨੂੰ ਘੋਖ ਕੇ ਨਵੀਆਂ ਨੀਤੀਆਂ ਘੜਣ ਜਾਂ ਆਪਣੇ ਤੌਰ ਤਰੀਕੇ ਬਦਲਣ ਲਈ ਪ੍ਰੇਰਿਤ ਕੀਤਾ ਜਾ ਸਕੇ। ਇਸ ਵਿੱਚ ਕੇਂਦਰੀ ਵਿਭਾਗ ਵੱਲੋਂ ਕਾਰਗੁਜ਼ਾਰੀ ਦੀ ਪੜਚੋਲ ਕੀਤੀ ਜਾਂਦੀ ਹੈ। ਇਸ ਵਿੱਚ ਮੁੱਖ ਤੌਰ ਤੇ ਖੇਤੀਬਾੜੀ, ਵਪਾਰ, ਸਿਹਤ, ਸਿੱਖਿਆ, ਖੇਡ, ਸੁਰੱਖਿਆ ਆਦਿ ਪੱਖਾਂ ਉੱਪਰ ਪੜਚੋਲਵੀਂ ਨਜ਼ਰ ਮਾਰੀ ਜਾਂਦੀ ਹੈ। ਜਦ ਇਹ ਰਿਪੋਰਟ ਪੇਸ਼ ਕੀਤੀ ਗਈ ਤਾਂ ਇਸ ਵਿੱਚ ਵਧੀਆ ਕਾਰਗੁਜ਼ਾਰੀ ਵਾਲੇ ਸੂਬਿਆਂ ਨੂੰ ਵਿਸ਼ੇਸ਼ ਦਰਜਾ ਦਿੱਤਾ ਗਿਆ, ਜਦੋਂ ਕਿ ਪੰਜਾਬ ਉਸ ਵਿੱਚ ਪਿਛਲੀਆਂ ਕਤਾਰਾਂ ਵਿੱਚ ਖੜਾ ਸੀ, ਗੁਜਰਾਤ, ਮੁੰਬਈ, ਮਹਾਰਾਸ਼ਟਰ ਮੂਹਰਲੀਆਂ ਕਤਾਰਾਂ ਵਿੱਚ ਸਨ।

ਪਰ ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਇਸ ਸਾਲ ਜਦੋਂ ਇਹ ਰਿਪੋਰਟ ਪੇਸ਼ ਕੀਤੀ ਜਾਵੇਗੀ ਤਾਂ, ਕੇਂਦਰ ਸਰਕਾਰ ਆਪਣੇ ਕਿਹੜੇ ਮਹਾਨ ਕੰਮਾਂ ਦਾ ਜ਼ਿਕਰ ਕਰੇਗੀ। ਕਿਉਂਕਿ ਪਿਛਲੇ ਕੁਝ ਸਮੇਂ ਤੋਂ ਦੇਸ਼ ਵਿਚ ਵਿਕਾਸ ਦਾ ਕੋਈ ਨਾਮੋਂ ਨਿਸ਼ਾਨ ਨਹੀਂ ਹੈ। ਸਰਕਾਰਾਂ ਭ੍ਰਿਸ਼ਟਾਚਾਰ ਦੇ ਬੋਝ ਹੇਠਾਂ ਦੱਬੀਆਂ ਜਾ ਚੁੱਕੀਆਂ ਹਨ। ਦੇਸ਼ ਆਰਥਿਕ, ਸਮਾਜਿਕ, ਸੁਰੱਖਿਆ, ਸਿਹਤ, ਸਿੱਖਿਆ ਹਰ ਖੇਤਰ ਵਿੱਚ ਮਾਰ ਖਾ ਰਿਹਾ ਹੈ। ਸਰਕਾਰਾਂ ਦੀ ਬਿਮਾਰੂ ਸੋਚ ਨੇ ਖੇਤੀਬਾੜੀ ਦਾ ਲੱਕ ਤੋੜ ਦਿੱਤਾ ਹੈ ।ਬਗੈਰ ਘੋਖਣ ਦੇ ਅਜਿਹੇ ਕਾਲੇ ਕਾਨੂੰਨ ਪਾਸ ਕੀਤੇ ਕਿ ਸਰਕਾਰਾਂ ਨੇ ਆਪਣੇ ਆਪ ਨੂੰ ਕਟਹਿਰੇ ਵਿੱਚ ਖੜਾ ਕਰ ਦਿੱਤਾ ਹੈ । ਜੇਕਰ ਦੇਖਿਆ ਜਾਵੇ ਤਾਂ ਸਾਡੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਮੋਟੇ ਤੌਰ ਤੇ ਅਤੇ ਸਮੁੱਚੇ ਰੂਪ ਵਿੱਚ ਸਲਾਹੁਣਯੋਗ ਨਹੀਂ ਹੈ। ਅੱਜ ਕਿਸੇ ਵੀ ਖੇਤਰ ਵਿੱਚ ਨਜ਼ਰ ਮਾਰਨ ਤੇ ਅਜਿਹਾ ਹੀ ਆਭਾਸ ਹੁੰਦਾ ਹੈ। ਸਾਡੀਆਂ ਸਰਕਾਰਾਂ ਹਰ ਪੱਖੋਂ ਪਛੜੀਆਂ ਹਨ, ਜੇਕਰ 'ਚੰਗੀ ਸਰਕਾਰ ਸੂਚਕ ਅੰਕ' ਰਾਹੀਂ ਹਰ ਸਾਲ ਸਰਕਾਰਾਂ ਦੀ ਕਾਰਗੁਜ਼ਾਰੀ ਦੀ ਪੜਚੋਲ ਕੀਤੀ ਜਾਂਦੀ ਹੈ ਤਾਂ ਫਿਰ ਇਨਾਂ ਰਿਪੋਰਟਾਂ ਤੋਂ ਸੇਧ ਲੈ ਕੇ ਦੇਸ਼ ਦੇ ਹਿੱਤ ਵਿੱਚ ਕਦਮ ਕਿਉਂ ਨਹੀਂ ਉਠਾਏ ਜਾ ਰਹੇ, ਜੋ ਦੇਸ਼ ਲਈ ਸਾਰਥਕ ਸਿੱਧ ਹੋ ਸਕਣ। ਇਸੇ ਲਈ ਸਾਡੇ ਦੇਸ਼ ਵਿਚ ਆਸ਼ਾ ਦੀ ਜਗਾ 'ਤੇ ਨਿਰਾਸ਼ਾ ਦਾ ਆਲਮ ਭਾਰੂ ਹੈ। ਇਸ ਤਸਵੀਰ ਨੂੰ ਬਦਲਣ ਲਈ ਬਹਿਸ ਦੀ, ਫੋਕੀ ਬਿਆਨਬਾਜ਼ੀ ਤੇ ਵਾਅਦਿਆਂ ਦੀ ਜੰਗ ਨਹੀਂ, ਸਗੋਂ ਅਮਲੀ ਰੂਪ ਵਿੱਚ ਅਜਿਹੀਆਂ ਜਿੱਤਾਂ ਦੀ ਜਰੂਰਤ ਹੈ, ਦੇਸ਼ ਦੀਆਂ ਸਰਕਾਰਾਂ ਨੂੰ ਆਪਣੀ ਮਰ ਚੁੱਕੀ ਜਮੀਰ ਨੂੰ ਜਗਾਉਣ ਦੀ ਜ਼ਰੂਰਤ ਹੈ, ਦੇਸ਼ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨਾ, ਉਨਾਂ ਦਾ ਫਰਜ਼ ਹੈ ਜੋ ਸਰਕਾਰਾਂ ਨੂੰ ਤਨਦੇਹੀ ਨਾਲ ਨਿਭਾਉਣਾ ਚਾਹੀਦਾ ਹੈ।



# ਕਿਸਾਨੀ ਅੰਦੋਲਨ ਨੂੰ ਦਬਾਉਣ ਦੇ ਨਤੀਜੇ ਭਿਆਨਕ ਨਿਕਲਣਗੇ

**ਡਾਕਟਰ ਰਣਜੀਤ ਸਿੰਘ**

ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਨੂੰ ਬੈਠਿਆਂ ਸੌ ਦਿਨ ਤੋਂ ਵੱਧ ਹੋ ਗਏ ਹਨ। ਕੋਈ ਤਿੰਨ ਸੌ ਕਿਸਾਨ ਆਪਣੀਆਂ ਜਾਨਾਂ ਵੀ ਗੁਆ ਬੈਠੇ ਹਨ। ਪਾਰਲੀਮੈਂਟ ਵਿਚ ਵੀ ਜ਼ੋਰਦਾਰ ਬਹਿਸ ਹੋਈ ਹੈ ਪਰ ਸਰਕਾਰ ਨੇ ਅਜਿਹਾ ਰਵੱਈਆ ਅਖ਼ਤਿਆਰ ਕਰ ਲਿਆ ਹੈ ਜਿਵੇਂ ਉਸ ਦਾ ਇਸ ਸੰਘਰਸ਼ ਨਾਲ ਕੋਈ ਸਬੰਧ ਹੀ ਨਹੀਂ ਹੈ। ਸ਼ੁਰੂ ਵਿਚ ਜਿਸ ਢੰਗ ਨਾਲ ਕਿਸਾਨਾਂ ਤੇ ਸਰਕਾਰ ਵਿਚਕਾਰ ਗੱਲਬਾਤ ਸ਼ੁਰੂ ਹੋਈ ਸੀ ਉਸ ਤੋਂ ਜਾਪਦਾ ਸੀ ਕਿ ਇਸ ਮਸਲੇ ਦਾ ਹੱਲ ਛੇਤੀ ਹੀ ਨਿਕਲ ਆਵੇਗਾ। ਉਦੋਂ ਸਰਕਾਰ ਬਿੱਲਾਂ ਵਿਚ ਲੋੜੀਂਦੀਆਂ ਸੋਧਾਂ ਲਈ ਵੀ ਤਿਆਰ ਸੀ। ਬਿੱਲਾਂ ਨੂੰ ਲਾਗੂ ਕਰਨ ਉੱਤੇ ਵੀ ਉਸ ਵਲੋਂ ਰੋਕ ਲਗਾਉਣ ਦੀ ਪੇਸ਼ਕਸ਼ ਕੀਤੀ ਗਈ ਸੀ। ਪਰ ਹੁਣ ਜਾਪਦਾ ਹੈ ਕਿ ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰਨ ਦੇ ਰੌਂ ਵਿਚ ਨਹੀਂ ਹੈ। ਇਹ ਵੀ ਹੋ ਸਕਦਾ ਹੈ ਕਿ ਸਰਕਾਰ ਨੂੰ ਜਾਪਦਾ ਹੋਵੇ ਕਿ ਆਪਣੇ ਆਪ ਹੀ ਧਰਨਾ ਖ਼ਤਮ ਹੋ ਜਾਵੇਗਾ। ਪਾਰਲੀਮੈਂਟ ਵਿਚ ਹੋਈ ਬਹਿਸ ਦਾ ਵੀ ਸਰਕਾਰ ਉੱਤੇ ਕੋਈ ਅਸਰ ਨਹੀਂ ਹੋਇਆ, ਸਗੋਂ ਉਲਟਾ ਖੁਰਾਕੀ ਵਸਤਾਂ ਤੇ ਜਨਤਕ ਵੰਡ ਪ੍ਰਣਾਲੀ ਸਬੰਧੀ ਸੰਸਦੀ ਕਮੇਟੀ ਦੇ ਤ੍ਰਿਣਾਮੂਲ ਕਾਂਗਰਸ ਦੇ ਸੰਸਦ ਮੈਂਬਰ ਤੇ ਕਮੇਟੀ ਦੇ ਚੇਅਰਮੈਨ ਬੰਦੂਪਾਧਿਆਏ ਸ੍ਰੀ ਸੁਦੀਪ ਦੀ ਗ਼ੈਰ-ਹਾਜ਼ਰੀ ਵਿਚ ਆਪਣੀ ਪਾਰਟੀ ਵਲੋਂ ਤੀਜੇ ਸੋਧ ਕਾਨੂੰਨ ਨੂੰ ਲਾਗੂ ਕਰਨ ਦੀ ਸਿਫ਼ਾਰਸ਼ ਕਰਵਾ ਲਈ ਹੈ। ਅਸਲ ਵਿਚ ਤਿੰਨੇ ਕਾਨੂੰਨ ਇਕ-ਦੂਜੇ ਦੇ ਸਹਾਇਕ ਹਨ। ਪਹਿਲਾ ਕਾਨੂੰਨ ਵਪਾਰੀਆਂ ਨੂੰ ਮੰਡੀਆਂ ਤੋਂ ਬਾਹਰ ਕਿਸਾਨ ਤੋਂ ਉਸ ਦੀ ਉਪਜ ਖ਼ਰੀਦਣ ਦੀ ਖੁੱਲ ਦਿੰਦਾ ਹੈ, ਦੂਜਾ ਕਾਨੂੰਨ ਵਪਾਰੀਆਂ ਨੂੰ ਇਹ ਖੁੱਲ ਦਿੰਦਾ ਹੈ ਕਿ ਲੋੜ ਅਨੁਸਾਰ ਉਹ ਆਪਣੀ ਮਰਜ਼ੀ ਦੀ ਜਿਣਸ ਕਿਸਾਨਾਂ ਵਲੋਂ ਠੇਕੇ ਉੱਤੇ ਪੈਦਾ ਕਰਵਾ ਸਕਦੇ ਹਨ। ਤੀਜਾ ਕਾਨੂੰਨ ਵਪਾਰੀਆਂ ਨੂੰ ਖੇਤੀ ਉਪਜ ਨੂੰ ਬਿਨਾਂ ਕਿਸੇ ਰੋਕ-ਟੋਕ ਤੋਂ ਭੰਡਾਰ ਕਰਨ ਦੀ ਖੁੱਲ ਦਿੰਦਾ ਹੈ। ਤੀਜਾ ਕਾਨੂੰਨ ਵਪਾਰੀਆਂ ਨੂੰ ਇਹ ਵੀ ਖੁੱਲ ਦਿੰਦਾ ਹੈ ਕਿ ਉਹ ਭੰਡਾਰ ਕੀਤੀ ਗਈ ਉਪਜ ਨੂੰ ਦੁੱਗਣੀ ਕੀਮਤ ਉੱਤੇ ਵੇਚ ਸਕਦੇ ਹਨ। ਸਰਕਾਰ ਉਦੋਂ ਹੀ ਦਖ਼ਲ ਦੇਵੇਗੀ ਜੇਕਰ ਕੀਮਤ ਦੁੱਗਣੀ ਜਾਂ ਇਸ ਤੋਂ ਵੱਧ ਹੋ ਜਾਵੇਗੀ।

ਅਸਲ ਵਿਚ ਕੇਂਦਰ ਸਰਕਾਰ ਦੀ ਮਾਲੀ ਹਾਲਤ ਏਨੀ ਖ਼ਸਤਾ ਹੋ ਚੁੱਕੀ ਹੈ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਤੋਂ ਪੱਲਾ ਝਾੜ ਰਹੀ ਹੈ। ਸਰਕਾਰ ਕੋਲ ਨਾ ਤਾਂ ਖੇਤੀ ਉਪਜ ਖ਼ਰੀਦਣ ਅਤੇ ਨਾ ਹੀ ਇਸ ਦੇ ਭੰਡਾਰ ਲਈ ਵਸੀਲੇ ਹਨ। ਉਹ ਵੱਖਰੀ ਗੱਲ ਹੈ ਕਿ ਦੇਸ਼ ਵਿਚ ਇਕ ਤਿਹਾਈ ਵਸੋਂ ਨੂੰ ਅਜੇ ਵੀ ਰਜਵੀਂ ਰੋਟੀ ਨਸੀਬ ਨਹੀਂ ਹੋ ਰਹੀ। ਸਰਕਾਰੀ ਆਮਦਨ ਦਾ ਬਹੁਤਾ ਹਿੱਸਾ ਆਗੂਆਂ ਅਤੇ ਅਫ਼ਸਰਾਂ ਉਤੇ ਹੀ ਖਰਚ ਹੋ ਜਾਂਦਾ ਹੈ। ਸੁਪਰੀਮ ਕੋਰਟ ਵਲੋਂ ਰੋਕ ਲਗਾਈ ਹੋਣ ਕਰਕੇ ਸਰਕਾਰ ਸਿੱਧੇ ਢੰਗ ਨਾਲ ਇਨਾਂ ਕਾਨੂੰਨਾਂ ਨੂੰ ਲਾਗੂ ਨਹੀਂ ਕਰ ਸਕਦੀ, ਇਸ ਕਰਕੇ ਇਨਾਂ ਕਾਨੂੰਨਾਂ ਨੂੰ ਅਸਿੱਧੇ ਢੰਗ ਨਾਲ ਲਾਗੂ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਹੁਣ ਤੀਜੇ ਕਾਨੂੰਨ ਰਾਹੀਂ ਸ਼ੁਰੂਆਤ ਕਰਨ ਦਾ ਯਤਨ ਹੈ। ਇਸ ਸੰਸਦੀ ਕਮੇਟੀ ਨੇ ਜ਼ਰੂਰੀ ਵਸਤਾਂ (ਸੋਧ) ਕਾਨੂੰਨ 2020 ਨੂੰ ਪੂਰੀ ਭਾਵਨਾ ਨਾਲ ਲਾਗੂ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਕਮੇਟੀ ਦਾ ਆਖਣਾ ਹੈ ਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਨਿਵੇਸ਼ ਵਿਚ ਵਾਧੇ ਦਾ ਮਾਹੌਲ ਬਣੇਗਾ ਤੇ ਨਾਲ ਹੀ ਖੇਤੀ ਖੇਤਰ ਵਿਚ ਉਚਿਤ ਮੁਕਾਬਲੇਬਾਜ਼ੀ ਨੂੰ ਹੁਲਾਰਾ ਮਿਲੇਗਾ ਅਤੇ ਕਿਸਾਨ ਦੀ ਆਮਦਨ ਵੀ ਵਧੇਗੀ। ਕਮੇਟੀ ਦੀ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਇਹ ਕਾਨੂੰਨ ਹੁਣ ਤੱਕ ਖੇਤੀ ਸੈਕਟਰ ਵਿਚ ਅਣਵਰਤੇ ਸਰੋਤਾਂ ਨੂੰ ਖੋਲਣ ਵਿਚ ਮੁੱਖ ਪ੍ਰੇਰਕ ਦਾ ਕੰਮ ਕਰੇਗਾ। ਇਸ ਦਾ ਭਾਵ ਇਹ ਹੋਇਆ ਕਿ ਵਪਾਰੀਆਂ ਨੂੰ ਖੇਤੀ ਜਿਣਸਾਂ ਦੇ ਭੰਡਾਰਨ ਲਈ ਪੂਰੀ ਖੁੱਲ ਮਿਲ ਗਈ ਹੈ। ਜੇਕਰ ਉਹ ਪੰਜਾਬ ਤੇ ਹਰਿਆਣਾ ਵਿਚ ਜਿਣਸ ਨਾ ਵੀ ਖ਼ਰੀਦਣ ਤਾਂ ਵੀ ਦੇਸ਼ ਦੇ ਬਾਕੀ ਸੂਬਿਆਂ ਵਿਚੋਂ ਉਹ ਉਪਜ ਦੀ ਖ਼ਰੀਦ ਖੁੱਲ ਕੇ ਕਰ ਸਕਣਗੇ। ਕਿਸਾਨਾਂ ਦੀ ਮੁੱਖ ਮੰਗ ਕਿ ਖੇਤੀ ਉਪਜ ਦਾ ਘੱਟੋ-ਘੱਟ ਸਮਰਥਨ ਮੁੱਲ ਜ਼ਰੂਰ ਮਿਲਣਾ ਚਾਹੀਦਾ ਹੈ। ਹੁਣ ਤੱਕ ਇਸ ਦਾ ਲਾਭ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨ ਹੀ ਪ੍ਰਾਪਤ ਕਰਦੇ ਰਹੇ ਹਨ। ਸਰਕਾਰੀ ਖ਼ਰੀਦ ਯਕੀਨੀ ਹੋਣ ਕਰਕੇ ਹੀ ਪੰਜਾਬ ਅਤੇ ਹਰਿਆਣੇ ਵਿਚ ਕਣਕ-ਝੋਨਾ ਮੁੱਖ ਫ਼ਸਲੀ ਚੱਕਰ ਬਣ ਗਿਆ ਹੈ। ਕਿਸਾਨਾਂ ਨੂੰ ਇਸ ਫ਼ਸਲੀ ਚੱਕਰ ਨਾਲ ਨੁਕਸਾਨ ਵੀ ਹੋਇਆ ਹੈ। ਹੋਰ ਸਾਰੀਆਂ ਰਿਵਾਇਤੀ ਫ਼ਸਲਾਂ ਅਲੋਪ ਹੋ ਗਈਆਂ ਹਨ। ਧਰਤੀ ਹੇਠਲੇ ਪਾਣੀ ਦੀ ਕਮੀ ਹੋਈ ਹੈ। ਪਰ ਫਿਰ ਵੀ ਅਚਾਨਕ ਕਿਸਾਨ ਇਸ ਫ਼ਸਲੀ ਚੱਕਰ ਨੂੰ ਛੱਡ ਨਹੀਂ ਸਕਦਾ, ਕਿਉਂਕਿ ਉਸ ਕੋਲ ਇਸ ਦਾ ਹੋਰ ਕੋਈ ਬਦਲ ਨਹੀਂ ਹੈ। ਪਹਿਲਾਂ ਸਰਕਾਰ ਨੂੰ ਡਰ ਸੀ ਕਿ ਅੰਦੋਲਨ ਸਾਰੇ ਦੇਸ਼ ਵਿਚ ਨਾ ਫੈਲ ਜਾਵੇ ਪਰ ਹੁਣ ਉਸ ਨੂੰ ਯਕੀਨ ਹੋ ਗਿਆ ਹੈ ਕਿ ਇਹ ਉਤਰੀ ਭਾਰਤ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਇਸੇ ਕਰਕੇ ਸਰਕਾਰ ਨੇ ਇਨਾਂ ਸੂਬਿਆਂ ਵਿਚ ਆਉਣ ਵਾਲੀ ਕਣਕ ਦੀ ਖ਼ਰੀਦ ਉਤੇ ਕਈ ਸ਼ਰਤਾਂ ਲਗਾ ਦਿੱਤੀਆਂ ਹਨ। ਪਹਿਲੀ ਸ਼ਰਤ ਇਹ ਹੈ ਕਿ




ਪੈਸੇ ਦੀ ਅਦਾਇਗੀ ਸਰਕਾਰ ਸਿੱਧੀ ਕਿਸਾਨਾਂ ਦੇ ਬੈਂਕ ਖਾਤੇ ਵਿਚ ਕਰੇਗੀ। ਇੰਝ ਆੜਤੀਏ ਵਿਹਲੇ ਹੋ ਜਾਣਗੇ ਤੇ ਉਨਾਂ ਨੂੰ ਆਪਣੀ ਗੁਜ਼ਰ ਲਈ ਕਿਸੇ ਹੋਰ ਰੁਜ਼ਗਾਰ ਨੂੰ ਲੱਭਣਾ ਪਵੇਗਾ। ਦੂਜੀ ਸ਼ਰਤ ਇਹ ਲਗਾਈ ਗਈ ਹੈ ਕਿ ਕਿਸਾਨ ਤੋਂ ਓਨੀ ਹੀ ਕਣਕ ਖ਼ਰੀਦੀ ਜਾਵੇਗੀ ਜਿੰਨੀ ਕਿ ਉਸ ਨੇ ਬਿਜਾਈ ਕੀਤੀ ਹੈ। ਇਸ ਲਈ ਉਸ ਨੂੰ ਆਪਣੀ ਮਾਲਕੀ ਜ਼ਮੀਨ ਦੀ ਫ਼ਰਦ ਵਿਖਾਣੀ ਪਵੇਗੀ। ਇਸ ਦਾ ਇਹ ਕਾਰਨ ਦੱਸਿਆ ਜਾ ਰਿਹਾ ਹੈ ਕਿ ਇਸ ਤੋਂ ਦੂਜੇ ਸੂਬਿਆਂ ਤੋਂ ਲਿਆ ਕੇ ਕਣਕ ਵੇਚਣ ਉਤੇ ਪਾਬੰਦੀ ਲੱਗ ਸਕੇਗੀ। ਇਕ ਪਾਸੇ ਸਰਕਾਰ ਖੁੱਲ ਦਿੰਦੀ ਹੈ ਕਿ ਕਿਸਾਨ ਆਪਣੀ ਜਿਣਸ ਦੇਸ਼ ਵਿਚ ਕਿਤੇ ਵੀ ਵੇਚ ਸਕਦਾ ਹੈ ਦੂਜੇ ਪਾਸੇ ਇਹ ਰੋਕ ਲਗਾ ਦਿੱਤੀ ਗਈ ਹੈ। ਉਂਝ ਵੀ ਕਣਕ ਤਾਂ ਖੇਤਾਂ ਵਿਚ ਕਿਸਾਨ ਹੀ ਪੈਦਾ ਕਰਦਾ ਹੈ। ਇਸ ਨੂੰ ਫੈਕਟਰੀਆਂ ਵਿਚ ਨਹੀਂ ਬਣਾਇਆ ਜਾ ਸਕਦਾ ਜਾਂ ਫਿਰ ਗੁਆਂਢੀ ਦੇਸ਼ਾਂ ਤੋਂ ਸਮਗਲ ਨਹੀਂ ਕੀਤਾ ਜਾ ਸਕਦਾ।

ਪੰਜਾਬ ਵਿਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ। ਇਨਾਂ ਕੋਲ ਆਪਣੀ ਮਾਲਕੀ ਜ਼ਮੀਨ ਪੰਜ ਏਕੜ ਤੋਂ ਘੱਟ ਹੈ ਪਰ ਟਰੈਕਟਰ ਲਗਭਗ ਸਾਰਿਆਂ ਕੋਲ ਹੀ ਹਨ। ਛੋਟੇ ਕਿਸਾਨ ਬਹੁਤੀ ਖੇਤੀ ਠੇਕੇ ਉਤੇ ਜ਼ਮੀਨ ਲੈ ਕੇ ਕਰਦੇ ਹਨ। ਇਹ ਜ਼ਮੀਨ ਬਹੁਤਾ ਕਰਕੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਕੋਲੋਂ ਜਾਂ ਫਿਰ ਸ਼ਹਿਰਾਂ ਵਿਚ ਰਹਿੰਦੇ ਪੰਜਾਬੀਆਂ ਕੋਲੋਂ ਠੇਕੇ ਉਤੇ ਲਈ ਜਾਂਦੀ ਹੈ। ਪੰਜਾਬ ਵਿਚ ਸਾਰੀ ਗਿਰਦਾਵਰੀ ਜ਼ਮੀਨ ਮਾਲਕ ਦੇ ਨਾਂ ਹੀ ਹੁੰਦੀ ਹੈ। ਠੇਕੇ ਉਤੇ ਬਹੁਤੀ ਜ਼ਮੀਨ ਬਿਨਾਂ ਕਿਸੇ ਲਿਖਤ ਪੜਤ ਤੋਂ ਹੀ ਲਈ ਜਾਂਦੀ ਹੈ। ਠੇਕੇ ਉਤੇ ਲਈ ਜ਼ਮੀਨ ਦਾ ਕਿਸਾਨ ਕੋਲ ਕੋਈ ਸਬੂਤ ਨਹੀਂ ਹੋਵੇਗਾ। ਇਸ ਕਰਕੇ ਐਫ. ਸੀ. ਆਈ. ਉਸ ਦੀ ਕਣਕ ਖ਼ਰੀਦਣ ਤੋਂ ਨਾਂਹ ਕਰ ਸਕਦੀ ਹੈ। ਕਿਸਾਨ ਕਣਕ ਨੂੰ ਘਰ ਨਹੀਂ ਰੱਖ ਸਕਦਾ ਇਸ ਨੂੰ ਵੇਚਣਾ ਉਸ ਦੀ ਮਜਬੂਰੀ ਹੈ। ਉਸ ਨੂੰ ਜ਼ਮੀਨ ਮਾਲਕ ਨੂੰ ਠੇਕਾ ਦੇਣ ਅਤੇ ਘਰ ਦੇ ਖਰਚੇ ਲਈ ਪੈਸੇ ਚਾਹੀਦੇ ਹਨ। ਇੰਝ ਉਸ ਨੂੰ ਮੰਡੀ ਦੇ ਬਾਹਰ ਕਣਕ ਵੇਚਣ ਲਈ ਮਜਬੂਰ ਕੀਤਾ ਜਾਵੇਗਾ। ਤੀਜੀ ਸ਼ਰਤ ਕੁਆਲਟੀ ਦੀ ਲਗਾ ਦਿੱਤੀ ਗਈ ਹੈ। ਜਿਹੜੀ ਕਣਕ ਮਿੱਥੇ ਮਾਪਦੰਡਾਂ ਉੱਤੇ ਪੂਰੀ ਨਹੀਂ ਉਤਰੇਗੀ ਉਸ ਨੂੰ ਖ਼ਰੀਦਣ ਤੋਂ ਨਾਂਹ ਵੀ ਕੀਤੀ ਜਾ ਸਕਦੀ ਹੈ। ਸਰਕਾਰ ਇਹ ਤਿੰਨ ਸ਼ਰਤਾਂ ਲਗਾ ਕੇ ਜਿਥੇ ਸਰਕਾਰੀ ਖ਼ਰੀਦ ਤੋਂ ਆਪਣੇ ਹੱਥ ਪਿੱਛੇ ਖਿੱਚ ਰਹੀ ਹੈ, ਉਥੇ ਕਿਸਾਨ ਨੂੰ ਮੰਡੀ ਤੋਂ ਬਾਹਰ ਕਣਕ ਵੇਚਣ ਲਈ ਮਜਬੂਰ ਵੀ ਕਰ ਰਹੀ ਹੈ। ਹੁਣ ਵੇਖਣਾ ਇਹ ਹੈ ਕਿ ਸਰਕਾਰ ਆਪਣੇ ਮਨਸ਼ੇ ਵਿਚ ਕਿਥੋਂ ਤੱਕ ਸਫ਼ਲ ਹੁੰਦੀ ਹੈ।

ਕੇਂਦਰ ਸਰਕਾਰ ਆਪਣੀ ਚਾਲ ਵਿਚ ਕਿਥੋਂ ਤੱਕ ਸਫ਼ਲ ਹੁੰਦੀ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਕ ਵੇਰ ਤਾਂ ਕਿਸਾਨ ਲੀਡਰਾਂ ਲਈ ਨਵੀਂ ਚੁਣੌਤੀ ਖੜੀ ਕਰ ਦਿੱਤੀ ਗਈ ਹੈ। ਕਿਸਾਨ ਆਗੂ ਜਿਹੜੇ ਇਸ ਸਮੇਂ ਪੰਜ ਰਾਜਾਂ ਵਿਚ ਹੋਣ ਵਾਲੀਆਂ ਚੋਣਾਂ ਲਈ ਭਾਜਪਾ ਦੇ ਵਿਰੁੱਧ ਪ੍ਰਚਾਰ ਕਰ ਰਹੇ ਹਨ ਉਨਾਂ ਨੂੰ ਵਾਪਸ ਆ ਕੇ ਕਣਕ ਦੀ ਖ਼ਰੀਦ ਲਈ ਯਤਨ ਕਰਨੇ ਪੈਣਗੇ। ਕਿਸਾਨ ਆਪਣੀ ਕਣਕ ਵਪਾਰੀ ਨੂੰ ਵੇਚਣ ਲਈ ਮਜਬੂਰ ਹੋਵੇਗਾ। ਇਹ ਵੀ ਹੋ ਸਕਦਾ ਹੈ ਕਿ ਵਪਾਰੀ ਇਸ ਵਾਰ ਕਿਸਾਨ ਨੂੰ ਮਿੱਥੇ ਸਮਰਥਨ ਮੁੱਲ ਤੋਂ ਵੱਧ ਕੀਮਤ ਦੇ ਦੇਵੇ। ਕਿਉਂਕਿ ਉਸ ਨੂੰ ਸਿੱਧੀ ਖ਼ਰੀਦ ਲਈ ਕੋਈ ਟੈਕਸ ਨਹੀਂ ਦੇਣਾ ਪਵੇਗਾ। ਇੰਝ ਸਰਕਾਰੀ ਮੰਡੀ ਕਮਜ਼ੋਰ ਹੋ ਜਾਵੇਗੀ। ਹਰਿਆਣੇ ਵਿਚ ਸਰਕਾਰ ਦੇ ਨਾ ਡਿੱਗਣ ਨਾਲ ਸਰਕਾਰ ਨੂੰ ਕਿਸਾਨੀ ਡਰ ਘਟ ਗਿਆ ਹੈ। ਇਹ ਸੰਘਰਸ਼ ਦੂਜੇ ਸੂਬਿਆਂ ਵਿਚ ਤੇਜ਼ ਨਹੀਂ ਹੋ ਸਕਿਆ। ਜੇਕਰ ਬੰਗਾਲ ਵਿਚ ਭਾਜਪਾ ਜਿੱਤ ਜਾਂਦੀ ਹੈ ਫਿਰ ਤਾਂ ਕੇਂਦਰੀ ਸਰਕਾਰ ਦਾ ਰਵੱਈਆ ਹੋਰ ਵੀ ਸਖ਼ਤ ਹੋ ਜਾਵੇਗਾ। ਉਹ ਆਪਣੇ ਮੀਡੀਏ ਰਾਹੀਂ ਇਹ ਸਾਬਤ ਕਰਨ ਦਾ ਯਤਨ ਕਰੇਗੀ ਕਿ ਕਿਸਾਨ ਅੰਦੋਲਨ ਨੂੰ ਕਿਸਾਨ ਨਹੀਂ, ਸਗੋਂ ਕੋਈ ਹੋਰ ਤਾਕਤਾਂ ਚਲਾ ਰਹੀਆਂ ਹਨ। ਸਰਕਾਰ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਕਿਸਾਨ ਦੇਸ਼ ਦਾ ਅੰਨਦਾਤਾ ਹੈ। ਸਰਕਾਰ ਤਾਂ ਉਸ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕਰ ਰਹੀ ਸੀ ਹੁਣ ਉਸ ਦੇ ਅੰਦੋਲਨ ਨੂੰ ਦਬਾਉਣ ਲਈ ਗ਼ਲਤ ਢੰਗ ਤਰੀਕੇ ਅਪਣਾਏ ਜਾ ਰਹੇ ਹਨ। ਹੋ ਸਕਦਾ ਹੈ ਸਰਕਾਰ ਕੁਝ ਹੱਦ ਤੱਕ ਆਪਣੇ ਮਨਸੂਬੇ ਵਿਚ ਸਫ਼ਲ ਹੋ ਵੀ ਜਾਵੇ ਪਰ ਇਸ ਦੇ ਲੰਬੇ ਸਮੇਂ ਲਈ ਨਤੀਜੇ ਭਿਆਨਕ ਨਿਕਲਣਗੇ।



# ਜ਼ਫ਼ਰਨਾਮਾ

## ਇੰਦਰ ਸਿੰਘ ਫੂਲ

ਤੈਮੂਰ (1336-1405) ਨੇ ਆਪਣੀਆਂ ਜੰਗਾਂ ਦੀਆਂ ਕਹਾਣੀਆਂ ਦੀ ਇਕ ਕਿਤਾਬ ਲਿਖਵਾਈ, ਦਾ ਨਾਂ ਉਹਨੇ ਜ਼ਫ਼ਰਨਾਮਾ ਰੱਖਿਆ। ਇਹ ਕਿਤਾਬ **Nizam ad-Din Shami** ਨੇ 1404 ਵਿੱਚ ਪੂਰੀ ਕੀਤੀ। ਜੋ **Persian** ਵਿਚ ਲਿਖੀ ਗਈ ਸੀ। 1405 ਵਿੱਚ ਤੈਮੂਰ ਦੀ ਮੌਤ ਹੋ ਗਈ। ਤੈਮੂਰ ਦਾ ਜਨਮ 1336 ਵਿਚ ਹੋਇਆ ਸੀ।

ਜ਼ਫ਼ਰਨਾਮਾ ਦਾ ਮਤਲਬ ਹੈ - ਜਿਤਾਂ। ਇਸ ਦੀ ਇਕ ਕਾਪੀ **Britism Museum** ਵਿਚ ਪਈ ਹੋਈ ਹੈ। ਤੈਮੂਰ ਦੁਨੀਆ ਦੇ ਜੇਤੂਆਂ ਵਿਚੋਂ ਤੀਸਰੇ ਨੰਬਰ ਤੇ ਆਉਂਦਾ ਹੈ। ਇਸ ਤੋਂ ਪਹਿਲਾਂ **Genghis Khan,** ਤੇ **Alexander1** ਭਾਰਤ ਵਾਸਤੇ ਇਸ ਦੀ ਖਾਸੀਅਤ ਇਹ ਹੈ ਕਿ ਇਸ ਨੇ ਭਾਰਤ ਨੂੰ ਵੀ ਜਿੱਤਿਆ(1398) ਤੇ 'ਬਾਬਰ' ਇਸ ਦਾ ਪੰਜ ਦਰਜੇ ਥੱਲੇ ਪੜਪੋਤਾ ਸੀ, ਜਿਸ ਦੀ ਔਲਾਦ ਦਾ ਭਾਰਤ ਤੇ ਤਿੰਨ ਸਦੀਆਂ ਰਾਜ ਰਿਹਾ ਤੇ ਜਿਹੜਾ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਦੇ ਥਾਪੜੇ ਨਾਲ ਤੋੜਿਆ। ਇਸ ਕਿਤਾਬ ਨੂੰ ਦੁਬਾਰਾ 1424 ਵਿਚ ਲਿਖਿਆ ਗਿਆ ਜੋ **Sharaf ad-Din Ali Yazdi** ਨੇ ਲਿਖਿਆ ਤੇ ਇਸ ਦਾ ਨਾਂ ਵੀ ਜ਼ਫ਼ਰਨਾਮਾ ਹੀ ਰੱਖਿਆ ਗਿਆ। **Francois Petis de la Croix** ਨੇ ਇਸ ਕਿਤਾਬ ਦਾ ਉਲੱਥਾ **French** ਵਿਚ 1722 ਨੂੰ ਤੇ ਫਿਰ **English** ਵਿਚ 1723 ਨੂੰ ਕੀਤਾ।

ਧਾਰਮਿਕ ਕਿਤਾਬਾਂ ਵਿਚ ਕਈ ਵਰਾਂ 'ਤੁਰਕ' ਲ਼ਫ਼ਜ਼ ਪੜਿਆ ਤੇ ਫਿਰ ਹੋਰ ਜਾਣਕਾਰੀ ਲਈ ਇਕ ਹੋਰ ਕਿਤਾਬ ਪੜੀ, ਜਿੱਥੋਂ ਪਤਾ ਲੱਗਿਆ ਕਿ ਤੁਰਕੀ ਪੁਰਾਣਾ ਦੇਸ਼ ਮੰਗੋਲੀਆ ਦੇਸ਼ ਲਾਗੇ ਸੀ। ਜਿੱਥੋਂ ਉਹ ਲੋਕ ਟੱਪਰਵਾਸੀਆਂ ਵਾਂਗੂ ਆਪਣੇ ਪਸ਼ੂ ਚਾਰਦੇ ਹੰਗਰੀ ਸ਼ਹਿਰ ਜਾ ਨਿਕਲਦੇ ਤੇ ਫਿਰ ਸਾਰੇ ਪਾਸੇ ਫੈਲ ਗਏ। ਇਹ 2000 ਏ ਡੀ ਤੋਂ ਬਾਅਦ ਹੋਇਆ ਸੀ। ਛੇਵੀਂ ਸਦੀ ਵਿਚ ਇਨਾਂ ਦਾ ਬੋਲਬਾਲਾ ਸੀ। ਜਿੱਥੇ ਜਿਆਦਾ ਜਣੇ ਇਕੱਠੇ ਹੋਏ, ਉਥੇ "ਤੁਰਕਸਥਾਨ **(Turkistan)** ਬਣ ਗਿਆ ਤੇ 'ਉਟੋਮੈਨ**(Ottoman)**' ਰਾਜ ਸਥਾਪਤ ਹੋ ਗਿਆ ਜੋ ਛੇ ਸਦੀਆਂ ਤੱਕ ਚਲਦਾ ਰਿਹਾ। ਇਹ ਬਾਰਵੀਂ ਸਦੀ ਤੋਂ ਸ਼ੁਰੂ ਹੋਇਆ। ਇਸ ਤੋਂ ਇਲਾਵਾ ਦੂਜੀਆਂ ਥਾਵਾਂ ਦੇ ਤੁਰਕੀ ਵੀ ਉਠੇ ਜਿਨਾਂ ਕਈ ਦੇਸ਼ਾਂ ਨੂੰ ਲੁੱਟਿਆ ਤੇ ਮਲਿਆ ਜਿਸ ਤਰਾਂ ਭਾਰਤ ਨੂੰ 'ਮੁਹੰਮਦ ਗਜਨੀ', 'ਮੁਹੰਮਦ ਗੋਰੀ', ਤੈਮੂਰ ਤੇ 'ਬਾਬਰ'। ਬਹੁਤ ਸਾਰਿਆਂ ਨੇ ਮੁਸਲਿਮ ਧਰਮ ਗ੍ਰਹਿਣ ਕਰ ਲਿਆ ਸੀ। ਲਿਰ 11-12ਵੀਂ ਸਦੀ ਵਿਚ ਮੰਗੋਲੀਆ ਦੇਸ਼ ਤੋਂ ਚੰਗੇਜ਼ ਖਾਨ (1162-1227) ਉਠਿਆ, ਜਿਸ ਨੇ ਆਪਣੇ ਦੇਸ਼ ਤੋਂ ਬਾਅਦ ਚੀਨ, ਇਰਾਨ ਤੇ ਬਾਕੀ ਬਹੁਤ ਸਾਰੇ ਦੇਸ਼ ਆਪਣੇ ਅਧੀਨ ਕਰ ਲਏ। ਜਦੋਂ ਉਸ ਦੀ ਜਾਇਦਾਦ ਉਸ ਦੇ ਪੁੱਤਰਾਂ ਵਿਚ ਵੰਡੀ ਗਈ, ਤਾਂ ਚੰਗਤਾਏ ਖਾਨ **(Chagtai khan)** (੧੧੮੩ - ੧੨੪੨), ਚੰਗੇਜ਼ ਖਾਨ **(Genghis Khan )** ਦਾ ਦੂਸਰਾ ਪੁੱਤਰ, ਜਿਸ ਨੂੰ ਜਾਇਦਾਦ ਟਰਾਂਸੋਕਸਆਨੀਆ **(Transoxania )** ਮਿਲੀ ਸੀ, ਉਸ ਬਾਰੇ ਇਸ ਲਿਖਤ ਦਾ ਵਿਸ਼ਾ ਹੈ।

ਕੰਮਾਂ ਕਾਰਾਂ ਵਿਚ, ਸੇਨਫਰਾਂਸਿਸਕ¯**(Sanfrancisco)** ਇਕ ਬੰਦਾ ਮਿਲਿਆ ਜੋ ਆਪਣੇ ਦੇਸ਼ ਕਿਸੇ ਯੂਨੀਵਰਸਟੀ ਵਿਚ ਡੀਨ(**(deen)** ਸੀ, ਉਸ ਨੇ ਬੜੇ ਮਾਣ ਨਾਲ ਆਪਣੀ ਵਾਕਫੀਅਤ ਕਰਾਈ ਕਿ ਉਹ ਉਸ ਸ਼ਹਿਰ ਤੋਂ ਹੈ, 'ਜਿੱਥੋਂ ਬਾਬਰ ਚੱਲ ਕੇ ਤੁਹਾਡਾ ਦੇਸ਼ ਜਾ ਮਲਿਆ ਸੀ'। ਮੈਂ ਖੁੰਦਕ ਵਿਚ ਹਰੀ ਸਿੰਘ ਨਲਵਾ **(atop the greatest conquerors in the history of the world, in Billionaires Australia)** ਵਾਲੀ ਖਬਰ ਦੀ, ਕਾਪੀ ਜੇਬ ਵਿਚ ਪਾ ਰੱਖੀ ਤੇ ਜਦੋਂ ਉਹ ਫਿਰ ਮਿਲਿਆ ਤਾਂ ਦਿਖਾ ਕੇ ਇਹ ਵੀ ਕਿਹਾ ਕਿ ਤੈਮੂਰ (ਜਿਸ ਨੇ ਜ਼ਫ਼ਰਨਾਮਾ ਲਿਖਿਆ ਸੀ), (ਬਾਬਰ ਦਾ ਪੜਦਾਦੇ ਦਾ ਪੜਦਾਦਾ) 10ਵੇਂ ਨੰਬਰ 'ਤੇ ਆਇਆ ਹੈ। ਉਹ ਹੈਰਾਨ ਤੇ ਪ੍ਰੇਸ਼ਾਨ ਹੋ ਗਿਆ। ਮੈਂ ਸਹਿਜ ਸੁਬਾਏ ਹੀ ਉਸ ਕੋਲੋਂ ਪੁਛਿਆ ਕਿ ਮੁਗਲ ਰਾਜ ਕਿਉਂ ਕਿਹਾ ਜਾਂਦਾ ਹੈ? ਉਹਨੇ ਵੀ ਸਹਜ ਸੁਬਾਏ ਹੀ ਜਵਾਬ ਦਿੱਤਾ - ਉਥੇ ਮੁ.ਗ (ਮੁ.ਗਲ) ਲੋਕ ਰਹਿੰਦੇ ਸਨ। ਫਿਰ ਮੈਂ ਆਪਣੀ ਜਾਣਕਾਰੀ ਲਈ 'ਜ਼ਫ਼ਰਨਾਮਾ', 'ਬਾਬਰਨਾਮਾ', **Sword of Islam** ਤੇ ਹੋਰ ਕਈ ਕਿਤਾਬਾਂ ਵੀ ਪੜੀਆਂ। ਜ਼ਫ਼ਰਨਾਮੇ ਦਾ ਲਿਖਾਰੀ ਤੈਮੂਰ ਦੀ ਇਕ ਮੁਗਲਾਂ ਨਾਲ ਵਿਚ ਤੇਮੂਰ ਤੇ ਉਸ ਦੇ ਫੋਜੀਆਂ ਨੂੰ ਮੁ.ਗਲ ਜਾਂ ਤੁਰਕ ਵੀ ਲਿਖਦਾ ਹੈ, ਉਸ ਦਾ ਮਤਲਬ ਹੈ ਕਿ ਤੈਮੂਰ ਤੇ ਫੋਜੀ ਵੀ ਉਨਾਂ ਵਿਚੋਂ ਹੀ ਸਨ, ਭਾਵੇਂ ਮੁਗਲਸਥਾਨ ਦਾ **Governor** ਅਕਸਰ ਮੰ.ਗੋਲ ਹੀ ਹੋਇਆ ਕਰਦਾ ਸੀ। ਪਰ ਉਥੋਂ ਦੇ ਵਸਨੀਕਾਂ ਨੂੰ ਮੰਗੋਲਾਂ ਤੇ ਉਨਾਂ ਦੀ ਬੋਲੀ ਬਾਰੇ ਬਹੁਤਾ ਗਿਆਨ ਨਹੀਂ ਸੀ। ਮੁ.ਗਲਸਥਾਨ ਬਹੁਤ ਪੁਰਾਨਾ ਪਹਾੜੀ ਇਲਾਕਾ ਸੀ।

1347 ਵਿਚ **Amir Qazaghan é¶ Chaghatay khan** ਨੂੰ ਜਿੱਤ ਕੇ ਆਪ **Eastern** ਹਿੱਸੇ ਦਾ ਰਾਜਾ ਬਣ ਗਿਆ। 1358 ਵਿਚ **Western** ਹਿੱਸੇ ਮੁਗਲਿਸਥਾਨ ਦੇ ਖਾਨ ਨੇ ਉਹਨੂੰ ਮਰਵਾ ਦਿੱਤਾ ਤੇ ਆਪ ਦੋਨਾਂ ਹਿੱਸਿਆਂ ਦਾ ਰਾਜਾ ਬਣਨ ਵਾਸਤੇ ਉਧਰ ਹਮਲਾ ਕਰ ਦਿੱਤਾ। ਤੈਮੂਰ ਅਜੇ 24 ਕੁ ਸਾਲ ਦਾ ਜਵਾਨ ਸੀ। ਉਸ ਨੇ ਆਪਣਾ ਇਲਾਕਾ **Barlas Clan** ਬਚਾਉਣ ਲਈ ਮੁਗਲਿਸਥਾਨ ਦੇ ਖਾਨ ਵਲੋਂ ਲੜਨ ਦੀ ਪੇਸ਼ਕਸ਼ ਕੀਤੀ। ਖਾਨ ਮੰਨ ਗਿਆ। ਇਸ ਤਰਾਂ ਤੈਮੂਰ ਨੇ ਆਪਣਾ ਇਲਾਕਾ ਬਚਾ ਲਿਆ ਤੇ ਇਲਾਕੇ ਦਾ ਲੀਡਰ ਬਣ ਗਿਆ। ਬਾਅਦ ਵਿਚ ਖਾਨ ਨੇ ਆਪਣੇ ਲੜਕੇ ਨੂੰ **Eastern** ਹਿੱਸੇ ਦਾ **Governor** ਬਣਾ ਦਿੱਤਾ ਜਿਹੜਾ ਕਿ ਤੈਮੂਰ ਨੂੰ ਨਾ ਜਚਿਆ।

ਫਿਰ ਤੈਮੂਰ ਨੇ **Qazaghan** (ਜਿਹੜਾ ਮਰਵਾ ਦਿਤਾ ਸੀ), ਉਸ ਦੇ ਪੋਤਰੇ **Amir Husayn** ਨਾਲ (ਜਿਹੜਾ **Afghanistan** ਵੱਲ ਰਾਜ ਕਰਦਾ ਸੀ, **Eastern** ਹਿਸੇ ਨੂੰ ਜਿੱਤਣ ਲਈ ਸਾਂਝ ਪਾਈ। ਇਸ ਸਾਂਝ ਵਿਚ **Amir Husayn** ਨੇ ਆਪਣੀ ਭੈਣ ਦਾ ਰਿਸ਼ਤਾ ਤੈਮੂਰ ਨੂੰ ਕਰ



ਦਿੱਤਾ। ਸਾਲਾਂ ਦੇ ਸਖਤ ਘਮਸਾਨ ਪਿਛੋਂ ਉਹ ਜਿੱਤ ਗਏ, ਪਰ ਰਾਜਾ, **Amir Husayn** ਹੀ (ਉਸਦੇ ਉਚੇ ਘਰਾਣੇ ਹੋਣ ਕਰਕੇ ਜਾਂ ਉਸ ਦੀ ਇਕ ਪਤਨੀ ਮੰਗੋਲਾਂ ਦੀ 13ਵੀ ਪੁਸ਼ਤ ਵਿਚੋਂ ਸੀ।) ਬਣਿਆ। ਬਾਅਦ ਵਿਚ ਉਨਾਂ ਦੀ ਜੋਟੀ ਟੁੱਟ ਗਈ। ਇਸ ਤਰਾਂ ਕੁਝ ਸਾਲ ਤੈਮੂਰ ਖੁੰਦਕ ਵਿਚ ਦੰਦ ਪੀਚਦਾ ਰਿਹਾ ਤੇ ਆਖਰ **Husayn** ਨੂੰ ਉਸ ਦੇ **Afghanistan** ਵਾਲੇ ਅੱਡੇ ਜਾ ਘੇਰਿਆ। ਫੜ ਕੇ ਧੋਖੇ ਨਾਲ ਮਰਵਾ ਦਿੱਤਾ, ਨਾਲ ਹੀ ਉਸ ਦੇ ਬਹੁਤ ਸਾਰੇ ਫੌਜੀ ਮਾਰ ਦਿੱਤੇ ਤੇ ਸੱਭ ਕੁੱਝ ਲੁੱਟ ਲਿਆ। ਇਸ ਤਰਾਂ ਤੈਮੂਰ ਦਾ ਇਰਾਨ ਅਤੇ ਅਫਗਾਨਿਸਤਾਨ 'ਤੇ ਪੂਰਾ ਅਧਿਕਾਰ ਹੋ ਗਿਆ। **Husayn** ਦੀ ਪਤਨੀਆਂ ਵਿਚੋਂ ਇਕ ਪਤਨੀ ਜੋ ਚੰਗੇਜ਼ ਖਾਨ ਘਰਾਣੇ ਦੀ 13ਵੀਂ ਪੁਸ਼ਤ ਵਿਚੋਂ ਸੀ ਉਸ ਨਾਲ ਕਾਹਲੀ ਕਾਹਲੀ ਵਿਚ ਸ਼ਾਦੀ ਕਰਕੇ, ਚੰਗੇਜ਼ ਘਰਾਣੇ ਦਾ ਜਵਾਈ ਬਣ, **Eastern** ਹਿੱਸੇ ਦਾ ਰਾਜ ਤੇ ਆਖਰ ਮੰਗੋਲ ਰਾਸ਼ਟਰ ਤੇ ਵੀ ਦਾਅਵਾ ਕਰ ਲਿਆ। ਪਰ ਭਾਵੇਂ ਚੰਗੇਜ਼ ਖਾਨ 160 ਸਾਲ ਪਹਿਲਾਂ ਮਰ ਚੁੱਕਾ ਸੀ ਤੇ ਉਸ ਪਿੱਛੋਂ ਉਸਦੀ ਔਲਾਦ ਵੀ, ਫਿਰ ਵੀ ਉਨਾਂ ਦਾ ਵਚਕਾ ਸੀ ਕਿ ਰਾਜਾ ਉਨਾਂ ਦੇ ਖਾਨਦਾਨ ਵਿਚੋਂ ਹੀ ਹੋਏਗਾ। ਬਾਕੀ ਸਾਰਿਆਂ ਵਾਗੂੰ ਤੈਮੂਰ ਨੂੰ ਵੀ ਚੰਗੇਜ਼ ਖਾਨ ਦੇ ਘਰਾਣੇ ਦਾ ਇਕ ਫਰਜੀ ਰਾਜਾ **(Kabil-shah )** ਚੁਣਨਾ ਪਿਆ। ਇਕ ਕਿਤਾਬ ਵਿਚ ਲਿਖਤ ਹੈ ਕਿ 'ਤੈਮੂਰ ਨੇ ਅੱਧੀ ਦੁਨੀਆਂ ਜਿੱਤ ਲਈ ਸੀ ਪਰ ਆਪ ਇਕ ਸੁਲਤਾਨ ਹੀ ਰਿਹਾ।' ਭਾਵੇਂ ਉਸ ਰਾਜੇ ਦੀ ਤੈਮੂਰ ਸਾਹਮਣੇ ਕੋਈ ਵੀ ਹੈਸੀਅਤ ਨਹੀਂ ਸੀ ਪਰ ਫਿਰ ਵੀ ਇਹ ਹਾਲਤ ਉਸ ਨੂੰ ਬਹੁਤ ਚੁਭਦੀ ਸੀ। ਉਹ ਚੰਗੇਜ਼ ਦਾ ਜਵਾਈ ਹੋਣ ਦੇ ਨਾਤੇ, ਦੁਨੀਆਂ ਨੂੰ ਦਸਦਾ ਸੀ ਕਿ ਉਹ ਚੰਗੇਜ਼ ਖਾਨ ਦੀ ਸਾਰੀ ਜਾਇਦਾਦ ਇਕੱਠੀ ਕਰ ਰਿਹਾ ਹੈ। ਦੂਜੇ ਪਾਸੇ ਇਸਲਾਮ ਦੇ ਲੀਡਰ**(Mir Sayyid)** ਨਾਲ ਵੀ ਉਸ ਦੀ ਪਿੱਕੀ ਯਾਰੀ ਪੈ ਗਈ। (ਮ੍ਰਿਤੂਆਂ ਹੋਣ ਤੇ ਉਨਾਂ ਨੂੰ ਇਕ ਥਾਂ ਤੇ ਦਫ਼ਨਾਇਆ ਗਿਆ)। ਇਕ ਕਿਤਾਬ, **'Sword of Islam'** ਵੀ ਲਿਖੀ ਗਈ। ਇਸ ਤਰਾਂ ਤੈਮੂਰ ਨੇ ਪਹਿਲਾਂ ਚੰਗੇਜ਼ ਖਾਨ ਦੇ ਲੜਕ¶ **Jagatai khan** ਦੀ ਜਾਇਦਾਦ **(Transxania)** ਜਿੱਤੀ ਤੇ ਫਿਰ ਚੰਗੇਜਖਾਨ ਦੀ ਸਾਰੀ ਜਾਇਦਾਦ 'ਤੇ ਕਬਜਾ ਕੀਤਾ, ਸਗੋਂ ਭਾਰਤ ਵਰਗੇ ਕਈ ਹੋਰ ਦੇਸ਼ ਵੀ ਜਿੱਤ ਲਏ। ਇਨਾਂ ਜਿੱਤਾਂ ਦਾ ਵੇਰਵਾ ਹੀ ਉਹਨੇ ਆਪਣੀ ਕਿਤਾਬ ਜ਼ਫ਼ਰਨਾਮੇ ਵਿਚ ਦਿੱਤਾ ਹੈ। ਜਦੋਂ ਉਸ ਸ਼ਹਿਜਾਦੀ ਪਤਨੀ ਨਾਲ ਕੋਈ ਵੀ ਬੱਚਾ ਨਾ ਹੋਇਆ ਤੇ ਫਿਰ ਉਹ ਆਪਣਾ ਰਾਜ ਕਰਨ ਦਾ ਹੱਕ ਪੱਕਾ ਰਖਣ ਲਈ ਚੰਗੇਜ਼ਖਾਨ ਨਾਲ ਇੰਗੜੀ - ਬੰਗੜੀਗੜੀ ਦਾ ਰਿਸ਼ਤਾ ਕਢਦਾ ਰਿਹਾ ਕਿ ਚੰਗੇਜ਼ਖਾਨ ਤੇ ਉਹ **'Alan-goa'** ਵੰਸ਼ ਵਿਚੋਂ ਹੀ ਸਨ। ਉਹ ਮੰਗੋਲੀਆ ਸਮਰਾਟ ਨਾ ਬਣ ਸਕਿਆ ਕਿਉਂ ਕਿ ਉਹ ਮੰਗੋਲ ਘਰਾਣੇ ਦਾ ਨਹੀਂ ਸੀ। ਉਸ ਦਾ ਟਿਮੂਰਿਡ **(Timurid )** ਰਾਜ ਹੀ ਰਿਹਾ, ਜਿਹੜਾ ਬਾਬਰ (ਉਸ ਦੇ ਪੋਤਰੇ ਦੇ ਪੜਪੋਤੇ) ਰਾਹੀਂ ਭਾਰਤ ਪਹੁੰਚਿਆ। ਤੈਮੂਰ ਤੋਂ ਬਾਅਦ, ਉਸਦੀ ਔਲਾਦ ਨੇ ਕੋਈ ਫਰਜੀ ਮੰਗੋਲ ਰਾਜਾ ਅੱਗੇ ਕਰਕੇ ਰਾਜ ਕਰਨ ਦੀ ਰੀਤ ਦੀ ਪ੍ਰਵਾਹ ਨਾ ਕੀਤੀ ਸਗੋਂ ਖੁਦ ਆਪ ਸਮਰਾਟ ਬਣੇ। ਜਿਸ ਤਰਾਂ ਬਾਬਰ ਦਾ ਦਾਦਾ 'ਸੁਲਤਾਨ-ਇਬੁਸਾਇਡ ਮਿਰਜ਼ਾ' **(Sultan-Abusa'id Mirza)** ਸਮਰਾਟ ਨੇ ਬਾਬਰ ਦਾ ਨਾਨਾ 'ਜ਼ੁਸਫ ਖਾਨ' ਮੰਗੋਲ ਨੂੰ ਮੁਗਲਿਸਥਾਨ ਦਾ ਗਵਰਨਰ ਸੌਂਪਿਆ।

ਪਰ ਬਾਬਰ ਦੇ ਲੜਕੇ ਹਮਾਂਯੂ ਦੀ ਭਾਰਤ ਸ਼ੇਰ ਸ਼ਾਹ ਸੂਰੀ ਤੋਂ ਹਾਰ ਹੋਣ 'ਤੇ ਉਸ ਨੇ ਇਰਾਨ ਜਾ ਸ਼ਰਨ ਲਈ। 15 ਸਾਲਾਂ ਬਾਅਦ ਇਰਾਨ ਦੀ ਮਦਦ ਨਾਲ ਭਾਰਤ ਆ ਫਿਰ ਜਿਤਿਆ, ਜਿਥੋਂ ਮੁਗਲ ਰਾਜ ਸ਼ੁਰੂ ਹੋਇਆ। ਕਿਉਂਕਿ ਇਰਾਨ ਵਿਚ ਤੈਮੂਰ ਦਾ ਰਾਜ ਮੁ.ਗਲ ਕਰਕੇ ਵੀ ਜਾਣਿਆ ਗਿਆ।

ਤੈਮੂਰ ਹਮੇਸ਼ਾ **Alexander** ਤੇ ਚੰਗੇਜ਼ ਖਾਂ ਦੇ ਮੁਕਾਬਲੇ ਵਿਚ ਰਿਹਾ ਤੇ ਆਪਣੀ ਜਿੱਤ ਲਈ 17 ਮਿਲੀਅਨ ਲੋਕ ਮਾਰ ਦਿੱਤੇ, ਅਣਗਿਣਤ ਬੇਘਰ ਤੇ ਕਈ ਹਜ਼ਾਰ ਜਿੰਦਾ ਮਿਨਾਰਾਂ ਵਿਚ ਗੱਡ ਦਿੱਤੇ। ਫਿਰ ਆਖਰੀ ਜਿੱਤ ਚੀਨ ਉਤੇ ਕਰਨ ਲਈ ਗਿਆ ਹੋਇਆ, ਠੰਡ ਨਾਲ (ਸਧਾਰਨ ਮੌਤੇ) ਮਰ ਗਿਆ। ਉਹ ਆਪਣੇ ਆਪ ਨੂੰ ਰੱਬ ਦਾ ਨੌਕਰ ਮੰਨਦਾ ਸੀ ਤੇ ਲਿਖਾਰੀ ਰੱਬ ਦਾ ਸ਼ੰਟਾ **'Scourge of God'** ਲਿਖਦੇ ਸਨ। 'ਨਾ ਕੋਈ ਹੋਇਆ ਅੰਦਾ.......ਗੁਰੂ ਨਾਨਕ।'

... ਚਲਦਾ

***39440 Civic center Dr #206**
**Fremont CA 94538**
**10, 2015**
**Tp. 510 - 676 - 0483**
**Email: i.phull@att.net**

# ਅਜ਼ਾਦੀ ਆਈ, ਪਰਜਾਤੰਤਰ ਆਇਆ, ਤਰੱਕੀ ਹੋਈ ਅਤੇ ਗ਼ੁਰਬਤ ਵਧੀ - ਬਾ-ਕਮਾਲ !



## ਦਲੀਪ ਸਿੰਘ ਵਾਸਨ, ਐਡਵੋਕੇਟ

ਇਹ ਗੱਲਾਂ ਅੱਜ ਸਚਾਈ ਵੀ ਹਨ ਅਤੇ ਇਤਿਹਾਸ ਵੀ ਹਨ ਕਿ ਰਾਜਿਆਂ, ਮਹਾਰਾਜਿਆਂ, ਮੁਗਲਾਂ, ਬਾਦਸ਼ਾਹਾਂ ਅਤੇ ਅੰਗਰੇਜ਼ ਸਾਮਰਾਜੀਆਂ ਦੀ ਗੁਲਾਮੀ ਤੋਂ ਬਾਅਦ ਅਸੀਂ 15 ਅਗਸਤ, 1947 ਨੂੰ ਅਜ਼ਾਦ ਵੀ ਕਰ ਦਿੱਤੇ ਗਏ ਅਤੇ ਇਹ ਵੀ ਸਾਨੂੰ ਸਾਰਿਆਂ ਨੂੰ ਯਾਦ ਹੈ ਕਿ 26 ਜਨਵਰੀ, 1950 ਨੂੰ ਅਸੀਂ ਆਪਣਾ ਸੰਵਿਧਾਨ ਬਣਾ ਕੇ ਇਹ ਘੋਸ਼ਣਾ ਵੀ ਕਰ ਦਿੱਤੀ ਸੀ ਕਿ ਅਸੀਂ ਹੁਣ ਪਰਜਾਤੰਤਰ ਬਣ ਗਏ ਹਾਂ ਅਤੇ ਹੁਣ ਕੋਈ ਰਾਜਾ, ਮਹਾਰਾਜਾ, ਬਾਦਸ਼ਾਹ, ਸਾਮਰਾਜੀਆ ਨਹੀਂ ਹੈ। ਅਸੀਂ ਇਹ ਵੀ ਘੋਸ਼ਣਾ ਕਰ ਦਿੱਤੀ ਸੀ ਕਿ ਹੁਣ ਇਹ ਜਨਤਾ ਗ਼ੁਲਾਮ ਨਹੀਂ ਹੈ ਬਲਕਿ ਇਹ ਜਨਤਾ ਹੁਣ ਮੁਲਕ ਦੀ ਮਾਲਕ ਬਣ ਗਈ ਹੈ ਅਤੇ ਜਿੰਨੇ ਵੀ ਬਾਕੀ ਲੋਕੀਂ ਅਹੁਦੇ ਸੰਭਾਲਣਗੇ ਇਹ ਸਾਰੇ ਦੇ ਸਾਰੇ, ਚਾਹੇ ਕੋਈ ਵੀ ਅਹੁਦਾ ਕਿਉਂ ਨਾ ਹੋਵੇ, ਇਹ ਜਨਤਾ ਦੇ ਸੇਵਕ ਅਖਵਾਉਣਗੇ। ਕੋਈ ਵੀ ਹਾਕਮ ਨਹੀਂ ਹੋਵੇਗਾ। ਅਸੀਂ ਇਹ ਵੀ ਆਖ ਦਿੱਤਾ ਸੀ ਕਿ ਇਹ ਜਿੰਨੇ ਵੀ ਵਿਧਾਇਕ ਸਦਨਾਂ ਵਿੱਚ ਬੈਠਿਆ ਕਰਨਗੇ ਇਹ ਲੋਕਾਂ ਦੇ ਪ੍ਰਤੀਨਿਧ ਹੋਇਆ ਕਰਨਗੇ ਅਤੇ ਸਦਨਾਂ ਵਿੱਚ ਬੈਠ ਕੇ ਸਿਰਫ ਜਨਤਾ ਵੱਲ ਧਿਆਨ ਰਖਣਗੇ ਅਤੇ ਸਿਰਫ ਜਨਤਾ ਦੀ ਭਲਾਈ ਲਈ ਹੀ ਕੰਮ ਕਰਨਗੇ। ਅਰਥਾਤ ਜਿਹੜਾ ਵੀ ਕੰਮ ਸਦਨ ਵਿੱਚ ਹੋਇਆ ਕਰੇਗਾ, ਹਰ ਵਿਧਾਇਕ ਉਸ ਉੱਤੇ ਅਜ਼ਾਦੀ ਨਾਲ ਵਿਚਾਰ ਕਰ ਸਕੇਗਾ, ਆਪਣਾ ਪੱਖ ਪੇਸ਼ ਕਰ ਸਕੇਗਾ ਅਤੇ ਉਸ ਮਤੇ ਉਤੇ ਜਦ ਵੋਟਾਂ ਪੈਣਗੀਆਂ ਤਾਂ ਉਹ ਆਪਣੀ ਲਿਆਕਤ, ਤਜਰਬਾ, ਜ਼ਮੀਰ ਦੀ ਆਵਾਜ਼ ਸੁਣਕੇ ਅਜ਼ਾਦੀ ਨਾਲ ਵਿਚਾਰ ਕਰਕੇ ਵੋਟ ਪਾਵੇਗਾ ਅਤੇ ਕੋਈ ਵੀ ਦਬਾਉ ਨਹੀਂ ਪਾਇਆ ਜਾਵੇਗਾ ਅਤੇ ਨਾ ਹੀ ਉਹ ਕਿਸੇ ਕਿਸਮ ਦਾ ਦਬਾਉ ਮੰਨਣ ਲਈ ਮਜਬੂਰ ਹੀ ਕੀਤਾ ਜਾਵੇਗਾ। ਕੁਝ ਅਜਿਹੀਆਂ ਗੱਲਾਂ ਸਾਹਮਣੇ ਰੱਖ ਕੇ ਅਸੀਂ ਇਹ ਪਰਜਾਤੰਤੀ ਰਾਜ ਸਥਾਪਤ ਕੀਤਾ ਸੀ। ਪਰ ਲਗਦਾ ਹੈ ਇਹ ਸਾਰੀਆਂ ਗੱਲਾਂ ਹਾਲੇ ਤੱਕ ਕਾਗ਼ਜ਼ੀ ਹੀ ਹਨ। ਸਾਡੇ ਦੇਖਦਿਆਂ ਦੇਖਦਿਆਂ ਇਹ ਪਰਜਾਤੰਤਰ ਦਾ ਮੁਖੀ ਵਿਅਕਤੀ ਵਿਸ਼ੇਸ਼ ਹੀ ਬਣਦਾ ਰਿਹਾ ਹੈ ਅਤੇ ਉਹੀ ਆਪਣੇ ਨਾਲ ਸਪੋਰਟਰ ਰਖਦਾ ਰਿਹਾ ਹੈ ਅਤੇ ਸਾਡੀਆਂ ਸਦਨਾਂ ਵਿੱਚ ਹਰ ਕੰਮ ਇਹ ਵਿਅਕਤੀ ਵਿਸ਼ੇਸ਼ ਹੀ ਰੱਖਦਾ ਰਿਹਾ ਹੈ, ਪਾਸ ਕਰਵਾਉਂਦਾ ਰਿਹਾ ਹੈ ਅਤੇ ਉਸਦਾ ਨਾਮ ਹੀ ਚਲਦਾ ਰਿਹਾ ਹੈ। ਬਾਕੀ ਦੇ ਜਿੰਨੇ ਵੀ ਵਿਧਾਇਕ ਸਦਨਾਂ ਵਿੱਚ ਜਾ ਕੇ ਬੈਠਦੇ ਰਹੇ ਹਨ ਉਹ ਅਗਰ ਵਿਰੋਧੀ ਹਨ ਤਾਂ ਉਹ ਬੋਲਦੇ ਰਹਿਣ ਕੋਈ ਸੁਣਦਾ ਨਹੀਂ ਰਿਹਾ ਹੈ ਅਤੇ ਜਿਹੜੇ ਸਰਕਾਰ ਵੱਲ ਸਨ ਉਹ ਕਦੀ ਬੋਲਦੇ ਹੀ ਨਹੀਂ ਰਹੇ ਅਤੇ ਇਉਂ ਇਸ ਮੁਲਕ ਵਿੱਚ ਇਕਪੁਰਖਾ ਜਿਹਾ ਰਾਜ ਬਣ ਆਇਆ ਹੈ ਅਤੇ ਹੁਣ ਸਾਰਾ ਕੁਝ ਇਉਂ ਹੀ ਹੁੰਦਾ ਚਲਿਆ ਆ ਰਿਹਾ ਹੈ ਅਤੇ ਪੱਕਾ ਵੀ ਹੋ ਗਿਆ ਹੈ। ਇਹ ਸਿਲਸਿਲਾ ਬਣ ਆਇਆ ਹੈ ਅਤੇ ਲਗਦਾ ਹੇ ਬਣਿਆ ਹੀ ਰਹੇਗਾ।

ਸਾਡੇ ਮੁਲਕ ਦਾ ਇਹ ਰਾਜਸੀ ਢਾਂਚਾ ਜਿਵੇਂ ਵੀ ਬਣ ਆਇਆ ਹੈ, ਇਹ ਚਲਦਾ ਆ ਰਿਹਾ ਹੈ। ਕੁਲ ਮਿਲਾਕੇ ਸਾਡੇ ਮੁਲਕ ਦੇ ਦਫਤਰ, ਹੋਰ ਅਦਾਰੇ, ਅਫਸਰਸ਼ਾਹੀ ਚਲਾ ਰਹੀ ਹੈ ਜਿਹੜੀ ਅੰਗਰੇਜ਼ਾਂ ਨੇ ਸਥਾਪਤ ਕੀਤੀ ਸੀ ਅਤੇ ਜਿਸ ਰਾਹੀਂ ਉਹ ਪੂਰੀ ਸਦੀ ਸਾਡੇ ਉਤੇ ਰਾਜ ਵੀ ਕਰ ਗਏ ਸਨ। ਇਹ ਪ੍ਰਸ਼ਾਸਨ, ਇਹ ਪੁਲਿਸ, ਇਹ ਮਿਲਟਰੀ ਅਤੇ ਇਹ ਅਦਾਲਤਾਂ ਲਈ ਆਦਮੀ ਤਿਆਰ ਕਰਨ ਲਈ ਸਾਡੀਆਂ ਯੂਨੀਵਰਸਟੀਆਂ ਕੰਮ ਕਰ ਰਹੀਆਂ ਸਨ ਅਤੇ ਹੁਣ ਤੱਕ ਕਰਦੀਆਂ ਆ ਰਹੀਆਂ ਹਨ। ਪਰ ਰਾਜਸੀ ਖੇਤਰ ਲਈ ਆਦਮੀ ਤਿਆਰ ਕਰਨ ਦਾ ਕੋਈ ਸਿਲਸਿਲਾ ਅੱਜ ਤੱਕ ਨਾਂ ਤਾਂ ਅੰਗਰੇਜ਼ਾਂ ਨੇ ਸਥਾਪਿਤ ਕੀਤਾ ਸੀ ਅਤੇ ਨਾ ਹੀ ਅਜ਼ਾਦੀ ਅਤੇ ਪਰਜਾਤੰਤਰ ਦੀ ਸਥਾਪਤੀ ਬਾਅਦ ਸਾਡੀਆਂ ਇਹ ਸਰਕਾਰਾਂ ਹੀ ਸਥਾਪਤ ਕਰ ਸਕੀਆਂ ਹਨ।

ਸਾਡੇ ਮੁਲਕ ਵਿੱਚ ਉਦਯੋਗ ਵੀ ਅੰਗਰੇਜ਼ ਹੀ ਲਗਾ ਗਏ ਸਨ ਅਤੇ ਇਹ ਵੱਡੀਆਂ ਕੰਪਨੀਆਂ ਦਾ ਕਾਨੂੰਨ ਵੀ ਅੰਗਰੇਜ਼ਾਂ ਦੇ ਸਮੇਂ ਹੋਂਦ ਵਿੱਚ ਹੀ ਆ ਗਿਆ ਸੀ। ਅਜ਼ਾਦੀ ਬਾਅਦ ਇਹ ਅਦਾਰੇ ਬਹੁਤ ਹੀ ਮਿਹਨਤ ਨਾਲ ਕੰਮ ਕਰਦੇ ਰਹੇ ਹਨ। ਕਿੰਨੀਆਂ ਹੀ ਵੱਡੀਆਂ ਕੰਪਨੀਆਂ ਹੋਰ ਵੀ ਲੱਗੀਆਂ ਹਨ ਅਤੇ ਕਿੰਨੇ ਹੀ ਵੱਡੇ ਅਦਾਰੇ ਵਪਾਰ ਕਰਨ ਲਈ ਵੀ ਸਥਾਪਿਤ ਹੋ ਗਏ ਹਨ ਅਤੇ ਅਸੀਂ ਦੇਖ ਰਹੇ ਹਾਂ ਸਾਡੇ ਮੁਲਕ ਦੇ ਉਦਯੋਗ ਨੇ ਆਦਮੀ ਦੀ ਹਰ ਜ਼ਰੂਰਤ ਪੂਰੀ ਕਰਨ ਲਈ ਹਰ ਸਾਮਾਨ ਬਣਾ ਦਿਤਾ ਹੈ। ਅਸੀਂ ਇਹ ਵੀ ਦੇਖਿਆ ਹੈ ਕਿ ਖੇਤੀ ਪੈਦਾਵਾਰ ਵਧਾਉਣ ਲਈ ਵੀ ਇਹ ਅਦਾਰੇ ਕੰਮ ਕਰਦੇ ਆ ਰਹੇ ਹਨ। ਇਹ ਟਰੈਕਟਰ, ਇਹ ਕੰਬਾਇਨਾਂ, ਇਹ ਟਿਊਬਵੈਲ, ਇਹ ਬਿਜਲੀ, ਇਹ ਖਾਦਾ, ਇਹ ਕੀੜੇਮਾਰ ਦਵਾਈਆਂ, ਇਹ ਅਨਾਜ ਸਟੋਰ ਕਰਨ ਦੇ ਢੰਗ ਤਰੀਕੇ ਅਤੇ ਅੱਜ ਅਨਾਜ ਤੋਂ ਕਈ ਤਰਾਂ ਦੇ ਖਾਣੇ ਤਿਆਰ ਕਰਨ, ਅਨਾਜ ਦੀ ਪ੍ਰੋਸੈਸਿੰਗ, ਇਹ ਡਬਲਰੋਟੀਆਂ, ਇਹ ਬਿਸਕੁਟ, ਇਹ ਦੁਧ ਦੇ ਕਾਰਖਾਨੇ, ਇਹ ਖੰਡ ਮਿਲਾਂ ਅਰਥਾਤ ਐਸਾ ਬਹੁਤ ਕੁਝ ਸਾਡੇ ਉਦਯੋਗਾਂ ਨੇ ਅਤੇ ਇਹ ਵੱਡੇ ਵਪਾਰਕ ਅਦਾਰਿਆਂ ਨੇ ਸਾਡੇ ਮੁਲਕ ਵਿੱਚ ਲੈਆਂਦਾ ਹੈ। ਅੱਜ ਹਰ ਪਾਸੇ ਸੜਕਾਂ ਹਨ, ਗੱਡੀਆਂ ਚਲ ਰਹੀਆਂ ਹਨ, ਟਰੱਕ ਚਲ ਰਹੇ ਹਨ, ਬੱਸਾਂ ਅਤੇ ਕਾਰਾਂ ਹਨ ਅਤੇ ਅਨਾਜ ਢੋਣ ਲਈ ਵੀ ਸਾਰਾ ਪ੍ਰਬੰਧ ਕਰ ਦਿੱਤਾ ਗਿਆ ਹੈ। ਆਦਮੀ ਦੀ ਵਰਤੋਂ ਲਈ ਅਤੇ ਆਦਮੀ ਦੇ ਹੰਢਾਉਣ ਲਈ ਵੀ ਹਰ ਤਰਾਂ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਅੱਜ ਸਾਡੇ ਬਾਜ਼ਾਰਾਂ ਵਿੱਚ ਆਦਮੀ ਦੀ ਵਰਤੋਂ ਦਾ ਹਰ ਸਾਮਾਨ ਆ ਗਿਆ ਹੈ ਅਤੇ ਅੱਜ ਅਸੀਂ ਦੁਨੀਆਂ ਦੇ ਹਰ ਮੁਲਕ ਵਿੱਚ ਆਪਣਾ ਸਾਮਾਨ ਲੈ ਕੇ ਬਾਜ਼ਾਰਾਂ ਵਿੱਚ ਪੁਜ ਗਏ ਹਾਂ ਅਤੇ ਸਾਡਾ ਸਾਮਾਨ ਸਲਾਹਿਆ ਵੀ ਜਾ ਰਿਹਾ ਹੈ।

ਸਾਡੇ ਮੁਲਕ ਦੇ ਉਦਯੋਗ ਇੰਨਾ ਸਾਮਾਨ ਬਣਾ ਬੈਠੇ ਹਨ ਕਿ ਅੱਜ ਵਿੱਕ ਨਹੀਂ ਰਿਹਾ ਹੈ ਅਤੇ ਸਾਡੇ ਉਦਯੋਗ ਮਾਰ ਖਾ ਰਹੇ ਹਨ। ਮੁਲਕ ਦੀ ਅਬਾਦੀ ਬਹੁਤ ਵਧ ਗਈ ਹੈ ਅਤੇ ਬਹੁਤ ਹੀ ਵੱਡੀ ਮਾਰਕੀਟ ਵੀ ਬਣ ਗਈ ਹੈ। ਪਰ ਸਾਡੀ ਬਦਕਿਸਮਤੀ ਇਹ ਰਹੀ ਹੈ ਕਿ ਸਾਡੇ ਮੁਲਕ ਵਿਚ ਵਸਦੇ ਬਹੁਤੇ ਲੋਕਾਂ ਤੱਕ ਅੱਜ ਵੀ ਵਾਜਬ ਜਿਹੀ ਕਮਾਈ ਨਹੀਂ ਪੁਜ ਰਹੀ ਅਤੇ ਉਹ ਗਰੀਬ ਅਖਵਾ ਰਹੇ ਹਨ। ਇਸ ਗੁਰਬਤ ਦਾ ਫਾਇਦਾ ਇਹ ਰਾਜਸੀ ਲੋਕੀਂ ਉਠਾ ਰਹੇ ਹਨ ਅਤੇ ਵੋਟਾਂ ਵਕਤ ਇਹ ਲੋਕਾਂ ਨਾਲ ਝੂਠੇ ਵਾਅਦੇ ਜਿਹੇ ਕਰਕੇ ਕਿ ਉਹ ਗੁਰਬਤ ਦੂਰ ਕਨ ਦਾ ਕੋਈ ਯਤਨ ਕਰਨਗੇ, ਗਰੀਬਾਂ ਦੀਆਂ ਵੋਟਾਂ ਨਾਲ ਜਿਤਕੇ ਰਾਜ ਕਰਦੇ ਆ ਰਹੇ ਹਨ ਅਤੇ ਇਸ ਤਰਾਂ ਦੇ ਝੂਠੇ ਵਾਅਦੇ ਕਰਕੇ ਹਰ ਵਾਰੀ ਕੋਈ ਨਾ ਕੋਈ ਧੜਾ ਰਾਜ ਕਰੀ ਜਾ ਰਿਹਾ ਹੈ ਅਤੇ ਸਾਡੇ ਦੇਖਦਿਆਂ ਹੀ ਦੇਖਦਿਆਂ ਇਹ ਗੁਰਬਤ ਜੇਕਰ

**ਬਾਕੀ ਸਫ਼ਾ 33 'ਤੇ**

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਖ਼ੁਰਸ਼ੀਦ ਪੈ.ਗੰਬਰੀ ਅਜ਼ਮਤ-ਗੁਰੂ ਤੇਗ ਬਹਾਦਰ ਸਾਹਿਬ ਜੀ

**ਸੁਰਜੀਤ ਸਿੰਘ "ਦਿਲਾ ਰਾਮ"**
**(ਪੁਸਤਕ: ਨਾਨਕ ਬੇੜੀ ਸਚ ਕੀ)**

ਗੁਰ ਤੇਗ ਬਹਾਦਰ ਜੀ ਦਾ ਜਨਮ ਵੈਸਾਖ ਵਲੋਂ 5 ਸੰਮਤ 1678 ਮੁਤਾਬਿਕ ਪਹਿਲੀ ਅਪ੍ਰੈਲ 1621 ਨੂੰ ਮਾਤਾ ਨਾਨਕੀ ਜੀ ਜੀ ਕੁਖੋਂ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ।

ਆਪ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ।ਆਪ ਜੀ ਦੇ ਚਾਰ ਭਰਾ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮਾਲ ਜੀ, ਬਾਬਾ ਅਣੀ ਰਾਏ ਜੀ, ਬਾਬਾ ਅਟੱਲ ਰਾਏ ਜੀ ਤੇ ਇੱਕ ਵੱਡੀ ਭੈਣ ਬੀਬੀ ਵੀਰੋ ਜੀ ਸੀ।

ਆਪ ਜੀ ਦੇ ਅਵਤਾਰ ਸਮੇਂ ਗੁਰੂ ਹਰਗੋਬਿੰਦ ਸਾਹਿਬ ਜੀ ਹਰਿਮੰਦਰ ਸਾਹਿਬ ਵਿਖੇ ਆਸਾ ਜੀ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ ਅਤੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਜਦੋ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਲਕ ਦੇ ਜਨਮ ਬਾਰੇ ਸੂਚਨਾ ਦਿੱਤੀ ਗਈ ਤਾਂ ਆਪ ਜੀ ਉਪਰੰਤ ਗੁਰੂ ਕੇ ਮਹਿਲ ਪਹੁੰਚੇ।

ਇਤਿਹਾਸਕਾਰ ਲਿਖਦੇ ਹਨ ਕਿ ਜਦੋਂ ਛੇਵੇਂ ਪਾਤਸ਼ਾਹ ਨੇ ਨਵੇਂ ਜੰਮੇ ਬਾਲਕ ਦੇ ਦਰਸ਼ਨ ਕੀਤੇ ਤਾਂ ਗੁਰੂ ਜੀ ਨੇ ਸਿਰ ਝੁਕਾ ਕੇ ਨਮਸਕਾਰ ਕੀਤੀ। ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਲਿਖਿਆ ਹੈ ਕਿ ਉਸ ਸਮੇਂ ਗੁਰੂ ਜੀ ਦੇ ਨਾਲ ਹੋਰ ਵੀ ਸੰਗਤ ਸੀ।ਵੇਖਦਿਆਂ ਸਾਰ ਹੀ ਗੁਰੂ ਜੀ ਨੇ ਕਿਹਾ: 'ਸਾਡਾ ਇਹ ਪੁੱਤ ਬੜਾ ਬਲੀ , ਸੂਰਬੀਰ ਤੇ ਤੇਗ ਦਾ ਧਨੀ ਹੋਵੇਗਾ। ਆਪ ਜੀ ਦਾ ਨਾਮ ਤਿਆਗ ਮੱਲ ਰਖਿਆ ਗਿਆ।

ਸ੍ਰੀ (ਗੁਰੂ) ਤੇਗ ਬਹਾਦਰ ਜੀ ਦੀ ਪੜਾਈ ਲਿਖਾਈ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਹੇਠ ਹੀ ਹੋਈ। ਆਪ ਜੀ ਨੂੰ ਗੁਰਬਾਣੀ ਤੇ ਧਰਮ ਗ੍ਰੰਥਾਂ ਦੀ ਪੜਾਈ ਦੇ ਨਾਲ ਨਾਲ ਸ਼ਸਤਰ ਦੀ ਵਰਤੋਂ ਤੇ ਸਵਾਰੀ ਆਦਿ ਦੀ ਸਿਖਲਾਈ ਵੀ ਕਰਵਾਈ ਗਈ। ਅਮਲੀ ਜੀਵਨ ਨੂੰ ਕਿੰਨਾ ਉੱਚਾ ਸਥਾਨ ਦਿੰਦੇ ਸੀ, ਇਸ ਦੀ ਉਦਾਹਰਨ ਸਾਡੇ ਸਾਖੀਕਾਰਾਂ ਨੇ ਦਿੱਤੀ ਹੈ।

ਇੱਕ ਵਾਰੀ ਗੁਰੂ ਤੇਗ ਬਹਾਦਰ ਜੀ ਕੋਲ ਉਨਾਂ ਦੇ ਇੱਕ ਦੋਸਤ ਦੀ ਮਾਂ ਆਈ ਤੇ ਉਨਾਂ ਦੀ ਮਾਂ ਨੇ ਆਪ ਜੀ ਨੂੰ ਕਿਹਾ ਕਿ ਉਹ ਆਪਣੇ ਹਾਣੀ ਨੂੰ ਸਮਝਾਉਣ, ਇਹ ਗੁੜ ਬਹੁਤ ਖਾਂਦਾ ਐ। ਆਪ ਜੀ ਨੇ ਮਾਂ ਨੂੰ ਕੁਝ ਦਿਨਾਂ ਬਾਅਦ ਆਉਣ ਲਈ ਕਿਹਾ।

ਜਦੋ ਕੁਝ ਦਿਨਾਂ ਬਾਅਦ ਮਾਂ ਅਤੇ ਆਪ ਜੀ ਦਾ ਦੋਸਤ ਆਇਆ ਤਾਂ ਆਪ ਜੀ ਨੇ ਆਪਣੇ ਦੋਸਤ ਨੂੰ ਕਿਹਾ ਮਿੱਤਰਾ! ਗੁੜ ਨਹੀਂ ਖਾਈਦਾ।' ਮਾਂ ਨੇ ਕਿਹਾ ਇਹ ਤਾਂ ਤੁਸੀ ਉਸ ਦਿਨ ਵੀ ਕਹਿ ਸਕਦੇ ਸੀ।

ਉਸ ਸਮੇਂ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੇ ਕਿਹਾ ਉਨਾਂ ਦਿਨਾਂ ਵਿੱਚ ਮੈਂ ਆਪ ਵੀ ਖਾਂਦਾ ਸੀ।

ਹੁਣ ਛੱਡਿਆ ਹੈ ਤਾਂ ਕਹਿਣ ਦੇ ਯੋਗ ਹੋਇਆ ਹਾਂ।

ਆਪ ਜੀ ਕਿਸੇ ਦੁਖੀ ਨੂੰ ਦੇਖਦੇ ਤਾਂ ਅੱਗੇ ਹੋ ਕੇ ਉਸਦੀ ਸੇਵਾ ਕਰਦੇ ਸਨ। ਇੱਕ ਵਾਰੀ ਆਪਣੀ ਪੁਸ਼ਾਕ ਹੀ ਗਰੀਬ ਬੱਚੇ ਨੂੰ ਦੇ ਆਏ ਸਨ। ਜਦੋਂ ਮਾਂ ਨੇ ਕਿਹਾ ਪੁੱਤ! ਇਹ ਕੀ? ਤਾਂ ਆਪ ਜੀ ਫਰਮਾਇਆ ਮਾਂ ਉਸ ਨੂੰ ਤਾਂ ਕਿਸੇ ਨੇ ਦੇਣੀ ਨਹੀਂ, ਤੇ ਤੁਸੀਂ ਮੈਨੂੰ ਹੋਰ ਲੈ ਦੇਵੋਗੇ।

ਤਕਰੀਬਨ 13 ਸਾਲ ਦੇ ਹੀ ਹੋਏ ਸਨ ਕਿ ਆਪ ਜੀ ਦਾ ਵਿਆਹ ਭਾਈ ਲਾਲ ਚੰਦ ਕਰਤਾਰਪੁਰ (ਜਲੰਧਰ) ਦੀ ਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ। ਜਦੋਂ ਲਾਲ ਚੰਦ ਨੇ ਬੜੀ ਨਿਮਰਤਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿਹਾ ਕਿ ਉਸ ਕੋਲ ਦੇਣ ਲਈ ਕੁਝ ਨਹੀਂ ਤਾਂ ਗੁਰੂ ਜੀ ਨੇ ਕਿਹਾ ਲਾਲ ਚੰਦ ਜਿਨਾਂ ਬੱਚੀ ਦੇ ਦਿੱਤੀ ਉਨਾਂ ਸਭ ਕੁਝ ਦੇ ਦਿੱਤਾ:

'ਲਾਲ ਚੰਦ, ਤੁਮ ਦੀਨੋ ਸਕਲ ਬਿਸਾਲਾ,
ਜਿਨ ਤਨੁਜਾ ਅਰਪਨ ਕੀਨੰ।
ਕਿਆ ਪਾਛੇ ਤਿਨ ਰਖ ਲੀਨੰ।'

ਕਰਤਾਰਪੁਰ ਦੀ ਚੌਥੀ ਜੰਗ ਵਿੱਚ ਜਿਹੜੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਲੜੀ ਸੀ। ਉਸ ਵਿੱਚ (ਗੁਰੂ) ਤੇ.ਗ ਬਹਾਦਰ ਜੀ ਨੇ ਖਾਸ ਹਿੱਸਾ ਲਿਆ, ਉਸ ਵੇਲੇ ਤਕਰੀਬਨ ਆਪ ਜੀ ਦੀ ਉਮਰ ਤੇਰਾਂ ਕੁ ਸਾਲ ਦੀ ਸੀ। ਪਰ ਜਿਸ ਦਲੇਰੀ ਅਤੇ ਫੁਰਤੀ ਨਾਲ ਆਪ ਜੀ ਲੜੇ ਉਸ ਨੇ ਇੱਕ ਚੰਗੇ ਯੋਧੇ ਵਾਲਾ ਭਵਿੱਖ ਦਰਸਾਇਆ।ਗੁਰੂ ਹਰਗੋਬਿੰਦ ਸਾਹਿਬ ਜੀ ਨੇ ਤਿਆਗ ਮੱਲ ਨੂੰ 'ਤੇਗ ਬਹਾਦਰ ਕਹਿ 'ਕੇ ਸਨਮਾਨਿਆ। ਕਰਤਾਰਪੁਰ ਦੀ ਚੌਥੀ ਜੰਗ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਿਤਾਬ ਵਜੋਂ ਉਨਾਂ ਦੀ ਕਮਾਲ, ਹੁਸ਼ਿਆਰੀ ਤੇ ਜੰਗੀ ਬਹਾਦਰੀ ਦੇਖ ਕੇ ਫ਼ਰਮਾਇਆ ਤੂੰ ਤਿਆਗ ਮੱਲ ਨਹੀਂ ਤੇ.ਗ ਬਹਾਦਰ ਹੈ।

ਆਪ ਜੀ ਦਾ ਗ੍ਰਹਿਸਥੀ ਜੀਵਨ ਬੜਾ ਸਾਦਾ ਤੇ ਪਵਿੱਤਰ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਛੋਟੇ ਪੋਤਰੇ ਸ੍ਰੀ ਹਰਿ ਰਾਇ ਜੀ ਨੂੰ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਲਈ ਪੂਰੀ ਤਰਾਂ ਯੋਗ ਜਾਣ ਕੇ 3 ਮਾਰਚ 1644 ਈ. ਨੂੰ ਸਤਵੀਂ ਪਾਤਸ਼ਾਹੀ ਥਾਵੇਂ ਗੁਰਤਾ ਗੱਦੀ ਦਾ ਵਾਰਸ ਬਣਾ ਦਿੱਤਾ।ਆਪਣੇ ਗੁਰੂ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਆਪਣੇ ਮਾਤਾ ਜੀ ਤੇ ਆਪਣੀ ਸੁਪਤਨੀ ਨੂੰ ਨਾਲ ਲੈ ਕੇ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ ਸਨ।

ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੀ ਗੁਰਿਆਈ ਦੇ ਉਪਰੋਕਤ ਸਮੇਂ ਦੌਰਾਨ ਹਿੰਦ ਦੇਸ਼ ਵਿੱਚ ਦੋ ਬਾਦਸ਼ਾਹ ਹੋਏ ਸਨ, ਸ਼ਾਹਜਹਾਨ ਹਿੰਦ ਦਾ ਬਾਦਸ਼ਾਹ ਰਿਹਾ ਜਦਕਿ 1658 ਤੋਂ ਬਾਅਦ ਔਰੰਗਜ਼ੇਬ ਦਾ ਅਹਿਦ ਸ਼ੁਰੂ ਹੋ ਗਿਆ ਸੀ।

ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੇ ਇਹ ਸਮਾਂ ਆਪਣੇ ਗੁਰੂ ਪਿਤਾ ਹੁਕਮ ਮੁਤਾਬਕ ਆਪਣੇ ਨਾਨਕੇ ਬਕਾਲੇ ਤੋਂ ਆਰੰਭ ਕੀਤਾ ਸੀ। ਆਪ ਜੀ ਆਪਣੀ ਮਾਤਾ ਨਾਨਕੀ ਅਤੇ ਧਰਮ ਪਤਨੀ ਗੁਜਰੀ ਜੀ ਨਾਲ ਆਪਣੇ ਨਾਨਕੇ ਘਰ ਰਹੇ।ਇੱਥੇ ਇੱਕ ਸਿੱਖ ਭਾਈ ਮਹਿਰਾ ਸੀ ਜੋ ਬੜਾ ਧਨੀ ਅਤੇ ਆਪ ਜੀ ਦੇ ਮਹਾਨ ਗੁਣਾਂ ਨੂੰ ਦੇਖ ਕੇ ਆਪ ਜੀ ਦੀ ਸੇਵਾ ਤੇ ਸੰਗਤ ਕਰਨ ਲਈ ਆਉਂਦਾ ਸੀ।

ਰਵਾਇਤੀ ਸਿੱਖ ਇਤਿਹਾਸ ਦੀਆਂ ਕਿਤਾਬਾਂ ਵਿੱਚ ਗੁਰੂ ਤੇ.ਗ ਬਹਾਦਰ ਜੀ ਬਾਰੇ ਇਹ ਪੜਨ ਤੇ ਸੁਣਨ ਨੂੰ ਮਿਲਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਵੀਹ ਇੱਕੀ ਸਾਲ ਦਾ ਸਮਾਂ (1644 ਤੋਂ 1664)ਤੱਕ ਬਕਾਲੇ ਵਿਖੇ ਹੀ ਤਪੱਸਿਆ ਕਰਕੇ ਗੁਜ਼ਾਰਿਆ, ਜੋ ਠੀਕ ਨਹੀ ਜਾਪਦਾ।

ਗੁਰੂ ਦੀਆਂ ਸਾਖੀਆਂ ਵਿੱਚ ਪੜਨ ਨੂੰ ਮਿਲਦਾ ਹੈ ਕਿ ਆਪ ਜੀ ਨੇ ਇਨਾਂ ਸਮੇਂ ਦੌਰਾਨ ਕੀਰਤਪੁਰ ਸਾਹਿਬ, ਮਾਲਵਾ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ ਆਦਿ ਪੂਰਬੀ ਪ੍ਰਦੇਸ਼ਾਂ ਦੇ ਨਗਰਾਂ ਵਿਚ ਸਿੱਖੀ ਦਾ ਪ੍ਰਚਾਰ ਆਪਣੀ ਮਾਤਾ ਜੀ, ਧਰਮ ਪਤਨੀ ਅਤੇ ਰਿਸ਼ਤੇ ਵਿਚ ਲਗਦੇ ਆਪਣੇ ਸਾਲੇ ਕਿਰਪਾਲ ਚੰਦ ਤੇ ਹੋਰ ਸਿਖਾਂ ਨਾਲ ਕਰਦੇ ਰਹੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਧਰਮ ਫਿਲਾਸਫੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਗੁਰਿਆਈ ਦੌਰਾਨ ਉਚਾਰੀ ਬਾਣੀ ਤਪੱਸਿਆ ਵਾਲੇ ਸਿਧਾਂਤ ਜਾਂ ਹਿੰਦੂ ਸਿਧਾਂਤ ਦੀ ਵਿਰੋਧਤਾ ਕਰਦੀ ਹੈ। ਸਿੱਖ ਮੱਤ ਇੱਕ ਸਮਾਜਿਕ ਅਤੇ ਭਾਈਚਾਰਕ ਮੱਤ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਹੈ :-

**ਮਨ ਰੇ ਗਹਿਓ ਨ ਗੁਰ ਉਪਦੇਸੁ ॥**
**ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ**
**॥੧॥ ਰਹਾਉ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੬੩੩)**
**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥**
**ਰਹਾਉ॥**
**( ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੬੮੪)**
**ਪਾਪੀ ਹੀਐ ਮੈ ਕਾਮੁ ਬਸਾਇ ॥**
**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ॥**
**ਜੋਗੀ ਜੰਗਮ ਅਰੁ ਸੰਨਿਆਸ ॥**
**ਸਭ ਹੀ ਪਰਿ ਡਾਰੀ ਇਹ ਫਾਸ ॥੧॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੧੮੬)**

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਰਾਹੀ ਸਪੱਸ਼ਟ ਦੱਸਿਆ ਕਿ ਮਨ ਨੂੰ ਇਨਾਂ ਬਨਾਵਟੀ ਸਾਧਨਾਂ ਰਾਹੀਂ ਕਾਬੂ ਨਹੀਂ ਕੀਤਾ ਜਾ ਸਕਦਾ।ਗੁਰੂ ਸਾਹਿਬ ਬਾਣੀ ਅੰਦਰ ਦੱਸਦੇ ਹਨ :-

**ਸਾਧੋ ਇਹੁ ਮਨੁ ਗਹਿਓ ਨ ਜਾਈ ॥**
**ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ**
**॥੧॥ ਰਹਾਉ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੨੧੯)**

ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਬਾਣੀ ਰਾਹੀਂ ਦਰਸਾਏ ਪਹਿਲੇ ਗੁਰੂ ਜਾਮਿਆਂ ਦੇ ਸਮੁੱਚੇ ਫਲਸਫ਼ੇ ਨੂੰ ਚੰਗੀ ਤਰਾਂ ਸਮਝਦੇ ਸਨ। ਉਹ ਸਨਿਆਸੀਆਂ, ਜੋਗੀਆਂ, ਵਾਲੇ ਏਕਾਂਤੀ ਜੀਵਨ ਦੇ ਕਾਇਲ ਨਹੀਂ ਸਨ।

ਗੁਰੂ ਤੇਗ ਬਹਾਦਰ ਜੀ ਦੁਆਰਾ ਗੁਰਬਾਣੀ ਅਭਿਆਸ, ਗੁਰਬਾਣੀ ਵਿਚਾਰ ਤੇ ਭਜਨ ਬੰਦਗੀ ਲਈ ਬਣਾਏ ਗਏ ਸਥਾਨਾਂ ਨੂੰ ਲੋਕਾਂ ਨੇ 'ਭੋਰਾ' ਦਾ ਨਾਮ ਦੇ ਦਿੱਤਾ ਹੈ ਅਤੇ ਨਾਲ ਹੀ ਵੀਹ ਇੱਕੀ ਸਾਲ ਉਥੇ ਬੈਠ ਕੇ ਤਪ ਸਾਧਣ ਅਤੇ ਗੁਰਮਤਿ ਵਿਰੋਧੀ ਗੱਲਾਂ ਨੂੰ ਵੀ ਉਨਾਂ ਦੇ ਜੀਵਨ ਨਾਲ ਜੋੜ ਦਿੱਤਾ ਗਿਆ ਹੈ।ਜਿਹੜਾ ਕਿ ਬਿਲਕੁਲ ਨਿਰਮੂਲ ਹੈ। ਬਕਾਲੇ ਵਿਖੇ ਹੀ ਸ੍ਰੀ ਤੇਗ ਬਹਾਦਰ ਜੀ ਦੇ ਸਾਲੇ ਕਿਰਪਾਲ ਚੰਦ ਕਈ ਵਾਰੀ ਆਪਣੀ ਭੈਣ ਗੁਜਰੀ ਜੀ ਨੂੰ ਮਿਲਣ ਲਈ ਕੀਰਤਪੁਰ ਸਾਹਿਬ ਤੋਂ ਬਕਾਲੇ ਆ ਜਾਂਦੇ ਸਨ ਅਤੇ ਕਈ ਵਾਰ (ਗੁਰੂ) ਤੇਗ ਬਹਾਦਰ ਸਾਹਿਬ ਜੀ ਵੀ ਕਿਰਪਾਲ ਚੰਦ ਨੂੰ ਮਿਲਣ ਲਈ ਕੀਰਤਪੁਰ ਸਾਹਿਬ ਚਲੇ ਜਾਂਦੇ ਸਨ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਕੀਰਤਪੁਰ ਕ੍ਰਿਪਾਲ ਚੰਦ ਨੂੰ ਮਿਲਣ ਲਈ ਜਾਂਦੇ ਤਾਂ ਉਹ ਲਾਜ਼ਮੀ ਤੌਰ ਤੇ ਗੁਰੂ ਹਰ ਰਾਏ ਸਾਹਿਬ ਦੇ ਦਰਬਾਰ ਵਿਚ ਹਾਜ਼ਰੀ ਵੀ ਭਰਦੇ ਸਨ। ਗੁਰੂ ਹਰਿਰਾਏ ਸਾਹਿਬ ਜੀ (ਗੁਰੂ) ਤੇਗ ਬਹਾਦਰ ਜੀ ਦੇ ਭਤੀਜੇ ਸਨ।

6 ਅਕਤੂਬਰ,1661 ਨੂੰ ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤ ਸਮਾਏ ਸਨ। ਆਪ ਜੀ ਦੇ ਦੋ ਸਾਹਿਬਜ਼ਾਦੇ ਸਨ।ਵੱਡੇ ਸਾਹਿਬਜ਼ਾਦੇ ਰਾਮ ਰਾਇ ਨੂੰ ਗੁਰਗੱਦੀ ਦੇ ਯੋਗ ਨਾ ਸਮਝਿਆ ਗਿਆ ਕਿਉਂਕਿ ਉਸਨੇ ਦਿਲੀ ਦੇ ਦਰਬਾਰ ਵਿਚ ਸਿੱਖ ਮੱਤ ਦੀ ਵਿਆਖਿਆ ਕਰਨ ਸਮੇਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚੋਂ 'ਮਿਟੀ ਮੁਸਲਮਾਨ ਕੀ: ਦੀ ਜਗਾ 'ਮਿਟੀ ਬੇਈਮਾਨ ਕੀ' ਕਰ ਦਿੱਤਾ ਸੀ।

ਇਸਤੇ ਗੁਰੂ ਹਰਿ ਰਾਇ ਸਾਹਿਬ ਜੀ ਨੇ ਇਤਰਾਜ਼ ਜਤਾਉਂਦਿਆਂ ਹੋਇਆ ਉਸਨੂੰ ਜੀਵਨ ਭਰ ਮੱਥੇ ਨਾ ਲੱਗਣ ਦਾ ਹੁਕਮ ਕਰ ਦਿੱਤਾ ਸੀ।

ਗੁਰੂ ਹਰਿ ਰਾਇ ਸਾਹਿਬ ਜੀ ਨੇ ਅੰਤਲੇ ਸਮੇਂ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ ਸੀ। 6 ਅਕਤੂਬਰ 1661 ਈ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਤਾ ਗੱਦੀ ਮਿਲੀ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਤਿੰਨ ਸਾਲ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ।ਭਾਵੇਂ ਉਮਰ ਛੋਟੀ ਸੀ ਪਰ ਸਿਆਣਪ ਅਤੇ ਜੁਰਅਤ ਨਾਲ ਜ਼ਿੰਮੇਵਾਰੀ ਸੰਭਾਲੀ ।ਆਪ ਜੀ ਨੇ ਰਾਮ ਰਾਏ ਦੀਆਂ ਧਮਕੀਆਂ ਦੀ ਪ੍ਰਵਾਹ ਨਾ ਕੀਤੀ ਤੇ ਨਾ ਹੀ ਔਰੰਗਜ਼ੇਬ ਦੇ ਰੋਹਬ ਥੱਲੇ ਆਏ ।ਧਰਮ ਦਾ ਪ੍ਰਚਾਰ ਆਪ ਜੀ ਨੇ ਉਸੇ ਤਰਾਂ ਹੀ ਜਾਰੀ ਰੱਖਿਆ।

ਸਭ ਤੋਂ ਅਮੀਰ ਤੇ ਸਭ ਤੋਂ ਵਿਸ਼ੇਸ਼ ਗੁਰੂ ਦੀ ਚੋਣ ਠੀਕ ਦੇ ਯੋਗ ਕਰ ਜਾਣਾ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਵੱਡੀ ਸ਼ਖਸੀਅਤ ਬਾਰੇ ਦਰਸਾਉਣਾ ਕਾਫੀ ਹੈ।

ਰਾਮ ਰਾਏ ਤੇ ਧੀਰ ਮੱਲ ਜੀ ਦਾ ਖਿਆਲ ਸੀ ਕਿ ਹੁਣ ਉਨਾਂ ਨੂੰ ਗੁਰੂ ਅਖਵਾਉਣ ਤੋਂ ਕੋਈ ਨਹੀ ਰੋਕ ਸਕਦਾ ਪਰ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ 'ਬਾਬਾ ਬਕਾਲੇ' ਕਹਿ ਕੇ ਉਨਾਂ ਦੀਆਂ ਉਮੀਦਾਂ ਉਤੇ ਇਕ ਵਾਰੀ ਫਿਰ ਪਾਣੀ ਫੇਰ ਦਿੱਤਾ ਸੀ।

ਇਨਾਂ ਸ਼ਬਦਾਂ ਦਾ ਭਾਵ ਆਪਣੇ ਆਪ ਵਿੱਚ ਬਿਲਕੁਲ ਸਪੱਸ਼ਟ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਉਸ ਸਮੇਂ ਪਿੰਡ ਬਕਾਲਾ ਵਿਖੇ ਹੀ ਨਿਵਾਸ ਕਰਦੇ ਸਨ ਤੇ ਰਿਸ਼ਤੇ ਵਲੋਂ ਉਹ ਆਪ ਜੀ ਦੇ ਬਾਬਾ ਲਗਦੇ ਸਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਬਾਬਾ ਸ਼ਬਦ ਗੁਰੂ ਲਈ ਹੀ ਵਰਤਿਆ ਹੈ।ਗੁਰੂ ਤੇਗ ਬਹਾਦਰ ਸਾਹਿਬ ਜੀ ਰਿਸ਼ਤੇ ਵਜੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਾਦਾ ਜੀ ਹੀ ਲਗਦੇ ਸਨ। ਇਸ ਲਈ ਆਪ ਜੀ ਦੇ ਬਚਨਾਂ ਦਾ ਸਾਫ ਮਤਲਬ ਇਹੀ ਸੀ ਕਿ ਪਿੰਡ ਬਕਾਲਾ ਵਿਖੇ ਸਾਡੇ ਬਾਬਾ ਰਹਿੰਦੇ ਹਨ, ਸਾਡੇ ਮਗਰੋਂ ਉਹੀ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣਗੇ। ਪਰ ਧੀਰ ਮੱਲ ਤੇ ਰਾਮਰਾਇ ਜਿਹੇ ਗੁਰੂਘਰ ਨਾਲ ਸਬੰਧ ਰੱਖਣ ਵਾਲੇ ਹੋਰ ਲੋਕ ਵੀ ਗੁਰਗੱਦੀ ਤੇ ਕਬਜਾ ਜਮਾਉਣ ਦੇ ਚਾਹਵਾਨ ਸਨ।

ਹੁਣ ਜਦੋਂ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਆਪਣੇ ਹੱਥੀਂ ਗੁਰਿਆਈ ਦਿੱਤੇ ਬਿਨਾਂ ਜੋਤੀ ਜੋਤ ਸਮਾ ਗਏ ਅਤੇ ਉਨਾਂ ਨੇ ਸਪੱਸ਼ਟ ਰੂਪ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਂ ਵੀ ਨਾ ਲਿਆ ਤਾਂ ਇਸ ਦੀ ਗੁਰਗੱਦੀ ਦੇ ਦਾਅਵੇਦਾਰਾਂ ਨੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਕਹੇ ਸ਼ਬਦ 'ਬਾਬਾ ਬਕਾਲੇ' ਨੂੰ ਆਪਣੇ ਨਾਲ ਜੋੜ ਲਿਆ ਤੇ ਹਰੇਕ ਨੇ ਆਪਣੇ ਆਪ ਨੂੰ ਗੁਰੂ ਕਹਾਉਣਾ ਸ਼ੁਰੂ ਕਰ ਦਿੱਤਾ।

ਬਕਾਲੇ ਵਿਖੇ ਬਾਈ ਮੰਜੀਆਂ ਕਾਇਮ ਹੋ ਗਈਆਂ ਤੇ ਬਾਈ ਗੁਰੂ ਹੀ ਪ੍ਰਗਟ ਹੋ ਗਏ। ਸਿੱਖਾਂ ਨੇ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਹੁਕਮਾਂ ਉੱਤੇ ਚਲਦੇ ਹੋਏ ਬਕਾਲੇ ਵੱਲ ਨੂੰ ਜਾਣਾ ਸ਼ੁਰੂ ਕਰ ਦਿਤਾ ਪਰ ਉਥੇ ਬਾਬਾ ਕੋਈ ਨਾ ਮਿਲਿਆ। ਸੰਗਤਾਂ ਪਾਖੰਡੀਆਂ ਦੇ ਵੱਸ ਪੈ ਗਈਆਂ ਤੇ ਕਈ ਮਾਯੂਸ ਹੋ ਕੇ ਮੁੜਨ ਲੱਗ ਪਏ।ਧੀਰ ਮੱਲ ਦੀ ਦੁਕਾਨ ਚੰਗੀ ਚੱਲ ਪਈ।ਇੱਕ ਤਾਂ ਇਹ ਸੀ ਕਿ ਉਹ ਗੁਰੂ ਜੀ ਦੀ ਸੰਤਾਨ ਸੀ ਤੇ ਦੂਜਾ ਉਸ ਕੋਲ ਉਹ ਬੀੜ ਵੀ ਸੀ ਜਿਸ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਸੰਪਾਦਤ ਕੀਤਾ ਸੀ, ਇਥੇ ਭੁਲੇਖਾ ਪੈ ਜਾਣਾ ਕੁਦਰਤੀ ਗੱਲ ਸੀ। ਕੁਝ ਸਮਾਂ ਸੰਗਤਾਂ ਗੁਰੂ ਤੋਂ ਬਗੈਰ ਹੀ ਭਟਕਦੀਆਂ ਰਹੀਆਂ।

ਕਿਹਾ ਜਾਂਦਾ ਹੈ ਕਿ ਆਪਣੇ ਆਪ ਨੂੰ ਗੁਰੂ ਕਹਾਉਣ ਵਾਲਿਆਂ ਵਿੱਚੋਂ ਹਰੇਕ ਦੇ ਦੁਆਲੇ ਸੁਆਰਥੀ ਚੇਲਿਆਂ ਤੇ ਉਪਾਸ਼ਕਾਂ ਦੀਆਂ ਭੀੜਾਂ ਜੁੜ ਗਈਆਂ। ਇਹ ਚੇਲੇ ਭੋਲੇ ਭਾਲੇ ਸਿੱਖਾਂ ਨੂੰ ਭੇਚਲ ਕੇ ਆਪਣੇ ਗੁਰੂ ਦੀ ਹਜ਼ੂਰੀ ਵਿੱਚ ਖਿੱਚ ਕੇ ਲੈ ਜਾਂਦੇ।

ਉਨਾਂ ਕੋਲੋਂ ਭੇਟਾ ਵਸੂਲ ਕਰਦੇ ਅਤੇ ਉਨਾਂ ਨੂੰ ਯਕੀਨ ਦਿਵਾਉਂਦੇ ਕਿ ਕੇਵਲ ਸਾਡਾ ਗੁਰੂ ਹੀ ਅਸਲੀ ਗੁਰੂ ਹੈ ਤੇ ਦੂਜੇ ਐਵੇਂ ਝੂਠੇ ਗੁਰੂ ਬਣ ਬੈਠੇ ਹਨ। ਉਨਾਂ ਦੇ ਜਾਲ ਵਿੱਚ ਨਾ ਫਸੋ।

ਭੋਲੀਆਂ ਸੰਗਤਾਂ ਨੂੰ ਆਪਣੇ ਆਪਣੇ ਵੱਲ ਖਿੱਚਣ ਲਈ ਕਈ ਵਾਰ ਇਨਾਂ ਚੇਲਿਆਂ ਦਾ ਆਪਸੀ ਲੜਾਈ ਝਗੜਾ ਵੀ ਹੋ ਜਾਂਦਾ ਸੀ। ਸੰਗਤਾਂ ਇਹ ਵੇਖ ਵੇਖ ਕੇ ਹੈਰਾਨ ਹੁੰਦੀਆ।ਉਨਾਂ ਨੂੰ ਸਮਝ ਨਹੀਂ ਸੀ ਲਗਦੀ ਕਿ ਅਸਲੀ ਗੁਰੂ ਕੌਣ ਹੈ ਤੇ ਨਕਲੀ ਕਿਹੜਾ ਹੈ? ਜਿਹੜੇ ਗੁਰੂ ਕੋਲ ਵੀ ਸੰਗਤਾਂ ਜਾਂਦੀਆਂ ਉਹ ਉਨਾਂ ਦੀ ਗੱਠੜੀ ਵੱਲ ਹੀ ਨਜ਼ਰਾਂ ਮਾਰਦੇ, ਕਿਸੇ ਦੇ ਬਚਨਾਂ ਤੋਂ ਸੰਗਤਾਂ ਨੂੰ ਆਤਮਿਕ ਸ਼ਾਤੀ ਤੇ ਰਸ ਪ੍ਰਾਪਤ ਨਾ ਹੁੰਦਾ। ਸੰਗਤਾਂ ਨੂੰ ਠੱਗੇ ਠੱਗੇ ਜਾਣ ਦਾ ਅਹਿਸਾਸ ਹੀ ਹੁੰਦਾ ਰਹਿੰਦਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਹ ਸਭ ਕੁਝ ਸੁਣਦੇ ਸਨ ਤੇ ਦੁਖੀ ਵੀ ਹੁੰਦੇ ਸਨ।ਪਰ ਉਹ ਕਿਸੇ ਝਗੜੇ ਵਿਚ ਨਹੀ ਸੀ ਪੈਣਾ ਚਾਹੁੰਦੇ।

ਝੂਠੇ ਗੁਰੂਆਂ ਦੀ ਝੂਠੀ ਦੁਕਾਨਦਾਰੀ ਚਲਦਿਆ ਤਕਰੀਬਨ ਸਾਲ ਹੋ ਗਿਆ ਸੀ।ਉਨਾਂ ਦੇ ਝਗੜੇ ਹੰਗਾਮੇ ਵਧਦੇ ਗਏ। ਹਰ ਕੋਈ ਦੂਜਿਆਂ ਦੀ ਨਿੰਦਿਆ ਕਰਦਾ ਹੋਇਆ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹੇ, ਕੋਸ਼ਿਸ਼ ਸਾਰਿਆ ਦੀ ਇਹੀ ਹੁੰਦੀ ਕਿ ਲੋਕਾਂ ਕੋਲੋ ਵੱਧ ਤੋਂ ਵੱਧ ਕਾਰ ਭੇਟਾ ਠੱਗੀ ਜਾਵੇ। ਲੋਕਾਂ ਵਿੱਚ ਬੇਮੁੱਖਤਾ ਆਉਣ ਲੱਗੀ ਤੇ ਸ਼ਰਧਾ ਘਟਣ ਲੱਗ ਪਈ ਸੀ। ਸੰਮਤ 1722 ਦੀ ਵਿਸਾਖੀ ਦੇ ਆਉਣ ਕਾਰਨ ਗੁਰੂ ਜੀ ਦੀ ਹਜ਼ੂਰੀ ਵਿੱਚ ਭਾਰੀ ਗਿਣਤੀ ਵਿਚ ਸੰਗਤਾਂ ਨੇ ਆਉਣਾ ਸ਼ੁਰੂ ਕੀਤਾ।

ਗੁਰਿਆਈ ਦੇ ਭਰਮ ਭੁਲੇਖਿਆਂ ਦੇ ਹੁੰਦਿਆ ਹੋਇਆ ਵੀ ਸੰਗਤਾਂ ਬਕਾਲਾ ਵਿਖੇ ਆਈਆਂ ਹੋਈਆਂ ਸਨ।ਇਨਾਂ ਵਿਚ ਹੀ ਮੱਖਣ ਸ਼ਾਹ ਲੁਬਾਣਾ ਵੀ ਸੀ। ਇਥੇ ਮੱਖਣ ਸ਼ਾਹ ਲੁਬਾਣਾ ਬਾਰੇ ਵੀ ਜਾਣਨਾ ਜ਼ਰੂਰੀ ਹੈ।ਭਾਈ ਮੱਖਣ ਸ਼ਾਹ ਲੁਬਾਣਾ ਕੌਣ ਸੀ?

ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਵਿੱਚ ਲਿਖਦੇ ਹਨ ਕਿ ਜ਼ਿਲਾ ਜੇਹਲਮ ਦੇ ਟਾਂਡਾ ਪਿੰਡ ਦਾ ਵਸਨੀਕ ਇਹ ਲੁਬਾਣਾ ਵਪਾਰੀ ਸੀ। ਮੱਖਣ ਸ਼ਾਹ ਤਕੜਾ ਵਪਾਰੀ ਸੀ।

ਕਿਹਾ ਜਾਂਦਾ ਹੈ ਇਕ ਵਾਰੀ ਇਸਦਾ ਸਮਾਨ ਨਾਲ ਭਰਿਆ ਸਮੁੰਦਰੀ ਜਹਾਜ਼ ਕਿਸੇ ਸੰਕਟ ਵਿਚ ਫਸ ਗਿਆ ਤੇ ਇਸਨੇ ਅਰਦਾਸ ਕੀਤੀ ਕਿ ਉਸਦਾ ਜਹਾਜ਼ ਬਿਨਾ ਨੁਕਸਾਨੇ ਕਿਨਾਰੇ ਲੱਗ ਜਾਏ ਤਾਂ ਉਹ ਇਕੱਠੀ ਕੀਤੀ ਹੋਰ ਭੇਟਾ ਦੇ ਨਾਲ 500 ਮੋਹਰਾਂ ਗੁਰੂ ਨਾਨਕ ਘਰ ਦੇ ਗੱਦੀ ਧਾਰੀ ਦੇ ਅਗੇ ਚੜਾਏਗਾ। ਗੁਰੂ ਕ੍ਰਿਪਾ ਨਾਲ ਜਹਾਜ਼ ਠੀਕ ਠਾਕ ਟਿਕਾਣੇ ਤੇ ਪਹੁੰਚ ਗਿਆ ।ਆਪਣੀ ਭੇਟਾ ਚੜਾਉਣ ਲਈ ਉਹ ਪੰਜਾਬ ਆਇਆ ।ਸੰਗਤਾਂ ਦੇ ਦੱਸਣ ਤੇ ਉਹ 'ਬਕਾਲੇ' ਪਹੁੰਚ ਗਿਆ। ਪਰ ਬਕਾਲੇ ਆ ਕੇ ਉਸ ਨੇ ਅਨੋਖੀ ਹੀ ਝਾਕੀ ਵੇਖੀ।

ਉਸ ਨੇ ਦੇਖਿਆ ਕਿ ਗੁਰੂ ਕੁੱਲ ਦੇ ਬਾਈ ਸੋਢੀ, ਬਾਈ ਮੰਜੀਆਂ ਡਾਹ ਕੇ ਗੁਰੂ ਬਣੇ ਬੈਠੇ ਹਨ, ਸਭਨਾਂ ਦੇ ਦੁਆਲੇ ਚੇਲੇ ਚਾਂਟੇ ਜੁੜੇ ਹੋਏ ਸਨ ਤੇ ਉਹ ਸੰਗਤਾਂ ਨੂੰ ਵਾਜਾ ਮਾਰ ਮਾਰ ਕੇ ਆਪਣੇ ਆਪਣੇ ਗੁਰੂ ਵੱਲ ਲਿਜਾਣ ਦਾ ਯਤਨ ਕਰਦੇ ਸਨ, ਜਿਵੇਂ ਮੇਲਿਆਂ ਵਿੱਚ ਸੌਦਾ ਵੇਚਣ ਵਾਲੇ ਕਰਿਆ ਕਰਦੇ ਹਨ।

ਹਾਂ, ਇਹ ਝੂਠ ਦਾ ਸੌਦਾ ਵੇਚਣ ਵਾਲੇ ਹੀ ਗੁਰੂ ਸਨ। ਜਿਹੜੇ ਕਿ ਅੰਦਰੋਂ ਈਰਖਾ ਅਤੇ ਦਵੈਤ ਨਾਲ ਭੁੱਜ ਰਹੇ ਸਨ ਤੇ ਉੱਤੋਂ ਉੱਤੋਂ ਸਤਿਨਾਮ ਦਾ ਜਾਪ ਕਰਦੇ ਤੇ ਚਰਨੀ ਪੈਂਦੀਆਂ ਸੰਗਤਾਂ ਨੂੰ ਨਾਮ ਦਾਨ ਦੀਆਂ ਬਖਸ਼ਿਸ਼ਾਂ ਕਰ ਰਹੇ ਸਨ। ਮੱਖਣ ਸ਼ਾਹ ਨੇ ਸਾਰੇ ਗੁਰੂ ਵੇਖੇ ਤੇ ਅਸਚਰਜ ਵਿਚ ਪੈ ਗਿਆ ।ਉਸਦੀ ਅਕਲ ਕੰਮ ਨਾ ਕਰੇ ਕਿ ਕਿਹੜਾ ਇਹਨਾਂ ਵਿਚੋਂ ਅਸਲੀ ਗੁਰੂ ਹੈ ਤੇ ਕਿਹੜਾ ਪਖੰਡੀ।

(ਚਲਦਾ...)

# ਪੰਜਾਬ ਵਿਚ ਨਵੇਂ ਸਿਆਸੀਕਰਨ ਬਣਨ ਦੀ ਸੰਭਾਵਨਾ

## ✪ ਬਸਪਾ ਦੀ ਮਜਬੂਤੀ ਪੰਜਾਬ ਦੇ ਸਿਆਸੀਕਰਨ ਨੂੰ ਬਦਲ ਸਕਦੀ ਏ ✪ ਅਕਾਲੀ ਦਲ (ਡੈਮੋਕ੍ਰੇਟਿਕ) ਆਪ ’ਚ ਸ਼ਾਮਲ ਨਹੀਂ ਹੋਵੇਗੀ : ਢੀਂਡਸਾ ✪ ਭਾਜਪਾ ਪੰਜਾਬ ਦੇ ਸੰਭਾਵਿਤ ਮੁੱਖ ਮੰਤਰੀ ਉਮੀਦਵਾਰ ਲਈ ਕਿਸੇ ਜੱਟ ਸਿੱਖ ਚਿਹਰੇ ਦੀ ਤਲਾਸ਼ ’ਚ ✪ ਅਕਾਲੀ ਦਲ ਦੀ ਬਸਪਾ ਨਾਲ ਗਠਜੋੜ ਕਰਨ ਦੀ ਕੀਤੀ ਕੋਸ਼ਿਸ਼

**ਜਲੰਧਰ/ਏ.ਟੀ.ਨਿਊਜ਼ :** 2022 ਦੀਆਂ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਜਾਤ ਧਰਮ ਆਧਾਰਤ ਰਾਜਨੀਤੀ ਖੇਡਣ ਦੀ ਦੌੜ ਹੁਣ ਤੋਂ ਤੇਜ਼ ਹੋ ਗਈ ਹੈ। ਭਾਜਪਾ ਇਸ ਵਾਰ ਕਿਸਾਨ ਅੰਦੋਲਨ ਕਰਕੇ ਪੈਰਾਂ ਥੱਲੋਂ ਖਿਸਕਦੀ ਜ਼ਮੀਨ ਬਚਾਉਣ ਲਈ ਹਿੰਦੂ-ਦਲਿਤ ਗਠਜੋੜ ਬਣਾਉਣ ਦੀ ਰਣਨੀਤੀ ’ਤੇ ਵਿਚਾਰ ਕਰ ਰਹੀ ਦੱਸੀ ਜਾਂਦੀ ਹੈ। ਪਤਾ ਲੱਗਾ ਹੈ ਕਿ ਭਾਜਪਾ ਕਿਸੇ ਦਲਿਤ ਚਿਹਰੇ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਪੇਸ਼ ਕਰਨ ਬਾਰੇ ਵੀ ਨੀਤੀ ਹੈ। ਪਹਿਲਾਂ ਤਾਂ ਇਹ ਚਰਚਾ ਸੀ ਕਿ ਭਾਜਪਾ ਸਾਬਕਾ ਮੰਤਰੀ ਵਿਜੇ ਸਾਂਪਲਾ ਨੂੰ ਸੰਭਾਵਿਤ ਮੁੱਖ ਮੰਤਰੀ ਵਜੋਂ ਪੇਸ਼ ਕਰੇਗੀ। ਕਿਹਾ ਜਾ ਰਿਹਾ ਸੀ ਕਿ ਇਸੇ ਲਈ ਹੀ ਸਾਂਪਲਾ ਦਾ ਦਲਿਤਾਂ ਵਿਚ ਕੱਦ ਉੱਚਾ ਕਰਨ ਲਈ ਹੀ ਉਨਾਂ ਨੂੰ ਕੌਮੀ ਸ਼ਡਿਊਲ ਕਾਸਟਸ ਕਮਿਸ਼ਨ ਦਾ ਚੇਅਰਮੈਨ ਬਣਾਇਆ ਗਿਆ ਹੈ। ਪਰ ਹੁਣ ਨਵੀਂ ਚਰਚਾ ਹੈ ਕਿ ਭਾਜਪਾ ਪੰਜਾਬ ਦੇ ਸੰਭਾਵਿਤ ਮੁੱਖ ਮੰਤਰੀ ਲਈ ਤੇ ਪੰਜਾਬ ਭਾਜਪਾ ਦੀ ਵਾਗਡੋਰ ਦੇਣ ਲਈ ਕਿਸੇ ਜੱਟ ਸਿੱਖ ਚਿਹਰੇ ਦੀ ਤਲਾਸ਼ ਵਿਚ ਹੈ। ਉਹ ਜੱਟ ਚਿਹਰਾ ਇਸ ਲਈ ਭਾਲ ਰਹੀ ਹੈ, ਕਿਉਂਕਿ ਉਹ ਸਿੱਖਾਂ ਵਿਚ ਆਧਾਰ ਵੀ ਬਣਾਉਣਾ ਚਾਹੁੰਦੀ ਹੈ ਤੇ ਨਾਰਾਜ਼ਗੀ ਵੀ ਦੂਰ ਕਰਨਾ ਚਾਹੁੰਦੀ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਹ ਜੱਟ ਸਿੱਖ ਚਿਹਰਾ ਭਾਜਪਾ ਦੇ ਸੀਨੀਅਰ ਨੇਤਾ ਸਰਦਾਰ ਇਕਬਾਲ ਸਿੰਘ ਸਾਬਕਾ ਡੀਆਈਜੀ ਹੋ ਸਕਦੇ ਹਨ। ਇਕਬਾਲ ਸਿੰਘ ਵਿਦਵਾਨ ਵੀ ਹਨ ਤੇ ਜਥੇਦਾਰ ਵੇਦਾਂਤੀ ਦੇ ਸਮੇਂ ਅਕਾਲ ਤਖਤ ਸਾਹਿਬ ਉਪਰ ਸਨਮਾਨਿਤ ਵੀ ਹੋ ਚੁਕੇ ਹਨ। ਹੁਣੇ ਜਿਹੇ ਟਾਈਮਜ ਆਫ ਇੰਡੀਆ ਵਿਚ ਉਨਾਂ ਨੇ ਬਾਦਲ ਦਲ ਨੂੰ ਕੋਟਕਪੂਰਾ ਗੋਲੀ ਕਾਂਡ ਤੇ ਗੁਰੂ ਗ੍ਰੰਥ ਸਾਹਿਬ ਦਾ ਦੋਸ਼ੀ ਠਹਿਰਾਇਆ ਹੈ। ਸੂਤਰਾਂ ਅਨੁਸਾਰ ਭਾਜਪਾ ਹੁਣ ਸਿਖਾਂ ਦੇ ਮਨ ਜਿਤਕੇ ਪੰਜਾਬ ਵਿਚ ਰਾਜਨੀਤਕ ਤੌਰ ਉਪਰ ਪਰਵੇਸ਼ ਕਰਨਾ ਚਾਹੁੰਦੀ ਹੈ। ਸੂਤਰਾਂ ਅਨੁਸਾਰ ਉਹ ਕਿਸਾਨ ਮੋਰਚੇ ਵਿਚ ਖੱਬੇਪੱਖੀ ਯੂਨੀਅਨਾਂ ਦੀ ਥਾਂ ਸਿੱਖ ਧੜੇ ਨਾਲ ਗੱਲਬਾਤ ਕਰਕੇ ਕਿਸਾਨ ਮਸਲਾ ਸੁਲਝਾਉਣਾ ਚਾਹੁੰਦੀ ਹੈ ਤਾਂ ਜੋ ਭਾਰਤ ਵਿਚ ਖੱਬੇਪੱਖੀਆਂ ਦਾ ਰੁਝਾਨ ਰੋਕਿਆ ਜਾ ਸਕੇ। ਪਤਾ ਲੱਗਾ ਹੈ ਕਿ ਬੰਗਾਲ ਚੋਣ ਨਤੀਜਿਆਂ ਤੋਂ ਬਾਅਦ ਇਹ ਰਣਨੀਤੀ ਸਾਫ ਹੋਵੇਗੀ। ਅਕਾਲੀ ਦਲ ਭਾਵੇਂ ਕਿਸੇ ਜੱਟ ਚਿਹਰੇ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰੇਗਾ ਪਰ ਉਹ ਦਲਿਤ ਵੋਟਾਂ ਲਈ ਗਠਜੋੜ ਜ਼ਰੂਰ ਕਰੇਗਾ। ਭਾਜਪਾ ਨਾਲ ਗਠਜੋੜ ਟੁੱਟਣ ਤੋਂ ਬਾਅਦ ਉਸ ਕੋਲ ਬਸਪਾ ਸਹਾਰਾ ਹੈ। ਉਨਾਂ ਦੀ ਬਸਪਾ ਨਾਲ ਸਮਝੌਤੇ ਦੀ ਗੱਲ ਵੀ ਚੱਲ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਅਕਾਲੀ ਦਲ ਤੇ ਬਸਪਾ ਵਿਚ ਵੀ ਚੋਣ ਸਮਝੌਤੇ ਬਾਰੇ ਗੱਲਬਾਤ ਜਾਰੀ ਹੈ। ਬਸਪਾ ਨੇ 35 ਸੀਟਾਂ ਦੀ ਮੰਗ ਕੀਤੀ ਸੀ। ਅਕਾਲੀ ਦਲ ਕੋਲ ਭਾਜਪਾ ਨੂੰ ਦੇਣ ਵਾਲੀਆਂ 23 ਸੀਟਾਂ ਹੋਰ ਆ ਗਈਆਂ ਹਨ ਪਰ ਵੱਡਾ ਰੌਲਾ ਇਸ ਗੱਲ ਦਾ ਹੈ ਕਿ ਬਸਪਾ ਜਿਹੜੀਆਂ ਸੀਟਾਂ ’ਤੇ ਲੜਦੀ ਹੈ, ਉਨਾਂ ਵਿਚੋਂ ਅੱਧੀ ਦਰਜਨ ਦੇ ਕਰੀਬ ਅਜਿਹੀਆਂ ਸੀਟਾਂ ਹਨ ਜਿਹੜੀਆਂ ਅਕਾਲੀ ਦਲ ਲਈ ਬਹੁਤ ਮਹੱਤਵਪੂਰਨ ਹਨ। ਅਕਾਲੀ ਦਲ ਬਸਪਾ ਨੂੰ ਉਹ ਸੀਟਾਂ ਦੇਣੀਆਂ ਚਾਹੁੰਦਾ ਹੈ ਜਿਥੋਂ ਉਸਦਾ ਜਿਤਣਾ ਮੁਸ਼ਕਲ ਹੈ।

ਯਾਦ ਰਹੇ ਕਿ ਬਾਦਲ ਦਲ ਪਹਿਲਾਂ ਯੂ.ਪੀ. ਦੇ ਚੰਦਰ ਸ਼ੇਖਰ ਧੜੇ ਨੂੰ ਮਜਬੂਤ ਕਰਕੇ ਉਸ ਨਾਲ ਗਠਜੋੜ ਕਰਨਾ ਚਾਹੁੰਦਾ ਸੀ। ਪਰ ਉਹ ਪੰਜਾਬ ਵਿਚ ਆਪਣਾ ਪ੍ਰਭਾਵ ਮੂਲ ਨਿਵਾਸੀਆਂ ਵਿਚ ਨਹੀਂ ਛੱਡ ਸਕਿਆ। ਇਸ ਕਾਰਨ ਰਾਜਨੀਤਕ ਮਿਸ਼ਨ ਫਲਾਪ ਹੋ



ਗਿਆ। ਅਸਲ ਵਿਚ ਭਾਵੇਂ ਬਸਪਾ ਕੋਲ ਪੰਜਾਬ ਵਿਚ ਇਕ ਵੀ ਸੀਟ ਨਹੀਂ ਹੈ ਅਤੇ ਉਹ ਪੰਜਾਬ ਵਿਚ ਆਪਣੇ ਤੌਰ ’ਤੇ ਕੋਈ ਬਹੁਤ ਵਧੇਰੇ ਵੋਟਾਂ ਲੈਜਾਣ ਦੇ ਸਮਰੱਥ ਨਹੀਂ ਪਰ ਫਿਰ ਵੀ ਬਸਪਾ ਦੀ ਪੰਜਾਬ ਦੇ ਦੁਆਬਾ ਖੇਤਰ ਵਿਚ ਅਜਿਹੀ ਤਾਕਤ ਜ਼ਰੂਰ ਹੈ ਜੋ ਕਿਸੇ ਵੀ ਪਾਰਟੀ ਨਾਲ ਮਿਲ ਕੇ ਜਿੱਤ-ਹਾਰ ਦਾ ਸੰਤੁਲਨ ਬਣਾ ਜਾਂ ਵਿਗਾੜ ਸਕਦੀ ਹੈ। ਬਾਕੀ ਪੰਜਾਬ ਵਿਚ ਵੀ ਪੰਜਾਬ ਬਸਪਾ ਦੇ ਪ੍ਰਧਾਨ ਜਥੇਦਾਰ ਜਸਵੀਰ ਸਿੰਘ ਗੜ੍ਹੀ ਨੇ ਮਿਹਨਤ ਕਰਕੇ ਪਾਰਟੀ ਨੂੰ ਪਹਿਲਾਂ ਤੋਂ ਮਜ਼ਬੂਤ ਕੀਤਾ ਹੈ ਤੇ ਪਾਰਟੀ ਕੋਲ ਹਰ ਹਲਕੇ ਵਿਚ ਸਮਰਪਿਤ ਕੇਡਰ ਵੀ ਹੈ। ਪਤਾ ਲੱਗਾ ਹੈ ਕਿ ਬਸਪਾ ਦੀ ਇਕ ਪਾਸੇ ‘ਆਪ’ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ (ਡੀ) ਨਾਲ ਗੱਲਬਾਤ ਚੱਲ ਰਹੀ ਹੈ ਅਤੇ ਦੂਜੇ ਪਾਸੇ ਅਕਾਲੀ ਦਲ ਬਾਦਲ ਨਾਲ ਵੀ ਗੱਲਬਾਤ ਜਾਰੀ ਹੈ। ਇਸ ਮੰਤਵ ਲਈ ਗੜ੍ਹੀ ਦੀਆਂ ਢੀਂਡਸਾ ਤੇ ਬਾਦਲ ਦਲ ਦੇ ਸੀਨੀਅਰ ਨੇਤਾਵਾਂ ਨਾਲ ਗੁਪਤ ਮੀਟਿੰਗਾਂ ਵੀ ਹੋ ਚੁੱਕੀਆਂ ਹਨ ਪਰ ਇਸ ਦਾ ਅੰਤਿਮ ਫੈਸਲਾ ਬਸਪਾ ਸੁਪਰੀਮੋ ਮਾਇਆਵਤੀ ਕਰੇਗੀ। ਪਰ ਗਠਜੋੜ ਨਿਭਾਉਣ ਤੇ ਤੈਅ ਕਰਨ ਵਿਚ ਗੜ੍ਹੀ ਦੀ ਅਹਿਮ ਥਾਂ ਹੋਵੇਗੀ। ਜਾਣਕਾਰੀ ਅਨੁਸਾਰ ਪੰਜਾਬ ਬਸਪਾ ਤਾਂ ‘ਆਪ’ ਅਤੇ ਅਕਾਲੀ ਦਲ (ਡੀ) ਨਾਲ ਸਮਝੌਤੇ ਲਈ ਤਿਆਰ ਹੈ। ਕਿਉਂਕਿ ‘ਆਪ’ ਅਤੇ ਅਕਾਲੀ ਦਲ (ਡੀ) ਦੋਵੇਂ ਹੀ ਦੁਆਬੇ ਵਿਚ ਕਮਜ਼ੋਰ ਹਨ ਤੇ ਬਸਪਾ ਲਈ ਉਸ ਦੀਆਂ ਮਨਪਸੰਦ ਸੀਟਾਂ ਛੱਡ ਸਕਦੇ ਹਨ। ਦੂਸਰੇ ਪਾਸੇ ਕਿਸਾਨ ਮੋਰਚੇ ਵਿਚੋਂ ਸੰਭਾਵਤ ਪਾਰਟੀਆਂ ਦੀ ਉਡੀਕ ਬਸਪਾ ਕਰ ਰਹੀ ਹੈ। ਪਰ ਪਤਾ ਲੱਗਾ ਹੈ ਕਿ ‘ਆਪ’ ਦੀ ਕੇਂਦਰੀ ਲੀਡਰਸ਼ਿਪ ਇਸ ਸਮਝੌਤੇ ਤੋਂ ਝਿਜਕ ਰਹੀ ਹੈ ਕਿਉਂਕਿ ‘ਆਪ’ ਨੇ ਬਾਅਦ ਵਿਚ ਉੱਤਰ ਪ੍ਰਦੇਸ਼ ਵਿਚ ਵੀ ਚੋਣ ਲੜਨੀ ਹੈ ਤੇ ਉਥੇ ਮਾਇਆਵਤੀ ‘ਆਪ’ ਨਾਲ ਸਮਝੌਤੇ ਲਈ ਸ਼ਾਇਦ ਹੀ ਤਿਆਰ ਹੋਵੇ। ਦੂਜੀ ਸਮੱਸਿਆ ਇਹ ਹੈ ਕਿ ‘ਆਪ’ ਵਿਚ ਚਰਚਾ ਹੈ ਕਿ ਇਸ ਸਮਝੌਤੇ ਵਿਚ ‘ਆਪ’ ਨੂੰ ਫਾਇਦਾ ਘੱਟ ਹੋਵੇਗਾ ਤੇ ਬਸਪਾ ਨੂੰ ਜ਼ਿਆਦਾ ਹੋਵੇਗਾ। ਅਕਾਲੀ ਦਲ (ਡੀ) ਤੇ ‘ਆਪ’ ਵਿਚ ਸਮਝੌਤੇ ਵਿਚ ਸਭ ਤੋਂ ਵੱਡੀ ਮੁਸ਼ਕਲ ਸੰਗਰੂਰ ਜ਼ਿਲੇ ਦੀਆਂ ਸੀਟਾਂ ਦੀ ਵੰਡ ਹੈ।

ਅਜੇ ਕਿਸਾਨ ਮੋਰਚੇ ਦੀ ਸਫਲਤਾ, ਅਸਫਲਤਾ ਅਤੇ ਸੰਯੁਕਤ ਕਿਸਾਨ ਮੋਰਚੇ ਵਲੋਂ ਚੋਣਾਂ ਵਿਚ ਲਏ ਜਾਣ ਵਾਲੇ ਸਟੈਂਡ ਨੇ ਵੀ ਪੰਜਾਬ ਦੀ ਰਾਜਨੀਤੀ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰਨਾ ਹੈ। ਇਸ ਲਈ ਅਜੇ ਇਹ ਅਨਿਸ਼ਚਿਤਤਾ ਕਾਫੀ ਸਮਾਂ ਬਣੇ ਰਹਿਣ ਦੇ ਹੀ ਆਸਾਰ ਹਨ।ਪਰ ਇਸ ਦੇ ਬਾਵਜੂਦ ਪੰਜਾਬ ਕਾਂਗਰਸ ਮਜਬੂਤ ਨਜ਼ਰ ਆ ਰਹੀ ਹੈ। ਆਮ ਆਦਮੀ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਜਿੱਤ ਲਈ ਰਣਨੀਤੀ ਬਣਾ ਰਹੀ ਹੈ। ਇਸ ਲਈ ਪਾਰਟੀ ਪੰਜਾਬ ਵਿਚ ਸੰਭਾਵਿਤ ਜੇਤੂ ਉਮੀਦਵਾਰਾਂ ਬਾਰੇ ਚੋਣ ਸਰਵੇਖਣ ਕਰਵਾ ਰਹੀ ਹੈ। ਜਾਣਕਾਰੀ ਅਨੁਸਾਰ ਇਸ ਵਾਰ ਪਾਰਟੀ ਦੇ ਸਰਵੇਖਣਾਂ ਦੀ ਸਮੀਖਿਆ ਡਾ. ਸੰਦੀਪ ਪਾਠਕ ਕਰ ਰਹੇ ਹਨ। ਉਹ ਆਪਣੀ ਰਿਪੋਰਟ ਸਿੱਧੀ ਅਰਵਿੰਦ ਕੇਜਰੀਵਾਲ ਨੂੰ ਦੇ ਰਹੇ ਹਨ। ਇਸ ਵਾਰ ਪੰਜਾਬ ਦੀ ਵਾਗਡੋਰ ਪੰਜਾਬ ਦੇ ਇੰਚਾਰਜ ਜਰਨੈਲ ਸਿੰਘ ਅਤੇ ਕੇਜਰੀਵਾਲ ਮਿਲ ਕੇ ਸੰਭਾਲ ਰਹੇ ਹਨ। ਪਾਰਟੀ ਦੇ ਕੋ ਇੰਚਾਰਜ ਰਾਘਵ ਚੱਢਾ ਵੀ ਬਹੁਤ ਸਰਗਰਮ ਹਨ। ਆਪ ਪਾਰਟੀ ਮੁੱਖ ਮੰਤਰੀ ਦਾ ਚਿਹਰਾ ਐਲਾਨ ਕੇ ਚੋਣ ਲੜਨਾ ਚਾਹੁੰਦੀ ਹੈ। ਆਪ ਪਾਰਟੀ ਦੇ ਐਮ.ਪੀ. ਭਗਵੰਤ ਮਾਨ ਸੰਭਾਵਿਤ ਮੁੱਖ ਮੰਤਰੀ ਵਜੋਂ ਪੇਸ਼ ਹੋਣ ਦੇ ਇਛੁਕ ਹਨ। ਕਨਸੋਆਂ ਮਿਲੀਆਂ ਹਨ ਕਿ ਪਾਰਟੀ ਜਰਨੈਲ ਸਿੰਘ ਦੇ ਹੱਕ ਵਿਚ ਹੈ। ਭਗਵੰਤ ਮਾਨ ਨੂੰ ਨਾਰਾਜ਼ ਵੀ ਨਹੀਂ ਕਰ ਸਕਦੀ। ਜਦੋਂ ਕਿ ਚਰਚਾ ਹੈ ਕਿ ਇਸ ਬਾਰੇ ਕੁਝ ਕਿਸਾਨ ਨੇਤਾਵਾਂ ਨਾਲ ਸੰਪਰਕ ਦੀ ਵੀ ਚਰਚਾ ਹੈ। ਇਹ ਚਰਚਾ ਵੀ ਹੈ ਕਿ ‘ਆਪ’ ਨੇ ਪਰਮਿੰਦਰ ਸਿੰਘ ਢੀਂਡਸਾ ਨੂੰ ‘ਆਪ’ ਵਲੋਂ ਮੁੱਖ ਮੰਤਰੀ ਦਾ ਚਿਹਰਾ ਬਣਨ ਦੀ ਪੇਸ਼ ਕੀਤੀ ਸੀ ਪਰ ਸੁਖਦੇਵ ਸਿੰਘ ਢੀਂਡਸਾ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇਸ ਤਰਾਂ ਸਾਡਾ ਅਕਾਲੀ ਦਲ ਕਿਵੇਂ ਚੱਲ ਸਕੇਗਾ?

ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਸੀਨੀਅਰ ਆਗੂ ਸ: ਪਰਮਿੰਦਰ ਸਿੰਘ ਢੀਂਡਸਾ ਨੇ ਆਮ ਆਦਮੀ ਪਾਰਟੀ ਦੇ ਲੀਡਰ ਸ: ਹਰਪਾਲ ਸਿੰਘ ਚੀਮਾ ਵੱਲੋਂ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦੇ ਦਿੱਤੇ ਗਏ ਬਿਆਨ ਦਾ ਖੰਡਨ ਕੀਤਾ ਹੈ। ਉਨਾਂ ਕਿਹਾ ਕਿ ਸਾਡੀ ਪਾਰਟੀ ਇੱਕ ਪੰਥਕ ਪਾਰਟੀ ਹੈ ਅਤੇ ਕਿਸੇ ਵੀ ਹੋਰ ਪਾਰਟੀ ਵਿੱਚ ਸ਼ਾਮਿਲ ਨਹੀ ਹੋ ਸਕਦੀ ਹੈ। ਉਨਾਂ ਕਿਹਾ ਕਿ ਸ. ਹਰਪਾਲ ਸਿੰਘ ਚੀਮਾ ਵੱਲੋਂ ਇਸ ਸਬੰਧ ਵਿੱਚ ਦਿੱਤਾ ਗਿਆ ਬਿਆਨ ਬੇਬੁਨਿਆਦ ਹੈ। ਢੀਂਡਸਾ ਨੇ ਕਿਹਾ ਕਿ ਪੰਜਾਬ ਦੇ ਬਿਹਤਰ ਭਵਿੱਖ ਲਈ ਹਮਖਿਆਲ ਲੋਕਾਂ ਜਾਂ ਹਮਖਿਆਲ ਪਾਰਟੀਆਂ ਵਿੱਚ ਸਮਝੌਤਾ ਹੋਣਾ ਮਾੜਾ ਨਹੀਂ ਹੈ। ਉਨਾਂ ਕਿਹਾ ਕਿ ਪੰਜਾਬ ਅਤੇ ਪੰਥ ਦੇ ਸੁਨਹਿਰੇ ਭਵਿੱਖ ਲਈ ਕਾਂਗਰਸ, ਬਾਦਲ ਦਲ ਅਤੇ ਭਾਜਪਾ ਨੂੰ ਛੱਡ ਕੇ ਕਿਸੇ ਵੀ ਹਮਖਿਆਲੀ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਜਾ ਸਕਦਾ ਹੈ।

ਆਮ ਆਦਮੀ ਪਾਰਟੀ ਅਤੇ ਅਕਾਲੀ ਦਲ (ਡੈਮੋਕ੍ਰੈਟਿਕ) ਦੇ ਹੋ ਰਹੇ ਗਠਜੋੜ ਬਾਰੇ ਆਈਆਂ ਖ਼ਬਰਾਂ ਬਾਰੇ ਸਪੱਸ਼ਟੀਕਰਨ ਦਿੰਦੇ ਹੋਏ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਸਹਿ ਪ੍ਰਭਾਰੀ ਰਾਘਵ ਚੱਢਾ ਅਤੇ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਵਿਚਾਲੇ ਮੀਟਿੰਗ ਹੋਈ ਹੈ ਅਤੇ ਇਸ ਵਿੱਚ ਕਿਸੇ ਗਠਜੋੜ ਦੀ ਥਾਂ ਤੇ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਆਗੂਆਂ ਨੂੰ ਆਮ ਆਦਮੀ ਪਾਰਟੀ ਜੁਆਇਨ ਕਰਨ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ ਹਨ। ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਨਾਲ ਕਿਸੇ ਤਰਾਂ ਦਾ ਅਲਾਇੰਸ ਨਹੀਂ ਕਰੇਗੀ ਬਲਕਿ ਸੁਖਦੇਵ ਸਿੰਘ ਢੀਂਡਸਾ ਸਮੇਤ ਸਾਰੇ ਆਗੂ ਜਲਦ ਹੀ ਆਮ ਆਦਮੀ ਪਾਰਟੀ ਜੁਆਇਨ ਕਰਾਉਣ ਦੀ ਇਛੁੱਕ ਹੈ।


ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ



# ਸਾਂਝੇ ਪੰਜਾਬ ਦਾ ਗਵੱਈਆ ਸੀ : ਸ਼ੌਕਤ ਅਲੀ

**ਗੁਰਭਜਨ ਗਿੱਲ**

ਸ਼ੌਕਤ ਅਲੀ ਧਰਤੀ ਦਾ ਉਹ ਸੁਲੱਗ ਪੁੱਤਰ ਸੀ ਜਿਸ ਨੇ ਆਪਣੀ ਆਵਾਜ਼ ਨੂੰ ਕਦੇ ਵੀ ਵਪਾਰਕ ਬਿਰਤੀ ਅਧੀਨ ਮੈਲਾ ਨਹੀਂ ਹੋਣ ਦਿੱਤਾ। ਉਸ ਦੇ ਗਾਏ ਗੀਤਾਂ ਨੇ ਪੁਸ਼ਤਾਂ ਨੂੰ ਸਿੰਜਿਆ ਹੈ। ਮੇਰੇ ਵਰਗੇ ਕਿੰਨੇ ਲੋਕ ਹੋਣਗੇ ਜਿਨਾਂ ਦੀਆਂ ਰਗਾਂ ਵਿਚ ਸ਼ੌਕਤ ਅਲੀ ਦੇ ਮੁੱਢਲੇ ਗੀਤਾਂ ਦੀ ਗੁੜ੍ਹਤੀ ਹੈ। ਰੇਡੀਓ ਲਾਹੌਰ ਤੇ ਆਕਾਸ਼ਵਾਣੀ ਜਲੰਧਰ ’ਤੇ ਤਾਂ ਦਿਨ ਵਿਚ ਕਈ ਕਈ ਵਾਰ ਉਨਾਂ ਦਾ ਇਹ ਗੀਤ 1965-66 ਤੋਂ ਲਗਾਤਾਰ ਵਜਾਉਂਦੇ ਰਹੇ।

ਕਾਹਨੂੰ ਦੂਰ ਦੂਰ ਰਹਿੰਦੇ ਓ ਹਜ਼ੂਰ ਮੇਰੇ ਕੋਲੋਂ
ਮੈਨੂੰ ਦੱਸ ਦਿਉ ਹੋਇਆ ਕੀ ਕਸੂਰ ਮੇਰੇ ਕੋਲੋਂ।
ਕਿੱਥੋਂ ਸਿੱਖੀਆਂ ਨੇ ਤੁਸਾਂ ਨਜ਼ਰਾਂ ਚੁਰਾਉਣੀਆਂ।
ਕਦੀ ਹੱਸ ਕੇ ਤੇ ਬੋਲੋ ਮੇਰੇ ਦਿਲ ਜਾਨੀਆਂ।
ਓਇ ਮੇਰੀ ਜ਼ਿੰਦਗੀ ਦਾ ਖੋਹਿਉਂ ਨਾ ਸਰੂਰ ਮੇਰੇ ਕੋਲੋਂ।
ਲਿਖ ਲਿਖ ਚਿੱਠੀਆਂ ਮੈਂ ਥੱਕੀਆਂ ਵੇ ਅੱਲਾ ਕੋਈ ਜਵਾਬ ਨਹੀਂ ਆਇਆ।

**ਮੇਰਾ ਕਿਸੇ ਨਾ ਦਰਦ ਵੰਡਾਇਆ।**
**ਗਿਆ ਮਾਹੀ ਤਾਂ ਇੰਗਲਿਸਤਾਨ ਏਂ**
**ਪਾ ਗਿਆ ਦੁੱਖਾਂ ਦੇ ਵਿਚ ਜਿੰਦ ਜਾਨ ਏਂ।**
ਸੜ ਜਾਏ ਗੋਰਾ ਜੱਗ ਵੇ ਜਿਸ ਪਾਕਿਸਤਾਨ ਛੁਡਾਇਆ

ਸ਼ੌਕਤ ਅਲੀ ਦਾ ਬਾਪ ਭਾਟੀ ਗੇਟ ਲਾਹੌਰ ’ਚ ਦਰਜੀ ਸੀ ਭਾਵੇਂ ਪਰ ਪੱਕੇ ਰਾਗ ਦਾ ਟਕਸਾਲੀ ਗਵੱਈਆ ਸੀ। ਬਾਪ ਜਦ ਮੋਇਆ ਤਾਂ ਸ਼ੌਕਤ ਸਿਰਫ਼ ਤਿੰਨ ਸਾਲ ਦਾ ਸੀ। ਵੱਡਾ ਵੀਰ ਇਨਾਇਤ ਅਲੀ ਨੌਂ ਸਾਲ ਦਾ ਸੀ। ਸੱਤ ਭੈਣ ਭਰਾ ਵਿਧਵਾ ਮਾਂ ਲਈ ਲਾਹੌਰ ਰੱਖ ਕੇ



ਪਾਲਣੇ ਮੁਹਾਲ ਸਨ। ਉਹ ਸਾਰੇ ਨਿਆਣੇ ਨਿੱਕੇ ਲੈ ਕੇ ਜੱਦੀ ਪਿੰਡ ਮਲਕਵਾਲ (ਨੇੜੇ ਮੰਡੀ ਬਹਾਉਦੀਨ) ਜ਼ਿਲਾ ਗੁਜਰਾਤ ਜਾ ਬੈਠੀ। ਸ਼ੌਕਤ ਅਲੀ ਦਾ ਦਾਦਾ ਉਥੇ ਰਹਿੰਦਾ ਸੀ ਉਦੋਂ। ਉਸ ਟੱਬਰ ਦੀ ਪਰਵਰਿਸ਼ ਕੀਤੀ। ਪਿੰਡ ਦੇ ਸਕੂਲ ਵਿਚ ਪੜਦਿਆਂ ਉਹ ਸਵੇਰ ਦੀ ਪ੍ਰਾਰਥਨਾ ਵਿਚ ਗਾਉਂਦਾ।

ਸ਼ੌਕਤ ਅਲੀ ਨੇ ਸੰਗੀਤ ਦੀ ਮੁੱਢਲੀ ਤਾਲੀਮ ਆਪਣੇ ਵੱਡੇ ਵੀਰ ਇਨਾਇਤ ਅਲੀ ਸਾਹਿਬ ਤੋਂ ਲਈ। ਇਹ ਓਹੀ ਇਨਾਇਤ ਅਲੀ ਹੈ ਜਿਸ ਨੇ ਸਭ ਤੋਂ ਪਹਿਲਾਂ ਛੱਲਾ ਗਾਇਆ ਸੀ।

**ਛੱਲਾ ਬੇਰੀ ਬੂਰ ਏ।**
**ਵਤਨ ਮਾਹੀ ਦਾ ਦੂਰ ਏ**
**ਜਾਣਾ ਪਹਿਲੇ ਪੂਰ ਏ**
**ਓ ਗੱਲ ਸੁਣ ਛੱਲਿਆ !**
**ਢੋਰਾ ਵੇ ਕਾਹਨੂੰ ਲਾਇਆ ਈ ਝੋਰਾ।**

ਇਹੀ ਛੱਲਾ ਜਦ ਸ਼ੌਕਤ ਅਲੀ ਨੇ ਗਾਇਆ ਤਾਂ ਪੂਰੇ ਪੰਜਾਬੀ ਜਗਤ ਨੇ ਹੁੰਗਾਰਾ ਭਰਿਆ। ਦੁਨੀਆ ਭਰ ਦੇ ਰੇਡੀਓ ਇਹ ਗੀਤ ਫ਼ੁਰਮਾਇਸ਼ ਵਿਚ ਸੁਣਾ ਸੁਣਾ ਕਮਲ਼ੇ ਹੋ ਗਏ।

ਸ਼ੌਕਤ ਅਲੀ ਅਵਾਜ਼ ਨੂੰ ਬਹੁਤ ਖ਼ੂਬਸੂਰਤ ਅੰਦਾਜ਼ ’ਚ ਮਰੋੜਦਾ ਸੀ। ਕਲਾਸੀਕਲ ਅੰਗ ਲਾ ਕੇ ਵੀ ਲੋਕ ਸੰਗੀਤ ਦੀ ਆਭਾ ਨਹੀਂ ਸੀ ਮਰਨ ਦੇਂਦਾ। ਉਹ ਸ਼ਬਦਾਂ ਨੂੰ ਖ਼ੂਬ ਨਚਾਉਂਦਾ ਸੀ। ਵਜਦ ਵਿਚ ਲਿਆਉਂਦਾ ਸੀ। ਗਾਉਂਦਾ ਗਾਉਂਦਾ ਖ਼ੁਦ ਸਰੂਰ ਵਿਚ ਆ ਜਾਂਦਾ। ਉਸ ਨੂੰ ਸੁਣਨਾ ਵੀ ਵਿਸਮਾਦੀ ਪਲਾਂ ਦੇ ਅਹਿਸਾਸ ਵਰਗਾ ਸੀ।

ਸੁਰੀਲਾ ਗਾਇਕ ਸੁਖਨੈਨ ਦੱਸਦਾ ਹੈ ਕਿ ਇਕ ਵਾਰ ਟੋਰੰਟੋ(ਕੈਨੇਡਾ) ’ਚ ਇਕਬਾਲ ਮਾਹਲ ਹੋਰਾਂ ਨੇ ਸ਼ੌਕਤ ਅਲੀ ਸਾਹਿਬ ਨਾਲ ਮੇਰਾ ਪ੍ਰੋਗਰਾਮ ਵੀ ਰੱਖ ਲਿਆ। ਮੇਰੇ ਲਈ ਗਾਉਣਾ ਤਾਂ ਸੁਭਾਗ ਹੈ ਹੀ ਸੀ, ਸ਼ੌਕਤ ਅਲੀ ਨੂੰ ਸੁਣਨਾ ਉਸ ਤੋਂ ਵੱਡੀ ਪ੍ਰਾਪਤੀ ਸੀ। ਪੂਰਾ ਵਜੂਦ ਵਜਦ ਵਿਚ ਲਿਆ ਕੇ ਪੂਰੇ ਵਸਤਰ ਵੀ ਨਾਲ ਨਾਲ ਗਾਉਣ ਲਾ ਲੈਂਦਾ। ਉਸ ਕੋਲੋਂ ਸਿੱਖਣ ਲਈ ਬਹੁਤ ਕੁਝ ਸੀ। ਵੱਡੀ ਲਿਆਕਤ ਵਾਲਾ ਵੱਡਾ ਕਲਾਕਾਰ ਸੀ ਉਹ। ਚੌਥੀ ਪੰਜਵੀਂ ਪੁਸ਼ਤ ਸੀ ਉਸ ਦੇ ਖ਼ਾਨਦਾਨ ਵਿਚ ਗਾਉਣ ਵਾਲਿਆਂ ਦੀ। ਸ਼ੌਕਤ ਅਲੀ ਦੇ ਵਿਛੋੜੇ ਤੇ ਉਸ ਨਾਲ ਬਿਤਾਏ ਪਲ ਸਭ ਨੂੰ ਚੇਤੇ ਆਏ ਪਰ ਮੈਂ ਗੱਲ ਆਪਣੇ ਆਪ ਤੋਂ ਸ਼ੁਰੂ ਕਰਾਂਗਾ।

ਬਚਪਨ ਤੋਂ ਹੀ ਮਨ ’ਚ ਤਾਂਘ ਸੀ ਕਿ ਸ਼ੌਕਤ ਅਲੀ ਨੂੰ ਸੁਣਿਆ ਜਾਵੇ। ਫਿਰ ਜੀ ਕੀਤਾ ਕਿ ਵੇਖਿਆ ਜਾਵੇ, ਫਿਰ ਮਨ ਵਿਚ ਆਇਆ ਕਿ ਮਿਲਿਆ ਜਾਵੇ। ਰੇਡੀਓ ਤੇ ਸੁਣ ਲਿਆ, ਟੀ ਵੀ ਤੇ ਵੇਖ ਲਿਆ ਪਰ ਮਿਲਣ ਵਾਲੀ ਰੀਝ 1996 ਵਿਚ ਪੂਰੀ ਹੋਈ ਜਦ ਉਹ ਮੋਹਾਲੀ ਲੋਕ ਸੰਗੀਤ ਉਤਸਵ ਲਈ ਹਰਨੇਕ ਸਿੰਘ ਘੜੂੰਆਂ ਤੇ ਪੰਮੀ ਬਾਈ ਨੇ ਨੱਚਦੀ ਜਵਾਨੀ ਕਲਚਰਲ ਸੋਸਾਇਟੀ ਵਲੋਂ ਉਸ ਨੂੰ ਬੁਲਾਇਆ। ਇਨਾਇਤ ਹੁਸੈਨ ਭੱਟੀ, ਰੇਸ਼ਮਾਂ ਦੇ ਨਾਲ ਸ਼ੌਕਤ ਅਲੀ ਤੇ ਅਕਰਮ ਰਾਹੀ ਵੀ ਸਨ। ਅਟਾਰੀ ਰੇਲਵੇ ਸਟੇਸ਼ਨ ਤੋਂ ਸ: ਜਗਦੇਵ ਸਿੰਘ ਜੱਸੋਵਾਲ ਤੇ ਮੈਂ ਅੱਗਲਵਾਂਢੀ ਲੈਣ ਗਏ। ਤੇਲ ਚੋਅ ਕੇ ਗੁੜ ਮੂੰਹ ਨੂੰ ਲਾ ਜਦ ਇਨਾਂ ਕਲਾਕਾਰਾਂ ਨੂੰ ਭਾਰਤੀ ਜੂਹ ’ਚ ਲਿਆਂਦਾ ਤਾਂ ਸ਼ੌਕਤ ਅਲੀ ਨੂੰ ਮਿਲਣਾ ਸੁਪਨੇ ਦੀ ਪੂਰਤੀ ਵਾਂਗ ਲੱਗ ਰਿਹਾ ਸੀ। ਜਾਪਿਆ ਜਿਵੇਂ ਮੀਨਾਰ ਏ ਪਾਕਿਸਤਾਨ ਸਾਡੇ ਨਾਲ ਨਾਲ ਤੁਰ ਰਿਹਾ ਹੋਵੇ। ਅਟਾਰੀਉਂ ਅੰਮ੍ਰਿਤਸਰ ਤੱਕ ਉਹ ਸਾਡੇ ਵਾਲੀ ਕਾਰ ’ਚ ਰਹੇ। ਜੱਸੋਵਾਲ ਸਾਹਿਬ ਰਾਹ ਵਿਚ ਹੀ ਸੇਵਾ ਕਰਨ ਦੇ ਮੂਡ ’ਚ ਸਨ ਪਰ ਸ਼ੌਕਤ ਬੋਲਿਆ, ਪਹਿਲਾਂ ਦਰਬਾਰ ਸਾਹਿਬ ਮੱਥਾ ਟੇਕਾਂਗੇ, ਮਗਰੋਂ ਟਹਿਲ ਸੇਵਾ ਜਿੰਨੀ ਮਰਜ਼ੀ ਕਰਿਉ ਸਰਦਾਰੋ। ਅਸੀਂ ਕਿਤੇ ਭੱਜ ਚੱਲੇ ਆਂ।

ਬਾਕੀ ਕਲਾਕਾਰ ਵੀ ਮਗਰੇ ਮਗਰ ਦਰਬਾਰ ਸਾਹਿਬ ਆ ਗਏ। ਸੂਚਨਾ ਕੇਂਦਰ ਵਿਚ ਮੂੰਹ-ਹੱਥ ਧੋ ਦਰਬਾਰ ਸਾਹਿਬ ਮੱਥਾ ਟੇਕਿਆ। ਪਰਤੇ ਤਾਂ ਸੂਚਨਾ ਅਧਿਕਾਰੀ ਅਮਰਜੀਤ ਸਿੰਘ ਗਰੇਵਾਲ ਕਹਿਣ ਲੱਗਾ, ਇਕ ਅੱਧ ਬੋਲ ਸੁਣਾ ਦਿਉ ਗਾ ਕੇ। ਉਸ ਦਿਨ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਪੁਰਬ ਸੀ। ਮੈਂ ਝਿਜਕ ਰਿਹਾ ਸਾਂ ਕਿ ਇਹ ਕੀ ਸੁਣਾਉਣਗੇ ? ਏਨੇ ਨੂੰ ਸ਼ੌਕਤ ਅਲੀ ਨੇ ਅਲਾਪ ਲੈ ਕੇ ਕਬੀਰ ਜੀ ਦਾ ਸ਼ਬਦ ਛੋਹਿਆ :

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**

ਬਾਕੀ ਕਲਾਕਾਰ ਰੇਸ਼ਮਾ, ਇਨਾਇਤ ਹੁਸੈਨ ਭੱਟੀ ਅਤੇ ਅਕਰਮ ਰਾਹੀ ਨਾਲ ਸਾਥ ਦੇ ਰਹੇ ਸਨ। ਸ਼ੌਕਤ ਅਲੀ ਸਿਰਫ਼ ਗਾਉਂਦਾ ਹੀ ਨਹੀਂ ਸੀ, ਬਹੁਤ ਖ਼ੂਬਸੂਰਤ ਗੀਤ ਵੀ ਲਿਖਦਾ ਸੀ। ਉਸ ਦੇ ਗੀਤਾਂ ਦੇ ਦੋ ਸੰਗ੍ਰਹਿ ਹੰਝੂਆਂ ਦੇ ਆਲਣੇ ਅਤੇ ਇੱਟਾਂ ਦੀ ਟਕੋਰ ਛਪ ਚੁਕੇ ਹਨ।

## ਗੱਲਾਂ-ਬਾਤਾਂ ! ਮੇਰੀ ਮਾਂ ਦੀਆਂ...

**ਜਜ਼ਬਾਤਾਂ ਦੀ ਸਾਂਝ**

ਕੋਵਿਡ-19 ਦੀ ਵੈਕਸੀਨ ਲਵਾਉਣ ਦੇ ਉਤਸ਼ਾਹ ਕਾਰਨ ਮੇਰੀ ਮਾਤਾ ਜੀ ਦੀ ਸਿਹਤ ’ਚ ਆਇਆ ਸੁਧਾਰ ਸਾਫ਼ ਨਜ਼ਰ ਆਉਣ ਲੱਗ ਪਿਆ ਹੈ। ਮਾਤਾ ਜੀ ਹੁਣ ਪਹਿਲਾਂ ਦੇ ਮੁਕਾਬਲੇ ਚਮਤਕਾਰੀ ਰੂਪ ’ਚ ਤੰਦਰੁਸਤ ਲੱਗਣ ਲੱਗ ਪਏ ਹਨ ਤੇ ਅੱਜ ਕੱਲ ਮੇਰੇ ਨਾਲ ਆਪਣੀ ਜ਼ਿੰਦਗੀ ਦੀਆਂ ਕੁਝ ਕੌੜੀਆਂ-ਮਿੱਠੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਦੇ ਨੇ। ਜਦੋਂ ਕੋਈ ਕੌੜੀ ਯਾਦ ਸਾਂਝੀ ਕਰਦੇ, ਉਨਾਂ ਦਾ ਗੱਚ (ਗਲਾ) ਭਰ ਆਉਂਦਾ, ਜਦੋਂ ਮਿੱਠੀ ਯਾਦ ਸਾਂਝੀ ਕਰਦੇ ਤਾਂ ਉਨਾਂ ਦੀਆਂ ਅੱਖਾਂ ’ਚ ਅਲੱਗ ਹੀ ਕਿਸਮ ਦੀ ਚਮਕ ਆ ਜਾਂਦੀ। ਐਵੇਂ ਗੱਲਾਂ ਕਰਦੇ ਜਿਵੇਂ ਕੱਲ ਦੀਆਂ ਹੀ ਗੱਲਾਂ ਹੋਣ, ਪਰ ਇਹ ਗੱਲਾਂ-ਬਾਤਾਂ, ਸੱਠ-ਸੱਤਰ ਸਾਲ ਪੁਰਾਣੀਆਂ ਹੁੰਦੀਆਂ ਨੇ। ਹੁਣ ਮਾਤਾ ਜੀ ਦੇ ਹਾਣਦਾ ਕੋਈ ਵੀ ਆਲੇ-ਦੁਆਲੇ, ਨੇੜੇ-ਤੇੜੇ ਦਿਖਦਾ ਨਹੀਂ।

ਪ੍ਰੰਤੂ ਮੇਰੇ ਮਾਤਾ ਜੀ ਦੀਆਂ ਗੱਲਾਂ ਵਿੱਚ ਐਨੀ ਊਰਜਾ ਹੁੰਦੀ ਹੈ ਕਿ ਉਹ ਉਸ ਸਮੇਂ ਨੂੰ ਮੇਰੀਆਂ ਅੱਖਾਂ ਸਾਹਮਣੇ ਜਿਉਂਦਾ ਖੜਾ ਕਰ ਦੇਂਦੇ ਹਨ ਤੇ ਮੈਨੂੰ ਐਵੇਂ ਲੱਗ ਰਿਹਾ ਹੁੰਦਾ ਕਿ ਹੁਣ ਮੇਰੇ ਮਾਤਾ ਜੀ ਇਹ ਜੀਵਨ ਮੁੜ ਜਿਊਣ ਲਈ ਤਿਆਰ ਹਨ। ਬੇਸ਼ੱਕ ਹਰ ਇਨਸਾਨ ਨਾਲ ਅਨੇਕਾਂ ਰਿਸ਼ਤੇ ਜਨਮ ਲੈਂਦੇ ਹਨ। ਇਹ ਉਹ ਰਿਸ਼ਤੇ ਹਨ ਜੋ ਜਨਮ ਤੋਂ ਬਾਅਦ ਬਣਦੇ ਹਨ, ਪਰ ਮਾਂ ਨਾਲ ਰਿਸ਼ਤਾ ਉਸ ਦੇ ਜਨਮ ਤੋਂ ਹੀ ਪਹਿਲਾਂ ਹੀ ਬਣ ਜਾਂਦਾ ਹੈ। ਕੁਦਰਤ ਦੀ ਬਣਾਈ ਇਸ ਕਾਇਨਾਤ ਵਿਚ ਮਾਂ ਦੀ ਭੂਮਿਕਾ ਸਭ ਤੋਂ ਅਣਮੁੱਲ ਹੁੰਦੀ ਹੈ, ਜਿਸ ਦਾ ਕਰਜਾ ਇਨਸਾਨ ਆਪਣੇ ਜਿਉਂਦੇ ਜੀਅ ਕਦੇ ਵੀ ਨਹੀਂ ਉਤਾਰ ਸਕਦਾ।

ਸਮੇਂ ਦੀ ਚੱਲ ਰਹੀ ਇਸ ਭਿਆਨਕ ਬੀਮਾਰੀ ਨੇ ਅਨੇਕਾਂ ਹੀ ਘਰ ਬਜ਼ੁਰਗਾਂ ਤੋਂ ਸੱਖਣੇ ਕਰ ਦਿੱਤੇ ਹਨ। ਸੋ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਸਾਨੂੰ ਸਭ ਨੂੰ ਬਜ਼ੁਰਗਾਂ ਦੀ ਸਿਹਤ ਦਾ ਖਿਆਲ ਰੱਖਦੇ ਹੋਏ ਕੋਵਿਡ-19 ਦਾ ਟੀਕਾ ਲਗਵਾ ਕੇ ਉਨਾਂ ਦੀ ਸਿਹਤ ਨੂੰ ਇਕ ਅਜਿਹੇ ਸੁਰੱਖਿਆ ਘੇਰੇ ਵਿਚ ਰੱਖ ਦੇਣਾ ਚਾਹੀਦਾ ਹੈ ਤਾਂ ਜੋ ਕੋਰੋਨਾ ਜੇ ਹੀ ਭਿਆਨਕ ਬੀਮਾਰੀ ਉਨਾਂ ਦੇ ਨੇੜੇ ਨਾ ਜਾ ਸਕੇ, ਤਾਂ ਜੋ ਸਾਡੇ ਬਜ਼ੁਰਗ ਘਰ ਦੀ ਛਤਰੀ ਬਣ ਕੇ ਹਮੇਸ਼ਾ ਹੀ ਸਾਡੇ ਨਾਲ ਰਹਿਣ ਅਤੇ ਪ੍ਰਮਾਤਮਾ ਸਭ ਦੇ ਸਿਰ ਤੇ ਬਜ਼ੁਰਗਾਂ ਦਾ ਆਸ਼ੀਰਵਾਦ ਬਣਾਈ ਰੱਖੇ।

**ਅਜੈ ਸਭਰਵਾਲ,**
**ਏ. ਐੱਸ. ਆਈ. ਪੰਜਾਬ ਪੁਲਿਸ।**

# ਗਲਪਕਾਰ ਦਰਸ਼ਨ ਧੀਰ ਚਲ ਵਸੇ

**ਚੰਡੀਗੜ/ਏ.ਟੀ.ਨਿਊਜ਼** : ਇੰਗਲੈਂਡ ਦੇ ਵੁਲਵਰਹੈਂਪਟਨ ਵਿਚ ਪੰਜ ਦਹਾਕਿਆਂ ਤੋਂ ਵਸਦੇ ਪੰਜਾਬੀ ਗਲਪਕਾਰ ਦਰਸ਼ਨ ਧੀਰ ਦਾ ਦੇਹਾਂਤ ਹੋ ਗਿਆ। ਉਹ ਇੰਗਲੈਂਡ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਦਾ ਝੰਡਾ ਬੁਲੰਦ ਕਰਨ ਵਾਲੇ ਮੋਢੀ ਲੇਖਕਾਂ ਵਿਚੋਂ ਸਨ। ਉਨਾਂ ਦਾ ਆਖਰੀ ਨਾਵਲ ‘ਛੋਟੇ ਲੋਕ’ ਕੁਝ ਦਿਨ ਪਹਿਲਾਂ ਹੀ ਪ੍ਰਕਾਸ਼ਿਤ ਹੋਇਆ। ਉਨਾਂ ਨੇ ਪੰਜਾਬੀ ਸਾਹਿਤ ਨੂੰ 8 ਕਹਾਣੀ ਸੰਗ੍ਰਹਿ ‘ਲੂਣੀ ਮਹਿਕ’, ‘ਮਰਦਾ



ਸੱਚ’, ‘ਦਿਸਹੱਦੇ ਤੋਂ ਪਾਰ’, ‘ਡਰਿਆ ਮਨੁੱਖ’, ‘ਸ਼ੀਸ਼ੇ ਦੇ ਟੁਕੜੇ’, ‘ਰਿਸ਼ਤੋਂ ਕੇ ਰੰਗ’ ਅਤੇ ‘ਦੌੜ’ ਤੇ 15 ਨਾਵਲ ਅਤੇ ‘ਛੋਟੇ ਲੋਕ’ ਸਮੇਤ ਸਵੈ-ਜੀਵਨੀ ‘ਪੂਰਬ ਪੱਛਮ ਦੀ ਕਮਾਈ’ ਲਿਖੀ। ਕੇਂਦਰੀ ਪੰਜਾਬੀ ਲੇਖਕ ਸਭਾ, ਕਵਿਤਾ ਕੇਂਦਰ ਅਤੇ ਅਦਾਰਾ ਸੰਵੇਦਨਾ ਚੰਡੀਗੜ ਸਣੇ ਦਰਸ਼ਨ ਬੁੱਟਰ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਲਾਭ ਸਿੰਘ ਖੀਵਾ, ਗੁਲ ਚੌਹਾਨ, ਡਾ. ਮਨਮੋਹਨ, ਨਿੰਦਰ ਘੁਗਿਆਣਵੀ, ਸੰਜੀਵਨ ਸਿੰਘ ਆਦਿ ਨੇ ਦੁੱਖ ਸਾਂਝਾ ਕੀਤਾ।

# ਗਾਇਕ ਕਰਮਜੀਤ ਮੀਨੀਆਂ ਦਾ ਗੀਤ ‘ਡੋਲੀ’ ਲੋਕ ਅਰਪਣ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) :** ਬਰਤਾਨੀਆ ਦੀ ਧਰਤੀ ਦੀ ਪਹਿਲੀ ਬਹੁ-ਭਾਸ਼ਾਈ ਵੈੱਬਸਾਈਟ ਤੇ ਸਕਾਟਲੈਂਡ ਦੀ ਹੁਣ ਤੱਕ ਦੀ ਪਹਿਲੀ ਅਖਬਾਰ ਪੰਜ ਦਰਿਆ ਤੇ ਤੇਜ਼ ਰਿਕਾਰਡਜ਼ ਦੇ ਸਾਂਝੇ ਉਪਰਾਲੇ ਵਜੋਂ ਗਾਇਕ ਤੇ ਗੀਤਕਾਰ ਕਰਮਜੀਤ ਮੀਨੀਆਂ ਦਾ ਗੀਤ ਡੋਲੀ ਲੋਕ ਅਰਪਣ ਕੀਤਾ ਗਿਆ। ਗੀਤ ਦੇ ਵਿਸ਼ਾ ਵਸਤੂ, ਸ਼ਬਦਾਵਲੀ, ਸੰਗੀਤ ਤੇ ਫਿਲਮਾਂਕਣ ਨੂੰ ਸੂਝਵਾਨ ਸ੍ਰੋਤਿਆਂ ਵੱਲੋਂ ਖ਼ੂਬ ਪਸੰਦ ਕੀਤਾ ਜਾ ਰਿਹਾ ਹੈ। ਇਸ ਸਬੰਧੀ ਬੋਲਦਿਆਂ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਸਾਹਿਤਕਾਰ ਡਾ. ਤਾਰਾ ਸਿੰਘ ਆਲਮ, ਲੇਖਕ ਅਮਰ ਮੀਨੀਆਂ, ਪ੍ਰਸਿੱਧ ਪ੍ਰਮੋਟਰ ਦਲਜਿੰਦਰ ਸਿੰਘ ਸਮਰਾ,




ਵਿਸ਼ਵ ਪ੍ਰਸਿੱਧ ਗਾਇਕ ਜਨਾਬ ਬਲਵਿੰਦਰ ਸਫ਼ਰੀ, ਬਰਤਾਨਵੀ ਗਾਇਕੀ ਦਾ ਮਾਣ ਪ੍ਰੇਮੀ ਜੌਹਲ, ਗਾਇਕ ਸੋਢੀ ਬਾਗੜੀ, ਕਾਰੋਬਾਰੀ ਲਖਵੀਰ ਸਿੰਘ ਸਿੱਧੂ, ਕਾਰੋਬਾਰੀ ਤਜਿੰਦਰ ਭੁੱਲਰ, ਗੀਤਕਾਰ ਮਹਿੰਦਰ ਭੱਟੀ ਬਿਲਾਸਪੁਰ, ਗਾਇਕ ਜੀਵਨ ਬਾਈ, ਗਾਇਕਾ ਸੁਨੈਨਾ ਨੂਰ, ਗਾਇਕਾ ਤੇ ਅਦਾਕਾਰਾ ਹਰਮੀਤ ਜੱਸੀ, ਗਾਇਕਾ ਕਿੱਟੂ ਬਾਦਸ਼ਾਹ ਆਦਿ ਨੇ ਕਿਹਾ ਕਿ ਅਸਲ ਗੀਤ ਹੀ ਉਹ ਹੁੰਦਾ ਹੈ ਜੋ ਸਾਡੇ ਸਮਾਜ ਦੀ ਤਰਜ਼ਮਾਨੀ ਕਰੇ। ਗਾਇਕ ਕਰਮਜੀਤ ਮੀਨੀਆਂ ਨੇ ਕਿਹਾ ਕਿ ਸ੍ਰੋਤਿਆਂ ਵੱਲੋਂ ਮਿਲ ਰਹੇ ਮਣਾਂਮੂੰਹੀ ਪਿਆਰ ਨੇ ਏਨੀ ਊਰਜਾ ਦਿੱਤੀ ਹੈ ਕਿ ਅਸੀਂ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਨੇੜ ਭਵਿੱਖ ਵਿੱਚ ਵੀ ਉਸਾਰੂ ਤੇ ਸੱਭਿਆਚਾਰਕ ਗੀਤ ਸੰਗੀਤ ਜਗਤ ਦੀ ਝੋਲੀ ਪਾਉਂਦੇ ਰਹਾਂਗੇ।

# ‘ਮਾਤਾ-ਪਿਤਾ ਲਈ ਜ਼ਰੂਰੀ’

**ਮਾਸਟਰ ਸੰਜੀਵ ਧਰਮਾਣੀ**
**9478561356**

ਮਾਤਾ-ਪਿਤਾ ਆਪਣੇ ਬੱਚਿਆਂ ਦੀ ਭਲਾਈ ਲਈ ਅਨੇਕਾਂ ਉਪਰਾਲੇ ਕਰਦੇ ਹਨ। ਉਨਾਂ ਦੀ ਇਹੋ ਕੋਸ਼ਿਸ਼ ਹੁੰਦੀ ਹੈ ਕਿ ਉਨਾਂ ਦੇ ਬੱਚੇ ਜੀਵਨ ਵਿੱਚ ਖੁਸ਼ ਰਹਿਣ, ਕਾਮਯਾਬ ਹੋਣ ਤੇ ਉਨਾਂ ਨੂੰ ਜੀਵਨ ਵਿੱਚ ਹਰ ਮੁਕਾਮ ‘ਤੇ ਸਹੀ ਸਮਾਯੋਜਨ ਕਰਨਾ ਆ ਜਾਵੇ।ਇਸ ਸਭ ਦੇ ਲਈ ਕਈ ਵਾਰ ਭਾਰੀ-ਭਰਕਮ ਖ਼ਰਚਾ ਵੀ ਕਰਦੇ ਹਨ। ਮਾਤਾ-ਪਿਤਾ ਆਪਣੇ ਬੱਚੇ ਦਾ ਕਦੇ ਵੀ ਮਾੜਾ ਨਹੀਂ ਚਾਹੁੰਦੇ। ਜੋ ਕਿ ਬਹੁਤ ਸਹੀ ਹੈ। ਮਾਤਾ-ਪਿਤਾ ਦੇ ਧਿਆਨ ਵਿੱਚ ਅੱਜ ਇੱਕ ਅਹਿਮ, ਪਰ ਛੋਟੀ ਜਿਹੀ ਲੱਗਣ ਵਾਲੀ ਗੱਲ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਉਹ ਹੈ : ਬੱਚੇ ਨੂੰ ਉਮਰ ਦੇ ਪੱਧਰ ਅਨੁਸਾਰ ਚੰਗੇ ਸਾਹਿਤ ਤੇ ਚੰਗੀਆਂ ਪ੍ਰੇਰਣਾਦਾਇਕ ਨੈਤਿਕਤਾ ਭਰਪੂਰ ਪੁਸਤਕਾਂ ਨਾਲ ਜੋੜਨਾ। ਜੇਕਰ ਅਸੀਂ ਬੱਚੇ ਨੂੰ ਉਸ ਦੀ ਪੜਾਈ ਤੋਂ ਇਲਾਵਾ ਹੋਰ ਪੁਸਤਕਾਂ ਪੜਨ ਦੀ ਆਦਤ ਪਾ ਦੇਵਾਂਗੇ ਤਾਂ ਬਹੁਤ ਹੀ ਸੁਭਾਵਿਕ ਹੈ ਕਿ ਬੱਚਾ ਜੀਵਨ ਵਿੱਚ ਤਾਂ ਸਹੀ ਤੇ ਗੁਣਵੱਤਾ ਭਰਪੂਰ ਸਮਾਯੋਜਨ ਕਰ ਸਕੇਗਾ ਹੀ, ਸਗੋਂ ਨਾਲ ਹੀ ਮਾਤਾ - ਪਿਤਾ ਪ੍ਰਤੀ ਵੀ ਆਗਿਆਕਾਰ ਰਹੇਗਾ। ਕਿਤਾਬ ਇਨਸਾਨ ਵਿੱਚ ਕੋਮਲ ਭਾਵਨਾਵਾਂ ਪੈਦਾ ਕਰਦੀ ਹੈ, ਕੋਮਲ ਭਾਵਨਾਵਾਂ ਨੈਤਿਕਤਾ ਨੂੰ ਜਨਮ ਦਿੰਦੀਆਂ ਹਨ ਤੇ ਨੈਤਿਕਤਾ ਨਾਲ਼ ਇਨਸਾਨੀਅਤ ਦੇ ਰੂਹਾਨੀ ਗੁਣ ਪੈਦਾ ਹੁੰਦੇ ਹਨ। ਇਸ ਤੋਂ ਇਲਾਵਾ ਸਾਨੂੰ ਆਪਣੇ ਬੱਚੇ ਦੀ ਹਰ ਗੱਲ, ਇੱਛਾ, ਰੁਚੀ ਅਤੇ ਵਿਚਾਰ ’ਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਤੀਤ ਕਰਨਾ ਚਾਹੀਦਾ ਹੈ। ਜਦੋਂ ਸਾਡੇ ਬੱਚਿਆਂ ਅੰਦਰ ਸਾਹਿਤ ਦੀ ਚੇਟਕ ਲੱਗ ਜਾਂਦੀ ਹੈ ਤਾਂ ਉਹ ਮਾਨਵ ਹਿਰਦੇ ਦੀਆਂ ਭਾਵਨਾਵਾਂ, ਸਿੱਖਿਆਵਾਂ, ਘਟਨਾਵਾਂ ਤੇ ਤਜਰਬਿਆਂ ਤੋਂ ਵੀ ਜਾਣੂੰ ਹੋ ਜਾਂਦੇ ਹਨ। ਦੁਨੀਆਂ ਵਿੱਚ ਜਿੰਨੇ ਵੀ ਮਹਾਂਪੁਰਖ ਹੋਏ ਹਨ, ਉਹ ਜੀਵਨ ਭਰ ਚੰਗੇ ਸਾਹਿਤ, ਚੰਗੀਆਂ ਪੁਸਤਕਾਂ ਤੇ ਪ੍ਰੇਰਣਾਦਾਇਕ ਪੁਸਤਕਾਂ ਨਾਲ ਜੁੜੇ ਰਹੇ। ਮਾਤਾ - ਪਿਤਾ ਨੂੰ ਇਹ ਅਹਿਮ ਸੁਝਾਓ ਹੈ ਕਿ ਤੁਸੀਂ ਆਪਣੇ ਬੱਚਿਆਂ ਲਈ ਚੰਗੇ ਸਾਹਿਤ ਜ਼ਰੂਰ ਉਪਲੱਬਧ ਕਰਾਓ ਤੇ ਆਪਣੇ ਬੱਚਿਆਂ ਦਾ ਅਤੇ ਆਪਣਾ ਭਵਿੱਖ ਖ਼ੁਸ਼ਹਾਲ ਬਣਾਓ ; ਕਿਉਂਕਿ :

‘ਕਿਤਾਬ ਹੈ ਤਾਂ ਪੂਰੇ ਸਭ ਖ਼ੁਆਬ ਹੈ।’

# ਸਰਦਾਰੀ...

**ਮਨਦੀਪ ਰਿੰਪੀ**
**98143-85918**

ਬੱਚਿਆਂ ਦੀਆਂ ਕਾਪੀਆਂ ਚੈੱਕ ਕਰਦੇ-ਕਰਦੇ ਅਚਾਨਕ ਜਦੋਂ ਮਾਸਟਰ ਹਰਨੇਕ ਦੀ ਨਿਗਾ ਸਾਹਮਣੇ ਆਂਗਣਵਾੜੀ ਵਿਚ ਖੜੀ ਹਰਜੀਤ 'ਤੇ ਪਈ ਤਾਂ ਉਹ ਕੰਬ ਗਿਆ। ਉਸ ਨੂੰ ਇੱਕਦਮ ਇਸ ਤਰਾਂ ਲੱਗਿਆ ਜਿਵੇਂ ਉਸ ਦੇ ਸਾਹ ਰੁੱਕ ਚੱਲੇ ਹੋਣ। ਉਸ ਦੇ ਅੰਦਰੋਂ ਅਜੀਬ ਜਿਹੀ ਚੀਸ ਉੱਠੀ ਤੇ ਅੱਖਾਂ 'ਚ ਅੱਥਰੂ ਆਪ ਮੁਹਾਰੇ ਤੈਰਨ ਲੱਗੇ। ਕੁਝ ਚਿਰ ਉਹ ਉਸੇ ਤਰਾਂ ਹੱਥ 'ਚ ਪੈੱਨ ਫੜੀ ਕਾਪੀਆਂ ਵੱਲ ਨੀਝ ਲਾ ਕੇ ਵੇਖਦਾ ਰਿਹਾ ਤੇ ਉਸ ਦੇ ਮਨ ਅੰਦਰ ਤੇਜ਼ ਟੁੱਟ-ਭੱਜ ਹੋਣ ਲੱਗੀ। ਉਹ ਕੁਰਸੀ ਤੋਂ ਉੱਠਿਆ ਤੇ ਉਸ ਦੇ ਕਦਮ ਆਪ ਮੁਹਾਰੇ ਆਂਗਣਵਾੜੀ ਵੱਲ ਹੋ ਤੁਰੇ।ਹਰਜੀਤ ਨੇ ਉਸ ਨੂੰ ਵੇਖ ਬੜੇ ਆਦਰ ਨਾਲ 'ਸਤਿ ਸ੍ਰੀ ਅਕਾਲ' ਵਿੱਚ ਸਿਰ ਹਿਲਾਇਆ, ਨਾਲ ਹੀ ਉਸਦੀ ਸੱਤ ਕੁ ਸਾਲਾਂ ਦੀ ਬੱਚੀ, ਜੋ ਉਸਦੀ ਉਂਗਲ ਫੜੀ ਖੜੀ ਸੀ ਨੇ ਵੀ ਜਦੋਂ 'ਸਤਿ ਸ੍ਰੀ ਅਕਾਲ' ਅੰਕਲ ਜੀ ਕਿਹਾ ਤਾਂ ਹਰਨੇਕ ਦੇ ਅੰਦਰੋਂ ਇਕ ਹੋਰ ਉਬਾਲ ਜਿਹਾ ਉੱਠਿਆ। ਉਸਨੇ ਬੱਚੀ ਦੇ ਸਿਰ 'ਤੇ ਮੋਹ ਭਰਿਆ ਹੱਥ ਰੱਖਿਆ ਤੇ ਬੱਚੀ ਵੱਲ ਵੇਖਦੇ ਹੋਏ ਪੁੱਛਿਆ, ਅੱਜ, ਏਧਰ ਆਂਗਨਵਾੜੀ ? ਕੋਈ ਕੰਮ ਸੀ ?' ਹਰਜੀਤ ਨੇ ਬੁਝੀਆਂ- ਬੁਝੀਆਂ ਅੱਖਾਂ ਨਾਲ ਹਰਨੇਕ ਵੱਲ ਵੇਖਦੇ ਹੋਏ ਘੁਟਵੀਂ ਜਿਹੀ ਆਵਾਜ਼ ਵਿੱਚ ਕਿਹਾ, 'ਭਾਅ ਜੀ, ਇੱਥੇ ਇਕ ਹੈਲਪਰ ਦੀ ਥਾਂ ਖਾਲੀ ਸੀ। ਇਸ ਲਈ ਫਾਰਮ ਭਰਨ ਲਈ ਆਈ ਹਾਂ।' ਜਦੋਂ ਹਰਜੀਤ ਦੀ ਇਹ ਗੱਲ ਸੁਣੀ, ਉਸ ਦਾ ਉਥੇ ਖੜਨਾ ਹੋਰ ਵੀ ਮੁਹਾਲ ਹੋ ਗਿਆ। ਉਹ ਬਿਨਾਂ ਕੁਝ ਹੋਰ ਕਹੇ ਸੁਣੇ ਥੱਕੇ ਜਿਹੇ ਪੈਰਾਂ ਨਾਲ ਤੁਰਦਾ ਹੋਇਆ ਫਿਰ ਉਸੇ ਕੁਰਸੀ ਤੇ ਜਾ ਬੈਠਾ। ਉਸ ਦੇ ਅੰਦਰ ਅੱਜ ਕਿੰਨੇ ਹੀ ਤੂਫਾਨ ਉੱਠ ਖੜੇ ਹੋਏ ।ਉਹ ਸੋਚਣ ਲੱਗਾ ਖ਼ੁਸ਼ੀਆਂ ਦੀ ਤੰਦ ਦਾ ਸਿਰਾ ਹਰਜੀਤ ਦੇ ਹੱਥੋਂ ਕਿਵੇਂ ਬੇਦਰਦ ਤਕਦੀਰ ਨੇ ਧੂਹ ਲਿਆ ਤੇ ਉਸ ਦੀ ਮਾਸੂਮ ਰੂਹ ਨੂੰ ਜ਼ਖ਼ਮੀ ਕਰ ਦੁੱਖਾਂ ਦੀਆਂ ਕਿੰਨੀਆਂ ਹੀ ਬੇਕਿਰਕ ਲਕੀਰਾਂ ਵਾਹ ਦਿੱਤੀਆਂ।

ਹਰਜੀਤ, ਜਿਸ ਨੂੰ ਤਰਨ ਨੇ ਕਦੇ ਗੱਡੀ ਤੋਂ ਥੱਲੇ ਪੈਰ ਨਹੀਂ ਸੀ ਧਰਨ ਦਿੱਤਾ ।ਹਰਜੀਤ ਦੇ ਵਾਲਾਂ 'ਚ ਚੰਨ ਤਾਰੇ ਸਜਾਉਣ ਦੀਆਂ ਗੱਲਾਂ ਕਰਨ ਵਾਲਾ ਤਰਨ। ਤਰਨ ਬਹੁਤ ਪਿਆਰ ਕਰਦਾ ਸੀ ਹਰਜੀਤ ਨੂੰ, ਭਾਵੇਂ ਹਰਜੀਤ ਗ਼ਰੀਬ ਮਾਪਿਆਂ ਦੀ ਧੀ ਸੀ। ਸਹੁਰੇ ਘਰ ਕਦੀ ਕਿਸੇ ਚੀਜ਼ ਦੀ ਕਮੀ ਨਹੀਂ ਸੀ ਵੇਖੀ ਹਰਜੀਤ ਨੇ। ਤਰਨ ਆਪ ਵੀ ਜ਼ਿੰਦਗੀ ਨਾਲ ਨੱਕੋ ਨੱਕ ਭਰਿਆ ਪਿਆ ਸੀ। ਬੀ. ਏ ਭਾਗ ਦੂਜੇ ਵਿੱਚ ਪੜਦੀ ਸੀ ਹਰਜੀਤ, ਜਦੋਂ ਤਰਨ ਨੇ ਇੱਕ ਵਿਆਹ ਵਿੱਚ ਹਰਜੀਤ ਨੂੰ ਵੇਖਿਆ। ਪਹਿਲੀ ਤੱਕਣੀ ਪਿਆਰ ਵਿੱਚ ਕਦੋਂ ਬਦਲ ਗਈ.. ਹਰਜੀਤ ਵੀ ਸਮਝ ਨਾ ਸਕੀ। ਤਰਨ ਮਾਪਿਆਂ ਦਾ ਲਾਡਲਾ ਪੁੱਤ, ਨਾ ਕੋਈ ਤਾਇਆ ਨਾ ਚਾਚਾ, ਖਾਨਦਾਨ ਦਾ ਇੱਕੋ ਇੱਕ ਜਗਮਗ ਕਰਦਾ ਚਿਰਾਗ। ਤਰਨ ਇਟਲੀ ਤੋਂ ਆਇਆ ਸੀ, ਵਿਆਹ ਕਰਾਉਣ ਲਈ। ਹਰਜੀਤ ਦੇ ਮਾਮੇ ਦੀ ਕੁੜੀ ਦੇ ਵਿਆਹ ਵਿੱਚ ਆਪਣੇ ਦੋਸਤ ਦੀ ਬਰਾਤ 'ਚ ਆਇਆ ਲਾੜੇ ਨਾਲੋਂ ਵੀ ਵੱਧ ਜੱਚਦਾ ਸੀ। ਵਿਆਹ ਵਿੱਚ ਹੀ ਤਰਨ ਨੇ ਹਰਜੀਤ ਨੂੰ ਪਸੰਦ ਕਰ ਲਿਆ। ਹਰਜੀਤ ਦੇ ਮਾਮੇ ਨੂੰ ਵਿਚੋਲਾ ਪਾ ਉਸਦੇ ਘਰ ਸਾਕ ਭੇਜਿਆ। ਹਰਜੀਤ ਦੇ ਮਾਪੇ ਆਪਣੀ ਗ਼ਰੀਬੀ ਕਾਰਨ ਕਿੰਨੀ ਹੀ ਦੇਰ ਹਾਂ ਕਰਨ ਵਿਚ ਹਿਚਕਚਾਉਂਦੇ ਰਹੇ ਪਰ ਮਾਮੇ ਨੇ ਸਾਕ ਪੱਕਾ ਕਰਵਾ ਕੇ ਸਾਹ ਲਿਆ। ਜੇ ਹਰਜੀਤ ਪਰੀਆਂ ਵਰਗੀ ਸੋਹਣੀ, ਪਤਲੀ, ਲੰਬੀ, ਗੋਰੀ, ਤਿੱਖੇ ਨੈਣ ਨਕਸ਼ ਤੇ ਚਿਹਰੇ ਤੇ ਫੁੱਲਾਂ ਵਰਗੀ ਮੁਸਕਾਨ ਨਾਲ ਭਰੀ ਹੋਈ ਸੀ ਤਾਂ ਤਰਨ ਵੀ ਕਿਹੜਾ ਘੱਟ ਸੋਹਣਾ ਸੁਨੱਖਾ ਸੀ। ਉਹ ਵੀ ਚੰਗੇ ਸੁਭਾਅ ਦਾ ਮਾਲਿਕ ਸੀ। ਸਦਾ ਹਸੂੰ-ਹਸੂੰ ਕਰਦਾ, ਪੂਰਾ ਮਾਣ ਸਤਿਕਾਰ ਦਿੰਦਾ ਸੀ ਸਭ ਨੂੰ। ਸਾਰਾ ਪਿੰਡ ਸਿਫ਼ਤਾਂ ਕਰਦਾ ਨਹੀਂ ਸੀ ਥੱਕਦਾ ਦੋਵਾਂ ਦੀਆਂ। ਤਰਨ ਨੇ ਵਿਆਹ ਤੇ ਭੋਰਾ ਖ਼ਰਚ ਨਾ ਕਰਨ ਦਿੱਤਾ ਹਰਜੀਤ ਦੇ ਮਾਪਿਆਂ ਨੂੰ। ਗੁਰਦੁਆਰਾ ਸਾਹਿਬ ਲਾਵਾਂ ਲੈ ਸਿੱਧਾ ਆਪਣੇ ਘਰ ਲੈ ਆਇਆ ਸੀ ਹਰਜੀਤ ਨੂੰ। ਤਰਨ ਦੇ ਮਾਪਿਆਂ ਦੇ ਵੀ ਖੁਸ਼ੀ ਨਾਲ਼ ਭੁੰਜੇ ਪੈਰ ਨਹੀਂ ਸਨ ਲੱਗਦੇ, ਮਸਾਂ ਤਾਂ ਤਰਨ ਨੂੰ ਕੋਈ ਕੁੜੀ ਪਸੰਦ ਆਈ ਸੀ। ਤਰਨ ਦੀ ਮਾਂ ਬਹੁਤ ਹੀ ਨਿੱਘੇ ਸੁਭਾਅ ਦੀ, ਹਰਜੀਤ ਨੂੰ ਪੁੱਤ-ਪੁੱਤ ਕਰਦੀ ਨਾ ਥੱਕਦੀ ਤੇ ਤਰਨ ਦਾ ਪਿਓ ਵੀ ਹਰਜੀਤ ਨੂੰ ਆਖਦਾ, 'ਰੱਬ ਨੇ ਸਾਨੂੰ ਧੀ ਨਹੀਂ ਸੀ ਦਿੱਤੀ...ਪੁੱਤ ਤੇਰੇ ਆਉਣ ਨਾਲ ਰੱਬ ਨਾਲ਼ ਜਿਹੜਾ ਸਾਡਾ ਰੋਸਾ ਸੀ ਧੀ ਨਾ ਦੇਣ ਦਾ ਦੂਰ ਹੋ ਗਿਆ।' ਇਹ ਗੱਲ ਸੁਣ ਕੇ ਸਾਰੇ ਹੱਸ ਪੈਂਦੇ ।ਹਰਜੀਤ ਵੀ ਖ਼ੁਸ਼ ਸੀ ਅਜਿਹਾ ਹਸਮੁੱਖ ਵਧੀਆ ਪਰਿਵਾਰ ਪਾ ਕੇ । ਕਹਿੰਦੇ ਨੇ ਕਈ ਵਾਰ ਖ਼ੁਸ਼ੀਆਂ ਨੂੰ ਆਪਣੀ ਹੀ ਨਜ਼ਰ ਲੱਗ ਜਾਂਦੀ ਹੈ ਤੇ ਹਰਜੀਤ ਨਾਲ ਵੀ ਸ਼ਾਇਦ ਇਹੋ ਕੁਝ ਹੋਇਆ। ਹਰਜੀਤ ਨੇ ਬੀ. ਏ ਭਾਗ 2 ਦੇ ਪੇਪਰ ਦੇਣੇ ਸਨ, ਪਰ ਤਰਨ ਨਾ ਮੰਨਿਆ ਤੇ ਆਖਣ ਲੱਗਾ, 'ਤੈਨੂੰ ਪੜਨ ਦੀ ਕੀ ਲੋੜ ਐ ? ਘਰ ਬੈਠ ਕੇ ਸਰਦਾਰੀ ਕਰ। ਮੈਂ ਕਿਹੜਾ ਤੈਥੋਂ ਨੌਕਰੀ ਕਰਵਾਉਣੀ ।ਬਥੇਰਾ ਆਪਾਂ ਕੋਲ ਰੱਬ ਦਾ ਦਿੱਤਾ । ਵਿਹਲੇ ਬੈਠ ਕੇ ਵੀ ਖਾਈਏ ਤਾਂ ਵੀ ਨਈ ਮੁੱਕਣ ਲੱਗਾ।' ਭਾਵੇਂ ਤਰਨ ਦੀ ਮਾਂ ਨੇ ਬਥੇਰਾ ਸਮਝਾਇਆ ਕਿ ਪੁੱਤ ਜੇ ਬਹੂ ਪੜਨਾ ਚਾਹੁੰਦੀ ਤਾਂ ਪੜ ਲੈਣ ਦੇ, ਪਰ ਤਰਨ ਜਿਸ ਗੱਲ ਤੇ ਅੜ ਗਿਆ ਤਾਂ ਅੜ ਗਿਆ, ਫਿਰ ਮੰਨਣ ਵਾਲਾ ਕਿੱਥੇ ? ਹਰਜੀਤ ਵੀ ਤਰਨ ਨੂੰ ਕਦੇ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦੀ। ਇਸ ਲਈ ਉਹ ਤਰਨ ਦੀ ਜ਼ਿੱਦ ਅੱਗੇ ਖ਼ੁਸ਼ੀ-ਖ਼ੁਸ਼ੀ ਆਪਣੇ ਸੁਪਨਿਆਂ ਨੂੰ ਕਤਲ ਹੁੰਦਾ ਵੇਖਦੀ ਰਹੀ ਬਿਨਾਂ ਕਿਸੇ ਸ਼ਿਕਵੇ ਸ਼ਿਕਾਇਤ ਦੇ। ਉਂਝ ਵੀ ਕਹਿੰਦੇ ਨੇ ਕਿਸਮਤ ਦਾ ਲਿਖਿਆ ਕੌਣ ਬਦਲ ਸਕਿਆ ? ਜਿਹੜਾ ਤਰਨ ਜਾਂ ਹਰਜੀਤ ਬਦਲ ਦਿੰਦੇ। ਹਰਜੀਤ ਨੇ ਵੀ ਤਰਨ ਦੇ ਮੂੰਹੋਂ ਨਿਕਲੀ ਨਾਂਹ ਪੱਥਰ ਦੀ ਲਕੀਰ ਸਾਬਤ ਕਰ ਦਿੱਤੀ। ਹਰਜੀਤ ਨੇ ਸਾਰਿਆਂ ਦੇ ਵਾਰ-ਵਾਰ ਸਮਝਾਉਣ ਤੇ ਵੀ, ਪੂਰੀ ਤਿਆਰੀ ਦੇ ਬਾਵਜੂਦ ਇਮਤਿਹਾਨ ਨਾ ਦਿੱਤੇ। ਤਰਨ, ਹਰਜੀਤ ਨੂੰ ਆਪਣੇ ਨਾਲ ਬਾਹਰ ਲੈ ਜਾਣ ਲਈ ਕਾਗਜ਼ ਪੱਤਰ ਤਿਆਰ ਕਰਨ ਲੱਗਾ। ਉਨਾਂ ਦਿਨਾਂ ਵਿੱਚ ਹੀ ਉਸ ਦੇ ਪਿਤਾ ਜੀ ਦੀ ਸਿਹਤ ਖ਼ਰਾਬ ਰਹਿਣ ਲੱਗੀ ।ਜਦੋਂ ਟੈਸਟ ਕਰਵਾਏ ਗਏ ਤਾਂ ਤਰਨ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ ਰਿਪੋਰਟ ਵੇਖ ਕੇ । ਰਿਪੋਰਟ ਤੇ ਲਿਖੀ ਨਾਮੁਰਾਦ ਬੀਮਾਰੀ ਨੇ ਉਨਾਂ ਦੇ ਸਾਰੇ ਪਰਿਵਾਰ ਨੂੰ ਹਿਲਾ ਕੇ ਰੱਖ ਦਿੱਤਾ। ਤਰਨ ਦੇ ਡੈਡੀ ਕੈਂਸਰ ਨਾਲ ਦੋ ਚਾਰ ਹੋ ਰਹੇ ਸਨ। ਅਜਿਹੇ ਸਮੇਂ ਵਿਚ ਤਰਨ ਦਾ ਆਪਣੇ ਪਿਤਾ ਅਤੇ ਪਰਿਵਾਰ ਨਾਲ ਰਹਿਣਾ ਹੋਰ ਸਾਰੇ ਕੰਮਾਂ ਨਾਲੋਂ ਵੱਧ ਜ਼ਰੂਰੀ ਸੀ। ਉਸ ਨੇ ਇਕ ਚੰਗੇ ਪੁੱਤ ਦਾ ਫ਼ਰਜ਼ ਨਿਭਾਉਂਦਿਆਂ ਬਾਹਰ ਜਾਣ ਨਾਲੋਂ ਪਿਤਾ ਦੀ ਸੇਵਾ ਤੇ ਦਵਾਈ ਦਾਰੂ ਨੂੰ ਵੱਧ ਤਰਜੀਹ ਦਿੱਤੀ । ਡੀ.ਐਮ. ਸੀ ਲੁਧਿਆਣਾ ਤੋਂ ਇਲਾਜ ਸ਼ੁਰੂ ਹੋਇਆ ਤੇ ਫਿਰ ਪੀ.ਜੀ.ਆਈ ਚੰਡੀਗੜ ਪੱਕੇ ਹੀ ਡੇਰੇ ਲੱਗ ਗਏ। ਪੈਸਾ ਪਾਣੀ ਵਾਂਗੂੰ ਲਾਇਆ, ਪਰ ਪੈਸੇ ਨਾਲ ਸਾਹ ਕਿੱਥੇ ਖ਼ਰੀਦੇ ਜਾਂਦੇ ? ਸਾਲ ਭਰ ਦੀ ਭੱਜ ਦੌੜ ਤੋਂ ਬਾਅਦ ਵੀ ਤਰਨ ਦੀ ਜ਼ਿੰਦਗੀ ਪਿਉ ਦੀਆਂ ਅਸੀਸਾਂ ਤੋਂ ਸੱਖਣੀ ਹੋ ਗਈ ।ਤਰਨ ਤੋਂ ਪਿਉ ਦਾ ਵਿਛੋੜਾ ਝੱਲ ਨਹੀਂ ਸੀ ਹੋ ਰਿਹਾ, ਉਹ ਪਿਓ ਜਿਸ ਨਾਲ ਉਹ ਯਾਰਾਂ ਦੋਸਤਾਂ ਵਾਂਗੂੰ ਰਿਹਾ ਕਦੇ ਵੀ ਤਰਨ ਨੇ ਆਪਣੀ ਸੋਝੀ ਵਿਚ ਪਿਓ ਕੋਲੋਂ ਕੋਈ ਝਿੜਕ ਖਾ ਕੇ ਨਹੀਂ ਸੀ ਵੇਖੀ। ਤਰਨ ਦੇ ਡੈਡੀ ਵੀ ਉਸ ਦੀ ਹਰ ਖਾਹਿਸ਼ ਤੇ ਆਪਾ ਵਾਰਨ ਲਈ ਤਿਆਰ ਬਰ ਤਿਆਰ ਰਹਿੰਦੇ ਸਨ। ਤਰਨ ਨੂੰ ਘਰ ਪਿਓ ਤੋਂ ਬਿਨਾਂ ਖਾਣ ਨੂੰ ਆਉਣ ਲੱਗਾ, ਭਾਵੇਂ ਹਰਜੀਤ ਤੇ ਉਸਦੇ ਮੰਮੀ ਉਸ ਨੂੰ ਬਹੁਤ ਸਮਝਾਉਂਦੇ ਕਿ ਇੱਥੇ ਕੁ ਆ ਕੇ ਬੰਦਾ ਬੇਵੱਸ ਹੋ ਜਾਂਦਾ ਹੈ, ਹਰ ਜੀਅ ਆਪਣੀ ਲਿਖਾ ਕੇ ਲਿਆਉਂਦਾ ਹੈ ਤੇ ਉਨੀ ਹੀ ਭੋਗਦਾ ਹੈ। ਪਰ ਤਰਨ ਲਈ ਸੰਭਲਣਾ ਬਹੁਤ ਔਖਾ ਹੋ ਰਿਹਾ ਸੀ। ਉਹ ਜਿਵੇਂ ਅੰਦਰੋਂ ਟੁੱਟ ਗਿਆ ਸੀ ਉਸ ਨੇ ਬਾਹਰ ਜਾਣ ਦਾ ਖ਼ਿਆਲ ਵੀ ਵਿਸਾਰ ਦਿੱਤਾ। ਉਸ ਦੇ ਘਰ ਛੇਤੀ ਹੀ ਵਾਹਿਗੁਰੂ ਦੀ ਅਸੀਸ ਨੇ ਧੀ ਦੇ ਰੂਪ ਵਿੱਚ ਦਸਤਕ ਦਿੱਤੀ।ਉਸ ਨੇ ਆਪਣੀ ਧੀ ਦਾ ਨਾਮ ਵੀ ਅਸੀਸ ਹੀ ਰੱਖਿਆ।ਪਰ ਅਚਾਨਕ ਉਸਦੀ ਜ਼ਿੰਦਗੀ ਜਿਵੇਂ ਉੱਘੜ- ਦੁੱਘੜੇ ਰਾਹਾਂ ਵੱਲ ਤੁਰ ਪਈ। ਪਿਉ ਵਾਂਗ ਉਹ ਬੰਦਿਆਂ ਦੀ ਪਰਖ ਕਰਨਾ ਨਹੀਂ ਸੀ ਜਾਣਦਾ। ਉਹ ਕੁਝ ਕੁ ਸ਼ਰਾਰਤੀ ਲੋਕਾਂ ਦੇ ਹੱਥਾਂ ਦਾ ਖਿਡੌਣਾ ਬਣ ਗਿਆ, ਜਿਹੜੇ ਉਸਦੀ ਕਮਾਈ ਤੇ ਕਦੇ ਸ਼ਰਾਬ ਨਾਲ ਹੂੰਝਾ ਫੇਰਨ ਲਈ ਤਿਆਰ ਰਹਿੰਦੇ ਤਾਂ ਕਦੀ ਉਸ ਨੂੰ ਉਧਾਰ ਤੇ ਨਾਂ ਤੇ ਲੁੱਟਣ ਲਈ। ਹੋਰ ਤਾਂ ਹੋਰ ਉਸ ਨੂੰ ਚੱਕ ਚਕਾ ਕੇ ਸਰਪੰਚੀ ਦੀਆਂ ਵੋਟਾਂ 'ਚ ਵੀ ਖੜਾ ਕਰ ਦਿੱਤਾ। ਤਰਨ ਵੋਟਾਂ ਖ਼ਰੀਦਣ ਵਾਲਿਆਂ ਦੀ ਕਤਾਰ ਵਿੱਚ ਸਭ ਤੋਂ ਮੂਹਰੇ ਖੜਾ ਸੀ। ਮਿਹਨਤ ਨਾਲ ਕਮਾਇਆ ਪੈਸਾ ਫੂਸ ਬਣ ਉੱਡਣ ਲੱਗਾ। ਇੱਥੋਂ ਤੱਕ ਕੇ ਲਾਕਰ 'ਚ ਰੱਖੇ ਮਾਂ ਤੇ ਪਤਨੀ ਦੇ ਗਹਿਣੇ ਵੀ ਵੇਚਣ ਨੂੰ ਦੇਰ ਨਾ ਲਾਈ। ਪਰ ਫਿਰ ਵੀ ਪੱਲੇ ਕੱਖ ਨਾ ਪਿਆ ਤੇ ਲੋਕਾਂ ਦਾ ਹਾਸਾ ਵੱਖਰਾ। ਹੁਣ ਘਰ ਵਿੱਚ ਨਾ ਪੈਸਾ ਰਿਹਾ ਨਾ ਗਹਿਣੇ।ਹੁਣ ਜ਼ਮੀਨ ਤੇ ਘਰ ਹੀ ਬਚਿਆ, ਪਰ ਪਤਾ ਨਹੀਂ ਉਹ ਵੀ ਜਿਵੇਂ ਕਿਸੇ ਦੀਆਂ ਭੈੜੀਆਂ ਨਜ਼ਰਾਂ ਹੇਠ ਸੀ। ਤਰਨ ਨੂੰ ਤਾਪ ਰਹਿਣ ਲੱਗਾ। ਪਿੰਡ ਦੇ ਡਾਕਟਰ ਤੋਂ ਦਵਾਈ ਲੈ, ਖਾ ਲੈਣੀ ਤਾਂ ਬੁਖਾਰ ਉਤਰ ਜਾਣਾ। ਜਦੋਂ ਹਰਜੀਤ ਕਿਸੇ ਚੰਗੇ ਡਾਕਟਰ ਦੀ ਸਲਾਹ ਬਾਰੇ ਆਖਦੀ ਤਾਂ ਤਰਨ ਟਾਲ ਮਟੋਲ ਕਰ ਛੱਡਦਾ।ਪਰ ਥੋੜੇ ਦਿਨਾਂ ਵਿੱਚ ਹੀ ਉਸ ਦੇ ਚਿਹਰੇ ਦਾ ਰੰਗ ਡੱਡੂ ਵਰਗਾ ਹੋ ਗਿਆ। ਜਦੋਂ ਇੱਕ ਦਿਨ ਅਚਾਨਕ ਮਾਸਟਰ ਹਰਨੇਕ ਜੋ ਤਰਨ ਦਾ ਚੰਗਾ ਮਿੱਤਰ ਸੀ, ਪਰ ਵੋਟਾਂ ਵੇਲੇ ਦਾ ਜਿਸ ਨਾਲ ਤਰਨ ਨਾਰਾਜ਼ ਸੀ, ਤਰਨ ਨੂੰ ਮਿਲਿਆ ਤਾਂ ਤਰਨ ਨੂੰ ਵੇਖਦਾ ਹੀ ਰਹਿ ਗਿਆ। ਤਰਨ ਦੇ ਡੈਡੀ ਦੀ ਮੌਤ ਤੋਂ ਬਾਅਦ ਉਸ ਨੇ ਤਰਨ ਦੇ ਉੱਖੜੇ ਪੈਰਾਂ ਨੂੰ, ਬਿਖੜੇ ਰਾਹਾਂ ਤੋਂ ਸਿੱਧੇ ਰਾਹ ਤੋਰਨ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਤਰਨ ਨੇ ਉਸ ਨੂੰ ਆਪਣੇ ਰਾਹਾਂ ਦਾ ਰੋੜਾ ਸਮਝਦੇ ਹੋਏ ਅੱਖੋਂ ਪਰੋਖੇ ਕਰ ਦਿੱਤਾ, ਜਿਸ ਕਾਰਨ ਉਹ ਆਪ ਵੀ ਪਿੱਛੇ ਹਟ ਗਿਆ। ਪਰ ਅੱਜ ਹਰਨੇਕ ਨੂੰ ਤਰਨ ਦੇ ਰਾਹ ਤੋਂ ਪਿੱਛੇ ਹਟਣਾ ਔਖਾ ਲੱਗ ਰਿਹਾ ਸੀ, ਕਿਉਂਕਿ ਤਰਨ ਨੂੰ ਲੋੜ ਸੀ ਉਸ ਦੀ ਤੇ ਉਹ ਆਪਣਾ ਦੋਸਤੀ ਦਾ ਫਰਜ਼ ਨਿਭਾਉਣ ਲਈ ਤਰਨ ਨੂੰ ਮੱਲੋ ਮੱਲੀ ਸ਼ਹਿਰ ਦੇ ਵਧੀਆ ਡਾਕਟਰ ਕੋਲ ਲੈ ਗਿਆ। ਟੈਸਟਾਂ ਤੋਂ ਬਾਅਦ ਡਾਕਟਰ ਹੈਰਾਨ ਰਹਿ ਗਏ, ਪੀਲੀਆ ਬਹੁਤ ਜ਼ਿਆਦਾ ਵਧਿਆ ਹੋਇਆ ਸੀ। ਚੰਡੀਗੜ ਪੀ.ਜੀ. ਆਈ ਰੈਫਰ ਕਰ ਦਿੱਤਾ ਗਿਆ। ਹਰਜੀਤ ਆਪਣੀ ਤਿੰਨ ਕੁ ਸਾਲਾਂ ਦੀ ਧੀ ਅਸੀਸ ਨਾਲ ਪੀ.ਜੀ.ਆਈ ਤਰਨ ਕੋਲ ਬੈਠ ਗਈ। ਤਰਨ ਨੂੰ ਆਪਣੇ ਪਿਓ ਦੀ ਬਿਮਾਰੀ ਸਮੇਂ ਦੀਆਂ ਡਰਾਉਣੀਆਂ ਯਾਦਾਂ ਡੰਗਣ ਲੱਗੀਆਂ। ਉਸਨੂੰ ਇੰਝ ਲੱਗਣ ਲੱਗਾ ਕਿ ਉਹ ਉਥੋਂ ਜ਼ਿੰਦਾ ਵਾਪਸ ਨਹੀਂ ਜਾਏਗਾ। ਉਸ ਨੇ ਜ਼ਿੱਦ ਕੀਤੀ ਕਿ ਪੀ.ਜੀ.ਆਈ ਤੋਂ ਇਲਾਵਾ ਹੋਰ ਜਿੱਥੇ ਮਰਜ਼ੀ ਲੈ ਚੱਲੋ। ਉਸ ਦੇ ਦੋਸਤ ਉਸਦੀ ਜ਼ਿਆਦਾ ਵਿਗੜੀ ਹਾਲਤ ਨੂੰ ਵੇਖਕੇ ਉਸ ਨੂੰ ਡੀ ਐਮ ਸੀ ਲੁਧਿਆਣਾ ਲੈ ਗਏ। ਡਾਕਟਰਾਂ ਨੇ ਉਸਦੀ ਹਾਲਤ ਵੇਖ ਕੇ ਇੱਕ ਤਰਾਂ ਨਾਲ ਜੁਆਬ ਹੀ ਦੇ ਦਿੱਤਾ ਸੀ, ਪਰ ਉਸ ਦੀ ਤੇਈ ਕੁ ਸਾਲਾਂ ਦੀ ਹਮਸਫ਼ਰ ਹਰਜੀਤ ਨੂੰ ਕੋਈ ਕਿਵੇਂ ਦੱਸਦਾ ਕਿ ਉਸ ਦੇ ਹੱਥਾਂ ਦੀਆਂ ਚੂੜੀਆਂ ਤਿੜਕ ਚੁੱਕੀਆਂ ਨੇ। ਉਹ ਵਿਚਾਰੀ ਆਪਣੀ ਤਿੰਨ ਕੁ ਸਾਲਾਂ ਦੀ ਧੀ ਨਾਲ ਪੀ.ਜੀ.ਆਈ ਤੋਂ ਡੀ.ਐਮ.ਸੀ ਤੱਕ ਤਰਨ ਦਾ ਪ੍ਰਛਾਵਾਂ ਬਣ ਕੇ ਤੁਰਦੀ ਰਹੀ, ਨਾਲੋਂ ਨਾਲ ਘਰ ਪੁੱਤ ਨੂੰ ਉਡੀਕਦੀ ਆਪਣੀ ਬੁੱਢੀ ਸੱਸ ਨੂੰ ਵੀ ਦਿਲਾਸੇ ਦਿੰਦੀ ਰਹੀ ਕਿ ਉਸ ਦਾ ਪੁੱਤ ਹੁਣ ਠੀਕ ਹੈ, ਜਲਦੀ ਘਰ ਆ ਜਾਵੇਗਾ।ਤਰਨ ਦੇ ਮੰਮੀ ਵੀ ਹਾਰਟ ਪੇਸ਼ੈਂਟ ਸਨ। ਉਨਾਂ ਦੇ ਸਟੰਟ ਤਾਂ ਤਰਨ ਦੇ ਡੈਡੀ ਦੇ ਸਮੇਂ ਹੀ ਪੈ ਗਏ ਸਨ ਤੇ ਹੁਣ ਸ਼ੂਗਰ ਨੇ ਵੀ ਪੂਰਾ ਘੇਰਾ ਪਾਇਆ ਹੋਇਆ ਸੀ ਤੇ ਉੱਧਰੋਂ ਜੁਆਨ ਪੁੱਤ ਦੀ ਬੀਮਾਰੀ। ਜਦੋਂ ਹਰਜੀਤ ਨੇ ਡਾਕਟਰ ਦੇ ਮੂੰਹੋਂ ਸੁਣਿਆ ਕਿ ਤਰਨ ਦਾ ਬਚਣਾ ਮੁਸ਼ਕਲ ਹੈ, ਇੱਕ ਵਾਰ ਤਾਂ ਜਿਵੇਂ ਹਰਜੀਤ ਦੇ ਦਿਲ ਦੀਆਂ ਧੜਕਣਾਂ ਰੁਕ ਗਈਆਂ। ਉਹ ਖੁਸ਼ਕ ਤੇ ਡੈਂਬਰੀਆਂ ਅੱਖਾਂ ਨਾਲ ਡਾਕਟਰ ਦੇ ਮੂੰਹ ਵੱਲ ਵੇਖਦੀ ਰਹਿ ਗਈ। ਉਸ ਦੇ ਮੱਥੇ 'ਤੇ ਫ਼ਿਕਰਾਂ ਦੀਆਂ ਗੂੜੀਆਂ ਲਕੀਰਾਂ ਹੋਰ ਡੂੰਘੀਆਂ ਹੋ ਗਈਆਂ। ਉਹ ਸੁੱਧ-ਬੁੱਧ ਖੋ ਹੇਠਾਂ ਫਰਸ਼ ਤੇ ਹੀ ਢੇਰੀ ਹੋ ਗਈ। ਉੱਥੇ ਖੜੀ ਇੱਕ ਨਰਸ ਨੇ ਉਸ ਨੂੰ ਬੈੱਡ ਤੇ ਬਿਠਾਇਆ, ਦਿਲਾਸਾ ਦਿੱਤਾ। ਉਸ ਕੋਲ ਖੜੀ ਉਸ ਦੀ ਤਿੰਨ ਵਰਿਆਂ ਦੀ ਧੀ ਅਸੀਸ ਜਦੋਂ ਆਪਣੀ ਮਾਂ ਨੂੰ ਵੇਖ ਰੋਣ ਲੱਗੀ, ਤਾਂ ਹਰਜੀਤ ਨੇ ਉਸ ਨੂੰ ਘੁੱਟ ਕੇ ਆਪਣੀ ਬੁੱਕਲ 'ਚ ਲੈ ਲਿਆ ਤੇ ਆਖਣ ਲੱਗੀ, 'ਤੇਰੇ ਚਾਵਾਂ ਨੇ ਤਾਂ ਬੋਲਣਾ ਵੀ ਨਹੀਂ ਸਿੱਖਿਆ ਧੀਏ, ਐਨੀ ਛੇਤੀ ਕਿਵੇਂ ਦਮ ਤੋੜ ਜਾਣਗੇ ?' ਉਹ ਆਪਣੀ ਧੀ ਨੂੰ ਲਾਡ ਲਡਾਉਂਦੀ ਹੋਈ ਅੱਖਾਂ ਚੋਂ ਕਿਰਦੇ ਹੰਝੂਆਂ ਨੂੰ ਆਪਣੀ ਚੁੰਨੀ ਦੇ ਲੜ ਨਾਲ ਸਾਫ਼ ਕਰਦੀ ਰਹੀ। ਤਰਨ ਸਭ ਦੇ ਚਿਹਰਿਆਂ ਤੇ ਉੱਘੜੇ ਆਪਣੀ ਮੌਤ ਦੇ ਦਸਤਖ਼ਤ ਪੜ ਚੁੱਕਿਆ ਸੀ। ਉਸ ਦੀ ਪੁੜਪੜੀ ਦੀਆਂ ਨਾੜਾਂ ਜਿਵੇਂ ਫਟਣ ਨੂੰ ਕਰਦੀਆਂ ਹੋਣ, ਉਹ ਸਾਹਮਣੇ ਖੜੀ ਆਪਣੀ ਮੌਤ ਨੂੰ ਨੰਗੀਆਂ ਅੱਖਾਂ ਨਾਲ ਵੇਖ ਰਿਹਾ ਸੀ ।ਉਸਦਾ ਜ਼ਬਤ ਟੁੱਟ ਕੇ ਵਹਿ ਤੁਰਿਆ ਦਰਿਆ ਵਾਂਗੂੰ। ਉਸ ਦੀਆਂ ਅੱਖਾਂ ਚੋਂ ਵਗਦੇ ਅੱਥਰੂ ਤੇ ਹਟਕੋਰਿਆਂ ਨੇ ਹਰਜੀਤ ਨੂੰ ਵੀ ਹਿਲਾ ਕੇ ਰੱਖ ਦਿੱਤਾ । ਉਹ ਦੋਵੇਂ ਰੱਜ ਕੇ ਰੋਏ। ਉਦੋਂ ਤੱਕ ਅਸੀਸ ਸੌ ਚੁੱਕੀ ਸੀ। ਤਰਨ ਵਾਰ- ਵਾਰ ਹਰਜੀਤ ਤੋਂ ਮੁਆਫ਼ੀ ਮੰਗ ਰਿਹਾ ਸੀ ਤੇ ਆਖ ਰਿਹਾ ਸੀ, 'ਮੈਂ ਤੇਰਾ ਦੋਖੀ ਹਾਂ ਜੋ ਨਾ ਖ਼ੁਦ ਨੂੰ ਸੰਭਾਲ ਸਕਿਆ ਤੇ ਨਾ ਹੀ ਆਪਣੇ ਪਰਿਵਾਰ ਨੂੰ। ਮੇਰੀ ਮਾਂ ਤੇ ਧੀ ਦਾ ਖਿਆਲ ਰੱਖੀਂ ਤੇ ਆਪਣਾ ਵੀ।' ਹਰਜੀਤ ਨੇ ਤਰਨ ਦੇ ਬੁੱਲਾਂ ਤੇ ਹੱਥ ਧਰ ਦਿੱਤਾ ਤੇ ਅੱਖਾਂ ਨਾਲ ਹੋਰ ਕੁਝ ਨਾ ਬੋਲਣ ਦਾ ਇਸ਼ਾਰਾ ਕੀਤਾ। ਭਾਵੇਂ ਦੋਵਾਂ ਦੀਆਂ ਅੱਖਾਂ 'ਚ ਹੰਝੂ ਹੀ ਹੰਝੂ ਸਨ ਪਰ ਇੱਕ ਦੂਜੇ ਲਈ ਪਿਆਰ ਵੀ ਉਛਾਲੇ ਮਾਰ ਰਿਹਾ ਸੀ। ਨਰਸ ਨੇ ਆ ਕੇ ਤਰਨ ਨੂੰ ਦਵਾਈ ਦਿੱਤੀ ਤੇ ਰੈਸਟ ਕਰਨ ਲਈ ਆਖਿਆ। ਤਰਨ ਨੇ ਦਵਾਈ ਖਾ, ਨੀਂਦ ਦੀ ਬੁੱਕਲ ਮਾਰ ਲਈ। ਹਰਜੀਤ ਵੀ ਆਪਣੀ ਧੀ ਅਸੀਸ ਨਾਲ ਪੈ ਗਈ। ਸਾਰੀ ਰਾਤ ਉਡੀਕ ਕਰਦੀ ਰਹੀ ਦਿਨ ਚੜਨ ਦੀ ਤੇ ਤਰਨ ਨਾਲ ਹੋਰ ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਦੀ, ਪਰ ਤਰਨ ਤਾਂ ਰਾਤੋ ਰਾਤ ਕਿਤੇ ਦੂਰ ਚਲਾ ਗਿਆ ਸੀ, ਬਹੁਤ ਦੂਰ ਜਿੱਥੋਂ ਉਸ ਨੇ ਕਦੇ ਵੀ ਨਹੀਂ ਸੀ ਮੁੜਨਾ। ਹਰਜੀਤ ਸਾਰੀ ਰਾਤ ਕੜਥਲਾਂ ਭੰਨਦੀ ਰਹੀ। ਉਹ ਰਾਤ ਭਰ ਅਜੀਬ ਤੇ ਡਰਾਉਣੇ ਖ਼ਿਆਲਾਂ ਨਾਲ ਜੂਝਦੀ ਰਹੀ।ਜਦੋਂ ਬਿੰਦ ਕੁ ਉਸਦੀ ਅੱਖ ਲੱਗ ਵੀ ਜਾਂਦੀ ਤਾਂ ਉਦੋਂ ਹੀ ਉੱਭੜਬਾਹੇ ਉੱਠ ਬੈਠਦੀ ਤੇ ਰੱਬ ਅੱਗੇ ਅਰਦਾਸਾਂ ਕਰਦੀ ਉਸਦੀ ਸਹੀ ਸਲਾਮਤੀ ਦੀ। ਪਰ ਉਸ ਕਮਲੀ ਨੂੰ ਕੀ ਪਤਾ ਸੀ ਕਿ ਹੁਣ ਕੋਈ ਵੀ ਦੁਆ ਤੇ ਅਰਦਾਸ ਉਸਦੇ ਭਾਗਾਂ ਨੂੰ ਨਹੀਂ ਬਦਲ ਸਕਦੀ। ਹਰਜੀਤ ਤੜਕੇ ਹੀ ਤਰਨ ਕੋਲ ਪਹੁੰਚ ਗਈ। ਉਹ ਕਿੰਨਾ ਚਿਰ ਤਰਨ ਦੇ ਚਿਹਰੇ ਨੂੰ ਨੀਝ ਨਾਲ਼ ਵੇਖਦੀ ਰਹੀ। ਇੰਝ ਲੱਗਦਾ ਸੀ ਜਿਵੇਂ ਤਰਨ ਹੁਣ ਬਿਲਕੁਲ ਠੀਕ, ਤੰਦਰੁਸਤ ਹੋ ਗਿਆ ਹੋਵੇ।ਇੱਕ ਵਾਰ ਤਾਂ ਹਰਜੀਤ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਅੱਜ ਤਰਨ ਨੂੰ ਕਈ ਦਿਨਾਂ ਬਾਅਦ ਖੁੱਲ ਕੇ ਨੀਂਦ ਆਈ। ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਤਰਨ ਦੀ ਅੱਜ ਦੀ ਨੀਂਦ ਹਰਜੀਤ ਦੀਆਂ ਅੱਖਾਂ ਦੀ ਉਮਰ ਭਰ ਦੀ ਨੀਂਦ ਦੀ ਦੁਸ਼ਮਣ ਬਣ ਕੇ ਆਈ ਹੈ। ਥੋੜਾ ਚਿਰ ਤਰਨ ਦੇ ਚਿਹਰੇ ਨੂੰ ਗਹੁ ਨਾਲ ਤੱਕਣ ਤੋਂ ਬਾਅਦ ਜਦੋਂ ਪਿਆਰ ਨਾਲ ਤਰਨ ਦੇ ਮੱਥੇ ਤੇ ਹੱਥ ਧਰਿਆ ਤਾਂ ਹਰਜੀਤ ਦੇ ਸੰਘ ਵਿੱਚੋਂ ਚੀਕ ਅਟਕ ਕੇ ਰਹਿ ਗਈ। ਉਸ ਦੀਆਂ ਅੱਖਾਂ ਵਿੱਚੋਂ ਅੱਥਰੂ ਉਸ ਦੀਆਂ ਗੱਲ਼ਾਂ ਫੈਲਣ ਲੱਗੇ। ਇਕ ਨਰਸ ਜੋ ਤਰਨ ਨੂੰ ਦਵਾਈ ਦੇਣ ਆਈ ਸੀ, ਨੇ ਹਰਜੀਤ ਨੂੰ ਮਸਾਂ ਹੀ ਸਾਂਭਿਆ। ਉਹ ਡਾਕਟਰ ...ਡਾਕਟਰ.. ਇਕੋ ਸਾਹ ਆਵਾਜ਼ਾਂ ਮਾਰਦੇ-ਮਾਰਦੇ ਬੇਹੋਸ਼ ਹੋ ਗਈ। ਤਰਨ ਹੁਣ ਜੋ ਇੱਕ ਲਾਸ਼ ਵਿੱਚ ਤਬਦੀਲ ਹੋ ਚੁੱਕਾ ਸੀ। ਹਰਜੀਤ ਤੇ ਮਾਮੇ ਦਾ ਪੁੱਤ ਰਾਜਵੀਰ, ਆਪਣਾ ਕੰਮ ਧੰਦਾ ਛੱਡ, ਇਕ ਭਰਾ ਹੋਣ ਦਾ ਫਰਜ਼ ਨਿਭਾਉਣ ਲਈ, ਉਸ ਦੇ ਦੁੱਖ ਦਾ ਸਾਂਝੀ ਬਣ ਐਨੇ ਦਿਨ ਉਸਦੇ ਨਾਲ-ਨਾਲ ਹੀ ਰਿਹਾ। ਅੱਜ ਉਹ ਵੀ ਹਰਜੀਤ ਨੂੰ ਵੇਖ ਜਿਵੇਂ ਪੱਥਰ ਦਾ ਬੁੱਤ ਹੀ ਬਣ ਗਿਆ ।ਐਨੇ ਨੂੰ ਮਾਸਟਰ ਹਰਨੇਕ ਵੀ ਉੱਥੇ ਪਹੁੰਚ ਚੁੱਕਾ ਸੀ। ਉਸਨੇ ਪਹਿਲਾ ਰਾਜਵੀਰ ਨੂੰ ਸੰਭਾਲਿਆ ਤੇ ਫੇਰ ਹਰਜੀਤ ਨੂੰ ਖੁੱਲ ਕੇ ਰੋਣ ਦਿੱਤਾ। ਜਦੋਂ ਹਰਜੀਤ ਰੋ ਰੋ ਕੇ ਹਲਕੀ ਹੋ ਗਈ ਤਾਂ ਉਸ ਨੂੰ ਸਮਝਾਇਆ ਕਿ ਹੁਣ ਉਸ ਨੇ ਆਪਣੀ ਧੀ ਤੇ ਮਾਂ ਵਰਗੀ ਸੱਸ ਨੂੰ ਵੀ ਸਾਂਭਣਾ ਹੈ, ਬਹੁਤ ਵੱਡੀ ਜ਼ਿੰਮੇਵਾਰੀ ਤੇਰੇ ਮੋਢਿਆਂ 'ਤੇ ਪਾ ਕੇ ਤੁਰ ਗਿਆ ਤਰਨ। ਅਸੀਸ ਰੋਂਦੀ- ਰੋਂਦੀ ਜਦੋਂ ਆਪਣੀ ਮਾਂ ਦੀ ਗੋਦੀ ਵਿੱਚ ਆ ਬੈਠੀ ਤਾਂ ਹਰਜੀਤ ਨੇ ਉਸ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਤੇ ਆਖਣ ਲੱਗੀ, 'ਤਰਨ ਮੈਂ ਤੇਰੀਆਂ ਸਾਰੀਆਂ ਜ਼ਿੰਮੇਵਾਰੀਆਂ ਸਾਂਭਾਂਗੀ। ਤੇਰੀ ਧੀ ਲਈ ਅੱਜ ਤੋਂ ਮੈਂ ਮਾਂ ਵੀ ਹਾਂ ਤੇ ਪਿਓ ਵੀ, ਤੇਰੀ ਮਾਂ ਲਈ ਧੀ ਤੇ ਨੂੰਹ ਤਾਂ ਪਹਿਲਾਂ ਹੀ ਸਾਂ, ਹੁਣ ਪੁੱਤ ਵੀ ਬਣਾਂਗੀ। ਪਰ ਮੇਰੀ ਜ਼ਿੰਦਗੀ ਤੈਥੋਂ ਬਿਨਾਂ ਹਮੇਸ਼ਾ ਹੀ ਸੱਖਣੀ ਰਹੇਗੀ।'

ਪੋਸਟਮਾਰਟਮ ਤੇ ਹੋਰ ਕਾਗਜ਼ ਪੱਤਰ ਤਿਆਰ ਕਰਦੇ-ਕਰਦੇ ਸ਼ਾਮ ਪੈ ਜਾਣੀ ਸੀ ਤੇ ਸੰਸਕਾਰ ਅਗਲੇ ਦਿਨ ਹੋਣਾ ਸੀ। ਹੁਣ ਅਜਿਹੇ ਸਮੇਂ ਵਿੱਚ ਹਰਜੀਤ ਦੇ ਮਨ ਅੰਦਰ ਇੱਕੋ ਸਵਾਲ ਮੇਲ ਰਿਹਾ ਸੀ ਕਿ ਮੇਰੀ ਮਾਂ ਵਰਗੀ ਸੱਸ, ਕੜੀ ਵਰਗੇ ਜੁਆਨ ਪੁੱਤ ਦੀ ਮੌਤ ਦਾ ਸਦਮਾ ਕਿੰਝ ਝੱਲੂ ? ਜਿਸਦਾ ਦਿਲ ਪਹਿਲਾਂ ਹੀ ਸਟੰਟਾਂ ਦੇ ਸਹਾਰੇ ਚੱਲਦੈ। ਮਾਸਟਰ ਹਰਨੇਕ ਨੇ ਹਸਪਤਾਲ ਦੇ ਕਾਗਜ਼ ਪੱਤਰ ਤਿਆਰ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਚੁੱਕ ਲਈ । ਰਾਜਵੀਰ ਅਤੇ ਹਰਜੀਤ ਨੂੰ ਘਰ ਭੇਜ ਦਿੱਤਾ। ਹਰਜੀਤ ਆਪਣੇ ਮਾਮੇ ਦੇ ਪੁੱਤ ਨਾਲ ਜਦੋਂ ਘਰ ਪਹੁੰਚੀ ਤਾਂ ਉਸਦੀ ਸੱਸ ਗੇਟ ਖੋਲ ਕੇ ਵਿਹੜੇ ਵਿੱਚ ਬੈਠੀ ਹੋਈ ਸੀ ਤੇ ਉਸ ਦੀ ਨਿਗਾ ਗੇਟ ਦੇ ਬਾਹਰ ਦੂਰ ਤੱਕ ਫੈਲੀ ਹੋਈ ਸੀ, ਆਪਣੇ ਪੁੱਤ ਦੀ ਰਾਜ਼ੀ ਖੁਸ਼ੀ ਦੀ ਉਡੀਕ ਵਿੱਚ। ਆਪਣੀ ਨੂੰਹ ਤੇ ਪੋਤੀ ਅਸੀਸ ਨੂੰ ਵੇਖ ਉਸ ਦੀਆਂ ਅੱਖਾਂ 'ਚ ਰਤਾ ਕੁ ਚਮਕ ਆ ਗਈ ਤੇ ਮਾਂ ਦੀਆਂ ਅੱਖਾਂ ਗੱਡੀ ਦੀ ਸੀਟ ਤੇ ਪੁੱਤ ਨੂੰ ਲੱਭਣ ਲੱਗੀਆਂ। ਪੁੱਤ ਦੀ ਸੀਟ ਖਾਲੀ ਵੇਖ ਮਾਂ ਦੀਆਂ ਅੱਖਾਂ ਵਿਚ ਪ੍ਰਸ਼ਨ ਤਾਰੀਆਂ ਲਾਉਣ ਲੱਗੇ, ਆਖ਼ਰ ਮਾਂ ਦਾ ਢਿੱਡ। ਹਰਜੀਤ ਦਾ ਕਾਲਜ਼ਾ ਪਾਟਣ ਨੂੰ ਆ ਗਿਆ ਆਪਣੀ ਮਾਂ ਵਰਗੀ ਸੱਸ ਨੂੰ ਵੇਖ, ਜੋ ਕਿੰਨੇ ਦਿਨਾਂ ਤੋਂ ਉਡੀਕ ਰਹੀ ਸੀ ਆਪਣੇ ਪੁੱਤ ਨੂੰ। ਅਸੀਸ ਨੇ ਭੱਜ ਕੇ ਆਪਣੀ ਦਾਦੀ ਦੀ ਉਂਗਲ ਫੜ ਲਈ ।ਦਾਦੀ ਮਾਂ ਦੇ ਮੂੰਹੋਂ ਆਪਣੀ ਪੋਤੀ ਲਈ ਕਿੰਨੇ ਹੀ ਅਸੀਸਾਂ ਦੇ ਫੁੱਲ ਲਗਾਤਾਰ ਕਿਰਦੇ ਰਹੇ। ਜਦੋਂ ਹਰਜੀਤ ਨੇ ਆਪਣੀ ਸੱਸ ਦੇ ਪੈਰੀਂ ਹੱਥ ਲਾਏ ਤਾਂ ਉਸ ਦੇ ਮੂੰਹੋਂ ਅਸੀਸ 'ਬੁੱਢ ਸੁਹਾਗਣ ਹੋਏ' ਨੇ ਹਰਜੀਤ ਦੀਆਂ ਆਂਦਰਾਂ ਨੂੰ ਧੂਹ ਦਿੱਤਾ। ਪਰ ਖੌਰੇ ਰੱਬ ਨੇ ਉਸ ਅੰਦਰ ਏਨਾ ਸਬਰ ਕਿੱਥੋਂ ਭਰ ਦਿੱਤਾ ਕਿ ਉਸ ਦੀਆਂ ਅੱਖਾਂ ਭੋਰਾ ਨਾ ਛਲਕੀਆਂ । ਉਹ ਆਪਣੀ ਸੱਸ ਨੂੰ ਮੁਸਕਰਾ ਕੇ ਮਿਲੀ ਤੇ ਤਰਨ ਦੀ ਰਾਜ਼ੀ ਖੁਸ਼ੀ ਪੁੱਛਣ ਤੇ ਬੜੇ ਯਕੀਨ ਨਾਲ ਆਖਣ ਲੱਗੀ, 'ਮਾਂ ਜੀ, ਹੁਣ ਉਨਾਂ ਦੇ ਸਾਰੇ ਦੁੱਖ ਕੱਟੇ ਗਏ । ਉਹ ਬਿਲਕੁਲ ਠੀਕ ਨੇ। ਕੱਲ ਤੱਕ ਛੁੱਟੀ ਮਿਲ ਜਾਏਗੀ। ਹਰਨੇਕ ਵੀਰ ਜੀ ਉਨਾਂ ਦੇ ਕੋਲ ਹੀ ਨੇ।' ਹਰਜੀਤ ਦੀਆਂ ਗੱਲਾਂ 'ਚ ਰੱਬ ਵਰਗਾ ਯਕੀਨ ਦੇਖ ਬੁੱਢੀ ਸੱਸ ਨੇ ਸੁਖ ਦਾ ਸਾਹ ਲਿਆ ਤੇ ਰੱਬ ਦਾ ਸ਼ੁਕਰ ਮਨਾਇਆ। ਹਰਜੀਤ ਨੇ ਨਹਾ ਧੋ ਕੇ, ਰੋਟੀ ਟੁੱਕ ਕਰ, ਆਪਣੀ ਸੱਸ ਨੂੰ ਮਸਾਂ ਹੀ ਰੋਟੀ ਦੀ ਬੁਰਕੀ ਖੁਆਈ ਤਾਂ ਜੋ ਢਿੱਡ ਨੂੰ ਮਾੜਾ- ਮੋਟਾ ਧਰਵਾਸ ਆਵੇ । ਪੂਰਾ ਦਿਨ ਆਪਣੀ ਸੱਸ ਕੋਲ ਬੈਠੀ ਰਹੀ ਪਰ ਆਪਣਾ ਢਿੱਡ ਨਾ ਫਰੋਲਿਆ।ਅੰਦਰ ਹੀ ਅੰਦਰ ਧੁਖਦੀ ਰਹੀ। ਆਪਣੀ ਸੱਸ ਨੂੰ ਸੁਲਾ ਕੇ ਸਾਰੀ ਰਾਤ ਆਪ ਮੰਜੇ ਤੇ ਪਾਸੇ ਵੱਟਦੀ ਰਹੀ । ਉਹ ਸਾਰੀ ਰਾਤ ਆਪਣੀ ਸੁੱਤੀ ਸੱਸ ਦੇ ਮੂੰਹ ਵੱਲ ਗਹੁ ਨਾਲ ਤੱਕਦੀ ਰਹੀ, ਜੋ ਪਤਾ ਨਹੀਂ ਕਿੰਨੇ ਦਿਨਾਂ ਬਾਅਦ ਸੁੱਤੀ ਸੀ। ਉਸਦੇ ਚਿਹਰੇ ਤੇ ਅੱਜ ਆਪਣੇ ਪੁੱਤ ਦੀ ਰਾਜ਼ੀ ਖੁਸ਼ੀ ਦਾ ਵਿਸ਼ਵਾਸ ਝਲਕ ਰਿਹਾ ਸੀ। ਇੱਕ ਮਾਂ ਨੂੰ ਉਡੀਕ ਸੀ ਸੂਰਜ ਚੜਨ ਦੀ, ਕਿਉਂਕਿ ਉਸ ਨੂੰ ਯਕੀਨ ਸੀ ਕਿ ਚੜਨ ਵਾਲਾ ਦਿਨ ਉਸ ਦੇ ਪੁੱਤਰ ਨੂੰ ਘਰ ਵਾਪਸ ਲੈ ਕੇ ਆਵੇਗਾ। ਪਰ ਹਰਜੀਤ ਨੂੰ ਪਤਾ ਸੀ ਕਿ ਇਹ ਸੂਰਜ ਉਨਾਂ ਦੀਆਂ ਜ਼ਿੰਦਗੀਆਂ ਵਿੱਚ ਹਮੇਸ਼ਾ ਲਈ ਹਨੇਰਾ ਲੈ ਕੇ ਆ ਰਿਹਾ ਹੈ। ਸਵੇਰ ਹੋ ਗਈ ਤੇ ਮਾਸਟਰ ਹਰਨੇਕ ਲੈ ਆਇਆ ਤਰਨ ਨੂੰ ਉਸ ਦੀ ਮਾਂ ਕੋਲ। ਪਲਾਂ ਵਿੱਚ ਹੀ ਸਾਰਾ ਪਿੰਡ ਇਕੱਠਾ ਹੋ ਗਿਆ । ਬੁੱਢੜੀ ਮਾਂ ਦੀਆਂ ਧਾਹਾਂ ਤੇ ਹਰਜੀਤ ਦੀਆਂ ਚੀਕਾਂ ਸੁਣ ਤੇ ਦੋਹਾਂ ਦੇ ਦੁਹੱਥੜੇ ਵੇਖ ਸਾਰੇ ਪਿੰਡ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ। ਭਾਣਾ ਬੀਤ ਚੁੱਕਿਆ ਸੀ। ਤਰਨ ਆਪਣੇ ਨਾਲ ਸਾਰੀਆਂ ਖ਼ੁਸ਼ੀਆਂ ਲੁੱਟ ਕੇ ਲੈ ਗਿਆ, ਲੁੱਟ ਕੇ ਲੈ ਗਿਆ ਪਿੰਡ ਚੋਂ ਆਪਣੀ ਸਰਦਾਰੀ ਵੀ। ਸਿਵਿਆਂ ਦੀ ਰਾਖ ਠੰਢੀ ਵੀ ਨਹੀਂ ਸੀ ਹੋਈ, ਜਦੋਂ ਗਹਿਣੇ ਧਰੀ ਜ਼ਮੀਨ ਦਾ ਪਤਾ ਚੱਲਿਆ। ਜਦੋਂ ਬੰਦਾ ਰੰਗਾਂ 'ਚ ਹੋਵੇ ਤਾਂ ਲੋਕ ਫ਼ਖ਼ਰ ਨਾਲ ਬਿਨਾਂ ਜਾਣ-ਪਛਾਣ ਵੀ ਉਸ ਦੇ ਕੋਲ ਆ ਖੜਦੇ ਨੇ। ਪਰ ਜਦੋਂ ਪੱਲੇ ਕੰਗਾਲੀ ਪੈਂਦੀ ਹੈ, ਤਾਂ ਖ਼ੂਨ ਦੇ ਰਿਸ਼ਤੇ ਵੀ ਮੂੰਹ ਫੇਰ ਲੈਂਦੇ ਨੇ। ਇਹ ਹੋਇਆ ਹਰਜੀਤ ਨਾਲ ਵੀ। ਸਕੇ ਸਬੰਧੀ ਮੂੰਹ ਵੱਟ ਗਏ। ਜ਼ਮੀਨ ਵੀ ਚਲੇ ਗਈ। ਘਰ ਸੁੰਨਾ ਹੋ ਗਿਆ।

**ਬਾਕੀ ਸ.ਫ਼ਾ 31 'ਤੇ**

# ਆਈਪੀਐੱਲ ਮੈਚ ਦਾ ਹੀਰੋ ਅਰਸ਼ਦੀਪ

## ✪ 4 ਓਵਰਾਂ ਵਿੱਚ 35 ਦੌੜਾਂ ਦੇ ਕੇ 3 ਵਿਕਟਾਂ ਲਈਆਂ ✪ ਮਾਂ ਬਾਪ ਦਾ ਸੁਪਨਾ ਸੀ ਕਿ ਅਰਸ਼ਦੀਪ ਕੈਨੇਡਾ ਪੜਨ ਜਾਵੇ, ਪਰ ਉਸਨੇ ਕ੍ਰਿਕਟ ਨੂੰ ਦਿੱਤੀ ਤਰਜੀਹ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਬੀਤੇ ਸੋਮਵਾਰ ਦੇ ਆਈਪੀਐੱਲ ਮੈਚ ਤੋਂ ਬਾਅਦ ਸੁਰਖ਼ੀਆਂ ਇਹ ਸਨ ਕਿ ਪੰਜਾਬ ਨੇ ਰਾਜਸਥਾਨ ਨੂੰ ਸੰਜੂ ਸੈਮਸਨ ਦੇ ਜ਼ਬਰਦਸਤ ਸੈਂਕੜੇ ਦੇ ਬਾਵਜੂਦ ਹਰਾ ਦਿੱਤਾ ਪਰ ਪੰਜਾਬ ਦੀ ਇਸ ਜਿੱਤ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲਾ ਇੱਕ ਖਿਡਾਰੀ ਸੀ ਅਰਸ਼ਦੀਪ ਸਿੰਘ। ਰਾਜਸਥਾਨ ਨੂੰ ਆਖ਼ਰੀ ਓਵਰ ਵਿੱਚ 13 ਦੌੜਾਂ ਦੀ ਲੋੜ ਸੀ ਜਦੋਂ ਪੰਜਾਬ ਦੇ ਕਪਤਾਨ ਕੇ ਐੱਲ ਰਾਹੁਲ ਨੇ ਉਨਾਂ ਨੂੰ ਗੇਂਦ ਸੌਂਪੀ। ਉਸ ਤੋਂ ਪਹਿਲਾਂ ਕੌਮਾਂਤਰੀ ਗੇਂਦਬਾਜ਼ਾਂ ਨੂੰ ਕਾਫ਼ੀ ਮਾਰ ਪੈ ਚੁੱਕੀ ਸੀ ਅਤੇ ਰਾਜਸਥਾਨ ਲਈ 222 ਦੇ ਟਾਰਗੈਟ ਦਾ ਪਿੱਛਾ ਕਰਦੇ ਹੋਏ ਆਖ਼ਰੀ ਓਵਰ ਵਿੱਚ 13 ਦੌੜਾਂ ਕੋਈ ਮੁਸ਼ਕਲ ਕੰਮ ਨਹੀਂ ਜਾਪਦਾ ਸੀ। ਪਰ ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਅਰਸ਼ਦੀਪ ਨੇ ਆਪਣਾ ਸੰਜਮ ਬਣਾਈ ਰੱਖਿਆ ਅਤੇ ਨਾ ਸਿਰਫ਼ ਲੋੜੀਂਦੀਆਂ ਦੌੜਾਂ ਬਣਨੀਆਂ ਰੋਕੀਆਂ ਬਲਕਿ ਸੰਜੂ ਸੈਮਸਨ ਨੂੰ ਵੀ ਆਊਟ ਕਰ ਦਿੱਤਾ। ਅਰਸ਼ਦੀਪ ਨੇ ਤਿੰਨ ਵਿਕਟਾਂ ਲਈਆਂ, ਜੋ ਉਸ ਦੀ ਟੀਮ ਵੱਲੋਂ ਸਭ ਤੋਂ ਵੱਧ ਹਨ। 22 ਸਾਲਾ ਪੰਜਾਬ ਦੇ ਇਸ ਖਿਡਾਰੀ ਦੇ ਮਾਪੇ ਸਪੱਸ਼ਟ ਤੌਰ ’ਤੇ ਮਾਣ ਮਹਿਸੂਸ ਕਰਦੇ ਹਨ। ਪਰ ਕੁਝ ਸਾਲ ਪਹਿਲਾਂ ਉਨਾਂ ਨੇ ਅਜਿਹਾ ਮਹਿਸੂਸ ਨਹੀਂ ਕੀਤਾ ਸੀ।

ਚੰਡੀਗੜ ਤੋਂ ਬਾਅਦ ਹੁਣ ਖਰੜ ਵਿੱਚ ਵਸੇ ਉਸ ਦੇ ਪਿਤਾ ਦਰਸ਼ਨ ਸਿੰਘ ਨੇ ਦੱਸਿਆ, ‘ਮੈਂ ਚਾਹੁੰਦਾ ਸੀ ਕਿ ਉਹ ਕੈਨੇਡਾ ਜਾਵੇ। ਇਹ ਇਸ ਲਈ ਸੀ ਕਿ ਦਰਸ਼ਨ ਸਿੰਘ ਨੂੰ ਫ਼ਿਕਰ ਸੀ ਕਿ ਉਸ ਦੇ ਬੇਟੇ ਨੂੰ ਇੱਥੇ ਕੋਈ ਚੰਗਾ ਕੰਮ ਜਾਂ ਨੌਕਰੀ ਨਹੀਂ ਮਿਲੇਗੀ। ਦਰਸ਼ਨ ਸਿੰਘ ਆਖਦੇ ਹਨ ਕਿ ਸਾਰੇ ਮਾਪੇ ਚਾਹੁੰਦੇ ਹਨ ਕਿ ਉਨਾਂ ਦੇ ਬੱਚੇ ਵਿੱਤੀ ਤੌਰ ’ਤੇ ਸੁਰੱਖਿਅਤ ਰਹਿਣ, ਜ਼ਿੰਦਗੀ ਵਿਚ ਵਧੀਆ ਪ੍ਰਦਰਸ਼ਨ ਕਰਨ। ਮੈਂ ਅਰਸ਼ਦੀਪ ਲਈ ਵੀ ਇਹੀ ਚਾਹੁੰਦਾ ਸੀ। ਉਸ ਦਾ ਵੱਡਾ ਭਰਾ ਕੈਨੇਡਾ ਗਿਆ ਹੋਇਆ ਹੈ ਅਤੇ ਇਸ ਕਰਕੇ ਮੈਂ ਚਾਹੁੰਦਾ ਸੀ ਕਿ ਪਲੱਸ ਟੂ ਕਰ ਕੇ ਉਹ ਵੀ ਉੱਥੇ ਚਲੇ ਜਾਵੇ। ਤੁਸੀਂ ਜਾਣਦੇ ਹੋ ਕਿ ਪੰਜਾਬ ਵਿਚ ਨੌਕਰੀਆਂ ਦੀ ਸਥਿਤੀ ਕਿਵੇਂ ਦੀ ਹੈ। ਜ਼ਮੀਨ ਸੁੰਗੜ ਗਈ ਹੈ। ਇਸ ਲਈ



ਖੇਤੀਬਾੜੀ ਵੀ ਬਦਲ ਨਹੀਂ ਹੈ। ਇਸ ਲਈ ਇਹ ਭਵਿੱਖ ਅਤੇ ਵਿੱਤੀ ਸਥਿਰਤਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਅਸੀਂ ਚਾਹੁੰਦੇ ਸੀ ਕਿ ਉਹ ਕੈਨੇਡਾ ਜਾਵੇ। ਪਰ ਅਰਸ਼ਦੀਪ ਨੇ ਕਿਹਾ ਮੈਨੂੰ ਕ੍ਰਿਕਟ ’ਤੇ ਧਿਆਨ ਕੇਂਦਰਿਤ ਕਰਨ ਲਈ ਇੱਕ ਸਾਲ ਦੇ ਦਿਓ ਅਤੇ ਇਸ ਤੋਂ ਬਾਅਦ ਜਿਵੇਂ ਤੁਸੀਂ ਕਹੋਗੇ ਉਹ ਕਰਾਂਗਾ। ਸੋ, ਮੈਂ ਉਸ ਨੂੰ ਇੱਕ ਸਾਲ ਦੀ ਇਜਾਜ਼ਤ ਦੇ ਦਿੱਤੀ।’

ਦਰਸ਼ਨ ਸਿੰਘ ਕਹਿੰਦੇ ਹਨ ਕਿ ਅਰਸ਼ਦੀਪ ਨੇ ਸਖ਼ਤ ਮਿਹਨਤ ਕੀਤੀ ਅਤੇ 19 ਸਾਲ ਤੋਂ ਘੱਟ ਉਮਰ ਦੀ ਭਾਰਤ ਦੀ ਟੀਮ ਲਈ ਚੁਣਿਆ ਗਿਆ। ਉਹ ਕਹਿੰਦੇ ਹਨ, ‘ਉਹ ਆਈਪੀਐਲ ਵਿੱਚ ਪੰਜਾਬ ਲਈ ਖੇਡ ਰਿਹਾ ਹੈ ਅਤੇ ਭਾਰਤ ਜੂਨੀਅਰ ਟੀਮ ਲਈ ਖੇਡਿਆ ਹੈ। ਹੁਣ ਅਸੀਂ ਉਮੀਦ ਕਰਦੇ ਹਾਂ ਅਤੇ ਪ੍ਰਾਰਥਨਾ ਕਰਦੇ ਹਾਂ ਕਿ ਉਹ ਇੱਕ ਦਿਨ ਭਾਰਤ ਲਈ ਖੇਡੇ। ਇਹ ਸੱਚਮੁੱਚ ਸਾਨੂੰ ਮਾਣ ਬਖ਼ਸ਼ੇਗਾ।

ਇਸ ਤੋਂ ਬਾਅਦ ਉਸ ਦੀ ਕ੍ਰਿਕਟ ਅਤੇ ਤਕਦੀਰ ਦੋਵੇਂ ਬਦਲਣ ਲੱਗ ਪਈ। ਉਸ ਨੇ ਸਖ਼ਤ ਮਿਹਨਤ ਕੀਤੀ ਅਤੇ 19 ਸਾਲ ਤੋਂ ਘੱਟ ਉਮਰ ਦੀ ਭਾਰਤ ਦੀ ਟੀਮ ਲਈ ਚੁਣਿਆ ਗਿਆ। ਉਹ ਵਿਸ਼ਵ ਕੱਪ ਅਤੇ ਏਸ਼ੀਆ ਕੱਪ ਖੇਡਣ ਗਿਆ ਅਤੇ ਵਧੀਆ ਪ੍ਰਦਰਸ਼ਨ ਕੀਤਾ।

ਦਰਸ਼ਨ ਸਿੰਘ ਕਹਿੰਦੇ ਹਨ ਕਿ ਆਈਪੀਐੱਲ ਵਿੱਚ ਉਸ ਨੂੰ 2017 ਵਿੱਚ ਨਹੀਂ ਚੁਣਿਆ ਗਿਆ ਸੀ ਪਰ ਅਗਲੇ ਸਾਲ ਪੰਜਾਬ ਨੇ ਉਸ ਨੂੰ ਖ਼ਰੀਦ ਲਿਆ ਅਤੇ ਉਹ ਖ਼ੁਦ ਨੂੰ ਸਾਬਤ ਕਰ ਚੁੱਕਿਆ ਹੈ। ਉਨਾਂ ਦੇ ਕੋਚ ਜਸਵੰਤ ਰਾਏ ਨੇ ਦੱਸਿਆ, ‘ਇਹ ਉਸ ਦੀ ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਸੀ ਕਿ ਉਸ ਦੀ ਗੇਮ ਵਿੱਚ ਨਾਟਕੀ ਢੰਗ ਨਾਲ ਸੁਧਾਰ ਹੋਇਆ। ਉਸ ਨੂੰ ਚੁਣੌਤੀ ਦਿਓ ਅਤੇ ਉਹ ਕਦੇ ਵੀ ‘ਨਾ’ ਨਹੀਂ ਕਹਿੰਦਾ, ਜਾਂ ਪਿੱਛੇ ਨਹੀਂ ਹਟਦਾ।’

**ਅਰਸ਼ਦੀਪ ਦੀ ਪ੍ਰਾਪਤੀ ਪਿਛੇ ਕੋਚ ਜਸਵੰਤ ਰਾਏ ਨੇ ਅਹਿਮ ਭੂਮਿਕਾ**

ਦਰਸ਼ਨ ਸਿੰਘ ਦਸਦੇ ਹਨ ਕਿ ਅਰਸ਼ਦੀਪ ਦੇ ਕੋਚ ਜਸਵੰਤ ਰਾਏ ਨੇ ਅਹਿਮ ਭੂਮਿਕਾ ਨਿਭਾਈ ਹੈ। ‘ਕੇਂਦਰੀ ਉਦਯੋਗਿਕ ਸੁਰੱਖਿਆ ਬਲ ਵਿੱਚ ਇੱਕ ਇੰਸਪੈਕਟਰ ਹੋਣ ਦੇ ਨਾਤੇ ਮੈਂ ਇੱਕ ਤਬਦੀਲੀ ਯੋਗ ਨੌਕਰੀ ਵਿੱਚ ਸੀ ਪਰ ਮੇਰੀ ਪਤਨੀ ਨੇ ਇਹ ਯਕੀਨੀ ਕੀਤਾ ਕਿ ਅਰਸ਼ਦੀਪ ਕ੍ਰਿਕਟ ਖੇਡਣਾ ਜਾਰੀ ਰੱਖੇ। ਅਸੀਂ ਉਸ ਵੇਲੇ ਚੰਡੀਗੜ ਵਿਚ ਰਹਿੰਦੇ ਸੀ। ਉਹ ਉਸ ਨੂੰ ਕੜਕ ਧੁੱਪ ਵਿੱਚ ਸਾਈਕਲ ’ਤੇ ਕੋਚਿੰਗ ਅਕੈਡਮੀ ਲੈ ਕੇ ਜਾਂਦੀ ਸੀ। ਅੱਜ ਉਸ ਦੀ ਮਿਹਨਤ ਦਾ ਫਲ ਵੀ ਮਿਲਿਆ ਹੈ।’

‘ਜਦੋਂ ਅਰਸ਼ਦੀਪ ਆਖ਼ਰੀ ਓਵਰ ਗੇਂਦਬਾਜ਼ੀ ਕਰ ਰਿਹਾ ਸੀ, ਕੋਚ ਜਸਵੰਤ ਰਾਏ ਚਿੰਤਤ ਸੀ। ਪਰ ਉਹ ਜਾਣਦਾ ਸੀ ਕਿ ਅਰਸ਼ਦੀਪ ਕੋਲ ਉਸ ਦੇ ਗੇਂਦਬਾਜ਼ੀ ਦੇ ਸ਼ਸਤਰਾਂ ਵਿੱਚ ਕੀ ਸੀ ।ਉਹ ਯਾਰਕਰਾਂ ਨੂੰ ਚੰਗੀ ਗੇਂਦਬਾਜ਼ੀ ਕਰਦਾ ਆ ਰਿਹਾ ਸੀ ਪਰ ਅਸੀਂ ਆਈਪੀਐਲ ਤੋਂ ਠੀਕ ਪਹਿਲਾਂ ਉਸ ਦੀ ਹੌਲੀ ਗੇਂਦ ’ਤੇ ਕੰਮ ਕੀਤਾ। ਸਮੱਸਿਆ ਇਹ ਸੀ ਕਿ ਉਸ ਦੀ ਹੌਲੀ ਗੇਂਦ ਸਿੱਧੀ ਸੀ ਅਤੇ ਮੈਂ ਚਾਹੁੰਦਾ ਸੀ ਕਿ ਉਹ ਇੱਕ ਅਜਿਹੀ ਗੇਂਦ ਵਿਕਸਤ ਕਰੇ ਜੋ ਟੱਪੇ ਤੋਂ ਬਾਅਦ ਬਾਹਰ ਨਿਕਲਦੀ ਹੈ। ਉਸ ਨੇ ਜਲਦੀ ਹੀ ਇਹ ਕਰਨਾ ਸ਼ੁਰੂ ਕਰ ਦਿੱਤਾ ਅਤੇ ਸੰਜੂ ਸੈਮਸਨ ਨੂੰ ਆਊਟ ਕਰਨ ਵਾਲੀ ਉਹੀ ਗੇਂਦ ਨਾਲ ਪੰਜਾਬ ਨੂੰ ਆਪਣੀ ਪਹਿਲੀ ਜਿੱਤ ਦਿਵਾਈ।

# ਚਲ ਵਸੇ ਹਾਕੀ ਸਟਾਰ ਬਲਬੀਰ ਸਿੰਘ ਜੂਨੀਅਰ

**ਚੰਡੀਗੜ/ਏ.ਟੀ.ਨਿਊਜ਼ :** ਹਾਕੀ ਜਗਤ ਨੂੰ ਇੱਕ ਵੱਡਾ ਘਾਟਾ ਪਿਆ ਹੈ। ਸਾਬਕਾ ਹਾਕੀ ਖਿਡਾਰੀ ਤੇ ਏਸ਼ੀਅਨ ਖੇਡਾਂ ਦੀ ਚਾਂਦੀ ਤਮਗਾ ਜੇਤੂ ਟੀਮ ਦੇ ਮੈਂਬਰ ਬਲਬੀਰ ਸਿੰਘ ਜੂਨੀਅਰ ਦਾ ਬੀਤੇ ਐਤਵਾਰ ਸਵੇਰੇ ਦੇਹਾਂਤ ਹੋ ਗਿਆ। ਉਹ 89 ਸਾਲਾਂ ਦੇ ਸੀ। ਬਲਬੀਰ ਸਿੰਘ ਜੂਨੀਅਰ ਦੀ ਪਤਨੀ ਸੁਖਪਾਲ ਕੌਰ ਨੇ ਦੱਸਿਆ ਕਿ ਉਹ ਦਿਲ ਦੀ ਬਿਮਾਰੀ ਤੋਂ ਪੀੜਤ ਸੀ ਤੇ ਲੰਬੇ ਸਮੇਂ ਤੋਂ ਬਿਮਾਰ ਸੀ। ਜਦੋਂ ਸਵੇਰੇ ਪੰਜ ਵਜੇ ਉਨਾਂ ਨੇ ਉਨਾਂ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਨਹੀਂ ਉੱਠੇ।

2 ਮਈ 1932 ਨੂੰ ਸੰਸਾਰਪੁਰ (ਜਲੰਧਰ) ਵਿਖੇ ਜਨਮੇ ਬਲਬੀਰ ਸਿੰਘ ਜੂਨੀਅਰ ਸੈਕਟਰ -34, ਚੰਡੀਗੜ ਵਿਖੇ ਰਹਿੰਦੇ ਸਨ। ਸੁਖਪਾਲ ਕੌਰ ਨੇ ਦੱਸਿਆ ਕਿ ਉਨਾਂ ਦੇ ਦੋ ਬੱਚੇ ਹਨ। ਬੇਟਾ ਹਰਮਨਜੀਤ ਕੈਨੇਡਾ ਵਿਚ ਰਹਿੰਦਾ ਹੈ ਜਦਕਿ ਬੇਟੀ ਮਨਦੀਪ ਕੌਰ ਅਮਰੀਕਾ ਵਿਚ ਰਹਿੰਦੀ ਹੈ। ਦੇਹਾਂਤ ਦੀ ਖਬਰ ਸੁਣਦਿਆਂ ਹੀ ਧੀ ਪਹੁੰਚ ਗਈ, ਜਦਕਿ ਬੇਟਾ ਨਹੀਂ ਪਹੁੰਚ ਸਕਿਆ। ਸਿਰਫ ਛੇ ਸਾਲ ਦੀ ਉਮਰ ਤੋਂ ਹੀ ਹਾਕੀ ਸਟਿੱਕ ਫੜਨ ਵਾਲੇ ਬਲਬੀਰ ਸਿੰਘ ਜੂਨੀਅਰ ਰਾਸ਼ਟਰੀ ਹਾਕੀ ਦਾ ਇਕ ਮਸ਼ਹੂਰ ਚਿਹਰਾ ਸੀ। ਉਹ ਇੱਕ ਮੇਜਰ ਦੇ ਤੌਰ ’ਤੇ 1984 ਵਿੱਚ ਫੌਜ ਤੋਂ ਰਿਟਾਇਰ ਹੋਏ ਸੀ। ਉਨਾਂ ਭਾਰਤੀ ਰੇਲਵੇ ਨੂੰ ਹਾਕੀ ਦੀਆਂ ਸਿਖਰਾਂ ’ਤੇ ਲਿਜਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਦੇ ਕਾਰਨ 1957 ਤੋਂ 59 ਤੱਕ ਦੀ ਰੇਲਵੇ ਟੀਮ ਰਾਸ਼ਟਰੀ ਚੈਂਪੀਅਨ ਸੀ।





ਡੀਏਵੀ ਕਾਲਜ ਜਲੰਧਰ ਤੋਂ ਗ੍ਰੈਜੂਏਸ਼ਨ ਪੂਰੀ ਕਰਨ ਵਾਲੇ ਬਲਬੀਰ ਜੂਨੀਅਰ ਨੇ ਆਪਣੇ ਕੈਰੀਅਰ ਵਿਚ ਨਵਾਂ ਮੋੜ ਉਦੋਂ ਲਿਆ ਜਦੋਂ ਉਨਾਂ 1962 ਵਿਚ ਫੌਜ ਦੀ ਨੌਕਰੀ ਸ਼ੁਰੂ ਕੀਤੀ। ਉਹ ਨੈਸ਼ਨਲ ਹਾਕੀ ਟੂਰਨਾਮੈਂਟ ’ਚ ਦਿੱਲੀ ਵਿਚ ਸੈਨਾ ਲਈ ਖੇਡਦੇ ਸੀ। ਉਨਾਂ ਨੇ ਕੀਨੀਆ ਖਿਲਾਫ ਟੈਸਟ ਮੈਚ ਵੀ ਖੇਡੇ। ਉਹ ਕਿਸੇ ਸਮੇਂ ਪੰਜਾਬ ਯੂਨੀਵਰਸਿਟੀ ਦੀ ਟੀਮ ਦੇ ਕਪਤਾਨ ਹੁੰਦੇ ਸੀ। ਬਲਬੀਰ ਸਿੰਘ ਜੂਨੀਅਰ ਨੈਸ਼ਨਲ ਵਿਚ ਵੀ ਪੰਜਾਬ ਰਾਜ ਦੀ ਟੀਮ ਦਾ ਹਿੱਸਾ ਸੀ।

# ਕੇਲ-ਬੇਸ਼ਕੀਮਤੀ ਪੱਤਾ...

ਜੇ ਕੇਲ ਪੱਤਿਆਂ ਨੂੰ ਜ਼ਿਆਦਾ ਉਬਾਲ ਲਿਆ ਜਾਵੇ ਜਾਂ ਰਿੰਨ ਲਿਆ ਜਾਵੇ ਤਾਂ ਏਨੇ ਸਾਰੇ ਤੱਤਾਂ ਵਿੱਚੋਂ ਕਾਫ਼ੀ ਬਾਹਰ ਨਿਕਲ ਜਾਂਦੇ ਹਨ। ਭਾਫ਼ ਜਾਂ ਮਾਈਕਰੋਵੇਵ ਵਿਚ ਬਣਾਉਣ ਨਾਲ ਕਾਫ਼ੀ ਤੱਤ ਬਚ ਜਾਂਦੇ ਹਨ।

ਇਨਾਂ ਤੋਂ ਇਲਾਵਾ ਕੈਰੋਟੀਨਾਇਡ, ਲਿਊਟੀਨ ਤੇ ਜ਼ੀਜ਼ੈਂਥੀਨ ਵੀ ਭਰੇ ਪਏ ਹਨ। ਕੇਲ ਪੱਤਿਆਂ ਵਿਚਲਾ ਗਲੂਕੋਰਾਫੈਨਿਨ ਹੀ ਮਨੁੱਖੀ ਖੋਜ ਦਾ ਆਧਾਰ ਬਣ ਕੇ ਇਸ ਨੂੰ ਗੁਣਾਂ ਦੀ ਖਾਣ ਬਣਾ ਰਿਹਾ ਹੈ। ਪੌਲੀਫੀਨੋਲ ਵੀ ਕੇਲ ਵਿਚ ਕਾਫੀ ਮਾਤਰਾ ਵਿਚ ਹਨ।

ਕੇਲ ਵਿਚਲਾ ਓਗਜ਼ੈਲਿਕ ਏਸਿਡ ਨੁਕਸਾਨ ਕਰ ਸਕਦਾ ਹੈ ਪਰ ਮਾਈਕ੍ਰੋਵੇਵ ਵਿਚ ਬਣਾਉਣ ਨਾਲ ਉਸ ਦੀ ਮਾਤਰਾ ਘੱਟ ਹੋ ਜਾਂਦੀ ਹੈ।

ਸਕਾਟਲੈਂਡ ਦੀ ਇਕ ਮਜ਼ੇਦਾਰ ਕਹਾਣੀ ਕੇਲ ਪੱਤਿਆਂ ਬਾਰੇ ਮਸ਼ਹੂਰ ਹੈ। ਕਿਲਮੌਰ ਵਿਚ ਖ਼ੂਬਸੂਰਤ ਕੇਲ ਪੱਤਿਆਂ ਦੀ ਭਰਮਾਰ ਸੀ। ਨਾਲ ਦੇ ਪਿੰਡ ਵਾਲਿਆਂ ਨੇ ਇਸ ਦੀ ਖ਼ੂਬਸੂਰਤੀ ਉੱਤੇ ਮੋਹਿਤ ਹੋ ਬਹੁਤ ਸਾਰੇ ਪੈਸੇ ਦੇ ਕੇ ਪੱਤੇ ਖ਼ਰੀਦਣੇ ਚਾਹੇ।

ਕਿਲਮੌਰ ਵਾਲਿਆਂ ਨੇ ਚੁਸਤੀ ਵਰਤਦਿਆਂ ਪੈਸੇ ਲੈ ਲਏ ਪਰ ਕੋਲਿਆਂ ਦੀ ਹਲਕੀ ਅੱਗ ਉੱਤੇ ਰਤਾ ਰਤਾ ਭੁੰਨ ਕੇ ਪੱਤੇ ਵੇਚ ਦਿੱਤੇ ਤਾਂ ਜੋ ਇੱਕ ਵਾਰ ਭਾਵੇਂ ਉਹ ਵਰਤ ਲੈਣ ਪਰ ਇਹ ਪੱਤੇ ਕਦੇ ਦੂਜੀ ਥਾਂ ਪੁੰਗਰਨ ਨਾ ਅਤੇ ਪਿੰਡ ਵਾਲੇ ਹਮੇਸ਼ਾ ਵਾਸਤੇ ਪੱਤੇ ਖ਼ਰੀਦਣ ਉਨਾਂ ਕੋਲ ਹੀ ਆਉਂਦੇ ਰਹਿਣ!

ਫ਼ਾਇਦੇ :-

1. ਸ਼ੱਕਰ ਰੋਗੀ :-

ਅਮਰੀਕਨ ਡਾਇਆਬੀਟੀਜ਼ ਐਸੋਸੀਏਸ਼ਨ ਨੇ ਤਾਂ ਐਲਾਨ ਹੀ ਕਰ ਦਿੱਤਾ ਹੈ ਕਿ ਜੇ ਸ਼ੱਕਰ ਰੋਗ ਹੋਣ ਤੋਂ ਬਚਣਾ ਹੈ ਤਾਂ ਕੇਲ ਪੱਤਾ ਰੋਜ਼ਾਨਾ ਖਾ ਲੈਣਾ ਚਾਹੀਦਾ ਹੈ। ਇਸ ਵਿਚਲੇ ਵਿਟਾਮਿਨ, ਮਿਨਰਲ ਕਣ, ਫਾਈਬਰ ਅਤੇ ਐਂਟੀਆਕਸੀਡੈਂਟ ਸ਼ੱਕਰ ਰੋਗੀਆਂ ਲਈ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਚੁੱਕੇ ਹਨ।

ਸੰਨ 2018 ਵਿਚ ਹੋਈ ਖੋਜ ਅਨੁਸਾਰ ਜਿਹੜੇ ਬੰਦੇ ਜ਼ਿਆਦਾ ਫਾਈਬਰ ਵਾਲੀ ਖ਼ੁਰਾਕ ਖਾਂਦੇ ਹੋਣ, ਉਨਾਂ ਦੇ ਲਹੂ ਵਿਚਲੀ ਸ਼ੱਕਰ ਦੀ ਮਾਤਰਾ ਕਾਬੂ ਵਿਚ ਰਹਿੰਦੀ ਹੈ। ਸਰੀਰ ਅੰਦਰ ਵਧੀ ਸ਼ੱਕਰ ਦੀ ਮਾਤਰਾ ਨਾਲ ਫਰੀ ਰੈਡੀਕਲ ਅੰਸ਼ ਨਿਕਲ ਪੈਂਦੇ ਹਨ ਜੋ ਸਾਰੇ ਅੰਗਾਂ ਦਾ ਨੁਕਸਾਨ ਕਰ ਸਕਦੇ ਹਨ। ਇਨਾਂ ਤੋਂ ਹੋ ਰਹੇ ਨੁਕਸਾਨ ਨੂੰ ਰੋਕਣ ਲਈ ਕੁਦਰਤੀ ਵਿਟਾਮਿਨ ਸੀ ਅਤੇ ਐਲਫਾ ਲਿਨੋਲਿਨਿਕ ਏਸਿਡ ਵਧੀਆ ਸਾਬਤ ਹੋ ਚੁੱਕੇ ਹਨ ਜੋ ਕੇਲ ਵਿਚ ਭਰੇ ਪਏ ਹਨ।

2. ਦਿਲ ਦੇ ਰੋਗ :- ਦਿਲ ਨੂੰ ਸਿਹਤਮੰਦ ਰੱਖਣ ਲਈ ਜੋ ਅੰਸ਼ ਚਾਹੀਦੇ ਹਨ, ਉਹ ਸਾਰੇ ਕੇਲ ਪੱਤੇ ਵਿਚ ਹਨ। ਅਮਰੀਕਨ ਹਾਰਟ ਐਸੋਸੀਏਸ਼ਨ ਅਨੁਸਾਰ ਦਿਲ ਵਾਸਤੇ ਪੋਟਾਸ਼ੀਅਮ ਵੱਧ ਤੇ ਲੂਣ ਘੱਟ ਠੀਕ ਰਹਿੰਦਾ ਹੈ ਕਿਉਂਕਿ ਬਲੱਡ ਪ੍ਰੈੱਸ਼ਰ ਕਾਬੂ ਵਿਚ ਰਹਿੰਦਾ ਹੈ। ਇਕ ਕੱਪ ਭੁੰਨੇ ਕੇਲ ਵਿਚ ਰੋਜ਼ ਦੇ ਲੋੜੀਂਦੇ ਪੋਟਾਸ਼ੀਅਮ ਦਾ 3.6 ਫੀਸਦੀ ਹਿੱਸਾ ਪਹੁੰਚ ਜਾਂਦਾ ਹੈ।

ਸੰਨ 2016 ਦੀ ਕੋਕਰੇਨ ਖੋਜ ਵਿਚ ਵੀ ਵੱਧ ਫਾਈਬਰ ਨਾਲ ਕੋਲੈਸਟਰੋਲ ਦਾ ਘਟਣਾ ਜੋੜਿਆ ਗਿਆ ਹੈ। ਇੰਜ ਬਲੱਡ ਪ੍ਰੈੱਸ਼ਰ ਵੀ ਕਾਬੂ ਵਿਚ ਰਹਿੰਦਾ ਹੈ। ਇਸੇ ਲਈ ਕੇਲ ਸਹਾਈ ਸਾਬਤ ਹੋ ਰਿਹਾ ਹੈ।

3. ਕੈਂਸਰ :-

ਜਦੋਂ ਮੀਟ-ਚਿਕਨ ਤੇਜ਼ ਅੱਗ ਉੱਤੇ ਗਰਿੱਲ ਕਰ ਕੇ ਪਕਾਇਆ ਜਾਵੇ ਤਾਂ ਉਸ ਵਿੱਚੋਂ ‘ਹੈਟਰੋਸਾਈਕਲਿਕ ਅਮੀਨ’ ਅੰਸ਼ ਨਿਕਲ ਪੈਂਦੇ ਹਨ ਜੋ ਲਗਾਤਾਰ ਖਾਂਦੇ ਰਹਿਣ ਨਾਲ ਕੈਂਸਰ ਦਾ ਕਾਰਨ ਬਣਦੇ ਹਨ। ਕੇਲ ਵਿਚਲਾ ਕਲੋਰੋਫਿਲ ਸਰੀਰ ਹਜ਼ਮ ਨਹੀਂ ਕਰ ਸਕਦਾ ਪਰ ਉਹ ਇਨਾਂ ਮਾੜੇ ਅੰਸ਼ਾਂ ਨੂੰ ਆਪਣੇ ਨਾਲ ਮਿਲਾ ਕੇ ਸਰੀਰ ਅੰਦਰ ਨੁਕਸਾਨ ਕਰਨ ਤੋਂ ਪਹਿਲਾਂ ਹੀ ਬਾਹਰ ਕੱਢ ਦਿੰਦਾ ਹੈ।

ਵਿਟਾਮਿਨ ਸੀ, ਬੀਟਾ ਕੈਰੋਟੀਨ, ਸੀਲੀਨੀਅਮ ਤੇ ਹੋਰ ਕੇਲ ਵਿਚਲੇ ਐਂਟੀਆਕਸੀਡੈਂਟ ਕੈਂਸਰ ਵਾਲੇ ਸੈੱਲਾਂ ਨੂੰ ਵਧਣ ਤੋਂ ਰੋਕਦੇ ਹਨ। ਕੇਲ ਵਿਚਲਾ ਫਾਈਬਰ ਵੀ ਅੰਤੜੀਆਂ ਦੇ ਕੈਂਸਰ (ਕੋਲੋਰੈਕਟਲ) ਤੋਂ ਬਚਾਓ ਕਰਦਾ ਹੈ (ਸੰਨ 2015 ਵਿਚ ਛਪੀ ਖੋਜ)।

4. ਹੱਡੀਆਂ ਲਈ :-

ਕੇਲ ਵਿਚਲੇ ਕੈਲਸ਼ੀਅਮ ਤੇ ਫਾਸਫੋਰਸ ਹੱਡੀਆਂ ਤਗੜੀਆਂ ਕਰਨ ਵਿਚ ਮਦਦ ਕਰਦੇ ਹਨ। ਵਿਟਾਮਿਨ ਕੇ ਹੱਡੀਆਂ ਟੁੱਟਣ ਤੋਂ ਬਚਾਓ ਕਰਦਾ ਹੈ ਤੇ ਲਹੂ ਵਗਣ ਤੋਂ ਵੀ ਰੋਕਦਾ ਹੈ।

ਹੁਣ ਧਿਆਨ ਕਰੋ ਕਿ ਭੁੰਨੇ ਕੇਲ ਦੇ ਪੱਤਿਆਂ ਦਾ ਇੱਕ ਕੱਪ ਰੋਜ਼ ਦੇ ਲੋੜੀਂਦੇ ਵਿਟਾਮਿਨ ਕੇ ਤੋਂ ਪੰਜ ਗੁਣਾ ਵੱਧ ਹਿੱਸਾ ਸਰੀਰ ਅੰਦਰ ਪਹੁੰਚਾ ਦਿੰਦਾ ਹੈ, ਕੈਲਸ਼ੀਅਮ ਦਾ 18 ਫੀਸਦੀ ਤੇ ਫਾਸਫੋਰਸ ਦਾ ਸੱਤ ਫੀਸਦੀ ਹਿੱਸਾ!

5. ਹਾਜ਼ਮਾ :-

ਕੇਲ ਵਿਚਲਾ ਫਾਈਬਰ ਤੇ ਪਾਣੀ ਦਾ ਮਿਸ਼ਰਣ ਜਿੱਥੇ ਕਬਜ਼ ਹੋਣ ਤੋਂ ਰੋਕਦਾ ਹੈ, ਉੱਥੇ ਹਾਜ਼ਮਾ ਵੀ ਸਹੀ ਕਰ ਦਿੰਦਾ ਹੈ।

6. ਚਮੜੀ ਤੇ ਵਾਲ :-

ਬੀਟਾ ਕੈਰੋਟੀਨ ਸਰੀਰ ਅੰਦਰ ਵਿਟਾਮਿਨ ਏ ਵਿਚ ਤਬਦੀਲ ਹੋ ਕੇ ਵਾਲ ਤੇ ਚਮੜੀ ਨੂੰ ਸਿਹਤਮੰਦ ਰੱਖਦੇ ਹਨ। ਕੇਲ ਵਿਚਲਾ ਵਿਟਾਮਿਨ ਸੀ ਚਮੜੀ ਵਿਚਲੇ ਕੋਲਾਜਨ ਨੂੰ ਮਜ਼ਬੂਤ ਕਰ ਕੇ ਚਮੜੀ ਦੀ ਲਚਕ ਬਰਕਰਾਰ ਰੱਖਦਾ ਹੈ।

ਇੱਕ ਕੌਲੀ ਭੁੰਨਿਆ ਕੇਲ ਰੋਜ਼ਾਨਾ ਦੀ ਲੋੜੀਂਦੀ ਵਿਟਾਮਿਨ ਏ ਦਾ 20 ਫੀਸਦੀ ਹਿੱਸਾ ਤੇ ਵਿਟਾਮਿਨ ਸੀ ਦਾ 23 ਫੀਸਦੀ ਹਿੱਸਾ ਪੂਰਾ ਕਰ ਦਿੰਦਾ ਹੈ।

7. ਅੱਖਾਂ ਲਈ :-

ਕੇਲ ਵਿਚਲੇ ਲਿਊਟੀਨ ਅਤੇ ਜ਼ੀਜ਼ੈਂਥੀਨ ਤਗੜੇ ਐਂਟੀਆਕਸੀਡੈਂਟ ਹਨ ਜੋ ਵਧਦੀ ਉਮਰ ਨਾਲ ਅੱਖ ਅੰਦਰਲੀ ਪਰਤ ਦਾ ਸੁੰਗੜਨਾ ਰੋਕ ਦਿੰਦੇ ਹਨ ਤੇ ਅੰਨੇ ਹੋਣ ਤੋਂ ਬਚਾ ਦਿੰਦੇ ਹਨ। ਵਿਟਾਮਿਨ ਸੀ, ਈ, ਬੀਟਾ ਕੈਰੋਟੀਨ ਤੇ ਜ਼ਿੰਕ ਵੀ ਅੱਖਾਂ ਨੂੰ ਸਿਹਤਮੰਦ ਰੱਖਣ ਲਈ ਵਧੀਆ ਰੋਲ ਅਦਾ ਕਰਦੇ ਹਨ। ਇਹ ਸਾਰੇ ਹੀ ਸਹੀ ਮਾਤਰਾ ਵਿਚ ਕੇਲ ਵਿਚ ਹਨ।

ਕਿਵੇਂ ਖਾਈਏ :-

- ਕੱਚੇ ਸਲਾਦ ਵਿਚ ਪੱਤੇ
- ਹਲਕਾ ਉਬਾਲ ਕੇ
- ਭੁੰਨ ਕੇ
- ਸੂਪ ਵਿਚ
- ਬਰੈੱਡ ਵਿਚ ਲਾ ਕੇ/ਬਰਗਰ ਆਦਿ।
- ਥੋਮ, ਪਿਆਜ਼ ਤੇ ਕੇਲ ਦੇ ਪੱਤੇ ਤੇਜ਼ ਅੱਗ ਉੱਤੇ ਹਲਕਾ ਭੁੰਨ ਕੇ ਓਲਿਵ ਤੇਲ ਪਾ ਕੇ ਖਾਧੇ ਜਾ ਸਕਦੇ ਹਨ ਜਾਂ ਹਲਕਾ ਉਬਾਲ ਕੇ, ਪਾਣੀ ਰੋੜ ਕੇ, ਬਾਕੀ ਪੱਤਿਆਂ ਵਿਚ ਸੋਇਆ ਚਟਨੀ ਪਾ ਕੇ ਖਾਧੇ ਜਾ ਸਕਦੇ ਹਨ।
- ਕੇਲ ਪੱਤਿਆਂ ਦੇ ਚਿੱਪਸ ਵੀ ਬਣਾਏ ਜਾ ਸਕਦੇ ਹਨ। ਮਸਾਲੇ ਪਾ ਕੇ ਓਵਨ ਵਿਚ 20 ਮਿੰਟ ਪਕਾਏ ਜਾ ਸਕਦੇ ਹਨ। ਜ਼ਿਆਦਾਤਰ ਡਾਇਨਾਸੌਰ ਕੇਲ ਦੇ ਹੀ ਚਿੱਪਸ ਬਣਾਏ ਜਾਂਦੇ ਹਨ ਕਿਉਂਕਿ ਇਸਦੇ ਪੱਤੇ ਵੱਡੇ ਹੁੰਦੇ ਹਨ।
- ਕਿਸੇ ਵੀ ਤਰਾਂ ਦੇ ਫਲਾਂ ਦੇ ਰਸ ਵਿਚ ਪਾਏ ਜਾ ਸਕਦੇ ਹਨ ਜਾਂ ਸਮੂਦੀ ਬਣਾਈ ਜਾ ਸਕਦੀ ਹੈ।
- ਤਾਜ਼ੇ ਛੋਟੇ ਪੱਤੇ ਕੌੜੇ ਨਹੀਂ ਹੁੰਦੇ ਤੇ ਉਨਾਂ ਵਿਚ ਫਾਈਬਰ ਵੀ ਵੱਧ ਹੁੰਦਾ ਹੈ।
- ਲਾਲ ਰੂਸੀ ਕੇਲ ਕਾਫ਼ੀ ਮਿੱਠੀ ਹੁੰਦੀ ਹੈ ਤੇ ਕੱਚੀ ਹੀ ਜ਼ਿਆਦਾਤਰ ਸਲਾਦ ਵਿਚ ਖਾਧੀ ਜਾਂਦੀ ਹੈ।

ਖ਼ਤਰੇ :-

1. ਕੇਲ ’ਤੇ ਅੱਜ ਕੱਲ ਏਨਾ ਕੀਟਨਾਸ਼ਕ ਸਪਰੇਅ ਕੀਤਾ ਜਾਂਦਾ ਹੈ ਕਿ ਬਿਨਾਂ ਚੰਗੀ ਤਰਾਂ ਧੋਤਿਆਂ ਖਾਣ ਨਾਲ ਇਨਾਂ ਵਿਚਲਾ ਜ਼ਹਿਰ ਸਰੀਰ ਅੰਦਰ ਪਹੁੰਚ ਕੇ ਕਹਿਰ ਢਾਅ ਸਕਦਾ ਹੈ।
2. ਜਿਹੜੇ ਮਰੀਜ਼ ਬੀਟਾ ਬਲੌਕਰ ਦਵਾਈ ਖਾ ਰਹੇ ਹੋਣ, ਉਨਾਂ ਨੂੰ ਕੇਲ ਪੱਤੇ ਘੱਟ ਖਾਣੇ ਚਾਹੀਦੇ ਹਨ ਕਿਉਂਕਿ ਇਨਾਂ ਵਿਚ ਪੋਟਾਸ਼ੀਅਮ ਕਾਫੀ ਵੱਧ ਹੁੰਦਾ ਹੈ।
3. ਗੁਰਦੇ ਦੀ ਬੀਮਾਰੀ ਵਾਲੇ ਮਰੀਜ਼ਾਂ ਲਈ ਵੀ ਵੱਧ ਪੋਟਾਸ਼ੀਅਮ ਹਾਨੀਕਾਰਕ ਹੋ ਸਕਦੀ ਹੈ।
4. ਵਾਰਫੈਰਿਨ ਦਵਾਈ ਲੈ ਰਹੇ ਮਰੀਜ਼ਾਂ ਨੂੰ ਵੀ ਕੇਲ ਪੱਤੇ ਜ਼ਿਆਦਾ ਨਹੀਂ ਖਾਣੇ ਚਾਹੀਦੇ ਕਿਉਂਕਿ ਕੇਲ ਲਹੂ ਜਮਾਉਣ ਵਿਚ ਮਦਦ ਕਰਦੀ ਹੈ ਜਦਕਿ ਵਾਰਫੈਰਿਨ ਲਹੂ ਜੰਮਣ ਤੋਂ ਰੋਕਦੀ ਹੈ।

ਸਾਰ :- ਕੁਦਰਤ ਵਿਚ ਏਨੀਆਂ ਬੇਸ਼ਕਮੀਤੀ ਚੀਜ਼ਾਂ ਲੁਕੀਆਂ ਪਈਆਂ ਹਨ ਜਿਨਾਂ ਬਾਰੇ ਹਾਲੇ ਖੋਜਾਂ ਹੋਈਆਂ ਹੀ ਨਹੀਂ ਜਾਂ ਹਾਲੇ ਖੋਜਾਂ ਜਾਰੀ ਹਨ। ਇਹ ਪੱਕਾ ਹੈ ਕਿ ਸਿਹਤਮੰਦ ਰਹਿਣ ਲਈ ਅਤੇ ਬੀਮਾਰੀਆਂ ਤੋਂ ਬਚਣ ਲਈ ਕੁਦਰਤ ਦੇ ਨੇੜੇ ਹੋਣਾ ਜ਼ਰੂਰੀ ਹੈ ਤੇ ਕੁਦਰਤ ਨੂੰ ਸੰਭਾਲਣ ਦੀ ਲੋੜ ਹੈ। ਹਵਾ, ਪਾਣੀ, ਧਰਤੀ, ਹਰ ਚੀਜ਼ ਨੂੰ ਸੰਭਾਲ ਕੇ ਪਲੀਤ ਹੋਣ ਤੋਂ ਬਚਾ ਲਈਏ ਤਾਂ ਕੇਲ ਵਰਗੀਆਂ ਅਨੇਕ ਹੋਰ ਕੁਦਰਤੀ ਸੌਗ਼ਾਤਾਂ ਸਾਨੂੰ ਲੰਮੀ ਉਮਰ ਦੇਣ ਲਈ ਤਿਆਰ ਬੈਠੀਆਂ ਹਨ।




## ਪਾਠਕਾਂ ਦਾ ਨਜ਼ਰੀਆ

### ਗੋਲੀਕਾਂਡ ਬਾਰੇ ਹਾਈਕੋਰਟ ਦਾ ਫੈਸਲਾ

**ਅਵਤਾਰ ਸਿੰਘ**

ਜਿਹੜਾ ਸੱਜਣ ਭਾਰਤ ਦਾ ਅਗਲਾ ਚੀਫ ਜਸਟਿਸ ਬਣਨ ਜਾ ਰਿਹਾ ਹੈ ਪਿਛਲੇ ਦਿਨੀਂ ਉਸਨੇ ਇਹ ਬਿਆਨ ਦਿੱਤਾ ਕਿ ਦੇਸ਼ ਦੇ ਗਰੀਬ ਅਤੇ ਲਿਤਾੜੇ ਹੋਏ ਸਭ ਤੋਂ ਜਿਆਦਾ ਜਬਰ ਦਾ ਸ਼ਿਕਾਰ ਹੁੰਦੇ ਹਨ। ਉਨਾਂ ਆਖਿਆ ਕਿ ਭਾਵੇਂ ਸਰਕਾਰਾਂ ਹੋਣ ਜਾਂ ਨਿੱਜੀ ਗਰੁੱਪ, ਉਨਾਂ ਦੇ ਜਬਰ ਦਾ ਕੁਹਾੜਾ ਗਰੀਬ ਲੋਕਾਂ ਉੱਤੇ ਹੀ ਚਲਦਾ ਹੈ ਅਤੇ ਉਨਾਂ ਦੇ ਮਨੁੱਖੀ ਹੱਕ ਹਰ ਹੀਲੇ ਕੁਚਲੇ ਜਾਂਦੇ ਹਨ। ਇਸ ਬਿਆਨ ਦਾ ਸਪੱਸ਼ਟ ਮਤਲਬ ਇਹ ਨਿਕਲਦਾ ਹੈ ਕਿ ਭਾਰਤ ਵਿੱਚ ਸਿਰਫ ਅਮੀਰ ਲੋਕਾਂ ਦੇ ਹੱਕ ਵਿੱਚ ਹੀ ਅਦਾਲਤੀ ਫੈਸਲੇ ਹੁੰਦੇ ਹਨ ਜਿਹੜੇ ਕੋਈ ਸਿਆਸੀ ਸੱਤਾ ਰੱਖਦੇ ਹਨ ਤੇ ਜਿਨਾਂ ਕੋਲ ਮਹਿੰਗੇ ਵਕੀਲ ਕਰਨ ਦੀ ਤਾਕਤ ਹੈ।

ਇਸ ਸੰਦਰਭ ਵਿੱਚ ਹੁਣ ਪੰਜਾਬ ਅਤੇ ਹਰਿਆਣਾਂ ਹਾਈ ਕੋਰਟ ਦੇ ਤਾਜਾ ਫੈਸਲੇ ਨੂੰ ਦੇਖਿਆ ਜਾ ਸਕਦਾ ਹੈ। ਇਸ ਅਦਾਲਤ ਨੇ 2015 ਦੇ ਬਹਿਬਲ ਕਲਾਂ ਗੋਲੀ ਕਾਂਡ ਦੀ ਸਾਰੀ ਜਾਂਚ ਨੂੰ ਪੱਖਪਾਤੀ ਆਖ ਕੇ ਰੱਦ ਕਰ ਦਿੱਤਾ ਹੈ। ਅਦਾਲਤ ਨੇ ਆਖਿਆ ਹੈ ਕਿ ਜਿਸ ਅਫਸਰ ਨੇ ਇਹ ਜਾਂਚ ਕੀਤੀ ਹੈ ਉਹ ਪੱਖਪਾਤੀ ਹੈ ਇਸ ਲਈ ਉਸ ਅਫਸਰ ਨੂੰ ਬਦਲ ਕੇ ਨਵੇਂ ਅਫਸਰ ਤੋਂ ਜਾਂਚ ਕਰਵਾਈ ਜਾਵੇ, ਜਾਂ ਫਿਰ ਸੀਬੀਆਈ ਜਾਂ ਹਰਿਆਣਾ ਪੁਲਿਸ ਤੋਂ ਜਾਂਚ ਕਰਵਾਈ ਜਾਵੇ।

2015 ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਦੌਰਾਨ ਪੰਜਾਬ ਦੇ ਵੱਡੇ ਸਿਆਸਤਦਾਨਾਂ ਅਤੇ ਵੱਡੇ ਪੁਲਿਸ ਅਫਸਰਾਂ ਦੀ ਸ਼ਮੂਲੀਅਤ ਸਾਹਮਣੇ ਆਈ ਸੀ। ਇਸ ਵਿੱਚ 9 ਚਲਾਨ ਗਵਾਹੀਆਂ ਸਮੇਤ ਅਦਾਲਤ ਵਿੱਚ ਪੇਸ਼ ਕੀਤੇ ਗਏ ਸਨ। ਪਰ ਪੰਜਾਬ ਹਾਈ ਕੋਰਟ ਨੇ ਇਨਾਂ ਸਾਰਿਆਂ ਨੂੰ ਹੀ ਇੱਕੋਂ ਵੱਢੇ ਰੱਦ ਕਰ ਦਿੱਤਾ ਹੈ।

ਹੁਣ ਜਦੋਂ ਅਦਾਲਤ ਨੇ ਆਪਣੀ ਟਿੱਪਣੀ ਵਿੱਚ ਇਹ ਗੱਲ ਆਖੀ ਹੈ ਕਿ ਜਾਂਚ ਅਫਸਰ ਨਿਰਪੱਖ ਨਹੀ ਹੈ ਤਾਂ ਇਹ ਕਿਵੇਂ ਮੰਨ ਲਿਆ ਜਾਵੇ ਕਿ ਇਸ ਜਾਂਚ ਨੂੰ ਰੱਦ ਕਰਨ ਵਾਲਾ ਜੱਜ ਨਿਰਪੱਖ ਹੋ ਕੇ ਫੈਸਲਾ ਸੁਣਾ ਰਿਹਾ ਹੈ। ਜੱਜ ਦੀ ਨਿਰਪੱਖਤਾ ਅਤੇ ਦੋਸ਼ੀਆਂ ਨਾਲ ਮਿਲੀਭੁਗਤ ਦੀ ਜਾਂਚ ਕੌਣ ਕਰੇਗਾ, ਕੋਈ ਨਹੀ।

ਹੁਣ ਭਾਰਤ ਦੀ ਸੁਪਰੀਮ ਕੋਰਟ ਦੇ ਜੱਜ ਦੀਆਂ ਟਿੱਪਣੀਆਂ ਦੇ ਸੰਦਰਭ ਵਿੱਚ ਇਸ ਕੇਸ ਨੂੰ ਦੇਖੋ। ਇਸਦਾ ਮਤਲਬ ਸਪੱਸ਼ਟ ਹੈ ਕਿ ਭਾਰਤ ਵਿੱਚ ਕਥਿਤ ਇਨਸਾਫ ਸਿਰਫ, ਸਿਆਸੀ ਤਾਕਤ ਰੱਖਣ ਵਾਲੇ ਅਤੇ ਅਮੀਰ ਲੋਕਾਂ ਨੂੰ ਮਿਲਦਾ ਹੈ। ਪੰਜਾਬ ਵਿੱਚ ਉਹ ਕੋਈ ਵੀ ਜਾਂਚ ਨਿਰਪੱਖ ਨਹੀ ਮੰਨੀ ਜਾਵੇਗੀ ਜਿਹੜੀ ਵੱਡੇ ਸਿਆਸੀ ਪਰਿਵਾਰਾਂ ਨੂੰ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਵਾਲੇ ਅਫਸਰਾਂ ਨੂੰ ਦੋਸ਼ੀ ਠਹਿਰਾਵੇਗੀ।

ਹਾਈ ਕੋਰਟ ਨੇ ਆਖਿਆ ਹੈ ਕਿ ਕਿਸੇ ਹੋਰ ਅਫਸਰ ਤੋਂ ਇਸਦੀ ਜਾਂਚ ਕਰਵਾਓ। ਇਸਦੀ ਕੀ ਗਰੰਟੀ ਹੈ ਕਿ ਕੋਈ ਦੂਜਾ ਅਫਸਰ ਜਿਹੜੀ ਜਾਂਚ ਕਰੇਗਾ ਉਹ ਨਿਰਪੱਖ ਹੋਵੇਗੀ। ਇਸਦਾ ਕੀ ਪੈਮਾਨਾ ਹੈ ? ਕੀ ਵੱਡੇ ਸਿਆਸੀ ਪਰਿਵਾਰਾਂ ਨੂੰ ਬਰੀ ਕਰਨ ਨਾਲ ਹੀ ਜਾਂਚ ਨਿਰਪੱਖ ਹੋ ਸਕੇਗੀ ?

ਜਿਹੜੇ ਪੰਜਾਬ ਦੇ ਤੰਤਰ ਨੂੰ ਜਾਣਦੇ ਹਨ ਉਨਾਂ ਨੂੰ ਪਤਾ ਹੈ ਕਿ ਕੁਝ ਸਿਆਸੀ ਪਰਿਵਾਰਾਂ ਨੇ ਕਿੰਨੀ ਬੇਦਰਦੀ ਨਾਲ ਪੰਜਾਬ ਦੀ ਅਫਸਰਸ਼ਾਹੀ ਨੂੰ ਆਪਣੀ ਜਕੜ ਵਿੱਚ ਲੈ ਰੱਖਿਆ ਹੈ। ਸਮੁੱਚੀ ਪੰਜਾਬ ਪੁਲਸ ਵਿੱਚ ਕੋਈ ਇੱਕ ਅੱਧ ਅਫਸਰ ਹੀ ਹੈ ਜਿਹੜਾ ਵੱਡੇ ਸਿਆਸੀ ਘਰਾਣਿਆਂ ਨੂੰ ਹੱਥ ਪਾ ਸਕਦਾ ਹੈ ਵਰਨਾ ਸਾਰੇ, ਦੋਸ਼ੀਆਂ ਦਾ ਪਾਣੀ ਭਰਦੇ ਹਨ। ਇਸ ਹਨੇਰਗਰਦੀ ਵਿੱਚ ਜੇ ਕੋਈ ਅਫਸਰ ਸੱਚ ਬੋਲਣ ਦਾ ਜਿਗਰਾ ਕਰਦਾ ਹੈ ਤਾਂ ਉਸਦੇ ਹੱਥ ਅਦਾਲਤਾਂ ਵੱਲੋਂ ਵੱਢ ਦਿੱਤੇ ਜਾਂਦੇ ਹਨ।

ਪੰਜਾਬ ਲਈ ਦਰਦ ਰੱਖਣ ਵਾਲਿਆਂ ਖਾਤਰ ਅਸਲ ਇਨਸਾਫ ਕਿਤੇ ਵੀ ਨਹੀ ਹੈ। ਹਾਲਤ ਦੀ ਸਿਤਮਜਰੀਫੀ ਇਹ ਹੈ ਕਿ ਜਿਹੜੇ ਸੱਜਣ ਉਮਰਾਂ ਲਈ ਜੇਲਾਂ ਵਿੱਚ ਹੋਣੇ ਚਾਹੀਦੇ ਸਨ ਉਹ ਵਾਰ ਵਾਰ ਆਪਣੇ ਰਸੂਖ ਰਾਹੀਂ ਬਚਦੇ ਵੀ ਆ ਰਹੇ ਹਨ ਅਤੇ ਪੰਜਾਬ ਦੇ ਲੀਡਰ ਬਣਾਕੇ ਵੀ ਪੇਸ਼ ਕੀਤੇ ਜਾ ਰਹੇ ਹਨ। ਸਾਰਾ ਸਿਸਟਮ ਇੱਕ ਦੂਜੇ ਨੂੰ ਬਚਾਉਣ ਤੇ ਲੱਗਾ ਹੋਇਆ ਹੈ। ਸਿੱਖਾਂ ਦੇ ਗੁਰੂ ਦੀ ਬੇਅਦਬੀ ਨੂੰ ਵੀ ਸਿਆਸਤ ਦੀ ਖੇਡ ਬਣਾ ਲਿਆ ਗਿਆ ਹੈ।

### ਸੱਤਾ, ਸਿਆਸਤਦਾਨਾਂ ਤੇ ਕਾਰਪੋਰੇਟਾਂ ਦਾ ਮਹਾਂਜਾਲ

**ਅਵਿਜੀਤ ਪਾਠਕ**

ਅੰਗਰੇਜ਼ੀ ਦੇ ਇਕ ਪ੍ਰਮੁੱਖ ਅਖ਼ਬਾਰ ਨੇ ਕੁਝ ਦਿਨ ਪਹਿਲਾਂ ਮੈਨੂੰ ਭਾਰਤ ਦੇ 100 ਸਭ ਤੋਂ ਸ਼ਕਤੀਸ਼ਾਲੀ ਸ਼ਖ਼ਸੀਅਤਾਂ ਦੀ ਇਕ ਸੂਚੀ ਛਾਪ ਕੇ ਆਗਾਹ ਕੀਤਾ ਸੀ। ਇਕ ਸਾਧਾਰਨ ਪ੍ਰਾਣੀ ਹੋਣ ਦੇ ਨਾਤੇ ਮੈਂ ਇਸ ਸੂਚੀ ਉੱਤੇ ਝਾਤ ਮਾਰੀ ਅਤੇ ਖ਼ੁਦ ਤੋਂ ਹੀ ਦੋ ਪ੍ਰੇਸ਼ਾਨਕੁਨ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ : ਇਹ ਕਿਉਂ ਹੈ ਕਿ ਇਨਾਂ ਸ਼ਕਤੀਸ਼ਾਲੀ ਵਿਅਕਤੀਆਂ ਦੇ ਹੁੰਦਿਆਂ ਸੁੰਦਿਆਂ ਅਸੀਂ ਨਿਰੋਲ ਅਸਮਾਨਤਾ, ਸਮਾਜਿਕ ਮਨੋ-ਬੇਚੈਨੀ ਅਤੇ ਸਮੂਹਿਕ ਹਿੰਸਾ ਦੇ ਚਹੁੰਪਾਸੀ ਦਲ ਦਲ ਵਿਚ ਧਸਦੇ ਹੀ ਜਾ ਰਹੇ ਹਾਂ ?

ਸੂਚੀ ਤੋਂ ਪਤਾ ਲੱਗਦਾ ਹੈ ਕਿ ਇਹ ਸ਼ਕਤੀਸ਼ਾਲੀ ਲੋਕ ਮੁੱਖ ਤੌਰ ਤੇ ਸਾਡੇ ਸਿਆਸੀ ਆਕਾ ਹਨ ਜਾਂ ਫਿਰ ਉਹ ਹਨ ਜੋ ਵੱਡੇ ਕਾਰਪੋਰੇਟੀ ਸਾਮਰਾਜ ਚਲਾਉਂਦੇ ਹਨ। ਇਹ ਕਹਿਣਾ ਬੇਵਜਾ ਨਹੀਂ ਹੋਵੇਗਾ ਕਿ ਸਮਾਜ ਦੇ ਤੌਰ ’ਤੇ ਅਸੀਂ ਇਸ ਕਿਸਮ ਦੀ ਸੱਤਾ ਦਾ ਜਸ਼ਨ ਮਨਾਉਂਦੇ ਹਾਂ। ਲਿਹਾਜ਼ਾ, ਸੱਤਾ ਦੇ ਪ੍ਰਵਚਨ ਉੱਤੇ ਕੁਝ ਚਾਨਣ ਪਾਉਣ ਦੀ ਆਪਣੀ ਅਹਿਮੀਅਤ ਹੈ। ਸੰਭਵ ਹੈ ਕਿ ਅਸੀਂ ਜਿਸ ਸੱਤਾ ਦੀ ਪੂਜਾ ਕਰਦੇ ਹਾਂ, ਉਹ ਹਉਂ ਦੀ ਸ਼ਕਤੀ ਹੈ: ਦਾਬੇ ਅਤੇ ਦੂਜਿਆਂ ਨੂੰ ਕੰਟਰੋਲ ਕਰਨ ਦੀ ਤਾਕਤ; ਜਾਂ ਤਕਨੀਕੀ-ਆਰਥਿਕ ਪੂੰਜੀ, ਰਾਜਸੀ-ਪ੍ਰਸ਼ਾਸਕੀ ਅਥਾਰਿਟੀ ਜਾਂ ਫਿਰ ਵਿਸ਼ੇਸ਼ ਕਿਸਮ ਦੇ ਗਿਆਨ (ਇਹ ਗਿਆਨ ਅਕਸਰ ਕਿਸੇ ਨੂੰ ਪਾਗਲ ਗਰਦਾਨਣ ਜਾਂ ਦੂਜਿਆਂ ਦੀਆਂ ਰਾਵਾਂ ਨੂੰ ਸਾਧਾਰਨ ਬੁੱਧੀ ਦੀ ਉਪਜ ਕਹਿ ਕੇ ਦੁਰਕਾਰਨ ਦੀ ਸ਼ਕਤੀ ਦੇ ਰੂਪ ਵਿਚ ਉਜਾਗਰ ਹੁੰਦੀ ਹੈ) ਦੇ ਨਾਂ ’ਤੇ ਆਪਣੀ ਸ਼੍ਰੇਸ਼ਠਤਾ ਸਿੱਧ ਕਰਨ ਦੀ ਤਾਕਤ ਹੀ ਹੁੰਦੀ ਹੈ। ਦਰਅਸਲ, ਕਾਰਲ ਮਾਰਕਸ, ਮੈਕਸ ਵੈਬਰ ਅਤੇ ਮਿਸ਼ੈਲ ਫੂਕੋ ਜਿਹੇ ਕੁਝ ਰੌਸ਼ਨ ਖ਼ਿਆਲ ਸਮਾਜ ਸ਼ਾਸਤਰੀਆਂ ਨੇ ਇਸ ਕਿਸਮ ਦੀ ਸ਼ਕਤੀ ਦੇ ਸਮੁੱਚੇ ਗਤੀਮਾਨ ਅਤੇ ਇਸ ਦੇ ਅਟਲ ਸਿੱਟਿਆਂ ਬਾਰੇ ਗਹਿਰੀ ਸੋਚ ਵਿਚਾਰ ਕੀਤੀ ਸੀ ਤੇ ਨੌਕਰਸ਼ਾਹੀ ਤੇ ਖ਼ੁਫ਼ੀਆ ਤੰਤਰ ਦੀਆ ਜ਼ੰਜੀਰਾਂ ਦੇ ਲੋਹ-ਪਿੰਜਰੇ ਵਿਚ ਕੈਦ ਸਾਡੀ ਬੇਮੁਖ ਹੋਂਦ ਜਾਂ ਇਨਾਂ ਸ਼ਕਤੀਸ਼ਾਲੀ ਲੋਕਾਂ ਦੀ ਬ੍ਰਿਗੇਡ ਦੀ ਰਹਿਮਦਿਲੀ ਤੇ ਸਾਡੀ ਨਿਰਭਰਤਾ ਦੀ ਥਾਹ ਪਾਈ ਸੀ। ਸਾਡੇ ਦੇਖਦਿਆਂ ਦੇਖਦਿਆਂ ਲੋਕਤੰਤਰ ਵੀ ਸਾਡੇ ਆਤਮ ਮੁਗਧ ਆਕਾਵਾਂ ਦੀ ਖਪਤ ਦੀ ਸਮੱਗਰੀ ਬਣ ਕੇ ਰਹਿ ਗਈ ਹੈ ਅਤੇ ‘ਪ੍ਰੋਲੇਤਾਰੀ ਦੀ ਤਾਨਾਸ਼ਾਹੀ’ ਦੇ ਇਲਹਾਮ ਵਾਲੇ ਸਮਾਜਵਾਦ ਨੂੰ ਸਟਾਲਿਨਵਾਦੀ ਡਰਾਉਣੇ ਸੁਪਨੇ ਵਿਚ ਬਦਲਣ ਵਿਚ ਬਹੁਤੀ ਦੇਰ ਨਾ ਲੱਗੀ।

ਫਿਰ ਵੀ ਸਾਡੇ ਅੰਦਰੋਂ ਸੱਤਾ ਦੀ ਲਲਕ ਖ਼ਤਮ ਨਹੀਂ ਹੁੰਦੀ, ਕਿਉਂਕਿ ਇਹ ਸਾਡੀ ਗੁਬਾਰੇਨੁਮਾ ਹਉਂ ਨੂੰ ਪੱਠੇ ਪਾਉਂਦੀ ਆ ਰਹੀ ਹੈ ਅਤੇ ਪੀੜਤ ਅੰਦਰ ਜੇਤੂ ਬਣਨ ਦੀ ਚਿਣਗ ਪੈਦਾ ਕਰਦੀ ਹੈ। ਕੀ ਇਹ ਸੱਚ ਨਹੀਂ ਹੈ ਕਿ ਸਾਡੇ ਸਜਾਵਟੀ ਸਕੂਲ ਅਕਸਰ ਬੱਚਿਆਂ ਵਿਚ ਅਗਵਾਈ ਦੇ ਹੁਨਰ ਜਗਾਉਣ ਲਈ ਵਰਕਸ਼ਾਪਾਂ ਕਰਵਾਉਂਦੇ ਹਨ ਅਤੇ ਚਾਹੁੰਦੇ ਹਨ ਕਿ ਉਨਾਂ ਦੇ ਵਿਦਿਆਰਥੀ ਸਵੈ-ਸਿੱਧੀ, ਦਿਲਕਸ਼ ਪੇਸ਼ਕਾਰੀ ਅਤੇ ਆਤਮ-ਮੁਗਧ ਹੋਣ ਦੇ ਮਨੋਵਿਗਿਆਨ ਨੂੰ ਆਤਮ-ਸਾਤ ਕਰ ਲੈਣ ? ਜਾਂ ਕੀ ਇਹ ਤੱਥ ਨਹੀਂ ਹੈ ਕਿ ਸਾਡੀ ਸਿਖਿਆ ਪ੍ਰਣਾਲੀ ਟੌਪਰਾਂ (ਸਾਡੇ ਸ਼ਹਿਰਾਂ ਤੇ ਕਸਬਿਆਂ ਵਿਚ ਥਾਂ ਥਾਂ ਲੱਗੇ ਇਨਾਂ ਆਈਆਈਟੀ-ਜੇਈਈ ਟੌਪਰਾਂ ਦੇ ਜੇਤੂ ਮਨੋਭਾਵ ਦਰਸਾਉਂਦੇ ਬੋਰਡ ਬੈਨਰ) ਦੇ ਬਿਰਤਾਂਤ ਵਿਚ ਹੀ ਫਸੀ ਪਈ ਹੈ ? ਜਾਂ ਕੀ ਇਹ ਸੱਚ ਨਹੀਂ ਹੈ ਕਿ ਕੀ ਅਸੀਂ ਦੂਜਿਆਂ ’ਤੇ ਪ੍ਰਭਾਵ ਪਾਉਣ ਲਈ ਆਪਣੀ ਸਮਾਜਕ ਪੂੰਜੀ ਦਾ ਦਿਖਾਵਾ ਕਰਦੇ ਹਾਂ- ਭਾਵ ਰਸੂਖਦਾਰ ਸਿਆਸਤਦਾਨਾਂ ਨਾਲ ਉੱਠਣੀ ਬੈਠਣੀ, ਆਈਏਐਸ/ਆਈਪੀਐਸ ਅਫ਼ਸਰਾਂ ਨਾਲ ਜਾਣ ਪਛਾਣ, ਕਾਰਪੋਰੇਟ ਘਰਾਣਿਆਂ ਨਾਲ ਸਾਂਝ ਅਤੇ ਇੰਡੀਆ ਹੈਬੀਟੈਟ ਸੈਂਟਰ ਵਿਚ ਕਿਹੋ ਜਿਹੇ ਵਿਦਵਾਨਾਂ ਤੇ ਸਭਿਆਚਾਰਕ ਹਸਤੀਆਂ ਨਾਲ ਖਾਂਦੇ ਪੀਂਦੇ ਹਾਂ ? ਇਹੋ ਜਿਹੀ ਸ਼ਕਤੀ ਦੀ ਮਹਿਕ ਕਿਸੇ ਨੂੰ ਮੰਤਰ ਮੁਗਧ ਕਰ ਦਿੰਦੀ ਹੈ; ਇਹ ਆਪਣੇ ਆਪ ਨੂੰ ‘ਖ਼ਾਸ’ ਦਿਸਣ ਜਾਂ ਦੂਜਿਆਂ ਤੇ ਧਾਂਕ ਜਮਾਉਣ ਦੀ ਲਾਲਸਾ ਪੂਰੀ ਕਰਦੀ ਹੈ। ਸੱਤਾ ਦੇ ਇਸ ਪ੍ਰਵਚਨ ਵਿਚ ਕਿਸੇ ਨਾ ਕਿਸੇ ਕਿਸਮ ਦੀ ਆਤਮ-ਮੁਗਧ ਹੋਣਾ ਜਾਂ ਸੱਤਾਵਾਦ ਛੁਪਿਆ ਹੁੰਦਾ ਹੈ।

ਕੀ ਇਸ ਦਾ ਕੋਈ ਬਦਲ ਹੈ ? ਦੁਨੀਆ ਭਰ ਵਿਚ ਜਦੋਂ ਅਸੀਂ ਸੱਤਾਵਾਦ ਦਾ ਉਭਾਰ ਹੁੰਦਾ ਦੇਖ ਰਹੇ ਹਾਂ ਤਾਂ ਆਤਮ-ਮੁਗਧ ਰਾਸ਼ਟਰਵਾਦ ਦੇ ਨਾਂ ਤੇ ਮਨੁੱਖੀ ਚੇਤਨਾ ਦਾ ਫ਼ੌਜੀਕਰਨ, ਦੁਨੀਆ ਦੇ ਵੱਖ ਵੱਖ ਖੇਤਰਾਂ ਵਿਚ ਬੇਕਿਰਕ ਮੁੱਠੀ ਭਰ ਅਰਬਪਤੀਆਂ ਦੀ ਛਤਰ ਛਾਇਆ ਹੇਠ ਭੁੱਖਮਰੀ ਤੇ ਕੁਪੋਸ਼ਣ ਦੇ ਨਾਲ ਨਾਲ ਚੱਲ ਰਿਹਾ ਅੰਨੇਵਾਹ ਨਵ ਉਦਾਰਵਾਦ ਅਤੇ ਸੈਲੇਬ੍ਰਿਟੀ ਕਲਚਰ ਅਤੇ ਭਰਮਾਊ ਖ਼ਪਤਵਾਦ ਦੇ ਜ਼ਰੀਏ ਦਿਖਾਵੇਬਾਜ਼/ ਕਬਜ਼ਾਵਾਦੀ ਵਿਅਕਤੀਵਾਦ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ ਤਾਂ ਕੋਈ ਦਲੀਲ ਦੇ ਸਕਦਾ ਹੈ ਕਿ ਇਸ ਦਾ ਕੋਈ ਬਦਲ ਸੰਭਵ ਨਹੀਂ ਹੋ ਸਕਦਾ। ਇਸ ਦੇ ਬਾਵਜੂਦ ਅਸੀਂ ਇਸ ਤੋਂ ਮੁਨਕਰ ਵੀ ਨਹੀਂ ਹੋ ਸਕਦੇ ਕਿ ਮਨੁੱਖੀ ਸਭਿਅਤਾ ਦੌਰਾਨ ਬਿਲਕੁੱਲ ਵੱਖਰੀ ਕਿਸਮ ਦੀ ਤਲਾਸ਼ ਦੇ ਨਿਸ਼ਾਨ ਦੇਖੇ ਜਾ ਸਕਦੇ ਹਨ। ਇਹ ਨੀਤਸ਼ੇ ਦੇ ‘ਸੁਪਰਮੈਨ’ ਦੀ ਖੋਜ ਨਹੀਂ ਹੈ ਜੋ ‘ਸੱਤਾ ਦੀ ਚਾਹਤ’ ਨਾਲ ਚਲਦੀ ਹੈ ਤੇ ਨਾ ਹੀ ਇਹ ਸਾਰੇ ਦੁਨਿਆਵੀ ਮਾਮਲਿਆਂ ਨੂੰ ਛੱਡ-ਛਡਾਅ ਕੇ ਦੌੜ ਜਾਣ ਦੀ ਕਾਇਰਤਾ ਜਾਂ ਉਦਾਸੀਨਤਾ ਹੈ। ਇਸ ਦੀ ਬਜਾਇ ਇਹ ਸਿਫ਼ਤੀ ਤੌਰ ’ਤੇ ਸ਼ਕਤੀ ਦਾ ਇਕ ਵੱਖਰੇ ਰੂਪ ਦੀ ਤਲਾਸ਼ ਹੈ, ਭਾਵ ਨਿਤਾਣਿਆਂ ਨੂੰ ਤਾਕਤ ਦੇਣ, ਰਹਿਮ ਦਿਲ ਤੇ ਨਰਮ ਦਿਲ ਬਣਨ ਦੀ ਦਲੇਰੀ ਅਤੇ ਬਿਨਾਂ ਕਿਸੇ ਤਜਾਰਤੀ ਗਰਜ਼ ਤੋਂ ਕਿਸੇ ਦੀ ਮਹਿਕ ਜਗਾਉਣ ਦੀ ਕਾਬਲੀਅਤ ਹੈ: ਜਿਵੇਂ ਦੋਸਤੋਵਸਕੀ ਦੇ ਨਾਵਲ ‘ਦਿ ਬ੍ਰਦਰਜ਼ ਕਰਮਾਜ਼ੋਵ’ ਵਿਚ ਅਲਿਓਸ਼ਾ ਫੁੱਲ ਵਾਂਗ ਖਿੜਦੀ ਹੈ। ਇਹ ਸਿਖਰਲੀ ਤਾਕਤ ਹੈ; ਮੁਹੱਬਤ ਦੀ ਤਾਕਤ ਜੋ ਕਿਸੇ ਨੂੰ ਅਪਣੀ ਹਓਮੈ ਦੀਆਂ ਵਲਗਣਾਂ ਤੋਂ ਪਰੇ ਦੇਖਣ ਦੇ ਯੋਗ ਬਣਾਉਂਦੀ ਹੈ ਅਤੇ ਅਨੰਤ ਦੀ ਬਹੁਤਾਤ ਦਾ ਅਭਿਆਸ ਕਰਾਉਂਦੀ ਹੈ। ਇਹ ਹੀ ਬੁੱਧ ਤੇ ਜੀਸਸ ਜਾਂ ਰੂਮੀ ਤੇ ਕਬੀਰ ਦੀ ਤਲਾਸ਼ ਸੀ। ਤੇ ਸੰਭਾਵੀ ਤੌਰ ਉੱਤੇ, ਸਰਗਰਮ ਸਿਆਸੀ ਖੇਤਰ ਵਿਚ ਕੁਝ ਲੋਕ ਕਹਿਣਗੇ ਕਿ ਗਾਂਧੀ, ਮਾਰਟਿਨ ਲੂਥਰ ਕਿੰਗ ਅਤੇ ਨੈਲਸਨ ਮੰਡੇਲਾ ਦੀ ਤਲਾਸ਼ ਸੀ।

ਦਰਅਸਲ, ਮੈਂ ਜਿਹੜੀ ਸੂਚੀ ਦਾ ਜ਼ਿਕਰ ਕੀਤਾ ਸੀ, ਉਸ ਤੋਂ ਸੰਕੇਤ ਮਿਲਦਾ ਹੈ ਕਿ ਸਾਡੀ ਦ੍ਰਿਸ਼ਟੀ ਕਿਹੋ ਜਿਹੀ ਹੈ ਅਤੇ ਸਾਡੀਆਂ ਤਰਜੀਹਾਂ ਕੀ ਹਨ। ਗਹਿਰਾਈ ਵਿਚ ਉੱਤਰ ਕੇ ਇਹ ਦੱਸਦੀ ਹੈ ਕਿ ਦਰਜਾਬੰਦੀ ਨਾਲ ਸਾਨੂੰ ਕਿੰਨਾ ਖਬਤ ਹੈ ਤੇ ਦੇਵ-ਦਰਜਿਆਂ ਨਾਲ ਅਸੀਂ ਕਿੰਝ ਜੁੜੇ ਹੋਏ ਹਾਂ। ਇਸੇ ਲਈ ਅਸੀਂ ਬਹੁਤ ਚਾਅ ਨਾਲ ਦਸ ਸੁੰਦਰੀਆਂ, ਦਸ ਚੋਟੀ ਦੀਆਂ ਯੂਨੀਵਰਸਿਟੀਆਂ ਦਾ ਵਰਗੀਕਰਨ ਕਰਦੇ ਹਾਂ; ਜੇ ਹੋ ਸਕੇ ਤਾਂ ਦਸ ਚੋਟੀ ਦੇ ਮਾਰਕਸੀ ਬੁੱਧੀਜੀਵੀਆਂ ਦਾ ਵਰਗ ਤਿਆਰ ਕਰ ਸਕਦੇ ਹਾਂ। ਸਾਡੇ ਵਿਚੋਂ ਹਰ ਇਕ ਦੇ ਵੱਖਰੇਪਣ ਨੂੰ ਪਛਾਣਨਾ ਅਤੇ ਜੀਵਨ ਊਰਜਾ ਦੇ ਵੱਖੋ ਵੱਖਰੇ ਰੂਪਾਂ ਨੂੰ ਜਾਣਨਾ; ਇਸ ਕਿਸਮ ਦੇ ਦੇਵ ਦਰਜਾਬੱਧ ਮਨ ਤੇ ਕਿੰਤੂ ਕਰਨਾ ਵਾਕਈ ਬਹੁਤ ਔਖਾ ਕੰਮ ਹੈ। ਆਪਣੇ ਪਿੰਡ ਦੇ ਮੇਲੇ ਵਿਚੋਂ ਆਪਣੀ ਬੱਚੀ ਲਈ ਖਿਡੌਣਾ ਖਰੀਦ ਰਹੀ ਕੋਈ ਔਰਤ ਕਿਸੇ ਵੀ ਤਰਾਂ ਟੀਵੀ ਕੈਮਰਿਆਂ ਸਾਹਮਣੇ ਆਪਣੀ ਬੱਚੀ ਨਾਲ ਘੁੰਮ ਰਹੀ ਐਸ਼ਵਰਿਆ ਰਾਏ ਤੋਂ ਘੱਟ ਸੁੰਦਰ ਨਹੀਂ; ਜਿੱਥੋਂ ਤੱਕ ਗਿਆਨ ਵੰਡਣ ਦੇ ਕਾਰਜ ਦਾ ਸਵਾਲ ਹੈ ਤਾਂ ਕਿਸੇ ਅਣਜਾਣੇ ਸਕੂਲ ਦਾ ਕੋਈ ਦਿਆਨਤਦਾਰ ਅਧਿਆਪਕ ਹਾਰਵਰਡ ਦੇ ਕਿਸੇ ਪ੍ਰੋਫੈਸਰ ਤੋਂ ਘੱਟ ਨਹੀਂ ਹੁੰਦਾ ਤੇ ਮੋਦੀ ਅਤੇ ਅੰਬਾਨੀ ਵਰਗੇ ਬੰਦੇ ਵੀ ਕਿਸੇ ਸੂਫ਼ੀ ਫ਼ਕੀਰ ਤੋਂ ਅਸਲ ਜ਼ਿੰਦਗੀ ਦੇ ਕੁਝ ਸਬਕ ਸਿੱਖ ਸਕਦੇ ਹਨ। ਸੂਝ ਬੂਝ ਅਤੇ ਲਗਨ ਦੀ ਇਸ ਗਹਿਰੀ ਕਲਾ ਦੇ ਜ਼ਰੀਏ ਹੀ ਅਸੀਂ ਇਕ ਅਜਿਹਾ ਸੰਸਾਰ ਸਿਰਜਣ ਵੱਲ ਜਾ ਸਕਦੇ ਹਾਂ ਜਿੱਥੇ 100 ਸਭ ਤੋਂ ਸ਼ਕਤੀਸ਼ਾਲੀ ਵਿਅਕਤੀਆਂ ਲਈ ਸਭ ਸੁੱਖ ਸਹੂਲਤਾਂ ਦੀ ਬਜਾਏ ਹਰ ਇਕ ਇਨਸਾਨੀ ਰੂਹ ਦੇ ਖਿੜਨ ਦੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹੋਣ।

### ਦੀਦੀ ਬਨਾਮ ਸੰਘੀ ਸਿਆਸਤ ਤੇ ਭਗੌੜੇ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਬੰਗਾਲ ਦੀ ਦੀਦੀ ਇਸ ਵਾਰ ਬੰਗਾਲ ਨੂੰ ਜਿੱਤਣ ਲਈ ਤੀਜੀ ਵਾਰ ਮੈਦਾਨੇ ਜੰਗ ਵਿੱਚ ਹੈ। ਬੰਗਾਲ ਦੀ ਦੀਦੀ, ਜਦ ਅਜੇ 15 ਸਾਲ ਦੀ ਸੀ, ਉਦੋਂ ਤੋਂ ਅੱਜ ਤਕ ਹਰ ਤਰੀਕੇ ਨਾਲ ਸਿਆਸਤ ਨਾਲ ਜੁੜੀ ਹੋਈ ਹੈ। ਜਦ ਉਹ ਆਪਣੇ ਸੰਘਰਸ਼ ਦੌਰਾਨ ਕਦੇ ਡਿੱਗੀ ਹੈ ਤਾਂ ਉਹ ਹੋਰ ਵੱਧ ਹੌਸਲੇ ਨਾਲ ਖੜੋ ਕੇ ਫਿਰ ਅੱਗੇ ਵਧੀ ਹੈ। ਕਹਿਣ ਨੂੰ ਤਾਂ ਕਈ ਰੰਗ-ਬਰੰਗੀਆਂ ਪਾਰਟੀਆਂ ਇਸ ਚੋਣ ਵਿੱਚ ਆਪਣੀ ਜ਼ੋਰ-ਅਜ਼ਮਾਈ ਕਰ ਰਹੀਆਂ ਹਨ, ਪਰ ਉਨਾਂ ਵਿੱਚੋਂ ਚਾਰ ਪਾਰਟੀਆਂ ਜਿਵੇਂ ਟੀ ਐੱਮ ਸੀ, ਭਾਜਪਾ, ਖੱਬੇ ਪੱਖੀ ਅਤੇ ਕਾਂਗਰਸੀ ਪ੍ਰਮੁੱਖ ਹਨ। ਪਰ ਇਨਾਂ ਵਿੱਚੋਂ ਵੀ ਪ੍ਰਮੁੱਖ ਮੁਕਾਬਲਾ ਟੀ ਐੱਮ ਸੀ ਤੇ ਭਾਜਪਾ ਵਿਚਕਾਰ ਲੱਗਦਾ ਹੈ। ਭਾਜਪਾ ਵਿੱਚ ਵੀ ਬਹੁਤੇ ਟੀ ਐੱਮ ਸੀ ਦੇ ਭਗੌੜੇ ਸ਼ਾਮਲ ਹਨ। ਬੰਗਾਲ ਨੂੰ ਆਪਣੇ ਪਾਸ ਰੱਖਣ ਲਈ ਜਿੱਥੇ ਮਮਤਾ ਦੀਦੀ ਪੜਾਈ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਨਾਲੋਂ ਕਾਫੀ ਅੱਗੇ ਹੈ; ਐੱਮ ਏ, ਲਾਅ ਗਰੈਜੂਏਸ਼ਨ ਕਰਕੇ ਡੀ ਲਿਟ ਦੀ ਡਿਗਰੀ ਨਾਲ ਸਨਮਾਨਤ ਹੋ ਚੁੱਕੀ ਹੈ, ਤੀਜੀ ਵਾਰ ਵੀ ਆਪਣੀ ਸਾਦਗੀ ਨਾਲ ਯਤਨਸ਼ੀਲ ਹੈ, ਉੱਥੇ ਉਸ ਦੀ ਮੁੱਖ ਵਿਰੋਧੀ ਪਾਰਟੀ ਭਾਜਪਾ ਨੇ ਵੀ ਬੰਗਾਲ ਜਿੱਤਣ ਲਈ ਹਰ ਚੰਗਾ-ਮਾੜਾ ਤਰੀਕਾ ਵਰਤਣ ਦੀ ਸਹੁੰ ਖਾਧੀ ਹੋਈ ਹੈ। ਉਹ ਜਾਣਦੇ ਹਨ ਕਿ ਇਮਾਨਦਾਰੀ ਨਾਲ ਲੜਿਆਂ ਉਹ ਚਿੱਟੀ ਸਾਧਾਰਨ ਸਾੜੀ ਅਤੇ ਹਵਾਈ ਚੱਪਲ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸ ਕਰਕੇ ਉਨਾਂ ਬੰਗਾਲ ਫਤਹਿ ਕਰਨ ਲਈ ਆਪਣਾ ਸਭ ਕੁਝ ਦਾਅ ’ਤੇ ਲਾ ਦਿੱਤਾ ਹੈ। ਉਨਾਂ ਆਪਣੀ ਬੋਲ-ਬਾਣੀ ਵਿੱਚ ਮਮਤਾ-ਦੀਦੀ ਤੋਂ ਸ਼ੁਰੂ ਹੋ ਕੇ ਉਹ ਦੀਦੀ, ਉਏ ਦੀਦੀ, ਹੇਕਾਂ ਲਾ ਕੇ ਆਪਣੇ ਇਕੱਠਾਂ ਵਿੱਚ ਆਖ ਕੇ ਤਾੜੀਆਂ ਬਟੋਰਨਾ ਆਪਣੀ ਸਫ਼ਲਤਾ ਸਮਝਣੀ ਸ਼ੁਰੂ ਕਰ ਦਿੱਤੀ ਹੈ। ਕਿਸੇ ਵੀ ਸਿਆਸੀ ਜਲਸੇ ਵਿੱਚ ਸਿਵਾਏ ਮਮਤਾ-ਦੀਦੀ ਦੀਆਂ ਸਾਂਗਾਂ ਲਾਉਣ ਤੋਂ ਹੋਰ ਕਿਸੇ ਮੁੱਦੇ ਬਾਰੇ ਗੱਲਬਾਤ ਨਹੀਂ ਹੁੰਦੀ ਹੈ। ਵਿੱਦਿਆ, ਰੁਜ਼ਗਾਰ, ਮਹਿੰਗਾਈ, ਲਾਅ ਐਂਡ ਆਰਡਰ ਔਰਤਾਂ ਦੀ ਸੁਰੱਖਿਆ, ਸਿਹਤ ਸਹੂਲਤਾਂ ਆਦਿ ਬਾਰੇ ਕੋਈ ਬਹਿਸਾਂ ਨਹੀਂ ਹੁੰਦੀਆਂ। ਜਾਤ-ਪਾਤ, ਵਧੀਆ-ਘਟੀਆ ਧਰਮਾਂ ਬਾਰੇ, ਹਿੰਦੂ-ਮੁਸਲਮਾਨ ਬਾਰੇ, ਜੈ ਸ੍ਰੀਰਾਮ ਆਦਿ ਬਾਰੇ ਬੇਮਤਲਬ ਬਹਿਸਾਂ ਹੋ ਰਹੀਆਂ ਹਨ, ਜੋ ਨਾ ਕਿਸੇ ਫ਼ਿਰਕੇ ਦੇ ਭਲੇ ਵਿੱਚ ਹੈ, ਨਾ ਹੀ ਦੇਸ਼ ਦੇ ਭਲੇ ਵਿੱਚ ਹੈ।

2019 ਵਿੱਚ ਆਈ ਕੋਰੋਨਾ ਬਿਮਾਰੀ ਨੇ ਦੱਸ ਦਿੱਤਾ ਅਤੇ ਸਾਬਤ ਕਰ ਦਿੱਤਾ ਹੈ ਕਿ ਦੇਸ਼, ਪ੍ਰਦੇਸ਼ ਦਾ ਕੋਈ ਵੀ ਧਰਮ ਮਨੁੱਖ ਨੂੰ ਕੋਰੋਨਾ ਮਹਾਂਮਾਰੀ ਤੋਂ ਬਚਾਅ ਨਹੀਂ ਸਕਿਆ। ਸਭ ਧਰਮਾਂ ਨੇ ਆਪੋ-ਆਪਣੇ ਧਾਰਮਿਕ ਸਥਾਨ ਬੰਦ ਕਰ ਦਿੱਤੇ, ਜਿਸ ਤੋਂ ਆਪ-ਮੁਹਾਰੇ ਸਾਬਤ ਹੋਇਆ ਕਿ ਕੋਈ ਵੀ ਧਰਮ ਅਜਿਹੀ ਮਹਾਂਮਾਰੀ ਤੋਂ ਮਨੁੱਖ ਨੂੰ ਨਹੀਂ ਬਚਾ ਸਕਦਾ। ਸਿਰਫ਼ ਦਵਾਈ, ਵੈਕਸੀਨ ਅਤੇ ਪ੍ਰਹੇਜ਼ ਹੀ ਅਜਿਹੀ ਬਿਮਾਰੀ ਸਮੇਂ ਸਹਾਈ ਹੋ ਸਕਦਾ ਹੈ। ਇੱਥੋਂ ਤਕ ਕਿ ਨਾ ਤਾਲੀ, ਨਾ ਹੀ ਥਾਲੀ ਵਜਾਉਣ ਤੇ ਨਾ ਹੀ ਟਾਰਚਾਂ ਜਗਾਉਣ ਨਾਲ ਕੁਝ ਹੋਣ ਵਾਲਾ ਹੈ। ਫਿਰ ਅਜਿਹੇ ਵਿੱਚ ਜਨਤਾ ਨੂੰ ਸਮਝਣਾ ਚਾਹੀਦਾ ਹੈ ਕਿ ਅਸੀਂ ਧਰਮ ਦੇ ਨਾਂਅ ’ਤੇ ਉਤੇਜਤ ਹੋ ਕੇ ਵੋਟਾਂ ਨਾ ਪਾਈਏ, ਸਗੋਂ ਠੀਕ ਅਤੇ ਪਰਖੇ ਹੋਏ ਉਮੀਦਵਾਰਾਂ ਦੇ ਹੱਕ ਵਿੱਚ ਭੁਗਤੀਏ।

ਤੁਸੀਂ ਹਰ ਰੋਜ਼ ਰੇਡੀਓ, ਟੀ ਵੀ, ਅਖ਼ਬਾਰਾਂ ਆਦਿ ਤੋਂ ਦੇਖਿਆ-ਸੁਣਿਆ ਅਤੇ ਪੜਿਆ ਹੋਵੇਗਾ ਕਿ ਕਿਵੇਂ ਭਾਜਪਾ ਵਾਲੇ ਟੀ ਐੱਮ ਸੀ ਖਾਸ ਕਰਕੇ ਦੀਦੀ ਨੂੰ ਟਿੱਚ ਸਮਝ ਰਹੇ ਹਨ, ਉਸ ਨੂੰ ਹਾਰ ਕਬੂਲਣ ਲਈ ਕਹਿ ਰਹੇ ਹਨ। ਦੂਜੇ ਪਾਸੇ ਅੰਦਰੋ-ਅੰਦਰੀ ਇੰਨੀ ਘਬਰਾਹਟ ਅਤੇ ਡਰ ਹੈ ਕਿ ਜਿਸ ਨੇ ਭਾਜਪਾ ਅੰਦਰ ਘਬਰਾਹਟ ਦੀ ਲਹਿਰ ਪੈਦਾ ਕਰ ਦਿੱਤੀ ਹੈ, ਜੋ ਉਸ ਨੂੰ ਅਰਾਮ ਨਹੀਂ ਕਰਨ ਦਿੰਦੀ।

ਭਾਜਪਾ ਵਾਲੇ ਦੀਦੀ ਤੋਂ ਜਾਣੂ ਹਨ ਕਿ ਜਦ ਉਹ ਕੁਝ ਧਾਰ ਲੈਂਦੀ ਹੈ ਤਾਂ ਉਹ ਉਸ ਲਈ ਮਰ ਮਿਟਦੀ ਹੈ। ਉਹ ਇਹ ਵੀ ਜਾਣਦੇ ਹਨ ਕਿਵੇਂ ਦੀਦੀ ਸੜਕ ਤੋਂ ਸਕੱਤਰੇਤ ਤਕ ਪਹੁੰਚੀ ਅਤੇ ਵਰਲਡ ਰਿਕਾਰਡ ਬਣਾਉਣ ਵਾਲਿਆਂ ਨੂੰ ਸਕੱਤਰੇਤ ਤੋਂ ਸੜਕ ਤਕ ਪਹੁੰਚਾਇਆ। ਅਜਿਹੇ ਰਿਕਾਰਡ ਬਾਰੇ ਕਦੀ ਸੋਚਿਆ ਵੀ ਨਹੀਂ ਸੀ ਜਾ ਸਕਦਾ। ਅਜਿਹੀ ਮਮਤਾ-ਦੀਦੀ ਹੀ ਹੋ ਸਕਦੀ ਹੈ, ਜੋ ਸਿੰਗੂਰ ਵਿੱਚ ਟਾਟਾ ਪ੍ਰੋਜੈਕਟਾਂ ਨੂੰ ਰੋਕਣ ਲਈ ਔਰਤ ਹੋਣ ਦੇ ਨਾਤੇ 26 ਦਿਨਾਂ ਦੀ ਲਗਾਤਾਰ ਭੁੱਖ ਹੜਤਾਲ ਕਰ ਸਕਦੀ ਹੈ।

ਮਮਤਾ ਦੀਦੀ ਜੋ ਆਪਣੀ ਲੱਤ ’ਤੇ ਸੱਟ ਲੱਗਣ ਦੇ ਬਾਵਜੂਦ ਆਪਣੀ ਸਾਰੀ ਮੁਹਿੰਮ ਵੀਲ ਚੇਅਰ ’ਤੇ ਬੈਠ ਕੇ ਚਲਾ ਰਹੀ ਹੈ, ਇਹ ਸਭ ਪਹਿਲੀ ਵਾਰ ਨਹੀਂ ਵਾਪਰਿਆ। ਇਸ ਤੋਂ ਪਹਿਲਾਂ ਵੀ 16 ਅਗਸਤ 1990 ਨੂੰ ਕਾਂਗਰਸ ਦੀ ਅਪੀਲ ’ਤੇ ਬੰਗਾਲ ਬੰਦ ਦੌਰਾਨ ਲਾਲੂ ਆਲਮ ਨਾਂ ਦੇ ਇੱਕ ਵਿਅਕਤੀ ਨੇ ਮਮਤਾ-ਦੀਦੀ ਦੇ ਸਿਰ ਵਿੱਚ ਸੋਟੀ ਮਾਰ ਕੇ ਉਨਾਂ ਦੀ ਖੋਪੜੀ ਵਿੱਚ ਫਰੈਕਚਰ ਕਰ ਦਿੱਤਾ ਸੀ, ਪਰ ਦੀਦੀ ਇਸ ਸਭ ਕਾਸੇ ਦੇ ਬਾਵਜੂਦ ਸਿਰ ’ਤੇ ਪੱਟੀ ਬੰਨ ਕੇ ਮੁੜ ਸੜਕ ’ਤੇ ਪ੍ਰਚਾਰ ਕਰਨ ਉੱਤਰੀ ਸੀ।

ਬੰਗਾਲੀ ਜਨਤਾ ਨੂੰ ਸਿਰਫ਼ ਪਿਛਲੱਗ ਸਮਝਣਾ ਮੂਰਖਤਾ ਹੋਵੇਗੀ। ਉਹ ਇਹ ਬਾਖੂਬੀ ਜਾਣਦੀ ਹੈ ਕਿ ਦੋ ਵਾਰੀ ਮੁੱਖ ਮੰਤਰੀ ਰਹੀ ਮਮਤਾ ਜੋ ਤੀਜੀ ਵਾਰ ਵੀ ਯਤਨਸ਼ੀਲ ਹੈ, ਜਿਸ ਨੂੰ ਕਿਸੇ ਪਹਿਲੀ ਵਾਰ ਜਦੋਂ ਵੀ ਦੇਖਿਆ ਅਤੇ ਹੁਣ ਤਕ ਉਸ ਦੇ ਪਹਿਰਾਵੇ ਵਿੱਚ ਕੋਈ ਫ਼ਰਕ ਨਹੀਂ ਆਇਆ। ਉਹੀ ਚਿੱਟੀ ਸਾੜੀ ਅਤੇ ਉਹੀ ਚੱਪਲ ਵਿੱਚ ਦਿਖਾਈ ਦਿੰਦੀ ਹੈ, ਜਦ ਕਿ ਇਸਦੇ ਮੁਕਾਬਲੇਬਾਜ਼ ਦਿਨ ਵਿੱਚ ਜਿੰਨੀ ਵਾਰ ਹੋ ਸਕੇ, ਉਨੀ ਵਾਰ ਹੀ ਸੂਟ ਬਦਲਦੇ ਹਨ। ਬੰਗਾਲ ਦੀ ਜਨਤਾ ਖਾਸ ਕਰ, ਗਰੀਬ ਜਨਤਾ ਇਸ ਸਭ ਕਾਸੇ ਦਾ ਮੁੱਲ ਜ਼ਰੂਰ ਪਾਏਗੀ, ਕਿਉਂਕਿ ਆਮ ਜਨਤਾ ਪਹਿਰਾਵੇ ਤੋਂ ਸਭ ਤੋਂ ਜ਼ਿਆਦਾ ਦੀਦੀ ਦੇ ਨੇੜੇ ਹੈ।

ਨੰਦੀਗਰਾਮ ਵਿੱਚ ਪੁਲਿਸ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ ਲੋਕਾਂ ਦੇ ਹੱਕ ਦੀ ਲੜਾਈ ਲੜਨ ਵਾਲੀ ਮਮਤਾ ਦੀਦੀ ਸਮਝਦੀ ਹੈ ਕਿ ਭਾਜਪਾ ਦੀ ਭੱਜ-ਦੌੜ ਦਿੱਲੀ ਚੋਣਾਂ ਵਰਗੀ ਹੈ, ਜਿੱਥੇ ਪ੍ਰਧਾਨ ਮੰਤਰੀ ਤੋਂ ਲੈ ਕੇ ਅਮਿਤ ਸ਼ਾਹ ਨੇ ਦਿਨ-ਰਾਤ ਇੱਕ ਕਰ ਦਿੱਤਾ ਸੀ। ਜਿੱਥੇ ‘ਜੈ ਸ੍ਰੀ ਰਾਮ’ ਦਾ ਨਾਅਰਾ ਸੇਲ ’ਤੇ ਲਾ ਦਿੱਤਾ ਸੀ, ਜਿੱਥੇ ਇਹ ਹਿੰਦ-ਪਾਕਿ ਦਾ ਨਾਅਰਾ ਲਾਉਂਦੇ ਸਨ। ਜਿੱਥੇ ਇਨਾਂ ਹਿੰਦੂ-ਮੁਸਲਮਾਨਾਂ ਵਿੱਚ ਨਫ਼ਰਤ ਫਲਾਈ। ਜਿੱਥੇ ਸਰੇਆਮ ਗਾਲੀ-ਗਲੋਚ ਕੀਤਾ ਗਿਆ। ਜਿੱਥੇ ਦਿੱਲੀ ਨੂੰ ਸਵਰਗ ਬਣਾਉਣ ਦੀ ਗੱਲ ਆਖੀ ਗਈ। ਜਿੱਥੇ ਦਿੱਲੀ ਤੋਂ ਬਾਹਰੀਆਂ ਨੂੰ ਮਾਲਕੀ ਹੱਕ ਅਤੇ ਰਜਿਸਟਰੀ ਕਰਾਉਣ ਤਕ ਲਾਲਚ ਦਿੱਤੇ ਗਏ। ਜਿੱਥੇ ਰੱਜ ਕੇ ਪੈਸਿਆਂ ਦੀ ਬਰਸਾਤ ਕੀਤੀ ਗਈ। ਜਿੱਥੇ ਜਿੱਤਣ ਤੋਂ ਬਾਅਦ ਆਪਸ ਵਿੱਚ ਮਹਿਕਮੇ ਵੰਡ ਲਏ ਸਨ। ਜਦ ਨਤੀਜੇ ਆਏ ਤਾਂ ਉੱਥੇ ਦੀ ਜਨਤਾ ਦੀ ਸਿਆਣਪ ਦੇਖੋ, ਕਿੰਨਾ ਵਧੀਆ ਨਤੀਜਾ ਦਿੱਤਾ। ਇਸ ਤੋਂ ਬਾਅਦ ਭਾਜਪਾ ਦਿੱਲੀ ਵਿੱਚ ਆਪਣੀ ਸਦੀਵੀ ਹਾਰ ਮੰਨ ਕੇ, ਨਵਾਂ ਕਾਨੂੰਨ ਲੈ ਆਈ ਜਿਸ ਰਾਹੀਂ ਚੁਣੀ ਹੋਈ ਸਰਕਾਰ ਦੀਆਂ ਸ਼ਕਤੀਆਂ ਘਟਾ ਕੇ ਲੈਫਟੀਨੈਂਟ ਗਵਰਨਰ ਦੀਆਂ ਸ਼ਕਤੀਆਂ ਵਧਾਈਆਂ ਗਈਆਂ। ਅਜਿਹਾ ਕੀਤਿਆਂ ਉਨਾਂ ਦੇ ਪੱਲੇ ਨਮੋਸ਼ੀ ਹੀ ਪਈ।

ਇਸ ਕਰਕੇ ਅਸੀਂ ਇਸ ਰਾਏ ਦੇ ਹਾਂ ਕਿ ਜੇਕਰ ਬੰਗਾਲ ਦੀ ਜਨਤਾ ਨੇ ਦਿੱਲੀ ਦੀ ਜਨਤਾ ਵਾਂਗ ਬਿਨਾਂ ਕਿਸੇ ਲਾਲਚ ਵਿੱਚ ਆਇਆਂ ਮੈਰਿਟ ਦੇ ਅਧਾਰ ’ਤੇ ਵੋਟਾਂ ਪਾਈਆਂ ਤਾਂ ਨਤੀਜਾ ਵੀ ਜਨਤਾ ਦੀਆਂ ਆਸਾਂ ਮੁਤਾਬਕ ਹੀ ਆਵੇਗਾ, ਕਿਉਂਕਿ ਬੰਗਾਲ ਵਿੱਚ ਭਾਜਪਾ ਉਮੀਦਵਾਰ ਚੋਣ ਮੈਦਾਨ ਵਿੱਚ ਘੱਟ ਹਨ, ਟੀ ਐੱਮ ਸੀ ਦੇ ਭਗੌੜੇ ਤੇ ਫਸਲੀ ਬਟੇਰੇ ਜ਼ਿਆਦਾ ਹਨ, ਜਿਨਾਂ ਨੂੰ ਬੰਗਾਲੀ ਜਨਤਾ ਪਹਿਲਾਂ ਤੋਂ ਹੀ ਪਹਿਚਾਣਦੀ ਹੈ। ਸ਼ਾਇਦ ਇਸੇ ਕਰਕੇ ਬੀ ਜੇ ਪੀ ਆਪਣਾ ਮੁੱਖ ਮੰਤਰੀ ਦਾ ਚਿਹਰਾ ਦੱਸਣ ਵਿੱਚ ਨਾਕਾਮ ਰਹੀ।

## ਅਮਰੀਕੀ ਫੌਜ ਦੇ ਪਹਿਲੇ...

ਕਰਨਲ ਡਾ. ਸੇਖੋਂ ਨੇ ਫ਼ੌਜ ਵਿੱਚ ਵੀ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਇੱਥੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਿਆ ਅਤੇ ਉਨਾਂ ਨੇ ਸਰਜਨ ਦੀ ਗ੍ਰੈਜੂਏਸ਼ਨ ਦੀ ਡਿਗਰੀ ਯੂਐਸਏਏ ਆਰਮੀ ਸਕੂਲ ਏਵੀਏਸ਼ਨ ਮੈਡੀਕਲ ਤੋਂ ਪ੍ਰਾਪਤ ਕੀਤੀ। ਅਮਰੀਕੀ ਫ਼ੌਜ 'ਚ ਪਹਿਲੇ ਸਿੱਖ ਕਰਨਲ ਡਾ. ਸੇਖੋਂ ਨੇ ਅਮਰੀਕੀ ਫੌਜ ਵਿੱਚ ਵੀ ਰਹਿ ਕੇ ਵੀ ਖਾਲਸਾ ਸੱਜ ਕੇ ਆਪਣੀ ਸੇਵਾ ਨਿਭਾਈ ਸੀ। ਦੱਸਣਯੋਗ ਹੈ ਕਿ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ ਸੀ ਵਿਖੇ ਜਦ ਸਿੱਖ ਕੋਲੀਸ਼ਨ ਨੇ ਦਸਤਾਰਧਾਰੀ ਸਿੱਖਾਂ ਲਈ ਅਮਰੀਕੀ ਫੌਜ ਵਿੱਚ ਲੱਗੀ ਪਾਬੰਦੀ ਨੂੰ ਖਤਮ ਕਰਵਾਉਣ ਲਈ ਮੁਹਿੰਮ ਸ਼ੁਰੂ ਕੀਤੀ ਸੀ ਉਦੋਂ ਅਮਰੀਕਾ ਨੇ 1980 ਦੇ ਦਹਾਕੇ ਵਿੱਚ ਇਹ ਫੈਸਲਾ ਲਿਆ ਕਿ ਕੋਈ ਵੀ (ਕੇਸ ਜਾਂ ਦਾਹੜੀ) ਦੇ ਨਾਲ ਫੌਜ ਵਿੱਚ ਭਰਤੀ ਨਹੀਂ ਹੋ ਸਕਦਾ ਤਾਂ ਡਾ. ਸੇਖੋਂ ਅਤੇ ਇਕ ਹੋਰ ਸਿੱਖ ਕਰਨਲ ਡਾ. ਜੀ.ਬੀ. ਸਿੰਘ ਤੇ ਇਹ ਨਵੇਂ ਨਿਯਮ ਲਾਗੂ ਨਹੀਂ ਸੀ ਹੋਏ। ਇਨਾਂ ਨਿਯਮਾਂ ਕਰਕੇ ਅਮਰੀਕੀ ਫੌਜ ਵਿੱਚ 2006-2007 ਵਿੱਚ ਡਾਕਟਰੀ ਦੀ ਪੜਾਈ ਦੌਰਾਨ ਸ਼ਾਮਲ ਕੀਤੇ ਜਾਣ ਤੋਂ ਬਾਅਦ ਅੰਮ੍ਰਿਤਸਰ ਦੇ ਜੰਮਪਲ ਡਾ. ਤੇਜਦੀਪ ਸਿੰਘ ਰਤਨ ਅਤੇ ਡਾ. ਕਮਲਦੀਪ ਸਿੰਘ ਕਲਸੀ ਨੂੰ 2009 ਵਿੱਚ ਪੜਾਈ ਖਤਮ ਕਰਨ ਤੋਂ ਬਾਅਦ ਵੀ ਕਿਹਾ ਗਿਆ ਕਿ ਇਨਾਂ ਨਿਯਮਾਂ ਕਾਰਨ ਤੁਹਾਨੂੰ ਆਪਣੇ ਕੇਸ ਕਟਾਉਣੇ ਪੈਣਗੇ। ਜੇਕਰ ਨਹੀਂ ਕੱਟਦੇ ਤਾਂ ਫੌਜ ਦੀ ਡਿਊਟੀ ਨਹੀਂ ਸ਼ੁਰੂ ਕਰ ਸਕਦੇ। ਉਸ ਸਬੰਧੀ ਡਾ. ਸੇਖੋਂ ਵੱਲੋਂ ਆਪਣਾ ਪੂਰਾ ਸਾਥ ਦੇਣ ਲਈ ਵਾਸ਼ਿੰਗਟਨ ਤੱਕ ਪਹੁੰਚ ਕੀਤੀ। ਅਮਰੀਕੀ ਸਰਕਾਰ ਨੇ ਫਿਰ ਕੁੱਝ ਮਹੀਨਿਆਂ ਬਾਅਦ ਇਨਾਂ ਦੋਨੋਂ ਨੌਜਵਾਨ ਡਾਕਟਰਾਂ ਲਈ ਇਸ ਪਾਬੰਦੀ ਨੂੰ ਖਤਮ ਕਰ ਦਿੱਤਾ ਅਤੇ ਕਰਨਲ ਡਾ: ਸੇਖੋਂ ਦਾ ਇਸ ਵਿਚ ਇਕ ਅਹਿਮ ਯੋਗਦਾਨ ਸੀ। ਉਹ ਲੰਮੇ ਸਮੇਂ ਤੋਂ ਬਿਮਾਰ ਸਨ। ਉਨਾਂ ਦੀ ਫ਼ੇਫੜਿਆਂ ਦੀ ਨਾੜ (ਪਲਮੋਨਰੀ ਨਰਵ) ਕੰਮ ਨਹੀਂ ਸੀ ਕਰਦੀ ਜਿਸ ਕਰਕੇ ਉਹ ਸਿਰਫ ਆਕਸੀਜਨ ਦੀ ਸਪੋਰਟ 'ਤੇ ਹੀ ਜਿਉਂਦੇ ਸਨ ਅਤੇ ਉਹ ਗੱਲਬਾਤ ਵੀ ਨਹੀਂ ਸਨ ਕਰ ਸਕਦੇ ਅਤੇ ਲਿਖ ਕੇ ਹੀ ਗੱਲ ਕਰਦੇ ਸਨ। ਸੰਸਾਰ ਵਿਚ ਹਰ ਪ੍ਰਾਣੀ ਆਪਣੀ ਉਮਰ ਲਿਖਾ ਕੇ ਆਉਂਦਾ ਹੈ। ਅਸੀਂ ਜਿੱਥੇ ਪਰਿਵਾਰ ਦੇ ਦੁੱਖ ਵਿਚ ਸ਼ਾਮਲ ਹੁੰਦੇ ਹਾਂ, ਉੱਥੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ੇ।

## ਨਿਊਯਾਰਕ ਤੇ ਨਿਊਜਰਸੀ...

ਜਦੋਂ ਤੋਂ ਜਨਤਿਕ ਸਿਹਤ ਹੰਗਾਮੀ ਸਥਿਤੀ ਐਲਾਨੀ ਹੈ 4000 ਨਫਰਤੀ ਹਿੰਸਾ ਦੀਆਂ ਘਟਨਾਵਾਂ ਹੋ ਚੁੱਕੀਆਂ ਹਨ। ਉਨਾਂ ਕਿਹਾ ਕਿ ਅਸਲ ਵਿਚ ਏਸ਼ੀਅਨ ਪ੍ਰਵਾਸੀਆਂ ਨਾਲ ਲੰਬੇ ਸਮੇਂ ਤੋਂ ਭੇਦ ਭਾਵ ਹੋ ਰਿਹਾ ਹੈ ਜਿਸ ਨੂੰ ਬੰਦਾ ਕਰਨਾ ਹੋਵੇਗਾ। ਰੈਲੀ ਵਿਚ ਸ਼ਾਮਿਲ ਲੋਕਾਂ ਨੇ ਨਫਰਤੀ ਹਿੰਸਾ ਵਿਰੁੱਧ ਬੈਨਰ ਚੁੱਕੇ ਹੋਏ ਸਨ ਤੇ ਉਨਾਂ ਨੇ ਇਨਸਾਫ ਲਈ ਗੁਹਾਰ ਲਾਈ।

## ਥਾਣਾ ਮੁਖੀ ਭੁਲੱਥ ਖਿਲਾਫ...

ਅਤੇ ਇਕ ਲੱਖ 80 ਹਜ਼ਾਰ ਰੁਪਏ ਨਜਾਇਜ਼ ਵਸੂਲ ਕਰਨ, 6000 ਹਜ਼ਾਰ ਰੁਪਏ ਇਕ ਮੁਲਾਜ਼ਮ ਵਲੋਂ ਨਜਾਇਜ਼ ਲੈਣਾ, ਉਨਾਂ ਨੂੰ ਰਾਤ ਦੇ ਗਿਆਰਾਂ ਵਜੇ ਤੱਕ ਨਜਾਇਜ਼ ਹਿਰਾਸਤ ਵਿੱਚ ਰੱਖਣਾ, ਨਜਾਇਜ਼ ਪਰਚਾ ਦਰਜ ਕਰਨ ਦੀਆਂ ਧਮਕੀਆਂ ਦੇ ਕੇ ਪੈਸੇ ਨਾ ਵਾਪਸ ਕਰਨ ਦੀ ਜਾਂਚ ਦੀ ਉਚ ਅਧਿਕਾਰੀਆਂ ਤੋਂ ਮੰਗ ਕੀਤੀ ਗਈ ਹੈ।ਇਸ ਸਬੰਧੀ ਜਦੋਂ ਥਾਣਾ ਮੁਖੀ ਭੁਲੱਥ ਅਮਨਪ੍ਰੀਤ ਕੌਰ ਨਾਲ ਟੈਲੀਫੋਨ 'ਤੇ ਇਕ ਲੱਖ 80 ਹਜ਼ਾਰ ਰੁਪਏ ਨਜਾਇਜ਼ ਲੈਣ ਤੇ ਨਾਬਾਲਗ ਬੱਚਿਆਂ ਨੂੰ ਨਜਾਇਜ਼ ਹਿਰਾਸਤ ਵਿਚ ਰੱਖਣ, ਧਮਕੀਆਂ ਦੇਣ ਲਈ ਸਪਸ਼ਟੀਕਰਨ ਦੇਣ ਲਈ ਕਿਹਾ ਤਾਂ ਉਨਾਂ ਨੇ ਮੇਰੇ ਕੋਲੋਂ ਇਨਾਂ ਦੋਸ਼ਾਂ ਦੀ ਕੋਈ ਜਾਣਕਾਰੀ ਨਹੀਂ ਹੈ।ਇਸ ਸਬੰਧੀ ਜਦ ਐਸ ਪੀ ਡੀ ਕਪੂਰਥਲਾ ਵਿਸ਼ਾਲ ਜੀਤ ਸਿੰਘ ਨੂੰ ਪੁਛਿਆ ਗਿਆ ਤਾਂ ਉਨਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਉਨਾਂ ਵਲੋਂ ਚੱਲ ਰਹੀ ਹੈ, ਪੂਰੀ ਹੋਣ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਨਸ਼ਾ ਸਮਗਲਰ ਵਿਰੁਧ...

ਪਿੰਡਾਂ ਦੇ ਲੋਕਾਂ ਨੂੰ ਵੀ ਇਸ ਮੁਹਿੰਮ ਦਾ ਸਾਥ ਦੇਣ ਦੀ ਅਪੀਲ ਕੀਤੀ। ਉਧਰ ਇਸ ਮੌਕੇ ਪਹੁੰਚੇ ਬਰਨਾਲਾ ਦੇ ਐਸਐਸਪੀ ਬਰਨਾਲਾ ਸੰਦੀਪ ਗੋਇਲ ਨੇ ਪੰਚਾਇਤਾਂ ਦੇ ਇਸ ਕਾਰਜ ਦੀ ਸ਼ਲਾਘਾਯੋਗ ਕਰਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਪੰਚਾਇਤਾਂ ਵੱਲੋਂ ਇੱਕ ਵੱਡਾ ਕਦਮ ਪੁੱਟਿਆ ਗਿਆ ਹੈ। ਪੰਚਾਇਤਾਂ ਨੇ ਨਸ਼ਾ ਵੇਚਣ ਵਾਲਿਆਂ ਦੀ ਜਾਣਕਾਰੀ ਵੀ ਪੁਲੀਸ ਨੂੰ ਦੇਣ ਦਾ ਵਿਸ਼ਵਾਸ਼ ਦਵਾਇਆ ਹੈ। ਪੁਲਿਸ ਦੀ ਨਸ਼ਾ ਵਿਰੋਧੀ ਮੁਹਿੰਮ 'ਚ ਵੱਡਾ ਸਾਥ ਮਿਲੇਗਾ ਅਤੇ ਇਸਦੇ ਚੰਗੇ ਸਿੱਟੇ ਸਾਹਮਣੇ ਆਉਣਗੇ। ਐਸਐਸਪੀ ਗੋਇਲ ਨੇ ਕਿਹਾ ਕਿ ਹੋਰਨਾਂ ਪੰਚਾਇਤਾਂ ਨੂੰ ਵੀ ਇਨਾਂ ਪੰਚਾਇਤਾਂ ਵਾਂਗ ਅੱਗੇ ਆ ਕੇ ਪੁਲਿਸ ਦਾ ਸਾਥ ਦੇਣਾ ਚਾਹੀਦਾ ਹੈ। ਦੱਸ ਦਈਏ ਕਿ ਬਰਨਾਲਾ ਪੁਲਿਸ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਐਸਐਸਪੀ ਸੰਦੀਪ ਗੋਇਲ ਦੀ ਅਗਵਾਈ ਵਿੱਚ ਬਰਨਾਲਾ ਜ਼ਿਲੇ ਵਿੱਚੋਂ ਮੈਡੀਕਲ ਸਮੇਤ ਹਰ ਤਰਾਂ ਦਾ ਨਸ਼ਾ ਖ਼ਤਮ ਕਰਨ ਲਈ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਗਈਆਂ ਸਨ। ਜਿਸ ਤਹਿਤ ਨੈਸ਼ਨਲ ਨਸ਼ਾ ਤਸਕਰੀ ਕਰਨ ਵਾਲੇ ਮਥੁਰਾ ਗੈਂਗ ਨੂੰ ਕਾਬੂ ਕਰਕੇ ਲੱਖਾਂ ਦੀਆਂ ਨਸ਼ੀਲੀਆਂ ਗੋਲੀਆਂ ਅਤੇ ਕਰੋੜਾਂ ਦੀ ਡਰੱਗ ਮਨੀ ਬਰਾਮਦ ਕੀਤੀ ਸੀ।

## ਯੂਨੀਵਰਸਿਟੀਆਂ,ਅਕਾਦਮਿਕ...

ਲੋਕ ਇਸ ਗੱਲ ਦਾ ਅਹਿਸਾਸ ਨਹੀਂ ਕਰਦੇ ਕਿ ਯੂਨੀਵਰਸਿਟੀਆਂ ਅਤੇ ਅਕਾਦਮਿਕ ਅਜ਼ਾਦੀ ਜਿਗਆਸੂ ਬਿਰਤੀ ਦਾ ਵਿਕਾਸ ਕਰਨ, ਵਿਗਿਆਨਕ ਖੋਜ ਅਤੇ ਸੋਚ ਨੂੰ ਬੜਾਵਾ ਦੇਣ ਅਤੇ ਵਿਦਿਆਰਥੀਆਂ ਨੂੰ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਮਸਲਿਆਂ ਪ੍ਰਤੀ ਜਾਗਰੂਕ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ।ਅਕਾਦਮਿਕ ਅਜ਼ਾਦੀ ਅਸਲ ਵਿਚ ਉਦਾਰਵਾਦੀ ਲੋਕਤੰਤਰ ਨਾਲ ਗਹਿਰੇ ਰੂਪ ਨਾਲ ਜੁੜੀ ਹੋਈ ਹੈ ਜਿਸ ਵਿਚ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਜਿਵੇਂ ਕਿ ਬੋਲਣ ਦੀ ਅਜ਼ਾਦੀ, ਵਿਰੋਧ ਪ੍ਰਗਟ ਕਰਨ ਦੀ ਅਜ਼ਾਦੀ ਆਦਿ ਨੂੰ ਦਬਾਇਆ ਨਹੀਂ ਜਾਂਦਾ।ਪਰ ਮੌਜੂਦਾ ਸਮੇਂ ਵਿਚ ਸਥਾਪਤੀ ਦੇ ਵਧਦੇ ਨਿਯੰਤਰਣ ਕਰਕੇ ਅਸੀਂ ਗੈਰ-ਉਦਾਰਵਾਦੀ ਲੋਕਤੰਤਰ ਦਾ ਪਰਛਾਵਾਂ ਗਹਿਰਾ ਹੁੰਦਾ ਦੇਖ ਰਹੇ ਹਾਂ।

## ਸ਼ਿਵਇੰਦਰਜੀਤ ਸਿੰਘ ਜੀ...

ਲਈ ਉਤਸ਼ਾਹਤ ਕਰਦਾ ਹੈ। ਸ਼ਿਵਇੰਦਰਜੀਤ ਸਿੰਘ, ਉਨਾਂ ਦੀ ਪਤਨੀ ਤੇ ਉਨਾਂ ਦੇ ਦੋ ਬਹੁਤ ਹੀ ਪਿਆਰੇ ਅਤੇ ਸਿੱਖੀ ਸਰੂਪ ਵਾਲੇ ੨ ਬੱਚੇ ਹਨ , ਦੱਸਣਯੋਗ ਹੈ ਕਿ ਉਨਾਂ ਦੀ ਬੇਟੀ ਸਹਿਜ ਕੌਰ ਚਾਵਲਾ, ਜੋ ਕਿ ਯੂ. ਸੀ. ਐਲ. ਏ. ਗ੍ਰੈਜੂਏਟ ਹੈ, ਤੇ ਉਸਨੇ ਇੰਟਰਫੇਥ ਯੂਥ ਕਾਉਂਸਿਲ ਦੇ ਬੋਰਡ 'ਤੇ ਸਰਗਰਮੀ ਨਾਲ ਸੇਵਾ ਨਿਭਾਈ ਹੈ । ਉਨਾਂ ਦੇ ਬੇਟੇ ਅੰਮ੍ਰਿਤ ਸਿੰਘ ਚਾਵਲਾ ਵੀ ਪੂਰਨ ਸਿੱਖੀ ਰੂਪ ਵਿਚ ਹਿਊਮਨ ਰੇਲਾਸ਼ਨਸ ਦੇਹ ਬੋਰਡ ਵਿਚ ਸੇਵਾ ਕਰਦੇ ਆਏ ਹਨ , ਜੋ ਹਇਸੇ ਸਾਲ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣਗੇ ।

ਸ਼ਿਵਇੰਦਰਜੀਤ ਸਿੰਘ ਆਪਣੇ ਪਰਿਵਾਰਿਕ ਮੈਂਬਰਾਂ ਦੇ ਨਾਲ ਨਾਲ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਦਾ ਸ਼ੁਕਰਗੁਜ਼ਾਰ ਕਰਦੇ ਹਨ ਜਿਨਾਂ ਨੇ ਆਪਣੇ ਜੀਵਨ ਦੌਰਾਨ ਇੱਕ ਵੱਡਾ ਸਮਰਥਨ ਦਿੱਤਾ ਅਤੇ ਉਨਾਂ ਨੇ ਆਪਣੀ ਕਮਿਊਨਿਟੀ ਦੀ ਸੇਵਾ ਜਾਰੀ ਰੱਖਣ ਦੀ ਯੋਜਨਾ ਨੂੰ ਸਿਦਕ ਸਬਰ ਅਤੇ ਦ੍ਰਿੜ ਵਿਸ਼ਵਾਸ ਨਾਲ ਬਣਾਈ ਰੱਖਿਆ .ਦੱਸਣਯੋਗ ਹੈ ਕਿ ਸ਼ਿਵ ਇੰਦਰਜੀਤ ਸਿੰਘ ਨੂੰ ੨੪ ਫਰਵਰੀ, ੨੦੨੧ ਨੂੰ ਯੋਰਬਾ ਸਿਟੀ ਲਈ ਯੋਜਨਾ ਕਮਿਸ਼ਨਰ ਵਜੋਂ ਸਹੁੰ ਚੁਕਾਈ ਗਈ। ਯੋਰਬਾ ਲਿੰਡਾ. ਦੇ ਕਮਿਸ਼ਨਰ ਸਿੰਘ ਨੂੰ ਮੇਅਰ ਅਤੇ ਸਿਟੀ ਕਾਉਂਸਿਲ ਦੇ ਮੈਂਬਰਾਂ ਅਤੇ ਸਟਾਫ ਵੱਲੋਂ ਵਧਾਈ ਦਿੱਤੀ ਗਈ। ਇਹ ਸਹੁੰ ਚੁੱਕ ਸਮਾਰੋਹ ਜ਼ੂਮ ਦੇ ਮਾਧਿਅਮ ਨਾਲ ਕੋਵਿਡ -੧੯ ਪ੍ਰੋਟੋਕੋਲ ਕਾਰਨ ਕੀਤਾ ਗਿਆ ਸੀ ਜਿਸ ਵਿੱਚ ਉਨਾਂ ਦੀ ਪਤਨੀ ਡਾ: ਗਿੰਨੀ ਕੌਰ ਚਾਵਲਾ ਅਤੇ ਉਨਾਂ ਦੇ ਬੱਚਿਆਂ ਸਹਿਜ ਕੌਰ ਚਾਵਲਾ ਅਤੇ ਅੰਮ੍ਰਿਤ ਸਿੰਘ ਚਾਵਲਾ ਸਮੇਤ ਪਰਿਵਾਰਕ ਮੈਂਬਰਾਂ ਅਤੇ ਕੁਝ ਕੁ ਮਹਿਮਾਨਾਂ ਨੇ ਸ਼ਿਰਕਤ ਕੀਤੀ ।

ਸ਼ਿਵਇੰਦਰਜੀਤ ਸਿੰਘ ਦੀ ਆਪਣੇ ਕਮਿਊਨਿਟੀ ਪ੍ਰਤੀ ਅਜਿਹੀ ਸੇਵਾ ਇਸ ਗੱਲ ਦੀ ਪ੍ਰਤੀਕ ਹੈ ਕਿ ਸਿੱਖ ਕੌਮ ਜਿੱਥੇ ਵੀ ਰਹਿੰਦੀ ਹੈ ਉਹ ਸਰਬੱਤ ਦਾ ਭਲਾ ਹੀ ਮੰਗਦੀ ਹੈ । ਅਜਿਹੀ ਸੋਚ ਉਸ ਇਨਸਾਨ ਦੇ ਅੰਦਰ ਹੀ ਜਾਗਦੀ ਹੈ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਤੱਕਿਆ ਹੋਵੇ। ਸਿੱਖ ਕੌਮ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕੀ ਸ਼ਿਵਇੰਦਰਜੀਤ ਸਿੰਘ ਅਜਿਹੀਆਂ ਰੱਬੀ ਰੂਹਾਂ ਉਨਾਂ ਦੀ ਕੌਮ ਦਾ ਹਿੱਸਾ ਹਨ ਜੋ ਦੁਨੀਆਂ ਦੇ ਇਤਿਹਾਸ ਵਿੱਚ ਆਪਣਾ ਨਾਮ ਦਰਜ ਕਰਵਾ ਰਹੀਆਂ ਹਨ

## ਸਿਹਤ ਵਿਗਿਆਨ...

ਬੇਸ਼ੱਕ ਉਹਦਾ ਚੀਕਣਾ ਬਹੁਤ ਸਾਰੀਆਂ ਕਿਰਿਆਵਾਂ ਸਰੀਰ ਵਿੱਚ ਚਾਲੂ ਕਰਦਾ ਹੈ ਜੋ ਜੀਵਨ ਨੂੰ ਅੱਗੇ ਚੱਲਦਾ ਰੱਖਣ ਲਈ ਬਹੁਤ ਜ਼ਰੂਰੀ ਹੁੰਦੀਆਂ ਹਨ ਪਰ ਇਹ ਵੀ ਦਰਦ ਦੀ ਪੈਦਾਇਸ਼ ਹੀ ਹਨ, ਤਕਲੀਫ ਹੀ ਹਨ, ਪਰ ਜਿਵੇਂ ਜਿਵੇਂ ਨਵੀਂਆਂ ਨਵੀਂਆਂ ਪੀੜਾਂ ਨਾਲ ਜੀਵਨ ਦਾ ਵਾਹ ਪੈਂਦਾ ਹੈ ਉਹ ਹੌਲੀ ਹੌਲੀ ਪਹਿਲੀਆਂ ਪੀੜਾਂ ਨੂੰ ਸਹਿਣਯੋਗ ਸਮਝਣ ਲੱਗ ਜਾਂਦਾ ਹੈ। ਆਮ ਜੀਵਨ ਦਾ ਹਿੱਸਾ ਸਮਝਣ ਲਗਦਾ ਹੈ ਪਰ ਪੀੜ ਤਾਂ ਪੀੜ ਹੀ ਹੈ ।ਸਾਹ ਲੈਣਾ, ਖਾਣਾ ਜਿਵੇਂ ਆਮ ਮਨੁੱਖ ਦੀ ਸਮਝ ਵਿੱਚ ਇਕ ਸਧਾਰਨ ਕਿਰਿਆ ਹੈ ਪਰ ਹੈ ਤਾਂ ਦਰਦ ਦੀ ਪੈਦਾਇਸ਼ ਹੀ, ਪਰ ਜੀਵਨ ਦੀ ਇਨਾਂ ਨੂੰ ਸਹਿਣ ਦੀ ਸਮਰਥਾ ਅਨੁਸਾਰ ਉਹ ਇਨਾਂ ਪੀੜਾਂ ਨੂੰ ਬਿਮਾਰੀ ਕਰਕੇ ਬਿਆਨ ਨਹੀਂ ਕਰਦਾ । ਚੱਲਦੇ ਜੀਵਨ ਵਿੱਚ ਜਦੋਂ ਜਦੋਂ ਇਹ ਪੀੜਾਂ ਸਹਿਣ ਦੀ ਸਮਰੱਥਾ ਤੋਂ ਬਾਹਰ ਹੋ ਜਾਂਦੀਆਂ ਹਨ ਤਾਂ ਫਿਰ ਜੀਵਨ ਇਨਾਂ ਨੂੰ ਬਿਮਾਰੀਆਂ ਦੀ ਕੈਟੇਗਰੀ ਵਿੱਚ ਰੱਖਦਾ ਹੈ ਤੇ ਉਸੇ ਦਾ ਬਿਆਨ ਹੀ ਸਿਹਤ ਵਿਗਿਆਨ ਦੀ ਜਾਣਕਾਰੀ ਹੈ ਜੋ ਇਨਾਂ ਲੜੀਵਾਰ ਲੈਕਚਰਾਂ ਵਿੱਚ ਤੁਸੀਂ ਲੈਣੀ ਹੈ। ਮੈਂ ਇਨਾਂ ਕਾਲਮਾਂ ਵਿੱਚ ਸਿਲਸਿਲੇਵਾਰ ਇਹ ਸਭ ਜਾਣਕਾਰੀ ਮਨੁੱਖੀ ਜੀਵਨ ਦੀ ਉਤਪਤੀ ਤੋਂ ਸ਼ੁਰੂ ਕਰਕੇ ਚੱਲਦੇ ਜੀਵਨ ਦੇ ਵਿਕਾਰਾਂ ਦੇ ਨਾਲ ਨਾਲ ਤੁਹਾਡੇ ਤੱਕ ਪਹੁੰਚਾਉਣ ਦੇ ਵਾਅਦੇ ਨਾਲ ਇਹ ਕਾਲਮ ਲਿਖਣਾ ਸ਼ੁਰੂ ਕਰ ਰਿਹਾ ਹਾ ।

## ਮਨੁੱਖਤਾ ਦੀ ਬਰਾਬਰੀ...

ਮਨੁੱਖੀ ਬਰਾਬਰੀ ਅਤੇ ਊਚ ਨੀਚ ਦੀ ਮਾਨਸਿਕਤਾ ਦਾ ਖੰਡਨ ਕਰਦੇ ਹੋਏ, ਗੁਰੂ ਗੋਬਿੰਦ ਸਿੰਘ ਨੇ ਸਾਰੇ ਸਿੱਖਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ ।ਜੋ ਮਨੁੱਖਤਾ ਦੀ ਬਰਾਬਰਤਾ ਦਾ ਸਭ ਤੋਂ ਵੱਡਾ ਪ੍ਰਮਾਣ ਸੀ । ਸੰਸਾਰ ਵਿੱਚ ਸ਼ਾਇਦ ਹੀ ਕਿਸੇ ਧਾਰਮਿਕ ਆਗੂ ਨੇ ਆਪਣੇ ਅਨੁਯਾਈਆਂ ਪ੍ਰਤੀ ਏਨੀ ਨਿਮਰਤਾ ਤੇ ਸਤਿਕਾਰ ਪ੍ਰਗਟ ਕੀਤਾ ਹੋਵੇ।

ਵਿਸਾਖੀ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਪ੍ਰਮਾਣ ਹੈ।

ਪਰ ਅਜੋਕੇ ਹਾਲਾਤ ਵੇਖ ਕਈ ਵਾਰ ਮਹਿਸੂਸ ਹੁੰਦਾ ਹੈ ਕਿ ਅਸੀਂ ਆਪਣੇ ਆਦਰਸ਼ਾਂ ਤੋਂ ਭਟਕ ਰਹੇ ਹਾਂ। ਅੱਜ ਸਿੱਖ ਪ੍ਰੋਹਤਵਾਦ ਤੇ ਜਾਤ-ਪਾਤ ਦੇ ਬੰਧਨਾਂ ਵਿੱਚ ਫਸ ਰਿਹਾ ਹੈ। ਜਿਸ ਦੀ ਮਿਸਾਲ ਪਿੰਡਾਂ ਵਿੱਚ ਵੱਖਰੀਆਂ ਵੱਖਰੀਆਂ ਜਾਤਾਂ ਦੇ ਬਣੇ ਵੱਖਰੇ ਵੱਖਰੇ ਗੁਰਦੁਆਰੇ ਹਨ। ਜਿਸ ਖੰਡੇ ਬਾਟੇ ਦੇ ਅੰਮ੍ਰਿਤ, ਬਾਣੀ ਤੇ ਬਾਣੇ ਦੇ ਸੁਮੇਲ ਨੇ ਖਾਲਸੇ ਦਾ ਇਤਿਹਾਸ ਰਚਿਆ, ਅੱਜ ਗੁਰੂ ਦਸਵੇਂ ਪਾਤਸ਼ਾਹ ਵੱਲੋਂ ਬਖਸ਼ੀ ਰਹਿਤ ਨੂੰ ਪਿੱਠ ਦਿਖਾ ਦੇਹਧਾਰੀ, ਜਾਤ ਪਾਤ, ਵਹਿਮ ਭਰਮ ਤੇ ਨਸ਼ਿਆ ਦੇ ਜਾਲ ਵਿੱਚ ਫਸ ਪਤਿਤ ਹੋ ਰਿਹਾ ਹੈ। ਜਾਗਦੀ ਜਮੀਰ ਵਾਲੇ ਪੰਥਪ੍ਰਸਤ, ਨੇਕ ਤੇ ਸੂਝਵਾਨ ਸਿੱਖ ਇਸ ਅਧੋਗਤੀ ਅਤੇ ਨਿਰਾਸ਼ਤਾ ਵਿੱਚੋਂ ਖਾਲਸੇ ਨੂੰ ਕੱਢ ਸਿੱਖ ਸਿਧਾਂਤ, ਇਖਲਾਕ ਤੇ ਆਦਰਸ਼ ਨੂੰ ਮੁੜ ਉਜਾਗਰ ਕਰਨ ਲਈ ਦ੍ਰਿੜ ਸੰਕਲਪ ਲੈਣ, ਤਾਂ ਜੋ ਖਾਲਸਾ ਇੱਕ ਵਾਰ ਫਿਰ ਗੈਰ ਬਰਾਬਰਤਾ ਨੂੰ ਤਿਆਗ ਆਪਣੇ ਇਤਿਹਾਸਕ ਸਨਮਾਨ ਤੇ ਪ੍ਰਤਿਸ਼ਠਤਾ ਨੂੰ ਮੁੜ ਸੁਰਜੀਤ ਕਰ ਸਕੇ।

## ਜਾਅਲੀ ਏਜੰਟਾਂ ਰਾਹੀਂ...

ਪਰ ਫਰਾਂਸ ਇਸ ਮਾਮਲੇ ਵਿਚ ਕੋਈ ਦਿਲਚਸਪੀ ਨਹੀਂ ਦਿਖਾ ਰਿਹਾ ਕਿਉਂਕਿ ਇਹ ਉਸ ਦਾ ਮਸਲਾ ਨਹੀਂ ਹੈ। ਫਰਾਂਸ ਵਿਚ ਤਾਂ ਇਹ ਰਫਿਊਜ਼ੀ ਆਰਜ਼ੀ ਤੌਰ 'ਤੇ ਹੀ ਰਹਿੰਦੇ ਹਨ। ਹੁਣ ਇਨਾਂ ਨੂੰ ਜਿਬਲਾਰਟਰ ਜਾਂ ਆਈਜਲ ਔਫ ਮੈਨ ਜੋ ਯੂਕੇ ਦੇ ਦੂਰਲੇ ਅੱਡੇ ਹਨ, ਭੇਜਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮਾਮਲੇ ਵਿਚ ਡੈਨਮਾਰਕ ਨਾਲ ਵੀ ਗੱਲ ਚੱਲ ਰਹੀ ਹੈ।

ਖੈਰ, ਇਸ ਵੇਲੇ ਦੋ ਖ਼ਬਰਾਂ ਹਨ, ਇਕ ਚੰਗੀ ਤੇ ਇਕ ਮਾੜੀ। ਮਾੜੀ ਖ਼ਬਰ ਇਹ ਕਿ ਯੂ.ਕੇ. ਵਿਚ ਸਿਆਸੀ ਸ਼ਰਨ ਮੰਗਣ ਵਾਲਿਆਂ ਲਈ ਅਗਾਂਹ ਬਹੁਤ ਜ਼ਿਆਦਾ ਸਖਤਾਈ ਹੋ ਰਹੀ ਹੈ, ਚੰਗੀ ਖ਼ਬਰ ਇਹ ਹੈ ਕਿ ਸਰਕਾਰ ਹੁਣ ਤੱਕ ਸਿਆਸੀ ਸ਼ਰਨ ਲਈ ਅਰਜ਼ੀਆਂ ਦੇਈ ਬੈਠੇ ਲੋਕਾਂ ਨੂੰ ਪੱਕਿਆਂ ਕਰਨ ਬਾਰੇ ਸੋਚ ਰਹੀ ਹੈ।

## ਸਾਂਝੇ ਪੰਜਾਬ ਦਾ ਗਵੱਈਆ...

ਹੰਝੂਆਂ ਦੇ ਆਲਣੇ ਤਾਂ ਚੇਤਨਾ ਪ੍ਰਕਾਸ਼ਨ ਲੁਧਿਆਣਾ ਵਲੋਂ ਪ੍ਰਕਾਸ਼ਿਤ ਹੋ ਚੁੱਕਾ ਹੈ। ਪੰਜ ਬੱਚਿਆਂ ਦਾ ਬਾਪ ਸਭ ਤੋਂ ਨਿੱਕੀ ਧੀ ਨੂੰ ਕੰਵਾਰੀ ਛੱਡ ਗਿਆ ਹੈ। ਬਾਕੀ ਤਿੰਨ ਪੁੱਤਰ ਤੇ ਇਕ ਧੀ ਵਿਆਹੀ ਵਰੀ ਹੈ। ਤਿੰਨੇ ਪੁੱਤਰ ਇਮਰਾਨ ਸ਼ੌਕਤ, ਮੋਹਸਿਨ ਸ਼ੌਕਤ ਅਲੀ ਤੇ ਆਮਿਰ ਵੀ ਗਾਉਂਦੇ ਹਨ। ਸ਼ੌਕਤ ਅਲੀ ਨੇ ਬਹੁਤ ਮੌਲਿਕ ਤਰਜ਼ਾਂ ਵੀ ਹੋਰ ਧਰਤੀਆਂ ਤੋਂ ਲਿਆ ਕੇ ਪੰਜਾਬੀ ਸੰਗੀਤ ਵਿਚ ਪਰੋਈਆਂ।

**ਉਸ ਦੇ ਆਪਣੇ ਹੀ ਗੀਤ**

**ਕਦੀ ਤੇ ਹੱਸ ਬੋਲ ਵੇ**

**ਨਾ ਜਿੰਦ ਸਾਡੀ ਰੋਲ ਵੇ**

**ਆ ਛੇਤੀ ਘਰ ਆ ਵੇ**

**ਸੁੱਕ ਚੱਲੇ ਸਾਹ ਵੇ।**

**ਵੇ ਦਿਲ ਗਿਆ ਡੋਲ ਵੇ**

ਨੂੰ ਅਫਗਾਨ ਸੰਗੀਤ 'ਚੋਂ ਪੁੱਟ ਕੇ ਲਿਆਂਦਾ। ਇਸ ਗੀਤ ਨੂੰ ਸ਼ੌਕਤ ਅਲੀ ਮਗਰੋਂ ਮਦਨ ਮੱਦੀ ਸਮੇਤ ਸੈਂਕੜੇ ਗਾਇਕਾਂ ਨੇ ਗਾਇਆ ਪਰ ਸ਼ੌਕਤ ਸ਼ੌਕਤ ਹੀ ਸੀ।

ਇਹ ਗੀਤ ਭਾਰਤੀ ਫ਼ਿਲਮ 'ਲਵ ਆਜ ਕੱਲ' ਵਿਚ ਸ਼ੌਕਤ ਅਲੀ ਦੀ ਆਵਾਜ਼ ਹੂ-ਬਹੂ ਵਰਤਿਆ ਗਿਆ।

1982 ਵਿਚ ਨਵੀਂ ਦਿੱਲੀ ਵਿਖੇ ਹੋਈਆਂ ਏਸ਼ਿਆਈ ਖੇਡਾਂ ਮੌਕੇ ਸ਼ੌਕਤ ਅਲੀ ਨੂੰ ਪਾਕਿਸਤਾਨ ਵਲੋਂ ਲਾਈਵ ਪੇਸ਼ਕਾਰੀ ਲਈ ਬੁਲਾਇਆ ਗਿਆ। ਉਸ ਇਕ ਸ਼ਰਤ ਰੱਖੀ ਕਿ ਇਕ ਸ਼ਾਮ ਅੰਮ੍ਰਿਤਾ ਪ੍ਰੀਤਮ ਨਾਲ ਗੁਜ਼ਾਰਨ ਦਾ ਪ੍ਰਬੰਧ ਕੀਤਾ ਜਾਵੇ। ਏਦਾਂ ਹੀ ਹੋਇਆ। ਸ਼ੌਕਤ ਅਲੀ ਜਦ ਅੰਮ੍ਰਿਤਾ ਪ੍ਰੀਤਮ ਨੂੰ ਮਿਲਿਆ ਤਾਂ ਦੋਵਾਂ ਦੇ ਨੇਤਰ ਨਮ ਸਨ।

ਸ਼ੌਕਤ ਬੋਲਿਆ! ਅੰਮ੍ਰਿਤਾ ਜੀ, ਤੁਸੀਂ ਵਾਰਿਸ ਸ਼ਾਹ ਨੂੰ ਕਬਰਾਂ ਚੋਂ ਬੁਲਾਇਆ ਸੀ, ਉਹ ਤਾਂ ਨਹੀਂ ਆਇਆ, ਮੈਂ ਆ ਗਿਆ ਹਾਂ। ਵਾਰਿਸ ਦਾ ਵਾਰਿਸ।

ਇਮਰੋਜ਼ ਨੇ ਸ਼ੌਕਤ ਅਲੀ ਨੂੰ ਵਾਰਿਸ ਸ਼ਾਹ, ਬੁੱਲੇ ਸ਼ਾਹ, ਸ਼ਾਹ ਹੁਸੈਨ ਤੇ ਸੁਲਤਾਨ ਬਾਹੂ ਦੇ ਲਕੀਰੀ ਚਿੱਤਰ ਵਿਖਾਏ ਤਾਂ ਸ਼ੌਕਤ ਅਲੀ ਬੋਲਿਆ

ਮੀਆਂ ਮੁਹੰਮਦ ਬਖ਼ਸ਼ ਸਾਹਿਬ ਕਿੱਥੇ ਨੇ ?

ਤੁਰੰਤ ਅੰਮ੍ਰਿਤਾ ਬੋਲੀ

ਸ਼ੌਕਤ ! ਤੂੰ ਮੀਆਂ ਮੁਹੰਮਦ ਬਖ਼ਸ਼ ਸਾਹਿਬ ਨੂੰ ਏਨਾ ਸੋਹਣਾ ਗਾਇਐ ਕਿ ਉਹ ਹਰ ਹਿੱਕੜੀ ਵਿਚ ਉੱਕਰੇ ਪਏ ਨੇ।

ਅੰਮ੍ਰਿਤਾ ਪ੍ਰੀਤਮ ਨੇ ਸ਼ੌਕਤ ਨੂੰ ਤੁਰਨ ਲੱਗਿਆਂ ਆਪਣੇ ਨਵੇਂ ਗੀਤ ਦਾ ਸ਼ਗਨ ਪਾਇਆ

ਵੇ ਮੈਂ ਤਿੜਕੇ ਘੜੇ ਦਾ ਪਾਣੀ

ਮੈਂ ਕੱਲ ਤੱਕ ਨਹੀਂ ਰਹਿਣਾ।

ਸ਼ੌਕਤ ਅਲੀ ਨੇ ਇਹ ਗੀਤ ਲਾਹੌਰ ਜਾਣ ਸਾਰ ਰਿਕਾਰਡ ਕਰਵਾਇਆ। ਅੰਮ੍ਰਿਤਾ ਪ੍ਰੀਤਮ ਨੇ ਸ਼ੌਕਤ ਅਲੀ ਦੀ ਹੌਜ਼ ਖਾਸ ਫੇਰੀ ਦਾ ਜ਼ਿਕਰ ਨਾਗਮਣੀ ਦੇ ਆਗਾਮੀ ਅੰਕ 'ਚ ਛਾਪਿਆ।

ਸ਼ੌਕਤ ਅਲੀ ਸਾਂਝੇ ਕਾਰਜਾਂ ਲਈ ਅੱਗੇ ਲੱਗ ਕੇ ਤੁਰਨ ਵਾਲਾ ਫ਼ਨਕਾਰ ਸੀ। ਪਾਕਿਸਤਾਨ ਦੇ ਵਰਤਮਾਨ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਮਾਂ ਕੈਂਸਰ ਨਾਲ ਮੋਈ ਤਾਂ ਇਮਰਾਨ ਨੇ ਉਸ ਦੀ ਯਾਦ 'ਚ ਕੈਂਸਰ ਹਸਪਤਾਲ ਖੋਲਣ ਲਈ ਫੰਡ ਇਕੱਠਾ ਕਰਨ ਲਈ ਸ਼ੌਕਤ ਅਲੀ ਦੇ ਲਾਹੌਰ ਵਿਚ ਕਈ ਪ੍ਰੋਗਰਾਮ ਕਰਵਾਏ। ਲਗਭਗ ਇਕ ਕਰੋੜ ਰੁਪਿਆ ਲਾਹੌਰ ਵਿਚੋਂ ਤੇ ਸੱਤ ਕਰੋੜ ਰੁਪਿਆ ਬਰਸਲਜ਼ (ਬੈਲਜੀਅਮ) 'ਚੋਂ ਸ਼ੌਕਤ ਅਲੀ ਨੇ ਇਕੱਲਿਆਂ ਇਕੱਠਾ ਕਰਵਾਇਆ। ਹਾਲਾਤ ਦੀ ਬੇਰਹਿਮੀ ਵੇਖੋ। ਸ਼ੌਕਤ ਅਲੀ ਪਿਛਲਾ ਡੇਢ ਸਾਲ ਲਾਹੌਰ ਵਿਚ ਬਿਮਾਰ ਰਿਹਾ ਪਰ ਇਮਰਾਨ ਖ਼ਾਨ ਕੋਲੋਂ ਬਿਮਾਰ ਪੁਰਸੀ ਲਈ ਡੇਢ ਘੰਟਾ ਵੀ ਨਹੀਂ ਨਿਕਲਿਆ ਮਿਲਣ ਲਈ।

ਸ਼ੌਕਤ ਅਲੀ ਖ਼ੁੱਦਾਰ ਇਨਸਾਨ ਸੀ। ਮਰਦੇ ਦਮ ਤੱਕ ਪੁੱਤਰਾਂ ਨੂੰ ਇਹੀ ਆਖੀ ਗਿਆ। ਕਿਸੇ 'ਤੇ ਕੋਈ ਸ਼ਿਕਵਾ ਨਹੀਂ ਕਰਨਾ। ਵਤਨ ਦੇ ਗੀਤ ਤੇ ਸੂਫ਼ੀ ਕਲਾਮ ਹੀ ਗਾਉਣਾ।

ਸ਼ੌਕਤ ਅਲੀ ਭਾਵੇਂ ਹੁਣ ਸਾਡੇ ਵਿਚ ਨਹੀਂ ਰਿਹਾ ਪਰ ਪੂਰਾ ਪੰਜਾਬੀ ਜਗਤ ਹਮੇਸ਼ਾ ਉਸ ਨੂੰ ਤੇ ਉਸ ਦੀ ਗਾਇਕੀ ਨੂੰ ਯਾਦ ਰੱਖੇਗਾ। ਅਜਿਹੇ ਵੱਡੇ ਕਲਾਕਾਰ ਕਦੇ-ਕਦੇ ਹੀ ਪੈਦਾ ਹੁੰਦੇ ਹਨ।

## ਸਰਦਾਰੀ...

ਘਰ ਦਾ ਵਿਹੜਾ ਸਿਸਕੀਆਂ ਤੇ ਹੌਕਿਆਂ ਨੇ ਮੱਲ ਲਿਆ। ਅੱਜ ਹਰਜੀਤ ਉਹ ਸਭ ਕੁਝ ਕਰ ਰਹੀ ਸੀ, ਜੋ ਉਹ ਕਰ ਸਕਦੀ ਸੀ, ਆਪਣੇ ਘਰ ਦੀ ਇੱਜ਼ਤ ਸਾਂਭਣ ਲਈ, ਆਪਣੀ ਸੱਸ ਤੇ ਆਪਣੀ ਧੀ ਨੂੰ ਸਾਂਭਣ ਲਈ। ਅੱਜ ਉਸ ਨੂੰ ਝੋਰਾ ਸੀ ਆਪਣੀ ਬੀ.ਏ ਦੀ ਅਧੂਰੀ ਛੱਡੀ ਪੜਾਈ ਦਾ, ਭਾਵੇਂ ਬੀ. ਏ ਉਸਨੇ ਮੁੜ ਸ਼ੁਰੂ ਕਰ ਦਿੱਤੀ, ਆਪਣੀ ਧੀ ਅਤੇ ਆਪਣੀ ਮਾਂ ਵਰਗੀ ਸੱਸ ਦੀ ਜ਼ਿੰਦਗੀ 'ਚ ਆਈ ਗਰੀਬੀ ਨਾਂ ਦੀ ਹਨੇਰੀ ਨਾਲ ਨਜਿੱਠਣ ਲਈ। ਮਾਸਟਰ ਹਰਨੇਕ ਅਜੇ ਵੀ ਆਪਣੀ ਕੁਰਸੀ 'ਤੇ ਬੈਠਾ ਤਰਨ ਦੀ ਹਰਜੀਤ ਨੂੰ ਦਿੱਤੀ ਸਰਦਾਰੀ ਬਾਰੇ ਸੋਚ ਰਿਹਾ ਸੀ ਤੇ ਤਰਨ ਉਸੇ ਤਰਾਂ ਆਪਣੀ ਧੀ ਦੀ ਉਂਗਲ ਫੜੀ ਆਂਗਨਵਾੜੀ ਵਿਚ ਖੜੀ ਆਪਣੀ ਵਾਰੀ ਉਡੀਕ ਕਰ ਰਹੀ ਸੀ ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**






**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

## ਮਾਤ ਭਾਸ਼ਾਵਾਂ ਕਿਉਂ ਮਰ...

ਅਜਿਹੇ ਖ਼ਤਰੇ ਵਾਲੀਆਂ ਭਾਸ਼ਾਵਾਂ ਦੀ ਸੂਚੀ ਵਿਚ ਸੰਯੁਕਤ ਰਾਜ ਅਮਰੀਕਾ ਦੂਸਰੇ ਨੰਬਰ ਅਤੇ ਇੰਡੋਨੇਸ਼ੀਆ ਤੀਸਰੇ ਨੰਬਰ ’ਤੇ ਆਉਂਦਾ ਹੈ। ਇਸ ਤਰਾਂ ਭਾਸ਼ਾਵਾਂ ਦੀ ਮੌਤ ਦੇ ਵੱਡੇ ਕਾਰਨ ਜੰਗਲੀ ਖੇਤਰਾਂ ਦਾ ਵਿਨਾਸ਼, ਅੰਗਰੇਜ਼ੀ ਦੀ ਨਵ-ਸਾਮਰਾਜੀ ਨੀਤੀ ਅਤੇ ਕੌਮੀ ਸਰਕਾਰਾਂ ਦੀ ਭਾਸ਼ਾਵਾਂ ਪ੍ਰਤੀ ਲਾਪ੍ਰਵਾਹੀ ਤੇ ਅਣਦੇਖੀ, ਯੋਜਨਾਬੰਦੀ ਦੀ ਘਾਟ ਆਦਿ ਹਨ। ਦੂਸਰਾ ਮਹੱਤਵਪੂਰਨ ਭਾਸ਼ਾਈ ਮੁੱਦਾ ਉੱਤਰ-ਪੂਰਬੀ ਖੇਤਰ ਅਤੇ ਵਿਸ਼ੇਸ਼ ਕਰਕੇ ਅਰੁਣਾਚਲ ਪ੍ਰਦੇਸ਼ ਦਾ ਹੈ। ਅਰੁਣਾਚਲ ਪ੍ਰਦੇਸ਼ ਵਿਚ ਇਕ ਸੌ ਵੀਹ ਤੋਂ ਵਧੇਰੇ ਭਾਸ਼ਾ ਸਮੁਦਾਇ ਹਨ ਤੇ ਇਨਾਂ ਵਿਚ ਏਨੀਆਂ ਹੀ ਬੋਲੀਆਂ ਬੋਲੀਆਂ ਜਾਂਦੀਆਂ ਹਨ। 2008 ਵਿਚ ਨੈਸ਼ਨਲ ਜਿਓਗ੍ਰਾਫਿਕ ਸੋਸਾਇਟੀ ਨੇ ਇਕ ਭਾਸ਼ਾ ਸਰਵੇਖਣ ਕਰਦਿਆਂ ਅਰੁਣਾਚਲ ਪ੍ਰਦੇਸ਼ ਦੇ ਇਕ ਛੋਟੇ ਜਿਹੇ ਪਿੰਡ ਕਿਚੰਗ ਵਿਚ ਇਕ ਨਵੀਂ ਭਾਸ਼ਾ ‘ਕੋਰੋ’ ਦੀ ਖੋਜ ਕੀਤੀ ਜੋ ਅਜੇ ਤੱਕ ਭਾਸ਼ਾਵਾਂ ਦੀ ਕਿਸੇ ਸੂਚੀ ਵਿਚ ਦਰਜ ਨਹੀਂ ਸੀ। ਕਿਚੰਗ ਪਿੰਡ ਵਿਚ ਬਾਂਸ ਦੇ ਬਣੇ ਸਿਰਫ ਚਾਰ ਘਰ ਹਨ। ਇਸ ਪਿੰਡ ਦੇ ਲੋਕ ਸੂਰ ਪਾਲਦੇ ਤੇ ਚੌਲਾਂ ਦੀ ਖੇਤੀ ਕਰਦੇ ਹਨ। ਉਨਾਂ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ‘ਅੱਕਾ’ ਅਤੇ ‘ਮਿਜੀ’ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।

ਸਰਵੇਖਣ ਟੀਮ ਨੇ ਖੋਜ ਦੌਰਾਨ ਦੇਖਿਆ ਕਿ ਪਿੰਡ ਦੀ ਇਕ ਔਰਤ ਕਾਚਿਮ ਵੱਖਰੀ ਭਾਸ਼ਾ ਬੋਲ ਰਹੀ ਹੈ। ਬਚਪਨ ਵਿਚ ਉਹ ਨੂੰ ਵੇਚ ਦਿੱਤਾ ਗਿਆ ਸੀ। ਉਹ ਆਪਣੇ ਨਵੇਂ ਸਹੁਰੇ ਪਿੰਡ ਖ਼ੁਸ਼ ਨਹੀਂ ਸੀ ਕਿਉਂਕਿ ਉਥੇ ਕੋਈ ਉਹਦਾ ਜਾਣਕਾਰ ਨਹੀਂ ਸੀ। ਦੂਸਰੇ ਪਾਸੇ ਉਥੋਂ ਦੀ ਬੋਲੀ ਵੱਖਰੀ ਸੀ। ਖੋਜੀਆਂ ਨੂੰ ਲੱਗਿਆ ਕਿ ਸ਼ਾਇਦ ਉਹ ‘ਅੱਕਾ’ ਬੋਲੀ ਦੀ ਕੋਈ ਉਪ ਬੋਲੀ ਬੋਲ ਰਹੀ ਹੈ ਪਰ ਉਹਦੀ ਬੋਲੀ ਦੇ ਸ਼ਬਦ ਤੇ ਧੁਨੀਆਂ ਵੱਖਰੀਆਂ ਸਨ। ਮਸਲਨ ‘ਪਹਾੜ’ ਨੂੰ ਅੱਕਾ ਭਾਸ਼ਾ ਵਿਚ ‘ਫੂ’ ਕਿਹਾ ਜਾਂਦਾ ਹੈ ਜਦ ਕਿ ਕੋਰੋ ਵਿਚ ‘ਲੇਲੇ’। ਅੱਕਾ ਅਤੇ ਕੋਰੋ ਭਾਸ਼ਾਵਾਂ ਵਿਚ ਨੌਂ ਫ਼ੀਸਦੀ ਸ਼ਬਦ ਸਾਂਝੇ ਹਨ ਪਰ 91 ਫ਼ੀਸਦੀ ਵੱਖਰੇ ਹਨ। ਦੋਹਾਂ ਭਾਸ਼ਾਵਾਂ ਵਿਚ ਸੱਭਿਆਚਾਰਕ ਸਾਂਝ ਹੈ ਪਰ ਭਾਸ਼ਾਵਾਂ ਭਿੰਨ ਹਨ। ਅਰੁਣਾਚਲ ਵਿਚ ਕੋਰੋ ਬੋਲਣ ਵਾਲੇ 800 ਦੇ ਲਗਭਗ ਹਨ ਭਾਵ ਇਹ ਭਾਸ਼ਾ ਖਤਰੇ ਦੇ ਜ਼ੋਨ ਵਿਚ ਹੈ। ਜਦਕਿ ਅੱਕਾ ਬੋਲਣ ਵਾਲਿਆਂ ਦੀ ਗਿਣਤੀ ਦਸ ਹਜ਼ਾਰ ਦੇ ਲਗਭਗ ਹੈ। ਅਸਲ ਵਿਚ ਕੋਰੋ ਭਾਸ਼ਾ ਤਿੱਬਤੀ-ਬਰਮੀ ਭਾਸ਼ਾ ਪਰਿਵਾਰ ਦੀ ਬੋਲੀ ਹੈ ਜਿਸ ਵਿਚ ਚਾਰ ਸੌ ਬੋਲੀਆਂ ਸ਼ਾਮਿਲ ਹਨ। ਇਨਾਂ ਵਿਚ ਇਕ ਸੌ ਵੀਹ ਦੇ ਲਗਭਗ ਭਾਰਤ ਵਿਚ ਬੋਲੀਆਂ ਜਾਂਦੀਆਂ ਹਨ। ਪਰ ਭਾਰਤ ਦੇ ਭਾਸ਼ਾ ਰਜਿਸਟਰ ਵਿਚ ਜਾਂ ਮਰਦਮਸ਼ੁਮਾਰੀ ਵੇਲੇ ਇਨਾਂ ਨੂੰ ਕੋਈ ਥਾਂ ਨਹੀਂ ਦਿੱਤੀ ਗਈ।

ਕੋਰੋ ਭਾਸ਼ਾ ਦੇ ਖ਼ਤਰੇ ਵਾਲੇ ਜ਼ੋਨ ਵਿਚ ਚਲੇ ਜਾਣ ਦੀ ਇਕ ਮਿਸਾਲ ਦੇਖੀ ਜਾ ਸਕਦੀ ਹੈ। ਇਕ ਬਜ਼ੁਰਗ ਕੋਰੋ ਭਾਸ਼ਾ ਬੋਲਦਾ ਹੈ ਤੇ ਉਸ ਭਾਸ਼ਾ ਨੂੰ ਬਚਾਉਣ ਲਈ ਯਤਨ ਵੀ ਕਰਦਾ ਹੈ ਤੇ ਚਿੰਤਾਤੁਰ ਵੀ ਹੈ ਪਰ ਉਹਦੇ ਪੁੱਤਰ ਸੁਨੀਲ ਯਾਮੇ ਨੇ ਹਿੰਦੀ ਭਾਸ਼ਾ ਅਪਣਾ ਲਈ ਹੈ। ਇਸ ਦਾ ਕਾਰਨ ਹੈ ਕਿ ਆਲੇ ਦੁਆਲੇ, ਸਿੱਖਿਆ ਸੰਸਥਾਵਾਂ ਅਤੇ ਸੰਚਾਰ ਮਾਧਿਅਮਾਂ ਵਿਚ ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ ਦਾ ਦਬਦਬਾ ਹੈ। ਅਰੁਣਾਚਲ ਦੀ ਰਾਜ ਭਾਸ਼ਾ ਵੀ ਅੰਗਰੇਜ਼ੀ ਹੈ। ਆਮ ਬੋਲ ਚਾਲ ਤੇ ਸੰਪਰਕ ਭਾਸ਼ਾ ਦੇ ਤੌਰ ’ਤੇ ਹਿੰਦੀ ਵਰਤੀ ਜਾਂਦੀ ਹੈ। ਇਸ ਦੇ ਉਲਟ ਕੋਰੋ ਭਾਸ਼ਾ ਦੀ ਸਿਰਫ ਮੌਖਿਕ ਪ੍ਰੰਪਰਾ ਹੈ। ਇਹੀ ਹਾਲ ਅਰੁਣਾਚਲ ਦੀਆਂ ਬਾਕੀ ਕਬਾਇਲੀ ਭਾਸ਼ਾਵਾਂ ਦਾ ਹੈ। ਇਨਾਂ ਦੀਆਂ ਪ੍ਰੰਪਰਾਵਾਂ, ਲੋਕ ਸਾਹਿਤ ਤੇ ਕਬਾਇਲੀ ਜੀਵਨ ਜਾਚ ਨੂੰ ਸਾਂਭਣ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ। ਏਸੇ ਕਰਕੇ ਇਹ ਖ਼ਾਤਮੇ ਵੱਲ ਵਧ ਰਹੀਆਂ ਹਨ।

ਪਰ ਕਈ ਥਾਵਾਂ ’ਤੇ ਇਸ ਦੇ ਉਲਟ ਵੀ ਹੁੰਦਾ ਹੈ। ਕੁਝ ਬੋਲੀਆਂ ਸਮੇਂ ਦੇ ਨਾਲ-ਨਾਲ ਜਾਗਰੂਕਤਾ ਕਰਕੇ ਖੇਤਰੀ ਭਾਸ਼ਾਵਾਂ ਵਜੋਂ ਵਿਕਸਤ ਹੋ ਜਾਂਦੀਆਂ ਹਨ ਜਿਵੇਂ ਮੈਥਿਲੀ ਤੇ ਭੋਜਪੁਰੀ ਭਾਸ਼ਾਵਾਂ ਨੇ ਹਿੰਦੀ ਦੀਆਂ ਉਪ ਬੋਲੀਆਂ ਹੋਣ ਤੋਂ ਪਾਸਾ ਵੱਟ ਕੇ ਸੁਤੰਤਰ ਰੂਪ ਵਿਚ ਆਪਣਾ ਵਿਕਾਸ ਕਰ ਲਿਆ ਹੈ। ਇਨਾਂ ਲਈ ਇਕ ਸ਼ੁੱਭ ਸੰਕੇਤ ਇਹ ਵੀ ਹੈ ਕਿ ਇਨਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ਕਰੋੜਾਂ ਵਿਚ ਹੈ। ਮੈਥਿਲੀ ਤੇ ਭੋਜਪੁਰੀ ਭਾਸ਼ਾਵਾਂ ਬਿਹਾਰ ਦੇ ਕਈ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜਾਈਆਂ ਜਾਂਦੀਆਂ ਹਨ ਪਰ ਰੁਜ਼ਗਾਰ ਦੇ ਮੌਕੇ ਘੱਟ ਹੋਣ ਕਰਕੇ ਵਿਦਿਆਰਥੀ ਇਨਾਂ ਤੋਂ ਮੁੱਖ ਮੋੜ ਕੇ ਦੂਜੀਆਂ ਪ੍ਰਮੁੱਖ ਭਾਸ਼ਾਵਾਂ ਨੂੰ ਪਹਿਲ ਦਿੰਦੇ ਹਨ। ਕਦੇ ਕਦੇ ਵਿਦਿਆਰਥੀਆਂ ਨਾਲੋਂ ਪੜਾਉਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਜਿਵੇਂ ਪਟਨਾ ਯੂਨੀਵਰਸਿਟੀ ਦੇ ਮੈਥਿਲੀ ਵਿਭਾਗ ਵਿਚ। ਹਾਲਾਂਕਿ ਇਨਾਂ ਭਾਸ਼ਾਵਾਂ ਦੀਆਂ ਬੜੀਆਂ ਅਮੀਰ ਪ੍ਰੰਪਰਾਵਾਂ ਹਨ। ਪਰ ਭਾਸ਼ਾ ਨੂੰ ਰੁਜ਼ਗਾਰ ਨਾਲ ਜੋੜਨ ਕਰਕੇ ਇਨਾਂ ਪ੍ਰਤੀ ਉਦਾਸੀਨਤਾ ਪੈਦਾ ਹੋ ਰਹੀ ਹੈ। ਇਹ ਸਥਿਤੀ ਭਾਰਤ ਦੀਆਂ ਸਾਰੀਆਂ ਪ੍ਰਦੇਸ਼ਕ ਭਾਸ਼ਾਵਾਂ ਦੇ ਪ੍ਰਸੰਗ ਵਿਚ ਨਜ਼ਰ ਆਉਂਦੀ ਹੈ।

ਮਰ ਰਹੀਆਂ ਭਾਸ਼ਾਵਾਂ ਨੂੰ ਬਚਾਉਣ ਲਈ ਮਾਰਚ 2010 ਵਿਚ ਗਨੇਸ਼ ਦੇਵੀ ਦੀ ਅਗਵਾਈ ਵਿਚ ‘ਭਾਰਤ ਭਾਸ਼ਾ ਸੰਗਮ’ ਵਲੋਂ ਬੜੋਦਰਾ ਵਿਚ ਇਕ ਸੰਮੇਲਨ ਕੀਤਾ ਗਿਆ, ਜਿਸ ਵਿਚ 320 ਅਜਿਹੀਆਂ ਮਰ ਰਹੀਆਂ ਭਾਸ਼ਾਵਾਂ ਦੇ ਬੋਲਣਹਾਰਿਆਂ ਨੇ ਹਿੱਸਾ ਲਿਆ। ਉਥੇ ਇਹ ਗੱਲ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਈ ਕਿ ਇਕ ਪਾਸੇ ਅੰਗਰੇਜ਼ੀ ਭਾਸ਼ਾ ਸਾਰੀਆਂ ਭਾਰਤੀ ਭਾਸ਼ਾਵਾਂ ’ਤੇ ਰਾਜ ਕਰ ਰਹੀ ਹੈ ਦੂਸਰੇ ਪਾਸੇ ਕੁਝ ਵੱਡੀਆਂ ਭਾਸ਼ਾਵਾਂ ਛੋਟੀਆਂ ਨੂੰ ਦਬਾ ਰਹੀਆਂ ਹਨ। ਇਹ ਇਸ਼ਾਰਾ ਹਿੰਦੀ ਵੱਲ ਸੀ, ਜਿਸ ਨੇ ਕਈ ਭਾਸ਼ਾਵਾਂ ਨਾਲ ਦਾਬੇ ਵਾਲੀ ਸਥਿਤੀ ਵਿਚ ਰਿਸ਼ਤਾ ਗੰਢ ਲਿਆ ਹੈ। ਮਸਲਨ ਡੋਗਰੀ ਲੰਬਾ ਸਮਾਂ ਪੰਜਾਬੀ ਦੀ ਉਪਬੋਲੀ ਰਹੀ ਹੈ, ਇਹਦਾ ਸ਼ਬਦ ਭੰਡਾਰ, ਉਚਾਰਨ ਸਭ ਪੰਜਾਬੀ ਵਾਲੇ ਹਨ ਪਰ ਹੁਣ ਜਦੋਂ ਇਹ ਇਕ ਸੁਤੰਤਰ ਭਾਸ਼ਾ ਬਣ ਗਈ ਤੇ ਸੰਵਿਧਾਨ ਦੀ ਅੱਠਵੀਂ ਸੂਚੀ ਵਿਚ ਇਸ ਨੂੰ ਮਾਨਤਾ ਮਿਲ ਗਈ ਤਾਂ ਜਾਣ ਬੁਝ ਕੇ ਇਸ ਨੂੰ ਲਿਖਣ ਲਈ ਦੇਵਨਾਗਰੀ ਲਿਪੀ ਨਾਲ ਜੋੜ ਦਿੱਤਾ ਗਿਆ। ਇਸ ਨਾਲ ਇਸ ਭਾਸ਼ਾ ਦਾ ਮੁਹਾਂਦਰਾ ਇਕ ਦਿਨ ਵਿਗੜ ਕੇ ਹਿੰਦੀ ਵਾਲਾ ਹੋ ਜਾਵੇਗਾ।

ਅੱਜ ਇਹ ਜ਼ਰੂਰੀ ਹੋ ਗਿਆ ਹੈ ਕਿ ਭਾਰਤੀ ਭਾਸ਼ਾਵਾਂ ਦਾ ਇਕ ਨਵਾਂ ਸਰਵੇਖਣ ਕਰਵਾਇਆ ਜਾਵੇ। ਲੋਕਤੰਤਰੀ ਪਰੰਪਰਾਵਾਂ ਨੂੰ ਤਾਕਤ ਦੇਣ ਲਈ ਕਿਸੇ ਸਮਾਜ ਦਾ ਬਹੁਭਾਸ਼ੀ ਹੋਣਾ ਸਿਹਤਮੰਦੀ ਦੀ ਨਿਸ਼ਾਨੀ ਹੈ। ਭਾਰਤੀ ਸਮਾਜ ਸਦੀਆਂ ਤੋਂ ਬਹੁਭਾਸ਼ੀ, ਬਹੁ-ਨਸਲੀ, ਬਹੁ-ਜਾਤੀ, ਬਹੁਸੱਭਿਆਚਾਰਕ ਤੇ ਬਹੁ-ਧਰਾਤਲੀ ਰਿਹਾ ਹੈ। ਇਹਦੀ ਵੰਨ-ਸੁਵੰਨਤਾ ਨੂੰ ਅੱਜ ਢਾਹ ਲਾਉਣ ਲਈ ‘ਇਕ ਦੇਸ਼ ਇਕ ਭਾਸ਼ਾ’ ਵਰਗੇ ਨਾਅਰੇ ਲਾਏ ਜਾ ਰਹੇ ਹਨ। ਅਜਿਹੀ ਸ਼ਾਵਨਵਾਦੀ ਭਾਸ਼ਾਈ ਸੋਚ ਭਾਰਤੀ ਸਮਾਜ ਦੇ ਤਾਣੇ-ਬਾਣੇ ਨੂੰ ਬਿਖੇਰ ਦੇਵੇਗੀ।

ਅੱਜ ਪੂਰੀ ਦੁਨੀਆ ਵਿਚ ਇਕੀਵੀਂ ਸਦੀ ਨੂੰ ਲੋਕਾਂ ਦੀਆਂ ਮਾਤ ਭਾਸ਼ਾਵਾਂ ਦੀ ਸਦੀ ਵਜੋਂ ਪ੍ਰਚਾਰ ਕੇ ਮਰ ਰਹੀਆਂ ਭਾਸ਼ਾਵਾਂ ਨੂੰ ਬਚਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਪਰ ਭਾਰਤ ਵਿਚ ਅਜਿਹੀ ਕੋਈ ਹਲਚਲ ਨਜ਼ਰ ਨਹੀਂ ਆਉਂਦੀ। 21 ਫਰਵਰੀ ਨੂੰ ਮਾਤ ਭਾਸ਼ਾ ਦਿਵਸ ਦਾ ਐਲਾਨ ਇਸੇ ਉਤਸ਼ਾਹ ਨੂੰ ਬਰਕਰਾਰ ਰੱਖਣ ਲਈ ਕੀਤਾ ਗਿਆ ਸੀ ਕਿ ਦੁਨੀਆ ਦੀਆਂ ਮਰ ਰਹੀਆਂ ਭਾਸ਼ਾਵਾਂ ਨੂੰ ਸਾਂਭਿਆ ਜਾ ਸਕੇ ਤੇ ਮਾਤ ਭਾਸ਼ਾਵਾਂ ਪ੍ਰਤੀ ਲੋਕਾਂ ਵਿਚ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਦੁਨੀਆ ਦੀਆਂ ਛੇ ਹਜ਼ਾਰ ਨੌਂ ਸੌ ਬਾਰਾਂ ਭਾਸ਼ਾਵਾਂ ਸੂਚੀਬੱਧ ਹਨ। ਕੁਝ ਵਿਦਵਾਨਾਂ ਦੀ ਚਿੰਤਾ ਹੈ ਕਿ ਇੱਕੀਵੀਂ ਸਦੀ ਦੇ ਅੰਤ ਤੱਕ ਇਨਾਂ ਦੀ ਗਿਣਤੀ ਘਟ ਕੇ ਅੱਧੀ ਰਹਿ ਜਾਏਗੀ। ਇਸ ਤਰਾਂ ਅਜਿਹੀਆਂ ਛੋਟੀਆਂ-ਛੋਟੀਆਂ ਭਾਸ਼ਾਵਾਂ ਦੇ ਮੁਹਾਵਰੇ, ਵਿਆਕਰਨ, ਸ਼ਬਦ ਕੋਸ਼, ਲੋਕ ਧਾਰਾ, ਪਰੰਪਰਾਵਾਂ ਹੌਲੀ-ਹੌਲੀ ਖ਼ਤਮ ਹੋਣ ਲਗਦੀਆਂ ਹਨ ਤੇ ਅੰਤ ਵਿਚ ਮਰ ਜਾਂਦੀਆਂ ਹਨ। ਇਨਾਂ ਮਰ ਰਹੀਆਂ ਭਾਸ਼ਾਵਾਂ ਲਈ ਯਤਨਸ਼ੀਲ ਹੋਣਾ ਹੀ ਉਨਾਂ ਭਾਸ਼ਾ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਜਿਨਾਂ ਨੇ ਮਾਤ ਭਾਸ਼ਾ ਦੀ ਬਹਾਲੀ ਲਈ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ।

## ਅਜ਼ਾਦੀ ਆਈ...

ਅਜ਼ਾਦੀ ਵੇਲੇ ਮਸਾਂ ਪੰਜ ਕਰੋੜ ਸੀ ਤਾਂ ਅੱਜ ਇਹ 70-80 ਕਰੋੜ ਹੋ ਗਈ ਹੈ ਅਤੇ ਅਸਾਂ ਇਹ ਵੀ ਸੁਣ ਲਿਆ ਹੈ ਕਿ ਜਦ ਇਹ ਕੋਰੋਨਾ ਮਹਾਂਮਾਰੀ ਆਈ ਤਾਂ ਸਮੇਂ ਦੀ ਸਰਕਾਰ ਨੇ ਇਨਾਂ ਗ਼ਰੀਬਾਂ ਨੂੰ ਕੋਈ ਛੇ-ਸੱਤ ਮਹੀਨੇ ਮੁਫਤ ਅਨਾਜ ਵੀ ਦਿਤਾ ਹੈ। ਇਹ ਗੱਲਾਂ ਦੇਖਕੇ ਇਹ ਸਪੱਸ਼ਟ ਹੋ ਆਇਆ ਹੈ ਕਿ ਸਾਡੇ ਮੁਲਕ ਦੇ ਲੋਕਾਂ ਨੂੰ ਇਸ ਅਜ਼ਾਦੀ ਅਤੇ ਇਸ ਪਰਜਾਤੰਤਰ ਦਾ ਕੋਈ ਲਾਭ ਨਹੀਂ ਪੁੱਜਾ ਹੈ। ਲੋਕਾਂ ਲਈ ਇਹ ਅਜ਼ਾਦੀ ਤਾਂ ਬਸ ਇਕ ਰਾਜ ਪਲਟਾ ਜਿਹਾ ਹੀ ਸੀ ਅਤੇ ਇਹ ਪਰਜਾਤੰਤਰ ਵੀ ਅਖੌਤੀ ਕਿਸਮ ਦਾ ਹੀ ਸੀ ਕਿਉਂਕਿ ਅੱਜ ਤੱਕ ਸਦਨਾਂ ਵਿੱਚ ਵਿਅਕਤੀਵਿਸ਼ੇਸ਼ਾਂ ਦੇ ਸਪੋਰਟਰ ਹੀ ਜਾ ਕੇ ਬੈਠਦੇ ਹਨ ਅਤੇ ਹਾਲੇ ਤੱਕ ਕੋਈ ਵੀ ਵਿਧਾਇਕ ਜਨਤਾ ਦਾ ਪ੍ਰਤੀਨਿਧ ਨਹੀਂ ਬਣ ਸਕਿਆ ਅਤੇ ਨਾ ਹੀ ਸਦਨਾਂ ਵਿੱਚ ਅਜ਼ਾਦ ਹੀ ਹੋਇਆ ਹੈ। ਇਉਂ ਪਿਆ ਲਗਦਾ ਹੈ ਕਿ ਜਨਤਾ ਵਾਲੀ ਗੁਲਾਮੀ ਹੁਣ ਵਿਧਾਇਕਾਂ ਉੱਤੇ ਆ ਬਣੀ ਹੈ ਅਤੇ ਉਹ ਲੋਕਾਂ ਦੀ ਤਾਂ ਕੀ ਆਪਣੀ ਪ੍ਰਤੀਨਿਧਤਾ ਹੀ ਨਹੀਂ ਕਰ ਪਾ ਰਹੇ।

ਸਾਡਾ ਮੁਲਕ ਅਮੀਰ ਹੈ, ਪਰ ਸਾਡੀਆਂ ਸਦਨਾਂ ਵਿੱਚ ਕਦੇ ਵੀ ਗੁਰਬਤ ਦੂਰ ਕਰਨ ਲਈ ਕੋਈ ਬਿਲ ਹੀ ਪੇਸ਼ ਨਹੀਂ ਕੀਤਾ ਗਿਆ ਹੈ। ਜੇਕਰ ਸਾਡਾ ਇਹ ਪ੍ਰਾਈਵੇਟ ਅਦਾਰਾ ਇੰਨੀ ਤਰੱਕੀ ਕਰਦਾ ਜਾ ਰਿਹਾ ਹੈ ਤਾਂ ਇਸਦੀਆਂ ਹੀ ਜ਼ਿਮੇਵਾਰੀਆਂ ਬਣਾਈਆਂ ਜਾ ਸਕਦੀਆਂ ਸਨ। ਹੁਣ ਤਾਂ ਇਹੋ ਅਦਾਰਾ ਹੈ ਜਿਹੜਾ ਰੋਜ਼ਗਾਰ ਵਧਾ ਸਕਦਾ ਹੈ, ਤਨਖਾਹਾਂ ਵਧਾ ਸਕਦਾ ਹੈ ਅਤੇ ਜੇਕਰ ਜ਼ਰੂਰਤ ਪਵੇ ਤਾਂ ਸਰਕਾਰ ਵੀ ਇਸ ਅਦਾਰੇ ਦੀ ਮਦਦ ਕਰ ਸਕਦੀ ਹੈ। ਇਹ ਰਾਜਸੀ ਅਦਾਰੇ ਜਿਵੇਂ ਵੀ ਹਨ ਹੁਣ ਕਾਇਮ ਹੀ ਰਹਿਣਗੇ ਅਤੇ ਇਨਾਂ ਕੋਲ ਹੀ ਬੇਨਤੀ ਕੀਤੀ ਜਾ ਸਕਦੀ ਹੈ ਕਿ ਮੁਲਕ ਦੀ ਮਦਦ ਵੀ ਕੀਤੀ ਜਾਵੇ। ਇਹ ਪ੍ਰਾਈਵੇਟ ਅਦਾਰਾ ਹੋਰ ਵੀ ਵਧ ਸਕਦਾ ਹੈ ਅਤੇ ਰੁਜ਼ਗਾਰ ਵੀ ਵਧਾ ਸਕਦਾ ਹੈ। ਜਦ ਲੋਕਾਂ ਕੋਲ ਪਾਸ ਪੈਸਾ ਆਵੇਗਾ ਤਾਂ ਇਨਾਂ ਕਾਰਖਾਨਿਆਂ ਦਾ ਬਣਿਆ ਮਾਲ ਬਾਜ਼ਾਰਾਂ ਵਿਚ ਰੁਲੇਗਾ ਨਹੀਂ ਬਲਕਿ ਸਮੇਂ ਸਿਰ ਵਿਕਦਾ ਵੀ ਜਾਵੇਗਾ ਅਤੇ ਮੁਲਕ ਹੋਰ ਤਰੱਕੀ ਕਰੇਗਾ। ਕੁਝ ਅਜਿਹੀਆਂ ਗੱਲਾਂ ਸੋਚਣੀਆਂ ਪੈਣਗੀਆਂ ਅਤੇ ਇਹ ਕੰਮ ਰਾਜਸੀ ਲੋਕਾਂ ਦਾ ਹੀ ਹੈ। ਇਹ ਬੇਸ਼ੱਕ ਸਾਡੇ ਪ੍ਰਤੀਨਿਧ ਤਾਂ ਨਹੀਂ ਹਨ, ਪਰ ਹਨ ਤਾਂ ਸਾਡੇ ਮੁਲਕ ਦੇ ਹੀ ਅਤੇ ਇਹ ਸਾਰੇ ਸਾਡੇ ਵਿਧਾਨ ਦੀ ਕਸਮ ਖਾ ਕੇ ਸਰਕਾਰੀ ਕੁਰਸੀਆ ਉੱਤੇ ਬੈਠੇ ਸਨ ਕਿ ਲੋਕਾਂ ਦਾ ਭਲਾ ਕਰਨਾ ਹੈ।

*101-ਸੀ ਵਿਕਾਸ ਕਲੋਨੀ,
ਪਟਿਆਲਾ-ਪੰਜਾਬ-ਭਾਰਤ-147001
ਫੋਨ 0175 5191856

## ਅਲੋਪ ਹੋ ਗਿਆ ਪੰਜਾਬੀ...

ਵਿਆਹੀ ਕੁੜੀ ਜਦੋਂ ਆਪਣੇ ਲੋੜੀਂਦੇ ਸਾਮਾਨ ਸਹਿਤ ਸਹੁਰੇ ਘਰ ਪਹੁੰਚਦੀ ਹੈ ਤਾਂ ਉਸ ਦੀ ਨਣਦ ਵੱਲੋਂ ‘ਸੰਦੂਕ ਖੁੱਲਵਾਈ’ ਦੀ ਰਸਮ ਕੀਤੀ ਜਾਂਦੀ ਹੈ। ਨਣਦ ਆਪਣੀ ਭਰਜਾਈ ਦਾ ਸੰਦੂਕ ਖੋਲ ਕੇ ਉਸ ਵਿੱਚੋਂ ਇੱਕ ਸੂਟ ਆਪਣੇ ਸਿਵਾਉਣ ਲਈ ਕੱਢ ਲੈਂਦੀ ਹੈ। ਭਾਵ ਇਹ ਰਸਮ ਨਣਦ-ਭਰਜਾਈ ਦੇ ਮਿਲਵਰਤਣ ਦਾ ਪ੍ਰਤੀਕ ਹੈ। ਪਤੀ-ਪਤਨੀ ਦੀ ਹੁੰਦੀ ਨਿੱਕੀ ਨੋਕ-ਝੋਕ ਵੇਲੇ ਵੀ ਪਤਨੀ ਆਪਣੇ ਪਤੀ ਨੂੰ ਸੰਦੂਕ ਵਿੱਚ ਪਿਆ ਵਰੀਆਂ ਵਾਲਾ ਘੱਗਰਾ ਚੇਤੇ ਕਰਵਾਉਂਦੀ ਹੈ। ਉਹ ਕਹਿੰਦੀ ਹੈ, ‘ਹੁਣ ਤੂੰ ਮੇਰੇ ਨਾਲ ਲੜਦਾ ਹੈਂ ਪਰ ਜੇ ਮੈਨੂੰ ਕੁਝ ਹੋ ਗਿਆ ਤਾਂ ਤੂੰ ਸੰਦੂਕ ਵਿੱਚ ਪਿਆ ਕਾਲੀ ਸੂਫ ਦਾ ਘੱਗਰਾ ਵੇਖ-ਵੇਖ ਕੇ ਰੋਇਆ ਕਰੇਂਗਾ।’

ਕਾਲਾ ਘੱਗਰਾ ਸੰਦੂਕ ਵਿੱਚ ਮੇਰਾ,
ਵੇ ਵੇਖ-ਵੇਖ ਰੋਏਂਗਾ ਜੱਟਾ।

ਸੰਦੂਕ ਦਾ ਹੋਰ ਵੀ ਲੋਕ ਗੀਤ ਵਿੱਚ ਜ਼ਿਕਰ ਹੁੰਦਾ ਜਿਵੇਂ :-

**ਸੱਸ ਕੁੱਟਣੀ ਸੰਦੂਕਾਂ ਓਹਲੇ**
**ਨਿੰਮ ਦਾ ਘੜਾ ਦੇ ਘੋਟਣਾ।**
**ਜੇ ਜੱਟੀਏ ਜੱਟ ਕੁੱਟਣਾ ਹੋਵੇ**
**ਕੁੱਟੀਏ ਸੰਦੂਕਾਂ ਓਹਲੇ**
**ਪਹਿਲਾਂ ਜੱਟ ਤੋਂ ਦਾਲ ਦਲਾਈਏ**
**ਫੇਰ ਦਲਾਈਏ ਛੋਲੇ**
**ਜੱਟੀਏ ਦੇਹ ਦਬਕਾ**
**ਜੱਟ ਫੇਰ ਨਾ ਬਰਾਬਰ ਬੋਲੇ।**

ਸੰਦੂਕ ਨਾਲ ਸਬੰਧੀ ਇੱਕ ਬੁਝਾਰਤ ਵੀ ਹੈ। ਨਿੱਕੇ ਨਿੱਕੇ ਠੇਮਣੇ ਸੰਦੂਕ ਚੁੱਕੀ ਜਾਂਦੇ ਨੇ, ਰਾਜਾ ਪੁੱਛੇ ਰਾਣੀ ਨੂੰ ਇਹ ਕੀ ਜਨੌਰ ਜਾਂਦੇ ਨੇ।

ਇਸ ਬੁਝਾਰਤ ਦਾ ਉੱਤਰ ਰੇਲ ਗੱਡੀ ਸੀ। ਪੰਜਾਬੀਆਂ ਨੇ ਰੇਲ ਗੱਡੀ ਦੇ ਡੱਬਿਆਂ ਦੀ ਤੁਲਨਾ ਵੀ ਸੰਦੂਕਾਂ ਨਾਲ ਕੀਤੀ।

ਆਖਰੀ ਗੱਲ ਇਹ ਹੈ ਕੀ ਇੱਕ ਸਮੇਂ ਸੰਦੂਕ ਨਾਲ ਪੰਜਾਬਣ ਦਾ ਨਹੁੰ-ਮਾਸ ਦਾ ਰਿਸ਼ਤਾ ਰਿਹਾ ਹੈ। ਸਹੁਰੇ ਘਰ ਜੇ ਕੋਈ ਚੀਜ਼ ਉਸ ਦੀ ਆਪਣੀ ਹੁੰਦੀ ਸੀ ਤਾਂ ਉਹ ਸੀ ਪੇਕਿਆਂ ਵੱਲੋਂ ਦਿੱਤਾ ਸੰਦੂਕ ਜਿਸ ਨੂੰ ਖੋਲਦੀ ਉਹ ਪੇਕਿਆਂ ਦੀਆਂ ਅਤੀਤ ਦੀਆਂ ਯਾਦਾਂ ਵਿੱਚ ਗੁੰਮ ਜਾਂਦੀ ਸੀ। ਸੰਦੂਕ ਵਿੱਚ ਰੱਖੇ ਝੋਲੇ, ਸਰਾਣਿਆਂ, ਫੁਲਕਾਰੀਆਂ ਨੂੰ ਫਰੋਲਦੀ ਉਹ ਸਹੇਲੀਆਂ ਸੰਗ ਸੰਵਾਦ ਰਚਾ ਲੈਂਦੀ ਸੀ। ਬਹੁਤ ਹੀ ਅਪਣੱਤ ਭਰਿਆ ਰਿਸ਼ਤਾ ਹੁੰਦਾ ਸੀ ਸੁਆਣੀ ਦਾ ਸੰਦੂਕ ਨਾਲ। ਧੀ-ਬਾਬਲ ਜਿਹਾ ਰਿਸ਼ਤਾ। ਵਰੇ ਛਿਮਾਹੀ ਉਹ ਆਪ ਰੰਗ-ਰੋਗਨ ਕਰਕੇ ਫੁੱਲਾਂ ਵੇਲਾਂ, ਮੋਰ-ਘੁੱਗੀਆਂ ਨਾਲ ਸੰਦੂਕ ਸ਼ਿੰਗਾਰਦੀ ਸੀ। ਸੱਚਮੁੱਚ ਉਸ ਦਾ ਸੱਚਾ ਸਾਥੀ ਹੁੰਦਾ ਸੀ ਸੰਦੂਕ। ਪਰ ਹੁਣ ਸਮਾਂ ਬਦਲ ਚੁੱਕਾ ਹੈ। ਹੁਣ ਨਾ ਤਾਂ ਸੰਦੂਕ ਦੀ ਸਰਦਾਰੀ ਰਹੀ ਅਤੇ ਨਾ ਹੀ ਇਹ ਘਰਾਂ ਦਾ ਸ਼ਿੰਗਾਰ ਹਨ। ਹੁਣ ਸੰਦੂਕ ਦੀ ਜਗਾ ਪੇਟੀਆਂ ਅਤੇ ਅਲਮਾਰੀਆਂ ਨੇ ਲੈ ਲਈ ਹੈ। ਕੋਈ ਵਿਰਲਾ ਹੀ ਘਰ ਹੋਵੇਗਾ ਜਿੱਥੇ ਸੰਦੂਕ ਅਜੇ ਵੀ ਸੰਭਾਲੇ ਹੋਏ ਹਨ। ਆਉਣ ਵਾਲੀਆਂ ਪੀੜੀਆਂ ਤਾਂ ਸ਼ਾਇਦ ਸੰਦੂਕ ਸ਼ਬਦ ਤੋਂ ਵੀ ਅਣਜਾਣ ਹੀ ਹੋਣਗੀਆਂ। ਭਾਵੇਂ ਅੱਜ ਦੀ ਨੌਜਵਾਨ ਪੀੜੀ ਸੰਦੂਕ ਦੀ ਮਹੱਤਤਾ ਤੋਂ ਜਾਣੂ ਨਹੀਂ ਹੈ। ਲੋੜ ਹੈ ਇਨਾਂ ਨੂੰ ਝਾੜ-ਪੂੰਝ ਕੇ ਇਨਾਂ ਦੀ ਸਿਰਜਣਾਤਮਕ ਅਤੇ ਕਲਾਤਮਕ ਦਿੱਖ ਦੇਖਣ ਦੀ। ਭਾਵੇਂ ਇਨਾਂ ਉੱਪਰ ਸਮੇਂ ਦੀ ਧੂੜ ਪੈ ਗਈ ਹੈ ਪਰ ਇਹ ਲੱਕੜੀ ਦੇ ਸੰਦੂਕ ਸਾਡੇ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਰਹੇ ਹਨ।

## ਪੰਜਾਬੀ ਭਾਈਚਾਰੇ ਨੇ...

ਭਾਸ਼ਾ ਦੇ ਸਕੂਲਾਂ ’ਚ ਪਸਾਰ ਬਾਰੇ ਆਪਣੇ ਵਿਚਾਰ ਰੱਖੇ।

ਮੈਟ ਰੌਬਸਨ ਨੇ ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਦਾ ਮਹੱਤਵ ਵਧਾਉਣ ਲਈ ਕੈਨੇਡਾ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਪੰਜਾਬੀ ਨਾਲ ਸਬੰਧਤ ਕੈਨੇਡਾ ’ਚ 22 ਪਾਰਲੀਮੈਂਟ ਮੈਂਬਰ ਤੇ ਡਿਫੈਂਸ ਮਨਿਸਟਰ ਸਮੇਤ 5 ਮਨਿਸਟਰ ਹਨ। ਉਨਾਂ ਯੂ.ਕੇ. ਤੇ ਆਪਣੀ ਜਨਮ-ਭੂਮੀ ਆਸਟ੍ਰੇਲੀਆ ’ਚ ਪੰਜਾਬੀਆਂ ਦੀ ਭੂਮਿਕਾ ਬਾਰੇ ਜ਼ਿਕਰ ਵੀ ਕੀਤਾ। ਇਸ ਤੋਂ ਇਲਾਵਾ ਦੋ ਭਾਸ਼ਾਵਾਂ ਦੀ ਜਾਣਕਾਰੀ ਦੇ ਫ਼ਾਇਦੇ ਸਬੰਧੀ ਆਪਣੀ ਗੱਲ ਨੂੰ ਠੋਸ ਬਣਾਉਣ ਲਈ ਆਪਣੇ ਪਰਿਵਾਰਕ ਮੈਂਬਰਾਂ ਦਾ ਵੀ ਹਵਾਲਾ ਦਿੱਤਾ। ਮੈਟ ਨੇ ਦੱਸਿਆ ਕਿ ਉਨਾਂ ਦੀ ਪਤਨੀ ਇੰਗਲਿਸ਼ ਦੀ ਮਾਹਿਰ ਹੈ ਪਰ ਉਸਦੀ ਮਾਂ-ਬੋਲੀ ਡੱਚ ਹੈ। ਉਨਾਂ ਆਪਣੀ ਗੱਲਬਾਤ ਦੌਰਾਨ ਇਸੇ ਗੱਲ ’ਤੇ ਜ਼ੋਰ ਦਿੱਤਾ

ਕਿ ਨਿਊਜ਼ੀਲੈਂਡ ’ਚ ਹੋਰ ਭਾਸ਼ਾਵਾਂ ਨੂੰ ਵੀ ਬਣਦਾ ਥਾਂ ਦਿੱਤਾ ਜਾਣਾ ਚਾਹੀਦਾ ਹੈ।

ਸੁਸਾਇਟੀ ਦੇ ਬੁਲਾਰੇ ਦਲਜੀਤ ਸਿੰਘ ਨੇ ਕਮੇਟੀ ਮੈਂਬਰਾਂ ਨੂੰ ਦੱਸਿਆ ਕਿ ਨਿਊਜ਼ੀਲੈਂਡ ਦੀਆਂ 15 ਸੰਸਥਾਵਾਂ ਦੇ 90 ਅਧਿਆਪਕਾਂ ਦੀ ਨਿਗਰਾਨੀ ’ਚ ਸ਼ਨੀਵਾਰ ਨੂੰ ਵਲੰਟੀਅਰ ਸੇਵਾਵਾਂ ਰਾਹੀਂ ਚੱਲਣ ਵਾਲੇ ਵੱਖ-ਵੱਖ ਪੰਜਾਬੀ ਸਕੂਲਾਂ ’ਚ 1100 ਤੋਂ ਵੱਧ ਬੱਚੇ ਪੜ ਰਹੇ ਹਨ। ਇਨਾਂ ਚੋਂ ਸਿੱਖ ਹੈਰੀਟੇਜ ਸਕੂਲ ਟਾਕਾਨਿਨੀ ’ਚ ਸਾਢੇ ਚਾਰ ਸੌ ਤੋਂ ਵੱਧ ਬੱਚਿਆਂ ਨੂੰ 24 ਅਧਿਆਪਕਾਂ ਵੱਲੋਂ ਪੜਾਇਆ ਜਾ ਰਿਹਾ ਹੈ। ਅਜਿਹੇ ਵਿਦਿਆਰਥੀਆਂ ਨੂੰ ਸ਼ਨੀਵਾਰ ਵਾਲੇ ਦਿਨ 100 ਕਿਲੋਮੀਟਰ ਦਾ ਸਫ਼ਰ ਵੀ ਤੈਅ ਕਰਨਾ ਪੈਂਦਾ ਹੈ।

ਇਸ ਦੌਰਾਨ ਵਲਿੰਗਟਨ ਸਿੱਖ ਸੁਸਾਇਟੀ ਦੇ ਨੁਮਾਇੰਦੇ ਪਰਮਜੀਤ ਸਿੰਘ ਨੇ ਪੰਜਾਬੀ ਭਾਸ਼ਾ ਬਾਰੇ ਇਤਿਹਾਸਕ ਤੱਥਾਂ ’ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਇੰਡੀਆ ’ਚ ਸਾਰੇ ਧਰਮ ਗ੍ਰੰਥ ਸੰਸਕ੍ਰਿਤ ’ਚ ਹੀ ਲਿਖੇ ਜਾਂਦੇ ਸਨ। ਜਿਨਾਂ ਨੂੰ ਪੜਨ-ਲਿਖਣ ਬਾਰੇ ਆਮ ਆਦਮੀ ਨੂੰ ਅਧਿਕਾਰ ਨਹੀਂ ਸੀ। ਪਰ ਸਿੱਖ ਗੁਰੂਆਂ ਨੇ ਪੰਜਾਬੀ ਬੋਲੀ ਰਾਹੀਂ ਆਮ ਲੋਕਾਂ ਨੂੰ ਵੀ ਧਾਰਮਿਕ ਗ੍ਰੰਥ ਪੜਨ ਦਾ ਅਧਿਕਾਰ ਦਿੱਤਾ ਸੀ। ਹਾਲਾਂਕਿ ਨਿਊਜ਼ੀਲੈਂਡ ਨਾਲ ਸਬੰਧਤ ਵਿਸ਼ੇ ਤੋਂ ਬਾਹਰ ਜਾਣ ਕਰਕੇ ਉਨਾਂ ਨੂੰ ਟੋਕਿਆ ਵੀ ਗਿਆ ਪਰ ਉਨਾਂ ਪੰਜਾਬੀ ਭਾਸ਼ਾ ਦੇ ਹੱਕ ਦੇ ਆਪਣਾ ਪੱਖ ਆਪਣੇ ਨਜ਼ਰੀਏ ਨਾਲ ਰੱਖਿਆ।

ਵਰਨਣਯੋਗ ਹੈ ਕਿ ਇਹ ਬਿੱਲ ਛੇ ਨਵੰਬਰ 2018 ਨੂੰ ਪਾਰਲੀਮੈਂਟ ’ਚ ਪੇਸ਼ ਕੀਤਾ ਗਿਆ ਸੀ, ਜੋ ਇਸ ਵੇਲੇ ਸੰਸਦ ਦੀ ਸਿਲੈਕਟ ਕਮੇਟੀ ਕੋਲ ਹੈ। ਜੇ ਇਸ ਬਾਰੇ ਅਮਲ ਨੇਪਰੇ ਚੜਿਆ ਤਾਂ ਨਿਊਜ਼ੀਲੈਂਡ ’ਚ ਇੰਗਲਿਸ਼ ਤੋਂ ਇਲਾਵਾ ਨਵੀਆਂ 10 ਭਾਸ਼ਾਵਾਂ ’ਚ ਪੰਜਾਬੀ ਭਾਸ਼ਾ ਨੂੰ ਵੀ ਪ੍ਰਾਇਮਰੀ ਤੇ ਇੰਟਰ-ਮੀਡੀਏਟ ਸਕੂਲਾਂ ’ਚ ਸਨਮਾਨ ਮਿਲ ਸਕਦਾ ਹੈ।

## 17 ਅਪ੍ਰੈਲ ’ਤੇ ਵਿਸ਼ੇਸ਼...

ਮਾਹਿਰਾਂ ਅਨੁਸਾਰ ਇਸ ਰੋਗ ਦਾ ਕਾਰਨ ਇੱਕ ਰਕਤ ਪ੍ਰੋਟੀਨ ਦੀ ਘਾਟ ਹੁੰਦੀ ਹੈ ਜਿਸ ਨੂੰ ਕਲਾਟਿੰਗ ਫੈਕਟਰ ਵੀ ਕਿਹਾ ਜਾਂਦਾ ਹੈ। ਖ਼ੂਨ ਵਿੱਚ ਇਸ ਫੈਕਟਰ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਸਰੀਰ ਤੋਂ ਵਹਿੰਦੇ ਖ਼ੂਨ ਨੂੰ ਇੱਕ ਥੱਕੇ ਦੇ ਰੂਪ ਵਿੱਚ ਬਦਲ ਦਿੰਦਾ ਹੈ ਜਿਸ ਕਾਰਨ ਲਹੂ ਦਾ ਵਹਾਅ ਰੁੱਕ ਸਕੇ।

ਹੀਮੋਫੀਲੀਆ ਦੇ ਲੱਛਣਾਂ ਵਿੱਚ ਸਾਧਾਰਨ ਸੱਟ ਅਤੇ ਗਹਿਰੀ ਸੱਟ ਲੱਗਣ ਤੇ ਲਹੂ ਦਾ ਲਗਾਤਾਰ ਵਹਿੰਦੇ ਰਹਿਣਾ, ਸਰੀਰ ਦੇ ਵੱਖੋ ਵੱਖਰੇ ਜੋੜਾਂ ਵਿੱਚ ਦਰਦ ਹੋਣਾ, ਸਰੀਰ ਦੇ ਕਿਸੇ ਹਿੱਸੇ ਵਿੱਚ ਅਚਾਨਕ ਸੋਜ ਹੋਣਾ, ਮਲ-ਮੂਤਰ ਵਿੱਚ ਲਹੂ ਆਉਣਾ ਅਤੇ ਸਰੀਰ ’ਤੇ ਨੀਲੇ ਨਿਸ਼ਾਨ ਨਜ਼ਰ ਆਉਣਾ। ਹੀਮੋਫੀਲੀਆ ਦੇ ਲੱਛਣ ਨਜ਼ਰ ਆਉਣ ’ਤੇ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

## ਸਿਹਤ ਸੁਰੱਖਿਆ ਦਾ...

ਇੱਕ ਐਪ ਰਾਹੀਂ ਸੁਪਰਕੰਪਿਊਟਰ ਨਾਲ ਜੁੜਿਆ ਹੋਇਆ ਤੁਹਾਡਾ ਮੋਬਾਈਲ ਫੋਨ ਹੀ ਤੁਹਾਡਾ ਡਾਕਟਰ ਹੋਵੇਗਾ। ਤੁਹਾਡੇ ਗੁਟ ਤੇ ਬੰਨੀ ਫਿਟਨੈਸ ਘੜੀ ਤੁਹਾਡੀ ਨਬਜ਼, ਤੁਹਾਡੇ ਬਲੱਡ ਪਰੈਸ਼ਰ, ਤੁਹਾਡੇ ਸ਼ੂਗਰ ਲੈਵਲ, ਤੁਹਾਡੀ ਨੀਂਦ, ਐਕਸਰਸਾਈਜ਼ ਆਦਿ ਸਭ ਕਾਸੇ ਨੂੰ ਲਗਾਤਾਰ ਰੀਕਾਰਡ ਕਰ ਰਹੀ ਹੋਵੇਗੀ। ਤੁਹਾਡੀ ਟਾਇਲਟ ਤੁਹਾਡੇ ਟੱਟੀ ਪਿਸ਼ਾਬ ਦੀ ਨਿਰੰਤਰ ਜਾਂਚ ਕਰੇਗੀ। ਤੁਹਾਡਾ ਮੋਬਾਈਲ ਕੈਮਰਾ ਤੁਹਾਡੀਆਂ ਅੱਖਾਂ ਦੀ ਜਾਂਚ ਕਰੇਗਾ। ਮੋਬਾਈਲ ਫੋਨ ਦੇ ਸਪੀਕਰ ਅਤੇ ਰਸੀਵਰ ਤੁਹਾਡੀ ਆਵਾਜ਼ ਅਤੇ ਕੰਨਾਂ ਦਾ ਮੁਆਇਨਾ ਕਰ ਲੈਣਗੇ। ਕੁਝ ਸਾਲਾਂ ਤੱਕ ਤੁਹਾਡਾ ਜਨੈਟਿਕ ਸੀਕੁਇੰਸ ਵੀ ਇਸ ਦੀ ਪਹੁੰਚ ਵਿਚ ਆ ਜਾਵੇਗਾ। ਤੁਹਾਡੀ ਮੈਡੀਕਲ ਹਿਸਟਰੀ ਉਮਰ ਭਰ ਲਈ ਹਰ ਵਕਤ ਅਪਡੇਟ ਹੁੰਦੀ ਰਹੇਗੀ।

ਇਸ ਸੁਪਰਕੰਪਿਊਟਰ ਦੀ ਡੇਟਾਬੇਸ ਵਿਚ ਸਾਰੇ ਜਹਾਨ ਦੀਆਂ ਬਿਮਾਰੀਆਂ ਅਤੇ ਉਨਾਂ ਦੇ ਇਲਾਜਾਂ ਦੀ ਜਾਣਕਾਰੀ ਤਾਂ ਹੋਵੇਗੀ ਹੀ, ਪਰ ਇਸਦੇ ਨਾਲ ਨਾਲ ਨਵੀਆਂ ਖੋਜਾਂ ਦੇ ਆਧਾਰ 'ਤੇ ਇਹ ਡੇਟਾਬੇਸ ਲਗਾਤਾਰ ਅੱਪਡੇਟ ਵੀ ਹੁੰਦੀ ਰਹੇਗੀ। ਦੁਨੀਆਂ ਦੇ ਤਮਾਮ ਹਸਪਤਾਲਾਂ ਨਾਲ ਨੈਟਵਰਕਿੰਗ ਰਾਹੀਂ ਇਨਾਂ ਬਿਮਾਰੀਆਂ ਦੇ ਚੱਲ ਰਹੇ ਇਲਾਜਾਂ ਅਤੇ ਉਨਾਂ ਦੀ ਸਫਲਤਾ ਦੀ ਜਾਣਕਾਰੀ ਵੀ ਇਸਨੂੰ ਲਗਾਤਾਰ ਉਪਲਬਧ ਹੋਵੇਗੀ।

ਤੁਹਾਡੇ ਮੋਬਾਈਲ ਤੇ ਹਰ ਵਕਤ ਉਪਲਬਧ ਰਹਿਣ ਵਾਲੇ ਤੁਹਾਡੇ ਆਪਣੇ ਨਿੱਜੀ ਏ ਆਈ ਡਾਕਟਰ ਕੋਲ ਜਿਥੇ ਦੁਨੀਆਂ-ਜਹਾਨ ਦੀਆਂ ਬਿਮਾਰੀਆਂ, ਉਨਾਂ ਦੀਆਂ ਅਲਾਮਤਾਂ ਅਤੇ ਇਲਾਜਾਂ ਦੀ ਸੰਪੂਰਨ ਜਾਣਕਾਰੀ ਹੋਵੇਗੀ, ਉਥੇ ਤੁਹਾਡੀ, ਤੁਹਾਡੇ ਪਰਿਵਾਰ, ਆਂਢੀਆਂ ਗੁਆਂਢੀਆਂ ਅਤੇ ਰਿਸ਼ਤੇਦਾਰਾਂ ਦੀ ਸਿਹਤ ਬਾਰੇ ਵੀ ਉਸਨੂੰ ਮਿੰਟ ਮਿੰਟ ਦੀ ਖਬਰ ਹੋਵੇਗੀ। ਤੁਹਾਡੇ ਜਨੈਟਿਕ ਸੀਕੁਇੰਸ ਤੱਕ ਪਹੁੰਚ ਕਾਰਨ ਉਸਨੂੰ ਇਹ ਵੀ ਪਤਾ ਹੋਵੇਗਾ ਕਿ ਤੁਸੀਂ ਕਿਹੜੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹੋ।

ਸਿਹਤ ਸੁਰੱਖਿਆ ਆਦਿ ਕਾਲ ਤੋਂ ਹੀ ਬਿਮਾਰ ਲੋਕਾਂ ਦੇ ਇਲਾਜ ਨਾਲ ਜੁੜੀ ਹੋਈ ਹੈ। ਤੁਸੀਂ ਬਿਮਾਰ ਹੋਣ ਤੇ ਹੀ ਡਾਕਟਰ ਕੋਲ ਜਾਂਦੇ ਹੋ। ਪਰ ਤੁਹਾਡਾ ਏ ਆਈ ਡਾਕਟਰ ਬਿਗ ਡੇਟਾ ਐਨਾਲਿਟਕਸ ਦੇ ਅਲਗੋਰਿਦਮਾਂ ਅਤੇ ਮਸ਼ੀਨ ਲਰਨਿੰਗ ਰਾਹੀਂ ਉਪ੍ਰੋਕਤ ਸਾਰੀ ਜਾਣਕਾਰੀ (ਡਿਜੀਟਲ ਡੇਟਾ) ਦੀ ਪਰਖ ਪੜਚੋਲ ਰਾਹੀਂ ਪਹਿਲਾਂ ਹੀ ਭਾਂਪ ਲਵੇਗਾ ਕਿ ਤੁਸੀਂ ਕਦੋਂ ਕਿਹੜੀ ਬਿਮਾਰੀ ਦਾ ਸ਼ਿਕਾਰ ਹੋਣ ਵਾਲੇ ਹੋ। ਇਸ ਲਈ ਉਹ ਬਿਮਾਰੀ ਲੱਗਣ ਤੋਂ ਬਹੁਤ ਪਹਿਲਾਂ ਹੀ ਉਸਦਾ ਇਲਾਜ ਲੱਭ ਕੇ ਤੁਹਾਨੂੰ ਸੂਚਿਤ ਕਰ ਦੇਵੇਗਾ। ਬਿਮਾਰੀਆਂ ਦੇ ਇਲਾਜ ਦੀ ਥਾਂ ਉਨਾਂ ਦੀ ਰੋਕਥਾਮ ਨੂੰ ਆਧਾਰ ਬਣਾ ਕੇ ਆਰਟੀਫੀਸ਼ਲ ਇੰਟੈਲੀਜੈਂਸ (ਏ ਆਈ) ਨੇ ਸਿਹਤ ਸੁਰੱਖਿਆ ਦੀ ਧਾਰਨਾ ਹੀ ਬਦਲ ਦਿੱਤੀ ਹੈ।

ਜੇਬ ਵਿਚ ਪਏ ਸਮਾਰਟ ਫੋਨ ਰਾਹੀਂ, ਸੱਤੋ ਦਿਨ ਚੌਵੀ ਘੰਟੇ ਵਿਸ਼ਵ ਪੱਧਰ ਦੀ ਸਿਹਤ ਸੁਰੱਖਿਆ ਉਪਲਬਧ ਕਰਵਾਉਣ ਲਈ ਟੈਲੀਮੈਡੀਸਨ, ਹੈਲਥ ਇਨਫਰਮੇਸ਼ਨ ਸਿਸਟਮ, ਡਿਜੀਟਲ ਹੈਲਥ ਰਿਕਾਰਡਜ਼, ਕਲਾਊਡ ਕੰਪਿਊਟਿੰਗ, ਆਦਿ ਦੇ ਆਧਾਰ ਤੇ ਮੌਜੂਦਾ ਮੈਡੀਕਲ ਸਿਸਟਮ ਦੀ ਨਵ ਉਸਾਰੀ ਦੇ ਨਾਲ ਨਾਲ ਡਾਕਟਰਾਂ ਸਮੇਤ ਸਮੁਚੇ ਅਮਲੇ ਫੈਲੇ ਨੂੰ ਰੀਟਰੇਨ ਕਰਨਾ ਹੋਵੇਗਾ। ਕੀ ਅਜਿਹਾ ਹੋ ਸਕਣਾ ਸੰਭਵ ਹੈ? ਏਨਾ ਵੱਡਾ ਵਿਤੀ ਨਿਵੇਸ਼ ਕੌਣ ਕਰੇਗਾ? ਇਹ ਅਤੀ ਆਧੁਨਿਕ ਇਲਾਜ ਕਿਸ ਭਾਅ ਮਿਲੇਗਾ? ਜੁਆਬ ਹੈ: ਇਕੋ ਜੁਆਬ ਹੈ ਕਿ ਜਿਵੇਂ ਅੱਜ ਹਰ ਕਿਸੇ ਨੂੰ ਦੁਨੀਆਂ ਭਰ ਦਾ ਗਿਆਨ ਮੁਫਤ ਉਪਲਭਦ ਹੈ, ਉਸੇ ਤਰਾਂ ਸਿਹਤ ਸੁਰੱਖਿਆ ਵੀ ਉਪਲਬਧ ਹੋ ਜਾਵੇਗੀ।

ਹਰ ਪਿੰਡ ਵਿਚ ਹਸਪਤਾਲ:

ਇਹ ਤਾਂ ਰਿਹਾ ਆਉਣ ਵਾਲੇ ਡੇਟਾ ਅਧਾਰਿਤ ਡਿਜੀਟਲ ਸਿਹਤ ਸੁਰੱਖਿਆ ਪ੍ਰਬੰਧ ਦਾ ਨਕਸ਼ਾ। ਪਰ ਪੰਜਾਬ ਵਿਚ ਇਸ ਨੂੰ ਕਿਵੇਂ ਇੰਟੈਗਰੇਟ ਕਰਨਾ ਹੈ; ਇਸ ਦੀ ਯੋਜਨਾ ਬਨਾਉਣ ਲਈ ਵਰਤਮਾਨ ਪ੍ਰਬੰਧ ਅਤੇ ਉਸਦੀਆਂ ਕਮਜ਼ੋਰੀਆਂ ਨੂੰ ਸਮਝਣਾ ਜ਼ਰੂਰੀ ਹੈ। ਮੁਢਲੇ ਭਾਵ ਪਰਾਇਮਰੀ ਸਿਹਤ ਸੰਭਾਲ ਕੇਂਦਰਾਂ ਤੋਂ ਗੱਲ ਸ਼ੁਰੂ ਕਰਦੇ ਹਾਂ। ਦੇਖਣ ਵਿਚ ਆਇਆ ਹੈ ਕਿ ਇਨਾਂ ਕੇਂਦਰਾਂ ਵਿਚ ਕੰਮ ਕਰਨ ਵਾਲੇ ਸਰਕਾਰੀ ਡਾਕਟਰ ਆਪਣੇ ਮਰੀਜ਼ਾਂ ਵੱਲ ਘੱਟ ਹੀ ਧਿਆਨ ਦਿੰਦੇ ਹਨ। ਇਸ ਲਈ ਬਹੁਤੇ ਮਰੀਜ਼ ਪ੍ਰਾਈਵੇਟ ਡਾਕਟਰਾਂ ਕੋਲ ਜਾਣਾ ਸ਼ੁਰੂ ਕਰ ਦਿੰਦੇ ਹਨ ਜਿਨਾਂ ਵਿਚੋਂ ਕਈਆਂ ਨੇ ਡਾਕਟਰੀ ਦੀ ਸਿਖਿਆ ਵੀ ਪ੍ਰਾਪਤ ਨਹੀਂ ਕੀਤੀ ਹੁੰਦੀ। ਐਂਟੀਬਾਇਟਕ ਅਤੇ ਸਟੂਰਾਇਡ ਦਵਾਈਆਂ ਦੀ ਦੁਰਵਰਤੋਂ ਕਰਕੇ ਇਹ ਮਰੀਜ਼ਾਂ ਅੰਦਰ ਰਜਿਸਟੈਂਸ ਪੈਦਾ ਕਰ ਦਿੰਦੇ ਹਨ ਜੋ ਬਹੁਤ ਘਾਤਕ ਹੈ।

ਸੁਸਿਖਿਅਤ ਡਾਕਟਰਾਂ ਦੀ ਘਾਟ ਕਾਰਨ ਇਨਾਂ ਨੀਮ ਹਕੀਮਾਂ ਨੂੰ ਪੇਸ਼ੇ ਤੋਂ ਬਾਹਰ ਕਰਨਾ ਵੀ ਠੀਕ ਨਹੀਂ ਹੋਵੇਗਾ। ਇਨਾਂ ਦੀ ਪਿੰਡ/ਗਲੀ ਮੁਹੱਲੇ ਦੇ ਮਰੀਜ਼ਾਂ ਤੱਕ ਪਹੁੰਚ ਹੁੰਦੀ ਹੈ, ਇਸ ਲਈ ਇਨਾਂ ਨੂੰ ਦੂਰ-ਸਿਹਤ ਸੁਰੱਖਿਆ (ਟੈਲੀ ਹੈਲਥ ਕੇਰ) ਦੀ ਮੁਢਲੀ ਟਰੇਨਿੰਗ ਦੇ ਕੇ ਰੀਟੇਨ ਕੀਤਾ ਜਾ ਸਕਦਾ ਹੈ। ਉਪ੍ਰੰਤ ਟੈਲੀ-ਹੈਲਥ ਕੇਅਰ ਦਾ ਡਿਪਲੋਮਾ ਕੋਰਸ ਸ਼ੁਰੂ ਕਰਕੇ, ਸਿਹਤ ਸੁਰੱਖਿਆ ਦੀਆਂ ਸੇਵਾਵਾਂ ਨੂੰ ਹਰ ਗਲੀ ਮੁਹੱਲੇ ਤੱਕ ਸਹਿਜੇ ਹੀ ਪਹੁੰਚਾਇਆ ਜਾ ਸਕਦਾ ਹੈ। ਘਰ ਦੇ ਕਿਸੇ ਮੈਂਬਰ ਨੂੰ ਆਨਲਾਈਨ/ਆਫਲਾਈਨ ਸਰਟੀਫੀਕੇਟ ਕੋਰਸ ਕਰਵਾ ਕੇ ਇਹ ਸੁਵਿਧਾ ਹਰ ਘਰ ਤੱਕ ਵੀ ਪਹੁੰਚਾਈ ਜਾ ਸਕਦੀ ਹੈ। ਟੈਲੀ ਹੈਲਥ ਕੇਅਰ ਦੀ ਪ੍ਰੈਕਟਿਸ ਨਾਲ ਜੁੜੇ ਹੋਏ ਡਿਪਲੋਮਾਂ ਹੋਲਡਰਾਂ ਦੀ ਸਿਖਿਆ ਡਿਪਲੋਮਾਂ ਪ੍ਰਾਪਤੀ ਤੋਂ ਬਾਅਦ ਮੁਕ ਨਹੀਂ ਜਾਵੇਗੀ। ਇਹ ਓਨੀ ਦੇਰ ਤੱਕ ਲੋੜ ਅਨੁਸਾਰ ਆਨਲਾਈਨ ਮਿਲਦੀ ਰਹੇਗੀ, ਜਿੰਨੀ ਦੇਰ ਤੱਕ ਉਹ ਇਸ ਪੇਸ਼ੇ ਵਿਚ ਰਹਿਣਗੇ।

ਵਿਅਕਤੀਗਤ ਇਲਾਜਾਂ ਤੱਕ ਸੀਮਤ ਨਾ ਰਹਿ ਕੇ, ਘਰ ਘਰ ਪਹੁੰਚ ਰਹੀ ਇਹ ਸੁਵਿਧਾ, ਸਿਹਤ ਸੰਭਾਲ ਪ੍ਰਤੀ ਸਮਾਜਕ ਚੇਤਨਾ ਵੀ ਜਗਾਏਗੀ। ਨਸ਼ੇ, ਦੂਸ਼ਿਤ ਵਾਤਾਵਰਣ, ਜੀਵਨ ਸ਼ੈਲੀ, ਅਸ਼ੰਤੁਲਿਤ ਭੋਜਨ ਅਤੇ ਐਂਟੀਬਾਇਟਕ ਦੁਆਈਆਂ ਪ੍ਰਤੀ ਰਜ਼ਿਸਟੈਂਸ ਪੰਜਾਬ ਦੀ ਸਿਹਤ ਸੁਰੱਖਿਆ ਨੂੰ ਦਰਪੇਸ਼ ਪੰਜ ਪ੍ਰਮੁਖ ਚੁਣੌਤੀਆਂ ਹਨ। ਘਰ ਘਰ ਪਹੁੰਚਣ ਵਾਲੀ ਟੈਲੀਮੇਡੀਸਨ ਹੀ ਪਰਿਵਾਰ ਪੱਧਰ ਤੇ ਚੇਤਨਾ ਜਗਾ ਕੇ ਇਨਾਂ ਸਮੱਸਿਆਵਾਂ ਦਾ ਸਮਾਧਾਨ ਕਰੇਗੀ।

ਜਿਲਾ ਹਸਪਤਾਲਾਂ ਅਤੇ ਕੁਮਿਨਟੀ ਹੈਲਥ ਸੈਂਟਰਾਂ ਵਿਚ ਲੋਕ ਤਾਂ ਜਾਂਦੇ ਹਨ, ਪਰ ਉਨਾਂ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ। ਵੱਡੇ ਸੁਧਾਰਾਂ ਦੀ ਲੋੜ ਹੈ। ਹਰ ਜਿਲੇ ਵਿਚ ਇਕ ਨਹੀਂ, ਘੱਟੋ ਘੱਟ ਦੋ ਵੱਡੇ ਹਸਪਤਾਲ ਚਾਹੀਦੇ ਹਨ। ਇਨਾਂ ਵਿਚੋਂ ਇਕ ਜਿਲਾ ਹੈਡਕੁਆਟਰ ਤੋਂ ਬਾਹਰ ਹੋਵੇ। ਬਿਮਾਰੀਆਂ ਦੇ ਇਲਾਜ ਤੋਂ ਇਲਾਵਾ ਇਹ ਹਸਪਤਾਲ ਖੋਜ, ਸਿਖਿਆ, ਟੈਲੀਮੈਡੀਸਨ ਅਤੇ ਪਬਲਿਕ ਹੈਲਥ ਦੇ ਸੰਗਠਿਤ ਕੇਂਦਰਾਂ ਵਜੋਂ ਨਿਰਮਿਤ ਹੋਣੇ ਚਾਹੀਦੇ ਹਨ। ਅਫਸਰਸ਼ਾਹੀ ਤੌਰ ਤਰੀਕਿਆਂ ਤੋਂ ਮੁਕਤ ਇਹ ਖੁਦਮੁਖਤਾਰ ਸੰਸਥਾਵਾਂ ਕੌਮੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਇਲੈਕਟਰੌਨਿਕ ਹੈਲਥ ਰਿਕਾਰਡਜ਼ ਦੇ ਆਦਾਨ ਪ੍ਰਦਾਨ ਰਾਹੀਂ ਹੈਲਥ ਕੇਅਰ ਇਨਫਟਮੇਸ਼ਨ ਮੈਨੇਜਮੈਂਟ ਸਿਸਟਮ ਦੀ ਸਹਾਇਤਾ ਨਾਲ ਪੰਜਾਬ ਦੇ ਘਰ ਘਰ ਤੱਕ ਉਨਾਂ ਦੀਆਂ ਵਿਅਕਤੀਗਤ ਪ੍ਰਸਥਿਤੀਆਂ ਮੁਤਾਬਕ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਉਣਗੀਆਂ। ਇਸ ਤਰਾਂ ਕਾਰਜਕੁਸ਼ਲਤਾ ਵਿਚ ਸੁਧਾਰ ਦੇ ਨਾਲ ਨਾਲ ਭ੍ਰਿਸ਼ਟਾਚਾਰ ਵੀ ਰੁਕੇਗਾ। ਪ੍ਰਧਾਨ ਮੰਤਰੀ ਜਨ ਆਰੋਗ ਯੋਜਨਾ ਵੀ ਸਫਲਤਾ ਪੂਰਬਕ ਲਾਗੂ ਹੋ ਸਕੇਗੀ।

ਡਿਜੀਟਲ ਨਿਗਰਾਨੀ ਅਤੇ ਨਿਯੰਤਰਣ:

ਗੂਗਲ, ਫੇਸਬੁਕ ਅਤੇ ਐਮਾਜ਼ੋਨ ਵਰਗੀਆਂ ਕੰਪਨੀਆਂ ਇਸ ਗੱਲ ਦੀ ਪੂਰੀ ਜਾਣਕਾਰੀ ਰੱਖਦੀਆਂ ਹਨ ਕਿ ਤੁਸੀਂ ਕਿਥੇ ਜਾਂਦੇ ਹੋ, ਕਿਸ ਨੂੰ ਮਿਲਦੇ ਹੋ, ਕੀ ਪੜਦੇ ਹੋ, ਕਿਹੜੇ ਪ੍ਰੋਗਰਾਮ ਦੇਖਦੇ ਹੋ ਅਤੇ ਕਿਸ ਕਿਸਮ ਦੀਆਂ ਆਨਲਾਈਨ ਸਰਗਰਮੀਆਂ ਵਿਚ ਭਾਗ ਲੈਂਦੇ ਹੋ। ਇਸ ਜਾਣਕਾਰੀ ਦੇ ਆਧਾਰ 'ਤੇ ਤੁਹਾਡੀਆਂ ਸਮਾਜ-ਸਭਿਆਚਾਰਕ ਦਿਲਚਸਪੀਆਂ, ਰਾਜਨੀਤਕ ਵਿਚਾਰਾਂ ਅਤੇ ਵਪਾਰਕ ਆਸ਼ਿਆਂ ਦੀ ਸੂਹ ਲਈ ਜਾ ਸਕਦੀ ਹੈ। ਹੁਣ ਤੱਕ ਇੰਟਰਨੈਟ ਉਪਰ ਇਹੋ ਹੁੰਦਾ ਆਇਆ ਹੈ। ਪਰ ਕੋਰੋਨਾਵਾਇਰਸ ਦੇ ਫੈਲਾਅ ਨੂੰ ਰੋਕਣ ਵਾਸਤੇ ਸਿਹਤ ਸੰਭਾਲ ਏਜੰਸੀਆਂ ਨੇ ਟੈਲੀ ਹੈਲਥ ਕੇਅਰ ਪ੍ਰਦਾਨ ਕਰਨ ਲਈ ਤੁਹਾਡੀ ਸ਼ਰੀਰਕ ਜਾਣਕਾਰੀ ਜਿਵੇਂ ਕਿ ਤਾਪਮਾਨ, ਬਲੱਡ ਪਰੈਸ਼ਰ, ਨਬਜ਼, ਦਿਮਾਗੀ ਐਕਟਿਵਿਟੀ, ਆਦਿ ਵੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ ਹੈ।

ਹੁਣ ਜਦੋਂ ਤੁਸੀ ਕੋਈ ਆਰਟੀਕਲ ਪੜੋਗੇ, ਪ੍ਰੋਗਰਾਮ ਦੇਖੋਗੇ ਜਾਂ ਕਿਸੇ ਆਨਲਈਨ ਸਰਗਰਮੀ ਵਿਚ ਭਾਗ ਲਵੋਗੇ, ਤਾਂ ਇਨਾਂ ਗਤੀਵਿਧੀਆਂ ਦੀ ਜਾਣਕਾਰੀ ਦੇ ਨਾਲ ਨਾਲ ਇਨਾਂ ਗਤੀਵਿਧੀਆਂ ਕਾਰਨ ਤੁਹਾਡੇ ਸਰੀਰ/ਦਿਮਾਗ ਵਿਚ ਵਾਪਰਨ ਵਾਲੀਆਂ ਤਬਦੀਲੀਆਂ ਦੀ ਜਾਣਕਾਰੀ ਵੀ ਇਕੱਤਰ ਹੋਣੀ ਸ਼ੁਰੂ ਹੋ ਜਾਵੇਗੀ। ਜਲਦੀ ਹੀ ਤੁਹਾਡੀ ਜਨੈਟਿਕ ਜਾਣਕਾਰੀ ਵੀ ਉਪਲਬਧ ਹੋਣ ਲੱਗ ਪਵੇਗੀ। ਯੂਵਲ ਹਾਰਾਰੀ ਦੇ ਕਹਿਣ ਮੁਤਾਬਕ ਤੁਹਾਨੂੰ ਹੈਕ ਕੀਤੇ ਜਾਣ ਦੀਆਂ ਪੂਰੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਇਸ ਪ੍ਰਕਿਰਿਆ ਰਾਹੀਂ ਕੇਵਲ ਤੁਹਾਡੇ ਤੇ ਨਿਗਰਾਨੀ ਹੀ ਨਹੀਂ ਰੱਖੀ ਜਾਵੇਗੀ, ਤੁਹਾਡੇ ਸਮਾਜਕ ਅਤੇ ਰਾਜਨੀਤਕ ਵਿਹਾਰ ਨੂੰ ਕੰਟਰੋਲ ਵੀ ਕੀਤਾ ਜਾ ਸਕੇਗਾ। 'ਦ ਸਰਵੇਲੈਂਸ ਕੈਪੀਟਲਿਜ਼ਮ' ਦੀ ਲੇਖਿਕਾ ਸ਼ੋਸ਼ਾਨਾ ਜ਼ੂਬੌਫ ਮੁਤਾਬਕ, ਇਸ ਡਿਜੀਟਲ ਸਰਵੇਲੈਂਸ ਦੀ ਬਦੌਲਤ ਦੁਨੀਆਂ ਅਜਿਹੀ ਤਾਨਾਸ਼ਾਹੀ ਵੱਲ ਵਧ ਰਹੀ ਹੈ, ਜਿਸ ਵਿਚ ਕੇਵਲ ਤਨ ਹੀ ਨਹੀਂ ਮਨ ਵੀ ਗੁਲਾਮ ਹੋ ਜਾਣਗੇ।

ਉਸਦਾ ਕਹਿਣਾ ਹੈ ਕਿ ਮੁਫਤ ਸੇਵਾਵਾਂ ਦਾ ਲਾਲਚ ਦੇ ਕੇ ਲੋਕਾਂ ਤੋਂ ਉਨਾਂ ਦਾ ਨਿੱਜੀ ਡੇਟਾ ਇਕੱਤਰ ਕੀਤਾ ਜਾ ਰਿਹਾ ਹੈ। ਜੇਕਰ ਲੋਕਾਂ ਨੂੰ ਮੁਫਤ ਸਿਖਿਆ ਪ੍ਰਦਾਨ ਕਰਕੇ, ਉਨਾਂ ਦੇ ਸਿਖਿਆ ਪ੍ਰਾਪਤ ਕਰਨ ਦੇ ਵਿਹਾਰ (ਲਰਨਿੰਗ ਬੀਹੇਵੀਅਰ) ਨੂੰ ਹੈਕ ਕੀਤਾ ਜਾ ਰਿਹਾ ਹੈ ਜਾਂ ਫੇਰ ਕਿ ਜੇ ਲੋਕਾਂ ਦਾ ਹੈਲਥ ਡੇਟਾ ਪ੍ਰਾਪਤ ਕਰਨ ਲਈ ਉਨਾਂ ਨੂੰ ਜ਼ੀਰੋ ਮਾਰਜੀਨਲ ਕੌਸਟ ਤੇ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਤਾਂ ਗਰੀਬ ਲੋਕਾਂ ਨੂੰ ਭਲਾ ਇਸ ਤੇ ਕੀ ਇਤਰਾਜ਼ ਹੋ ਸਕਦਾ। ਇਸ ਨਵੀਂ ਉਤਪਾਦਨ ਪ੍ਰਣਾਲੀ, ਜਿਸਨੂੰ ਸ਼ੋਸ਼ਾਨਾ ਜ਼ੂਬੌਫ ਨੇ ਸਰਵੇਲੈਂਸ ਕੈਪੀਟਲਿਜ਼ਮ ਦਾ ਨਾਮ ਦਿੱਤਾ, ਵਿਚ ਤਕਨਾਲੋਜੀ ਨੂੰ ਤੁਹਾਡੇ ਬਾਰੇ ਏਨੀ ਜਾਣਕਾਰੀ ਹੁੰਦੀ ਹੈ, ਜਿੰਨੀ ਤੁਹਾਨੂੰ ਆਪ ਨੂੰ ਵੀ ਨਹੀਂ ਹੁੰਦੀ। ਇਕ ਤਰਾਂ ਨਾਲ ਤੁਸੀਂ ਤਕਨਾਲੋਜੀ ਅਤੇ ਤਕਨਾਲੋਜੀ ਨੂੰ ਕੰਟਰੋਲ ਕਰਨ ਵਾਲੀਆਂ ਧਿਰਾਂ ਦੇ ਹੱਥ ਵਿਚਲੀ ਕਠਪੁਤਲੀ ਬਣ ਜਾਂਦੇ ਹੋ। ਦੇਖਿਆ ਜਾਵੇ ਤਾਂ ਹਰ ਨਿਜ਼ਾਮ ਲੋਕਾਂ ਨੂੰ ਕੰਟਰੋਲ ਕਰਨ ਦਾ ਪੂਰਾ ਯਤਨ ਕਰਦਾ ਹੈ। ਪਹਿਲਾਂ ਉਹ ਅਫਸਰਸ਼ਾਹੀ ਰਾਹੀਂ ਕੰਟਰੋਲ ਕਰਦਾ ਸੀ। ਹੁਣ ਇਸ ਨਵੀਂ ਵਿਵਸਥਾ ਵਿਚ ਤਕਨਾਲੋਜੀ ਰਾਹੀਂ ਕਰੇਗਾ। ਫੈਸਲੇ ਲੈਣ ਦੀ ਸ਼ਕਤੀ ਤਾਂ ਸਿਆਸੀ ਲੀਡਰਸ਼ਿਪ ਕੋਲ ਹੀ ਰਹੇਗੀ। ਪਰ ਉਨਾਂ ਫੈਸਲਿਆਂ ਨੂੰ ਲਾਗੂ ਕਰਨ ਦੀ ਪ੍ਰਸ਼ਾਸਨਿਕ ਜ਼ਿੰਮੇਵਾਰੀ ਹੁਣ ਅਫਸਰਸ਼ਾਹੀ ਦੀ ਥਾਂ ਤਕਨਾਲੋਜੀ ਦੀ ਹੋਵੇਗੀ। ਇਸ ਪ੍ਰਸ਼ਾਸਨਿਕ ਤਬਦੀਲੀ ਦੀ ਵਜਾ ਕਰਕੇ ਹੀ ਮਾਰਜੀਨਲ ਕੌਸਟ ਕੇਵਲ ਘਟ ਨਹੀਂ ਰਹੀ, ਸਗੋਂ ਖਤਮ ਹੋਣ ਦੀ ਦਿਸ਼ਾ ਵੱਲ ਜਾ ਰਹੀ ਹੈ। ਜਮਹੂਰੀਅਤ ਨੂੰ ਕੋਈ ਖਤਰਾ ਨਹੀਂ। ਸੁਧਾਰਾਂ ਦੀ ਆਸ ਕਰਨੀ ਚਾਹੀਦੀ ਹੈ। ਜਿਵੇਂ ਪਿੰਡ ਵਿਚ ਕੋਈ ਪਰਾਈਵੇਸੀ ਨਹੀਂ ਹੁੰਦੀ, ਸਭ ਨੂੰ ਸਭ ਬਾਰੇ ਸਭ ਕੁਝ ਪਤਾ ਹੁੰਦਾ ਹੈ; ਬਿਲਕੁਲ ਉਸੇ ਤਰਾਂ ਇਸ ਨਵੇਂ ਰਜੀਮ ਵਿਚ ਵੀ ਹਰ ਕੋਈ ਹਰ ਕਿਸੇ ਬਾਰੇ ਕੁਝ ਵੀ ਜਾਣ ਸਕਦਾ ਹੈ: ਪੂਰੀ ਪਾਰਦਰਸ਼ਤਾ। ਬਿਨਾ ਸ਼ੱਕ ਪਾਰਦਰਸ਼ਤਾ ਪਰਦੇਦਾਰੀ ਤਾਂ ਘਟਾਏਗੀ ਹੀ, ਪਰ ਵਿਸਮਾਦ ਦੀ ਭਾਵਨਾ ਖਤਮ ਹੋਣ ਦੀ ਥਾਂ ਵਧੇਗੀ।

**ਬੇਰੁਜ਼ਗਾਰੀ ਦਾ ਭੈਅ:**

ਪ੍ਰੋਫੈਸਰ ਹਾਰਾਰੀ ਉਤਰ-ਕੋਰੋਨਾ ਸੰਸਾਰ ਦਾ ਜੋ ਨਕਸ਼ਾ ਪੇਸ਼ ਕਰਦੇ ਹਨ, ਆਪਾਂ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਉਹ ਤਰਕ ਪੇਸ਼ ਕਰਦੇ ਹਨ ਕਿ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਤੋਂ ਡਰਦੇ ਮਾਰੇ ਲੋਕ ਘਰਾਂ ਵਿਚ ਬੰਦ ਹੋ ਕੇ ਬੈਠ ਗਏ ਹਨ। ਇਹ ਜਾਣਦੇ ਹੋਏ ਕਿ ਅਜਿਹੀ ਤਾਲਾਬੰਦੀ ਭਵਿਖ ਵਿਚ ਵੀ ਵਾਪਰ ਸਕਦੀ ਹੈ ਅਤੇ ਰੋਬੋ ਕਦੇ ਵੀ ਇਨਫੈਕਸ਼ਨ ਦੇ ਸ਼ਿਕਾਰ ਨਹੀਂ ਹੋਣਗੇ, ਲੋਕਾਂ ਨੇ ਆਪਣੇ ਦਫਤਰਾਂ ਅਤੇ ਫੈਕਟਰੀਆਂ ਵਿਚ ਬੰਦਿਆਂ ਦੀ ਥਾਂ ਰੋਬੋ ਭਰਤੀ ਕਰਨੇ ਸ਼ੁਰੂ ਕਰ ਦੇਣੇ ਹਨ।

ਇਹ ਵੀ ਦੇਖਣ ਵਿਚ ਆ ਰਿਹਾ ਹੈ ਕਿ ਜਿਹੜੇ ਉਦਯੋਗ ਸਸਤੀ ਲੇਬਰ ਪਿਛੇ ਵਿਕਾਸਸ਼ੀਲ ਮੁਲਕਾਂ ਵਿਚ ਸ਼ਿਫਟ ਕਰ ਗਏ ਸਨ, ਹੁਣ ਉਹ ਆਪਣੇ ਮੁਲਕਾਂ ਨੂੰ ਵਾਪਿਸ ਜਾ ਰਹੇ ਹਨ। ਸਸਤੀ ਲੇਬਰ ਦੀ ਗੈਰਹਾਜ਼ਰੀ ਕਾਰਨ ਇਨਾਂ ਉਦਯੋਗਾਂ ਦਾ ਆਟੋਮੇਸ਼ਨ ਅਤੇ ਆਰਟੀਫੀਸ਼ਲ ਇੰਟੈਲੀਜੈਂਸ ਵਲ ਵਧਣਾ ਵੀ ਤੈਅ ਹੈ। ਇਸ ਲਈ ਉਹ ਭਵਿਖਬਾਣੀ ਕਰਦੇ ਹਨ ਕਿ ਵਿਕਸਿਤ ਮੁਲਕਾਂ ਵਿਚ ਰੋਬੋ ਕੰਮ ਕਰਨਗੇ ਅਤੇ ਵਿਕਾਸਸ਼ੀਲ ਦੇਸ਼ ਭੁਖੇ ਮਰਨਗੇ।

ਇਸੇ ਆਧਾਰ ਤੇ ਉਹ ਆਟੋਮੇਸ਼ਨ/ਆਰਟੀਫੀਸ਼ਲ ਇੰਟੈਲੀਜੈਂਸ ਕਾਰਨ ਵਿਹਲੀ ਹੋਣ ਵਾਲੀ ਇਸ ਲੇਬਰ ਨੂੰ ਯੂਜ਼ਲੈਸ ਅਤੇ ਇਰਰੈਲੇਵੈਂਟ ਜਮਾਤ ਦਾ ਨਾਮ ਦਿੰਦੇ ਹੋਏ ਆਖਦੇ ਹਨ ਕਿ ਭਵਿਖ ਵਿਚ ਇਸ ਜਮਾਤ ਦੇ ਲੋਕਾਂ ਦੀ ਸਥਿਤੀ ਸ਼ਾਇਦ ਪਾਲਤੂ ਜਾਨਵਰਾਂ ਤੋਂ ਵੀ ਬਦਤਰ ਹੋ ਜਾਵੇਗੀ ਕਿਉਂਕਿ ਇਹ ਲੋਕ ਰੋਬੋ ਜਿੰਨੇ ਆਗਿਆਕਾਰ ਵੀ ਤਾਂ ਨਹੀਂ ਹੋ ਸਕਦੇ।

ਸਮਝ ਨਹੀਂ ਲਗਦੀ ਕਿ ਮਾਯੂਸੀ ਨਾਲ ਨੱਕੋ ਨੱਕ ਭਰੇ ਹੋਏ ਇਹ ਲੋਕ ਕਦੋਂ ਅਤੇ ਕਿਵੇਂ ਸਮਝਣਗੇ ਕਿ ਉਨਾਂ ਦੀ ਇਸ ਸੋਚ ਦੇ ਬਿਲਕੁਲ ਵਿਪਰੀਤ ਦੁਨੀਆਂ ਤਾਂ ਪਹਿਲਾਂ ਹੀ ਆਪਸੀ ਸਹਿਯੋਗ ਦੇ ਆਧਾਰ ਤੇ ਇਨੋਵੇਸ਼ਨ ਅਤੇ ਕਰੀਏਟਿਵਿਟੀ ਦੀ ਦਿਸ਼ਾ ਵੱਲ ਵਧਣਾ ਸ਼ੁਰੂ ਕਰ ਚੁਕੀ ਹੈ। ਲੰਮੀ ਬਹਿਸ ਵਿਚ ਨਹੀਂ ਪਵਾਂਗਾ। ਦੋ ਤਿੰਨ ਨੁਕਤਿਆਂ ਤੇ ਹੀ ਗੱਲ ਕਰਾਂਗਾ। ਪਹਿਲਾ ਨੁਕਤਾ ਤਾਂ ਇਹ ਕਿ ਇੰਟਰਨੈਟ ਆਫ ਐਵਰੀਥਿੰਗ ਦੇ ਜ਼ਮਾਨੇ ਵਿਚ ਲੇਬਰ ਦਾ ਇਕਾਂਤਵਾਸ ਉਸਨੂੰ ਬੇਰੁਜ਼ਗਾਰ ਨਹੀਂ ਕਰੇਗਾ। ਇਨ-ਹਾਊਸ ਵਰਕਰ ਰੀਮੋਟ ਵਰਕਰ ਬਣ ਜਾਣਗੇ। ਮਾਈਗਰੇਸ਼ਨ ਦਾ ਰੁਝਾਨ ਟੈਲੀਮਾਈਗਰੇਸ਼ਨ ਵਿਚ ਤਬਦੀਲ ਹੋਣਾ ਸ਼ੁਰੂ ਵੀ ਹੋ ਚੁਕਾ ਹੈ। ਇਹ ਪਰਵਾਸ (ਮਾਈਗਰੇਸ਼ਨ) ਦਾ ਨਵਾਂ ਰੂਪ ਹੈ। ਰਿਚਰਡ ਬਾਲਡਵਿਨ (2019) ਨੇ ਇਸ ਨੂੰ 'ਗਲੋਬੌਟਿਸ' ਦਾ ਨਵਾਂ ਨਾਮ ਦੇ ਕੇ ਸ਼ਾਇਦ ਇਹ ਕਹਿਣ ਦੀ ਕੋਸ਼ਿਸ ਕੀਤੀ ਹੈ ਕਿ ਕੋਰੋਨਾ ਸੰਕਟ ਤੋਂ ਬਾਅਦ ਗਲੋਬਲਾਈਜ਼ੇਸ਼ਨ ਗਲੋਬੌਟਿਸ ਦਾ ਨਵਾਂ ਰੂਪ ਧਾਰ ਲਵੇਗੀ।

ਦੂਸਰਾ ਨੁਕਤਾ ਇਹ ਕਿ ਰੋਬੋ ਕੇਵਲ ਦੁਹਰਾਉਵਾਦੀ (ਰੈਪੀਟਿਟਵ) ਅਤੇ ਗਣਨਾਤਮਕ (ਕੰਪਿਊਟੇਸ਼ਨਲ) ਕਿਰਤ ਹੀ ਕਰ ਸਕਦੇ ਹਨ। ਉਹ ਕਿਰਤ ਜਿਸਮਾਨੀ ਅਤੇ ਦਿਮਾਗੀ, ਦੋਨੋ ਕਿਸਮ ਦੀ ਹੋ ਸਕਦੀ ਹੈ। ਕਿ ਰੋਬੋ ਨਵੀਨਤਮ (ਇਨੋਵੇਟਿਵ) ਅਤੇ ਸਿਰਜਣਾਤਮਕ (ਕਰੀਏਟਿਵ) ਕਿਰਤ ਵੀ ਕਰ ਸਕਦਾ ਹੈ, ਇਸ ਦੀ ਸੰਭਾਵਨਾ ਹਾਲੇ ਦੂਰ ਤੱਕ ਦਿਖਾਈ ਨਹੀਂ ਦੇ ਰਹੀ।

ਤੀਸਰਾ ਨੁਕਤਾ ਇਹ ਹੈ ਕਿ ਸੰਦ (ਟੂਲਜ਼) ਤਾਂ ਕੇਵਲ ਮਾਨਵ ਸਮਰੱਥਾ ਵਧਾਉਣ ਦਾ ਹੀ ਕੰਮ ਕਰਦੇ ਆਏ ਹਨ। ਜਿਵੇਂ ਮਸ਼ੀਨਾਂ ਨੇ ਸਾਡੇ ਹੱਥਾਂ ਪੈਰਾਂ ਦੀ ਜਿਸਮਾਨੀ ਸਮਰੱਥਾ ਵਧਾਈ ਸੀ, ਉਸੇ ਤਰਾਂ ਹੁਣ ਆਰਟੀਫੀਸ਼ਲ ਇੰਟੈਲੀਜੈਂਸ ਅਤੇ ਇੰਟਰਨੈਟ ਆਫ ਐਵਰੀਥਿੰਗ ਵਰਗੀਆਂ ਤਕਨੀਕਾਂ ਸਾਡੀ ਬੌਧਿਕ ਅਤੇ ਸਿਰਜਣਾਤਮਕ ਸਮਰੱਥਾ ਵਧਾ ਰਹੀਆਂ ਹਨ। ਇਤਿਹਾਸ ਗਵਾਹ ਹੈ ਕਿ ਅਜੋਕੀ ਤਕਨਾਲੋਜੀ ਵਾਂਗ ਹੀ ਕਿਰਤ ਦੀ ਸੀਮਾਂ (ਰੇਂਜ) ਵੀ ਐਕਸਪੋਨੈਂਸ਼ੀਅਲ ਸਪੀਡ ਨਾਲ ਹੀ ਵਧੇ ਫੈਲੇਗੀ। ਰੁਜ਼ਗਾਰ ਦੀਆਂ ਸੰਭਾਵਨਾਵਾਂ ਇਸ ਰਫਤਾਰ ਨਾਲ ਵਧਣ ਜਾ ਰਹੀਆਂ ਹਨ ਕਿ ਮਾਨਵ ਜਾਤੀ ਅਤੇ ਰੋਬੋ ਜਾਤੀ ਸ਼ਾਇਦ ਰਲ ਕੇ ਅਸਾਨੀ ਨਾਲ ਪੂਰੀਆਂ ਨਾ ਕਰ ਸਕੇ।

ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਰੋਬੋ ਕਿਰਤ ਦੀਆਂ ਸੰਭਾਵਨਾਵਾਂ ਘਟਾਉਣ ਲਈ ਨਹੀਂ, ਸਗੋਂ ਵਧਾਉਣ ਲਈ ਆ ਰਹੇ ਹਨ। ਪੁਲਾੜ ਉਡਾਣਾਂ ਦਾ ਵਿਚਾਰ ਪੇਸ਼ ਕਰਨ ਵਾਲੇ ਵਿਗਿਆਨੀ ਕੌਨਸਟੈਂਟਿਨ ਸੀਔਲਕੋਵਸਕੀ ਨੇ 1800 ਈਸਵੀ ਵਿਚ ਹੀ ਇਹ ਆਖ ਦਿੱਤਾ ਸੀ ਕਿ 'ਪ੍ਰਿਥਵੀ ਮਾਨਵਜਾਤੀ ਦਾ ਪੰਘੂੜਾ ਹੈ। ਪਰ ਸਾਰੀ ਉਮਰ ਪੰਘੂੜੇ ਵਿਚ ਵਿਚ ਤਾਂ ਨਹੀਂ ਕੱਟੀ ਜਾ ਸਕਦੀ।' ਐਮਾਜ਼ੋਨ ਕੰਪਨੀ ਦੇ ਬਾਨੀ, ਜੈਫ ਬੇਜੋਜ਼ ਜੋ ਆਪਣੇ ਸਪੇਸ ਮਿਸ਼ਨ ਉਪਰ ਹਰ ਸਾਲ ਅਰਬਾਂ ਡਾਲਰ ਖਰਚ ਕਰਦੇ ਹਨ, ਦੇ ਮੰਨਣ ਅਨੁਸਾਰ 'ਚੰਦਰਮਾ ਮਨੁਖ ਜਾਤੀ ਨੂੰ ਪ੍ਰਮਾਤਮਾ ਵੱਲੋਂ ਮਿਲਣ ਵਾਲੀ ਬਹੁਤ ਵੱਡੀ ਸੌਗਾਤ ਹੈ।' ਇਹ ਗੱਲ ਕਹਿਣ ਲਈ ਉਹ ਤਰਕ ਦਿੰਦੇ ਹਨ ਕਿ ਧਰਤੀ ਦੇ ਮੁਕਾਬਲੇ ਚੰਦਰਮਾਂ ਦੀ ਗਰੂਤਾ ਬਹੁਤ ਘੱਟ ਹੈ ਜਿਸ ਕਰਕੇ ਉਥੋਂ ਦੀ ਜ਼ਮੀਨ ਵਿਚਲੀਆਂ ਨਿਆਮਤਾਂ ਪ੍ਰਾਪਤ ਕਰਨ ਲਈ 24 ਗੁਣਾਂ ਘੱਟ ਊਰਜਾ ਦੀ ਲੋੜ ਪੈਂਦੀ ਹੈ। ਜੈਫ ਬੇਜੋਜ਼ ਮੁਤਾਬਕ ਧਰਤੀ ਨੂੰ ਰਹਿਣ ਸਹਿਣ ਅਤੇ ਸੌਫਟ ਕਾਰੋਬਾਰ ਲਈ ਵਰਤਣਾ ਚਾਹੀਦਾ ਹੈ ਅਤੇ ਚੰਦਰਮਾਂ ਨੂੰ ਭਾਰੀ ਉਦਯੋਗ ਲਈ। ਉਨਾਂ ਦੇ ਇਸੇ ਪ੍ਰਸਤਾਵ ਹੋਵਿਚ ਦੁਨੀਆਂ ਦਾ ਭਵਿਖ ਛੁਪਿਆ ਹੋਇਆ ਹੈ।

ਪਹਿਲਾਂ ਰਾਕਟ ਇਕ ਵਾਰ ਵਰਤਣ ਤੋਂ ਬਾਅਦ ਨਸ਼ਟ ਹੋ ਜਾਂਦੇ ਸਨ। ਹੁਣ ਜਦੋਂ ਤੋਂ ਇਨਾਂ ਦੀ ਜਹਾਜ਼ਾਂ ਵਾਂਗ ਵਾਰ ਵਾਰ ਵਰਤੋਂ ਦੀ ਸੰਭਾਵਨਾ ਬਣੀ ਹੈ, ਪੁਲਾੜ ਉਡਾਣਾਂ ਸਰਲ ਅਤੇ ਸਸਤੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ। ਬੇਜੋਜ਼ ਦੇ ਨਿਊ ਗਲੈਨ ਰੌਕਿਟ ਦੀ ਇਕ ਉਡਾਣ ਰਾਹੀਂ 3.6 ਮੀਟਰਿਕ ਟਨ ਭਾਰ ਦੇ ਬੰਦੇ, ਮਸ਼ੀਨਾਂ ਅਤੇ ਹੋਰ ਸਾਜ਼ੋ-ਸਮਾਨ ਚੰਦਰਮਾਂ ਉਪਰ ਪੁਚਾਏ ਜਾ ਸਕਦੇ ਹਨ। ਜੈਫ ਬੇਜੋਜ਼ ਵਾਂਗ ਹੀ ਈਲੌਨ ਮਸਕ ਮੰਗਲ ਗ੍ਰਹਿ ਉਪਰ ਬਸਤੀ ਵਸਾਉਣ ਦੇ ਕਾਰਜ ਵਿਚ ਜੁਟੇ ਹੋਏ ਹਨ। ਕੇਵਲ ਦੂਸਰੀਆਂ ਧਰਤੀਆਂ ਉਪਰ ਪਹੁੰਚਣਾ ਹੀ ਨਹੀਂ, ਉਥੇ ਜਾ ਕੇ ਮੈਨੂੰਫੈਕਚਰਿੰਗ ਅਤੇ ਬਸਤੀਆਂ ਵਸਾਉਣ ਦਾ ਕੰਮ ਨਵੀਂ ਤਕਨਾਲੋਜੀ, ਖਾਸ ਕਰਕੇ 3-ਡੀ ਪ੍ਰਿੰਟਿੰਗ, ਆਰਟੀਫੀਸ਼ਲ ਇੰਟੈਲੀਜੈਂਸ, ਇੰਟਰਨੈਟ ਆਫ ਐਵਰੀਥਿੰਗ, ਰੋਬੋਟਿਕਸ, ਆਦਿ ਬਿਨਾ ਸੰਭਵ ਹੀ ਨਹੀਂ ਸੀ। ਪੁਲਾੜ ਅਤੇ ਦੂਸਰੇ ਗ੍ਰਹਿਆ ਦੇ ਕਾਰਖਾਨਿਆਂ ਵਿਚ ਮਾਨਵ ਮਜ਼ਦੂਰ ਘੱਟ ਅਤੇ ਰੋਬੋ ਵੱਧ ਕੰਮ ਕਰਨਗੇ। ਇਹ ਵਿਸਤਾਰ ਮਾਨਵ ਜਾਤੀ ਲਈ ਕਿੰਨੀਆਂ ਵਿਭਿੰਨ ਅਤੇ ਵਿਸ਼ਾਲ ਸੰਭਾਵਨਾਵਾਂ ਲੈ ਕੇ ਆਵੇਗਾ, ਅਨੁਮਾਨ ਲਗਾਉਣਾ ਮੁਸ਼ਕਲ ਹੈ। ਇਸ ਖੇਤਰ ਵਿਚ ਕੰਮ ਕਰਨ ਵਾਲੇ ਤਕਨੀਕੀ ਮਾਹਿਰਾਂ ਦੇ ਦੱਸਣ ਮੁਤਾਬਕ 2050 ਤੋਂ ਪਹਿਲਾਂ ਪਹਿਲਾਂ ਹੀ ਇਹ ਸੰਭਾਵਨਾਵਾਂ ਪ੍ਰਾਪਤੀਆਂ ਦੇ ਰੂਪ ਵਿਚ ਦਿਖਾਈ ਦੇਣ ਲੱਗ ਪੈਣਗੀਆਂ।

ਅਸੀਂ ਦੇਖਿਆ ਕਿ ਦੂਰ-ਸਿਹਤ ਸੁਰੱਖਿਆ ਪ੍ਰਣਾਲੀ ਸਾਹਮਣੇ ਬੇਰੁਜ਼ਗਾਰੀ ਅਤੇ ਸਰਵੇਲੈਂਸ (ਜਨਤਕ ਨਿਗਰਾਨੀ) ਦੇ ਜਿਹੜੇ ਦੋ ਮਸਲੇ ਖੜੇ ਕੀਤੇ ਜਾ ਰਹੇ ਹਨ, ਉਨਾਂ ਦਾ ਕੋਈ ਆਧਾਰ ਨਹੀਂ ਹੈ। ਜਿਥੋਂ ਤੱਕ ਰੁਜ਼ਗਾਰ ਦਾ ਸੁਆਲ ਹੈ, ਸਿਹਤ ਸੁਰੱਖਿਆ ਦੀ ਮਾਰਜੀਨਲ ਕੌਸਟ ਨਾਮਾਤਰ ਰਹਿ ਜਾਣ ਨਾਲ, ਜਿਥੇ ਸਿਹਤ ਸੁਰੱਖਿਆ ਦੀਆਂ ਸੇਵਾਵਾਂ ਪ੍ਰਾਪਤ ਕਰਨ ਵਾਲੀ ਜਨਸੰਖਿਆ ਵਿਚ ਵੱਡੇ ਪੱਧਰ ਤੇ ਵਾਧੇ ਦੀਆਂ ਸੰਭਾਵਨਾਵਾਂ ਦਿਖਾਈ ਦੇ ਰਹੀਆਂ ਹਨ,ਓਥੇ ਸਪੇਸ ਮੈਡੀਸਨ ਵਰਗੇ ਅਨੇਕਾਂ ਕਿਸਮ ਦੇ ਨਵੇਂ ਖੇਤਰ ਵੀ ਸਾਹਮਣੇ ਆ ਰਹੇ ਹਨ। ਸਿਹਤ ਸੁਰੱਖਿਆ ਵਿਚ ਨਵੀਂ ਤਕਨਾਲੋਜੀ ਦੇ ਆਉਣ ਨਾਲ ਖੋਜ ਅਤੇ ਸਿਖਿਆ ਦੀਆਂ ਕਈ ਕਿਸਮ ਦੀਆਂ ਸੰਭਾਵਨਾਵਾਂ ਵੀ ਜਾਗ ਰਹੀਆਂ ਹਨ। ਇਲਾਜ ਦੇ ਤੌਰ ਤਰੀਕੇ ਬਦਲ ਜਾਣ ਨਾਲ ਮੈਨੂਫੈਕਚਰਿੰਗ ਅਤੇ ਸੇਵਾ ਸੈਕਟਰ ਵਿਚ ਜੋ ਨਵੇਂ ਦੁਆਰ ਖੁਲ ਰਹੇ ਹਨ, ਉਹ ਕਿੰਨਾ ਰੁਜ਼ਗਾਰ ਅਤੇ ਵਿਉਪਾਰ ਪੈਦਾ ਕਰਨਗੇ, ਇਸਦਾ ਅਨੁਮਾਨ ਲਗਾਉਣਾ ਵੀ ਮੁਸ਼ਕਿਲ ਪ੍ਰਤੀਤ ਹੋ ਰਿਹਾ ਹੈ। ਸਮੱਸਿਆ ਰੁਜ਼ਗਾਰ ਦੀ ਨਹੀਂ, ਸਿਹਤ ਸੁਰੱਖਿਆ ਦੇ ਏਨੇ ਵਿਵਿਧ ਅਤੇ ਵਿਸ਼ਾਲ ਅਮਲੇ ਫੈਲੇ ਦੀ ਟਰੇਨਿੰਗ/ਰੀਟਰੇਨਿੰਗ ਦੀ ਹੈ।

ਜਿਥੋਂ ਤੱਕ ਸਰਵੇਲੈਂਸ ਅਤੇ ਕੰਟਰੋਲ ਦਾ ਸੁਆਲ ਹੈ, ਇਸ ਦਾ ਹੱਲ ਵੀ ਕਿਸੇ ਸਿਆਸੀ ਸੰਘਰਸ਼ ਵਿਚ ਨਹੀਂ, ਬਲੌਕ ਚੇਨ ਵਰਗੀ ਤਕਨਾਲੋਜੀ ਨੂੰ ਉਪਨਾਉਣ ਵਿਚ ਹੀ ਪਿਆ ਹੋਇਆ ਹੈ। ਸਿੱਟੇ ਵਜੋਂ ਇਹ ਸਮਝ ਲੈਣਾ ਜ਼ਰੂਰੀ ਹੋਵੇਗਾ ਕਿ ਜਿਸ ਨਵੀਂ ਵਿਵਸਥਾ ਵੱਲ ਅਸੀਂ ਵਧ ਰਹੇ ਹਾਂ, ਉਹ ਕੋਈ ਸਮਾਜਵਾਦੀ ਵਿਵਸਥਾ ਨਹੀਂ ਹੈ। ਪੂੰਜੀਵਾਦ ਦਾ ਉਹ ਪੜਾਅ ਹੈ, ਜਿਥੇ ਪਾਰਦਰਸ਼ਤਾ, ਆਜ਼ਾਦੀ, ਸਹਿਯੋਗ, ਬਰਾਬਰੀ ਅਤੇ ਜਮਹੂਰੀਅਤ ਵਰਗੀਆਂ ਕਦਰਾਂ ਕੀਮਤਾਂ, ਜਿਨਾਂ ਦੀ ਪ੍ਰਾਪਤੀ ਲਈ ਅਸੀਂ ਹੁਣ ਤੱਕ ਸੰਘਰਸ਼ ਕਰਦੇ ਆਏ ਹਾਂ, ਵੀ ਪੂੰਜੀ ਦੀ ਸੇਵਾ ਵਿਚ ਹੀ ਲੱਗੀਆਂ ਹੋਈਆਂ ਹਨ। ਤਕਨਾਲੋਜੀ ਦੇ ਕੰਟਰੋਲ ਤੋਂ ਮੁਕਤੀ ਪ੍ਰਾਪਤ ਕਰਨ ਲਈ ਵੀ ਤਕਨਾਲੋਜੀ ਕੋਲ ਹੀ ਜਾਣਾ ਪਵੇਗਾ। ਤਕਨਾਲੋਜੀ ਦੇ ਕੰਟਰੋਲ ਤੋਂ ਮੁਕਤੀ ਪ੍ਰਾਪਤ ਕਰਨ ਲਈ ਕਿਸ ਕਿਸਮ ਦੀ ਤਕਨਾਲੋਜੀ ਵਿਕਸਤ ਕੀਤੇ ਜਾਣ ਦੀ ਲੋੜ ਹੈ, ਇਸਦਾ ਫੈਸਲਾ ਤਾਂ ਆਖਰ ਮਨੁੱਖ ਨੇ ਹੀ ਕਰਨਾ ਹੈ। ਕਿਸੇ ਵੇਲੇ ਹੱਥ ਪ੍ਰਧਾਨ ਸੀ, ਫੇਰ ਦਿਮਾਗ ਪ੍ਰਧਾਨ ਹੋ ਗਿਆ। ਹੁਣ ਸ਼ਬਦ-ਸੁਰਤ/ਚੇਤਨਾ ਪ੍ਰਧਾਨ ਹੈ। ਤਕਨਾਲੋਜੀ ਦੀ ਪ੍ਰਧਾਨਗੀ ਤਾਂ ਕਦੇ ਵੀ ਨਹੀਂ ਰਹੀ। ਉਸ ਨੇ ਤਾਂ ਹਮੇਸ਼ਾ ਮਨੁਖ ਦੀ ਸੇਵਾ ਕੀਤੀ ਹੈ ਅਤੇ ਕਰਦੀ ਵੀ ਰਹੇਗੀ।

## ਦੇਸ਼ਾਂ-ਵਿਦੇਸ਼ਾਂ ਵਿਚ...

ਖੇਤੀ ਨੂੰ ਘਾਟੇ ਦਾ ਸੌਦਾ ਦੱਸਦਿਆਂ ਕਿਹਾ ਕਿ ਕਿਸਾਨ ਉਦੋਂ ਹੀ ਖ਼ੁਸ਼ਹਾਲ ਹੋ ਸਕਣਗੇ ਜਦੋਂ ਉਨਾਂ ਦੀ ਫ਼ਸਲ ਦਾ ਹਰੇਕ ਦਾਣਾ ਉੱਚਿਤ ਮੁੱਲ 'ਤੇ ਵਿਕੇਗਾ ਅਤੇ ਕਾਰਪੋਰੇਟ ਸ਼ੋਸ਼ਣ ਤੋਂ ਛੁਟਕਾਰਾ ਮਿਲੇਗਾ। ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਦਿਨ ਵਿਚ ਟਿਕਰੀ ਬਾਰਡਰ 'ਤੇ ਕਈ ਖੇਡ ਮੁਕਾਬਲੇ ਕਰਵਾਏ ਗਏ, ਜਿਸ 'ਚ ਕਿਸਾਨਾਂ ਤੋਂ ਇਲਾਵਾ ਸਥਾਨਕ ਲੋਕਾਂ ਨੇ ਵੀ ਹਿੱਸਾ ਲਿਆ। ਗਾਜ਼ੀਪੁਰ ਬਾਰਡਰ ਤੇ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਯਾਦ ਵਿਚ ਪ੍ਰਭਾਤ ਫੇਰੀ ਅਤੇ ਇਕ ਸ਼ਰਧਾਂਜਲੀ ਪ੍ਰੋਗਰਾਮ ਕੀਤਾ ਗਿਆ। ਸਿੰਘੂ ਬਾਰਡਰ 'ਤੇ ਵੀ ਇਸ ਮੌਕੇ ਨਾਟਕ ਅਤੇ ਗੀਤ ਪੇਸ਼ ਕੀਤੇ ਗਏ, ਨਾਲ ਹੀ ਵਿਸਾਖੀ ਦੇ ਮੌਕੇ 'ਤੇ ਦਿਨ ਭਰ ਜਲੇਬੀਆਂ ਅਤੇ ਪਕੌੜਿਆਂ ਦਾ ਲੰਗਰ ਵੀ ਵਰਤਾਇਆ ਗਿਆ। ਸਿੰਘੂ ਬਾਰਡਰ 'ਤੇ ਜਸ ਬਾਜਵਾ, ਰੁਪੀ ਢਿੱਲੋਂ ਜਿਹੇ ਪੰਜਾਬੀ ਕਲਾਕਾਰ ਵੀ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਅੱਗੇ ਆਏ।

**ਮਈ ਵਿਚ ਹੋਵੇਗੀ ਕਾਨਫ਼ਰੰਸ**

ਕਿਸਾਨ ਅੰਦੋਲਨ ਦੀ ਅੱਗੇ ਦੀ ਰਣਨੀਤੀ ਤੈਅ ਕਰਨ ਅਤੇ ਇਸ ਦਾ ਦਾਇਰਾ ਹੋਰ ਵੱਡਾ ਕਰਨ ਲਈ ਮਈ ਵਿਚ ਭਾਰਤ ਦੀਆਂ 571 ਕਿਸਾਨ ਜਥੇਬੰਦੀਆਂ ਦੀ ਕਾਨਫ਼ਰੰਸ ਕੀਤੀ ਜਾਵੇਗੀ ਹਾਲਾਂਕਿ ਕਾਨਫ਼ਰੰਸ ਦੀ ਥਾਂ ਅਤੇ ਤਾਰੀਖ ਅਜੇ ਨਿਸਚਿਤ ਨਹੀਂ ਕੀਤੀ ਗਈ ਪਰ ਇਸ ਲਈ ਰੂਪ-ਰੇਖਾ ਉਲੀਕਣੀ ਸ਼ੁਰੂ ਕਰ ਦਿੱਤੀ ਗਈ ਹੈ। ਕਿਸਾਨ ਆਗੂ ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਕਾਨਫ਼ਰੰਸ 'ਚ 571 ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਸ਼ਾਮਿਲ ਕੀਤਾ ਜਾਵੇਗਾ ਅਤੇ ਉਨਾਂ ਤੋਂ ਬਾਅਦ ਉਨਾਂ ਨੂੰ ਆਪੋ-ਆਪਣੇ ਇਲਾਕੇ ਅਤੇ ਮੋਰਚੇ ਵਿਚ ਵੀ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਜਾਵੇਗਾ।

ਪੰਜਾਬੀ ਗਾਇਕ ਜੱਸ ਬਾਜਵਾ ਨੇ ਕਿਸਾਨ ਅੰਦੋਲਨ ਵਿਚ ਆਏ ਠਹਿਰਾਅ ਨੂੰ ਵਕਤੀ ਕਰਾਰ ਦਿੰਦਿਆਂ ਕਿਹਾ ਕਿ ਜਦੋਂ ਅੰਦਲਨ ਲੋਕ ਘੋਲ ਬਣ ਜਾਣ ਤਾਂ ਉਤਰਾਅ-ਚੜ੍ਹਾਅ ਆਉਂਦੇ ਹੀ ਹਨ। ਜੱਸ ਬਾਜਵਾ ਨੇ ਨੌਜਵਾਨਾਂ ਨੂੰ ਸੰਜਮ ਬਣਾਏ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਨੌਜਵਾਨ ਜ਼ਿਆਦਾਤਰ ਤੱਤੇ ਭਾਸ਼ਨਾਂ ਦੀ ਉਮੀਦ ਕਰਕੇ ਆਉਂਦੇ ਹਨ ਪਰ ਆਰਜ਼ੀ ਜੋਸ਼ ਅੰਦੋਲਨ 'ਤੇ ਭਾਰੀ ਪੈ ਸਕਦਾ ਹੈ। ਬਾਜਵਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੂੰ ਵੀ ਅਗਲੀ ਰਣਨੀਤੀ ਬਹੁਤ ਸੁਚੇਤ ਹੋ ਕੇ ਉਲੀਕਣੀ ਪਵੇਗੀ। ਬਾਜਵਾ ਨੇ ਮਈ ਲਈ ਐਲਾਨੇ ਗਏ ਸੰਸਦ ਮਾਰਚ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੰਸਦ ਮਾਰਚ ਦੀ ਯੋਜਨਾ, ਰੂਟ ਪਲਾਨ ਆਦਿ ਨੂੰ ਪਹਿਲਾਂ ਤੋਂ ਹੀ ਜਾਣਕਾਰੀ ਦੇਣੀ ਹੋਵੇਗੀ ਤਾਂ ਜੋ 26 ਜਨਵਰੀ ਜਿਹੀ ਘਟਨਾ ਦੁਬਾਰਾ ਨਾ ਵਾਪਰੇ।

26 ਨਵੰਬਰ ਨੂੰ ਦਿੱਲੀ 'ਚ ਦਾਖ਼ਲ ਹੋਣ ਤੋਂ ਪਹਿਲਾਂ ਪੁਲਿਸ ਦੀਆਂ ਡਾਂਗਾਂ ਤੋਂ ਬਚਦਿਆਂ ਅੱਗੇ ਵਧਦੇ ਕਿਸਾਨ ਦੀ ਤਸਵੀਰ ਕਿਸਾਨ ਅੰਦੋਲਨ ਦਾ ਚਿਹਰਾ ਬਣ ਗਈ ਸੀ। ਪਟਿਆਲਾ ਦੇ ਹਰਦੀਪ ਸਿੰਘ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਕਿਹਾ ਕਿ ਉਹ ਉਸ ਸਮੇਂ ਤੋਂ ਸਿੰਘੂ ਬਾਰਡਰ 'ਤੇ ਹੀ ਹਨ ਅਤੇ ਉਦੋਂ ਤੱਕ ਇੱਥੇ ਰਹਿਣਗੇ ਜਦੋਂ ਤੱਕ ਤਿੰਨੋਂ ਕਾਨੂੰਨ ਵਾਪਸ ਨਹੀਂ ਹੁੰਦੇ। ਹਰਦੀਪ ਸਿੰਘ ਨੇ ਦੱਸਿਆ ਕਿ ਬਾਹਰਲੇ ਮੁਲਕਾਂ ਤੋਂ ਲੋਕ ਫ਼ੋਨ ਕਰਕੇ ਉਨਾਂ ਨੂੰ ਦੱਸਦੇ ਹਨ ਕਿ ਉਨਾਂ ਦੀਆਂ ਤਸਵੀਰਾਂ ਵਾਲੀਆਂ ਟੀ ਸ਼ਰਟਾਂ ਅਤੇ ਕਮੀਜ਼ਾਂ ਹੱਥੋ-ਹੱਥ ਵਿਕ ਰਹੀਆਂ ਹਨ, ਉੱਥੇ ਇਹ ਵੀ ਕਿਹਾ ਕਿ ਜਾਂ ਤਾਂ ਕਾਲੇ ਕਾਨੂੰਨ ਵਾਪਸ ਹੋਣਗੇ ਜਾਂ ਉਨਾਂ ਦਾ ਮ੍ਰਿਤਕ ਸਰੀਰ ਉਂਝ ਹੀ ਉਨਾਂ ਦੇ ਪਿੰਡ ਪਹੁੰਚੇਗਾ ਜਿਵੇਂ ਵਿਦੇਸ਼ਾਂ 'ਚ ਮਰੇ ਲੋਕਾਂ ਦਾ ਸਰੀਰ ਪਹੁੰਚਦਾ ਹੈ।

## ਬਹਿਬਲ ਗੋਲੀ ਕਾਂਡ ਮਾਮਲੇ..

ਉਨਾਂ ਫੇਸਬੁਕ ਪੇਜ ਉਪਰ ਲਿਖਿਆ ਲਿਖਿਆ ਕਿ 'ਮੈਂ ਆਪਣਾ ਕੰਮ ਕੀਤਾ...... ਕੋਈ ਅਫਸੋਸ ਨਹੀਂ.....। ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਮੁੱਦੇ ਨੂੰ ਗਲੈਮਰਸ ਨਾ ਬਣਾਓ ਜਾਂ ਰਾਜਨੀਤੀ ਨਾ ਕਰੋ....।' ਮੇਰੀ ਰਿਪੋਰਟ ਤੇ ਚਾਰਜਸ਼ੀਟ ਦਾ ਹਰ ਇੱਕ ਸ਼ਬਦ ਆਪਣੇ ਆਪ ਵਿੱਚ ਸਬੂਤ ਹੈ....। ਇਸ ਨੂੰ ਕਿਸੇ ਵੀ ਤਰਾਂ ਨਕਾਰਿਆ ਨਹੀਂ ਜਾ ਸਕਦਾ....। ਦੋਸ਼ੀ ਮਨ ਸੱਚ ਦੇ ਸ਼ੀਸ਼ੇ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਕਰ ਸਕਦਾ....। ਮੈਂ ਅੰਤਮ ਫੈਸਲੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ 'ਚ ਅਪੀਲ ਦਾਇਰ ਕੀਤੀ ਹੈ, ਮੇਰੀ ਸੂਝ ਤੇ ਕਾਨੂੰਨ ਦੇ ਗਿਆਨ ਅਨੁਸਾਰ ਸਭ ਤੋਂ ਉੱਤਮ ਅਦਾਲਤ। ਮੈਂ ਸਮਾਜ ਦੀ ਸਰਵਉੱਤਮ ਤਰੀਕੇ ਨਾਲ ਸੇਵਾ ਜਾਰੀ ਰੱਖਾਂਗਾ, ਹਾਲਾਂਕਿ, ਆਈਪੀਐਸ ਵਜੋਂ ਨਹੀਂ।'

ਦੂਜੇ ਪਾਸੇ, ਬੀਤੇ ਦਿਨੀਂ ਕੁੰਵਰ ਵਿਜੇ ਪ੍ਰਤਾਪ ਸਿੰਘ ਵੱਲੋਂ ਭੇਜੀ ਗਈ ਸੇਵਾਮੁਕਤੀ ਅਪੀਲ ਨੂੰ ਰੱਦ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਉਹ ਬਹੁਤ ਹੀ ਸਮਰੱਥ ਤੇ ਕੁਸ਼ਲ ਅਫਸਰ ਹਨ, ਜਿਨਾਂ ਦੀਆਂ ਸੇਵਾਵਾਂ ਦੀ ਸਰਹੱਦੀ ਸੂਬੇ ਨੂੰ ਲੋੜ ਹੈ। ਖਾਸ ਕਰਕੇ ਅਜਿਹੇ ਸਮੇਂ ਜਦੋਂ ਪੰਜਾਬ ਵੱਖ-ਵੱਖ ਅੰਦਰੂਨੀ ਤੇ ਬਾਹਰੀ ਖਤਰਿਆਂ ਦਾ ਸਾਹਮਣਾ ਕਰ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਸੀ ਕਿ ਸੂਬੇ ਨੂੰ ਇਸ ਅਫਸਰ ਦੇ ਤਜ਼ਰਬੇ ਅਤੇ ਮੁਹਾਰਤ ਦੀ ਲੋੜ ਹੈ, ਜਿਸ ਨੇ ਪੰਜਾਬ ਪੁਲਿਸ ਵਿੱਚ ਵੱਖ-ਵੱਖ ਮਹੱਤਵਪੂਰਨ ਅਹੁਦਿਆਂ 'ਤੇ ਰਹਿੰਦਿਆਂ ਬਿਹਤਰੀਨ ਸੇਵਾਵਾਂ ਦਿੱਤੀਆਂ ਹਨ। ਉਨਾਂ ਕਿਹਾ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਇਕ ਕੁਸ਼ਲ, ਕਾਬਲ ਤੇ ਦਲੇਰ ਅਫਸਰ ਹੈ ਜਿਸ ਦਾ ਮਿਸਾਲੀ ਟਰੈਕ ਰਿਕਾਰਡ ਹੈ।

ਜ਼ਿਕਰਯੋਗ ਹੈ ਕਿ ਕੁੰਵਰ ਵਿਜੇ ਪ੍ਰਤਾਪ ਇਸ ਸਮੇਂ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਬਾਰੀ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦੀ ਅਗਵਾਈ ਕਰ ਰਹੇ ਹਨ। ਹਾਈ ਕੋਰਟ ਨੇ ਕੁੰਵਰ ਵਿਜੇ ਪ੍ਰਤਾਪ ਵੱਲੋਂ ਜਾਰੀ ਜਾਂਚ ਰਿਪੋਰਟ ਨੂੰ ਖਾਰਿਜ ਕਰ ਦਿੱਤਾ ਸੀ।

ਇੰਨਾ ਹੀ ਨਹੀਂ ਅਦਾਲਤ ਨੇ ਨਵੀਂ ਐਸਆਈਟੀ ਬਣਾਉਣ ਦੇ ਨਿਰਦੇਸ਼ ਜਾਰੀ ਕਰਦੇ ਹੋਏ ਕੁੰਵਰ ਵਿਜੇ ਪ੍ਰਤਾਪ ਨੂੰ ਜਾਂਚ ਟੀਮ ਤੋਂ ਬਾਹਰ ਰੱਖਣ ਦੇ ਨਿਰਦੇਸ਼ ਦਿੱਤੇ ਸਨ। ਅਦਾਲਤ ਨੇ ਫੈਸਲਾ ਪੁਲਿਸ ਮੁਲਾਜ਼ਮ ਗੁਰਦੀਪ ਸਿੰਘ ਪੰਧੇਰ ਵੱਲੋਂ ਦਾਖ਼ਲ ਕੀਤੀ ਗਈ ਪਟੀਸ਼ਨ 'ਤੇ ਸੁਣਾਇਆ ਸੀ।ਚੇਤੇ ਰਹੇ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਦਿਨੀਂ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਰਿਪੋਰਟ ਨੂੰ ਰੱਦ ਕਰਦਿਆਂ ਪੰਜਾਬ ਸਰਕਾਰ ਨੂੰ ਇਸ ਪੁਲੀਸ ਅਧਿਕਾਰੀ ਨੂੰ ਜਾਂਚ ਦੇ ਅਮਲ ਤੋਂ ਦੂਰ ਰੱਖਣ ਦੇ ਹੁਕਮ ਦਿੱਤੇ ਸਨ। ਪੰਜਾਬ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ ਦੇ ਚਰਚਿਤ ਮੈਂਬਰ ਵਜੋਂ ਜਾਣੇ ਜਾਂਦੇ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਤੋਂ ਪੁੱਛਗਿੱਛ ਕੀਤੀ ਸੀ। ਇਸੇ ਤਰਾਂ ਮੁਅੱਤਲੀ ਅਧੀਨ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਸਮੇਤ ਹੋਰਨਾਂ ਕਈ ਪੁਲਿਸ ਅਫਸਰਾਂ ਨੂੰ ਗ੍ਰਿਫਤਾਰ ਵੀ ਕੀਤਾ ਸੀ। ਉਮਰਾਨੰਗਲ ਨੂੰ ਤਾਂ ਪੰਜਾਬ ਪੁਲਿਸ ਦੇ ਹੈੱਡਕੁਆਰਟਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ 'ਤੇ ਚੋਣ ਕਮਿਸ਼ਨ ਨੇ ਇਸ ਪੁਲਿਸ ਅਧਿਕਾਰੀ ਨੂੰ ਵਿਸ਼ੇਸ਼ ਜਾਂਚ ਟੀਮ ਤੋਂ ਲਾਂਭੇ ਕਰਨ ਦੇ ਹੁਕਮ ਦਿੱਤੇ ਸਨ। ਬਹਿਬਲ ਗੋਲੀ ਕਾਂਡ ਵਿੱਚ ਨਾਮਜ਼ਦ ਅੱਧੀ ਦਰਜਨ ਪੁਲਿਸ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਦਾਇਰ ਕਰਕੇ ਬਹਿਬਲ ਗੋਲੀ ਕਾਂਡ ਦੀ ਸਮੁੱਚੀ ਪੜਤਾਲ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।

ਜਸਟਿਸ ਅਨੀਤਾ ਸਰੀਨ 20 ਅਪ੍ਰੈਲ ਨੂੰ ਇਸ ਸਬੰਧੀ ਅੰਤਿਮ ਫੈਸਲਾ ਸੁਣਾ ਸਕਦੇ ਹਨ। ਸਾਬਕਾ ਡੀਜੀਪੀ ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਤੇ ਬਾਕੀ ਪੁਲਿਸ ਅਧਿਕਾਰੀਆਂ ਨੇ ਜਿਸ ਆਧਾਰ 'ਤੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਉਸੇ ਆਧਾਰ 'ਤੇ ਹੀ ਬਹਿਬਲ ਗੋਲੀ ਕਾਂਡ ਦੀ ਰਿਪੋਰਟ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਪੰਜਾਬ ਸਰਕਾਰ ਬਹਿਬਲ ਗੋਲੀ ਕਾਂਡ ਦੀ ਰਿਪੋਰਟ ਬਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ ਅਤੇ ਨਾਲ ਹੀ ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਦਾਅਵਾ ਕੀਤਾ ਹੈ ਕਿ ਕੁੰਵਰ ਵਿਜੇ ਪ੍ਰਤਾਪ ਵਾਲੀ ਜਾਂਚ ਰਿਪੋਰਟ ਪੂਰੀ ਤਰਾਂ ਨਿਰਪੱਖ ਤੇ ਤੱਥਾਂ 'ਤੇ ਆਧਾਰਤ ਹੈ ਅਤੇ ਮੁਲਜ਼ਮਾਂ ਨੂੰ ਜਾਂਚ ਅਧਿਕਾਰੀ ਬਦਲਣ ਦੀ ਮੰਗ ਕਰਨ ਦਾ ਕੋਈ ਸੰਵਿਧਾਨ ਹੱਕ ਨਹੀਂ ਹੈ।

**ਚਲਾਨ ਵਿੱਚ ਸਨ ਚੋਟੀ ਦੇ ਸਿਆਸੀ ਆਗੂਆਂ ਦੇ ਨਾਮ**

ਵਿਸ਼ੇਸ਼ ਜਾਂਚ ਟੀਮ ਵੱਲੋਂ ਇੱਕ ਅਹਿਮ ਚਾਰਜਸ਼ੀਟ ਤਿਆਰ ਕੀਤੇ ਜਾਣ ਬਾਰੇ ਪਤਾ ਲੱਗਿਆ ਹੈ। ਸੂਤਰਾਂ ਅਨੁਸਾਰ ਇਹ ਚਾਰਜਸ਼ੀਟ 15 ਅਪ੍ਰੈਲ ਤੋਂ ਬਾਅਦ ਅਦਾਲਤ ਵਿੱਚ ਪੇਸ਼ ਕੀਤੀ ਜਾਣੀ ਸੀ, ਜਿਸ ਵਿੱਚ ਪੰਜਾਬ ਦੇ ਚੋਟੀ ਦੇ ਸਿਆਸੀ ਆਗੂਆਂ ਦੇ ਨਾਮ ਸਨ ਪਰ ਇਸ ਤੋਂ ਪਹਿਲਾਂ ਹੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਜਾਂਚ ਟੀਮ ਨੂੰ ਗੈਰਕਾਨੂੰਨੀ ਐਲਾਨ ਦਿੱਤਾ ਗਿਆ ਜਿਸ ਕਰਕੇ ਚਾਰਜਸ਼ੀਟ ਅਦਾਲਤ ਵਿੱਚ ਪੇਸ਼ ਹੋਣ ਦੀ ਸੰਭਾਵਨਾ ਘਟ ਗਈ ਹੈ। ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਸ ਮਾਮਲੇ ਉੱਪਰ ਆਪਣੀ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਸਿੱਖ ਜਥੇਬੰਦੀਆਂ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਰਿਪੋਰਟ ਰੱਦ ਹੋਣ ਦੇ ਰੋਸ ਵਜੋਂ 19 ਅਪ੍ਰੈਲ ਨੂੰ ਹਾਈ ਕੋਰਟ ਦੇ ਬਾਹਰ ਰੋਸ ਵਿਖਾਵੇ ਦਾ ਐਲਾਨ ਕੀਤਾ ਹੈ।।

ਕੈਪਟਨ ਹੁਣ ਨੰਦਾ ਦੀ ਪਿੱਠ 'ਤੇ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਤੋਂ ਬਾਅਦ ਹੁਣ ਐਡਵੋਕੇਟ ਜਨਰਲ ਅਤੁੱਲ ਨੰਦਾ ਦੇ ਬਚਾਅ ਲਈ ਅੱਗੇ ਆ ਗਏ ਹਨ। ਮੁੱਖ ਮੰਤਰੀ ਨੇ ਕੋਟਕਪੂਰਾ ਗੋਲ਼ੀ ਕਾਂਡ ਘਟਨਾ ਦੀ ਜਾਂਚ ਦਾ ਬਚਾਅ ਕਰਦੀ ਲੀਗਲ ਟੀਮ ਖ਼ਿਲਾਫ਼ ਲਾਏ ਬੇਲੋੜੇ ਦੋਸ਼ਾਂ ਨੂੰ ਬੇਬੁਨਿਆਦ ਤੇ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਹੈ।

ਮੁੱਖ ਮੰਤਰੀ ਨੇ ਸਿਆਸੀ ਵਿਰੋਧੀਆਂ ਦੀ ਨਿੰਦਾ ਕਰਦੇ ਹੋਏ ਕਿਹਾ ਕਿ 2022 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਾਣਬੁੱਝ ਕੇ ਸੰਵੇਦਨਸ਼ੀਲ ਮੁੱਦੇ 'ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਉਕਸਾ ਕੇ ਮੁਸੀਬਤ ਖੜੀ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਸੌੜੇ ਹਿੱਤਾਂ ਲਈ ਬਿਆਨਬਾਜ਼ੀ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਅਸਲ ਸੱਚ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਕੋਟਕਪੂਰਾ ਤੇ ਬਹਿਬਲ ਕਲਾਂ ਪੁਲਿਸ ਗੋਲ਼ੀ ਕਾਂਡ ਮਾਮਲਿਆਂ ਤੋਂ ਵੱਖਰੇ ਤੌਰ 'ਤੇ ਅਦਾਲਤਾਂ ਵਿਚ ਲੜੇ ਜਾ ਰਹੇ ਹਨ। ਮੁੱਖ ਮੰਤਰੀ ਨੇ ਦੱਸਿਆ ਕਿ ਏ.ਜੀ. ਅਤੇ ਉਨਾਂ ਦੀ ਟੀਮ ਸਿਰਫ਼ ਬੇਅਦਬੀ ਮਾਮਲਿਆਂ ਵਿਚ ਹੀ ਜੋ ਕਿ ਪੰਜਾਬ ਦੇ ਲੋਕਾਂ ਲਈ ਇਕ ਬੇਹੱਦ ਸੰਵੇਦਨਸ਼ੀਲ ਮੁੱਦਾ ਹੈ, ਅਦਾਲਤ ਵਿਚ ਸੂਬੇ ਦਾ ਪੱਖ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਅਤੇ ਇਸ ਮਾਮਲੇ ਨੂੰ ਸੂਬੇ ਨੇ ਫ਼ੈਸਲਾਕੁੰਨ ਢੰਗ ਨਾਲ ਜਿੱਤਿਆ ਸੀ ਜੋ ਕਿ 25 ਜਨਵਰੀ 2019 ਨੂੰ ਹਾਈ ਕੋਰਟ ਦੇ ਸਿੰਗਲ ਜੱਜ ਬੈਂਚ ਦੁਆਰਾ ਵਿਸਥਾਰਪੂਰਵਕ ਫ਼ੈਸਲੇ ਤੋਂ ਜ਼ਾਹਿਰ ਹੁੰਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਿੰਗਲ ਜੱਜ ਦਾ ਫ਼ੈਸਲਾ ਸੁਪਰੀਮ ਕੋਰਟ ਦੇ ਪੱਧਰ ਤੱਕ ਸਹੀ ਮੰਨਿਆ ਗਿਆ ਸੀ ਜਿਸ ਨੇ ਸੂਬਾ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੀ ਸੀਬੀਆਈ ਤੋਂ ਜਾਂਚ ਵਾਪਸ ਲੈਣ ਵਿਚ ਮਦਦ ਕੀਤੀ ਸੀ। ਏਇਸ ਦਾ ਸਿਹਰਾ ਐਡਵੋਕੇਟ ਜਨਰਲ ਅਤੇ ਉਨਾਂ ਦੀ ਟੀਮ ਦੇ ਸਿਰ ਹੈ ਜਿਨਾਂ ਨੇ ਅਦਾਲਤ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਕੇਸ ਲੜਿਆ ਅਤੇ ਸੀਬੀਆਈ, ਜਿਸ ਨੇ ਪਿਛਲੇ ਚਾਰ ਸਾਲਾਂ ਤੋਂ ਇਸ ਮਾਮਲੇ ਵਿਚ ਕੋਈ ਪ੍ਰਗਤੀ ਨਹੀਂ ਕੀਤੀ ਸੀ, ਨੂੰ 5 ਫਰਵਰੀ 2021 ਨੂੰ ਕੇਸ ਨਾਲ ਸਬੰਧਤ ਸਾਰੇ ਦਸਤਾਵੇਜ਼ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪਣ ਲਈ ਮਜਬੂਰ ਹੋਣਾ ਪਿਆ।

ਉਨਾਂ ਕਿਹਾ ਕਿ ਬੇਅਦਬੀ ਮਾਮਲਿਆਂ ਦੀ ਜਾਂਚ ਹੁਣ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਨਹੀਂ ਬਲਕਿ ਆਈਜੀ ਪਰਮਾਰ ਦੀ ਅਗਵਾਈ ਵਾਲੀ ਇਕ ਵੱਖਰੀ ਐੱਸਆਈਟੀ ਕਰ ਰਹੀ ਹੈ। ਉਨਾਂ ਕਿਹਾ ਕਿ ਐਡਵੋਕੇਟ ਜਨਰਲ ਅਤੇ ਉਨਾਂ ਦੀ ਟੀਮ ਦੇ ਠੋਸ ਯਤਨਾਂ ਸਦਕਾ ਕੇਸ ਨੂੰ ਤਰਕਪੂਰਨ ਸਿੱਟੇ 'ਤੇ ਲਿਜਾਇਆ ਜਾਵੇਗਾ ਤੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ।

**ਪੰਜਾਬ ਦਾ ਐਡਵੋਕੇਟ ਜਨਰਲ ਅਸਤੀਫ਼ਾ ਦੇਵੇ: ਬਾਜਵਾ**

ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਬੇਅਦਬੀ ਮਾਮਲੇ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਹਵਾਲੇ ਨਾਲ ਕਿਹਾ ਕਿ ਪੰਜਾਬ ਦੇ ਐਡਵੋਕੇਟ ਜਨਰਲ ਨੂੰ ਵਾਰ-ਵਾਰ ਕੇਸਾਂ ਵਿਚ ਮਿਲਦੀ ਅਸਫ਼ਲਤਾ ਦੀ ਜ਼ਿੰਮੇਵਾਰੀ ਲੈਂਦਿਆਂ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਉਨਾਂ ਸਰਕਾਰ ਨੂੰ ਕਿਹਾ ਕਿ ਅਗਰ ਉਹ ਅਜਿਹਾ ਨਹੀਂ ਕਰਦੇ ਤਾਂ ਉਨਾਂ ਨੂੰ ਅਹੁਦੇ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ। ਬਾਜਵਾ ਨੇ ਮੁੱਖ ਮੰਤਰੀ ਨੂੰ ਇਸ ਮਾਮਲੇ 'ਤੇ ਵਿਚਾਰ ਕਰਨ ਲਈ ਵਿਧਾਇਕਾਂ, ਮੰਤਰੀਆਂ ਅਤੇ ਸੰਸਦ ਮੈਂਬਰਾਂ ਦੀ ਹੰਗਾਮੀ ਮੀਟਿੰਗ ਬੁਲਾਉਣ ਲਈ ਵੀ ਆਖਿਆ। ਇਸੇ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਡਵੋਕੇਟ ਜਨਰਲ ਅਤੁਲ ਨੰਦਾ ਅਤੇ ਕੋਟਕਪੂਰਾ ਗੋਲੀਕਾਂਡ ਘਟਨਾ ਦੀ ਜਾਂਚ ਦਾ ਬਚਾਅ ਕਰਦੀ ਲੀਗਲ ਟੀਮ ਖ਼ਿਲਾਫ਼ ਲਾਏ ਬੇਲੋੜੇ ਦੋਸ਼ਾਂ ਨੂੰ ਬੇਬੁਨਿਆਦ ਤੇ ਰਾਜਨੀਤੀ ਤੋਂ ਪ੍ਰੇਰਿਤ ਦੱਸਦਿਆਂ ਰੱਦ ਕਰ ਦਿੱਤਾ।

**ਬਾਦਲ ਦਲ ਕੈਪਟਨ ਤੋਂ ਔਖਾ**

ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੇਅਦਬੀ ਕਾਂਡ ਤੇ ਕੋਟਕਪੂਰਾ ਗੋਲੀ ਕਾਂਡ ਲਈ ਗਠਿਤ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਆਈਜੀ ਕੁੰਵਰ ਵਿਜੈ ਪ੍ਰਤਾਪ ਦੀ ਪਿੱਠ ਥਾਪੜ ਕੇ ਅਦਾਲਤ ਦੀ ਮਾਣਹਾਨੀ ਕੀਤੀ ਹੈ। ਉਨਾਂ ਕਿਹਾ ਕਿ ਇਸ ਮੁੱਦੇ 'ਤੇ ਮੁੱਖ ਮੰਤਰੀ ਦਾ ਸਟੈਂਡ ਸਹੀ ਨਹੀਂ ਹੈ। ਉਨਾਂ ਆਈਜੀ ਨੂੰ ਥਾਪੜਾ ਦੇ ਕੇ ਨਿਆਂਪਾਲਿਕਾ ਦੀ ਮਰਿਆਦਾ ਨੂੰ ਠੇਸ ਪਹੁੰਚਾਈ ਹੈ।

ਸੁਪਰੀਮ ਕੋਰਟ ਜਾਵੇ ਸੂਬਾ ਸਰਕਾਰ : ਖਹਿਰਾ

ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਦੇਰ ਕੀਤੇ ਹਾਈ ਕੋਰਟ ਦੇ ਐੱਸਆਈਟੀ ਭੰਗ ਕਰਨ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ।




MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed